PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

30th Jul - 6th Aug 2026 • Issue No. 3141


Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai

Immigration Advice Bureau

Tel: 020 8571 6680

www.iabl.co.uk

## ਮਹਾਰਾਜਾ ਦਲੀਪ ਸਿੰਘ ਦੇ ਸ਼ਹਿਰ ਥੈਟਫੋਰਡ ਵਿੱਚ "ਫੈਸਟੀਵਲ ਆਫ਼ ਥੈਟਫ਼ੋਰਡ ਐਂਡ ਪੰਜਾਬ" ਦੌਰਾਨ ਅੰਤਰ-ਸੱਭਿਆਚਾਰਕ ਸਾਂਝ ਦੇ ਜਸ਼ਨ ਮਨਾਏ ਗਏ

### ਇੰਦੀ ਸੰਧੂ ਨੇ ਪੰਜਾਬੀ ਗਾਇਕਾਂ, ਭੰਗੜਾ ਅਤੇ ਵੱਖ-ਵੱਖ ਕਲਾਕਾਰਾਂ ਦੀ ਸ਼ਾਨਦਾਰ ਪੇਸ਼ਕਾਰੀ ਅਤੇ ਆਏ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕੀਤਾ





ਮਹਾਰਾਜਾ ਦਲੀਪ ਸਿੰਘ




ਖ਼ਬਰ ਅੰਦਰ ਦੇਖੋ

# ਮਹਾਰਾਜਾ ਦਲੀਪ ਸਿੰਘ ਦੇ ਸ਼ਹਿਰ ਥੈਟਫੋਰਡ ਵਿੱਚ "ਫੈਸਟੀਵਲ ਆਫ਼ ਥੈਟਫ਼ੋਰਡ ਐਂਡ ਪੰਜਾਬ" ਦੌਰਾਨ ਅੰਤਰ-ਸੱਭਿਆਚਾਰਕ ਸਾਂਝ ਦੇ ਜਸ਼ਨ ਮਨਾਏ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰਾਜਾ ਦਲੀਪ ਸਿੰਘ ਦੇ ਸ਼ਹਿਰ ਥੈਟਫੋਰਡ ਵਿੱਚ "ਫੈਸਟੀਵਲ ਆਫ਼ ਥੈਟਫ਼ੋਰਡ ਐਂਡ ਪੰਜਾਬ" ਦੌਰਾਨ ਪੰਜਾਬ ਅਤੇ ਥੈਟਫੋਰਡ ਦੇ ਅੰਤਰ-ਸੱਭਿਆਚਾਰਕ ਸਾਂਝ ਦੇ ਜਸ਼ਨ ਮਨਾਏ ਗਏ। ਹਰ ਸਾਲ ਮਨਾਇਆ ਜਾਣ ਵਾਲਾ ਇਹ ਤਿਉਹਾਰ ਥੈਟਫੋਰਡ ਦੇ ਲੋਕਾਂ ਅਤੇ ਨੇੜਲੇ ਇਲਾਕੇ ਐਲਵੇਡਨ ਵਿੱਚ ਰਹਿਣ ਵਾਲੇ ਪੰਜਾਬ ਦੇ ਆਖ਼ਰੀ ਸ਼ਾਹੀ ਪਰਿਵਾਰ ਮਹਾਰਾਜਾ ਦਲੀਪ ਸਿੰਘ ਦੇ ਪਰਿਵਾਰ ਤੋਂ ਪ੍ਰੇਰਿਤ ਇੱਕ ਵਿਲੱਖਣ ਸਮਾਗਮ ਹੈ।***



ਪੰਜਾਬ ਅਤੇ ਥੈਟਫੋਰਡ ਦੇ ਸੱਭਿਆਚਾਰ ਨੂੰ ਪੇਸ਼ ਕਰਦੇ ਸਮਾਗਮ ਦੌਰਾਨ ਕਲਾਕਾਰਾਂ ਨਾਲ ਤਿੰਨ ਸ਼ਹਿਰਾਂ ਦੇ ਮੇਅਰ

ਥੈਟਫੋਰਡ ਗ੍ਰਾਮਰ ਸਕੂਲ ਵਿਖੇ ਕਰਵਾਏ ਗਏ ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਇੰਦੀ ਸੰਧੂ ਨੇ ਦੱਸਿਆ ਕਿ ਪੰਜਾਬੀ ਗਾਇਕਾਂ, ਭਾਰਤੀ ਨ੍ਰਿਤ ਪੇਸ਼ਕਾਰਾਂ ਅਤੇ ਭੰਗੜੇ ਦੇ ਕਲਾਕਾਰਾਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਨੂੰ ਸਥਾਨਿਕ ਲੋਕਾਂ ਨੇ ਖੂਬ ਪਸੰਦ ਕੀਤਾ। ਸਨਰਾਈਜ਼ ਦੇ ਪੇਸ਼ਕਾਰ ਰਾਜ ਘਈ ਅਤੇ ਪਾਲ ਸ਼ਾਹ, ਟਾਊਨ ਕਰਾਇਰ ਮਾਈਕ ਵੇਬ ਨੇ ਸਮਾਗਮ ਦੀ ਸ਼ੁਰੂਆਤ ਕੀਤੀ। ਜਿਸ ਤੋਂ ਬਾਅਦ ਗਾਇਕ ਸ਼ਿਨ ਡੀ.ਸੀ.ਐਸ., 'ਅਪਨਾ ਸੰਗੀਤ' ਦੇ ਕੁਲਵੰਤ ਭਮਰਾ, ਪੰਜਾਬੀ ਗਾਇਕ ਨਿਰਮਲ ਸਿੱਧੂ, ਨਵ ਸਿੱਧੂ, ਜੁਗਨੂੰ ਭੰਗੜਾ ਗਰੁੱਪ, 'ਤੀਆਂ ਗਿੱਧਾ' ਕੈਂਟ ਦੇ ਸਹੇਲੀ ਗਰੁੱਪ, ਸਰਕਸ ਰਾਜ, ਵਰਿੰਦਰ ਮਾਨਸਾ ਅਤੇ ਰਾਜਸਥਾਨ ਬ੍ਰਾਸ ਬੈਂਡ ਨੇ ਚੋਖਾ ਰੰਗ ਬੰਨ੍ਹਿਆ।

ਇਸ ਤੋਂ ਇਲਾਵਾ ਦੇਸੀ ਆਰਟ ਵਰਕਸ਼ਾਪਾਂ, ਹਰਪ੍ਰੀਤ ਸਿੰਘ ਵੱਲੋਂ ਦਸਤਾਰ ਸਿਖਲਾਈ, ਸਿੱਖ ਮੋਟਰਸਾਈਕਲ ਕਲੱਬ ਯੂ.ਕੇ. ਵੱਲੋਂ ਪ੍ਰਦਰਸ਼ਨੀਆਂ, ਵੱਖ-ਵੱਖ ਪਕਵਾਨ ਅਤੇ ਮਹਿੰਦੀ ਦੇ ਸਟਾਲ ਵੀ ਲਗਾਏ ਗਏ।

ਇਸ ਸਮਾਗਮ ਵਿੱਚ ਸੋਲੀਹੱਲ ਦੇ ਮੇਅਰ ਸਰਦੂਲ ਸਿੰਘ ਮਾਰਵਾ ਐਮ ਬੀ ਈ, ਡਾਰਟਫੋਰਡ ਦੇ ਮੇਅਰ ਅਵਤਾਰ ਸੰਧੂ ਐਮ ਬੀ ਈ, ਅਤੇ ਥੈਟਫ਼ੋਰਡ ਦੇ ਮੇਅਰ ਤੇ ਨੋਰਫ਼ੋਕ ਕਾਊਂਟੀ ਕੌਂਸਲ ਦੇ ਲੀਡਰ ਕੌਂਸਲਰ ਥਿਕ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਇਹਨਾਂ ਸਮਾਗਮਾਂ ਵਿੱਚ ਮਹਾਰਾਜਾ ਦਲੀਪ ਸਿੰਘ ਅਤੇ ਉਹਨਾਂ ਦੇ ਪ੍ਰੀਵਾਰ ਨੂੰ ਯਾਦ ਕਰਦਿਆਂ ਐਂਸ਼ੀਐਂਟ ਹਾਊਸ ਮਿਊਜ਼ੀਅਮ ਵਿੱਚ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਹਿਸਟਰੀ ਕਲੱਬ ਦੇ ਨੌਜਵਾਨਾਂ ਦੁਆਰਾ ਤਿਆਰ ਕੀਤੇ ਇੱਕ ਨਾਟਕ ਅਤੇ ਭਾਸ਼ਣਾਂ ਦੇ ਨਾਲ ਨਾਲ ਪੰਜਾਬ ਅਤੇ ਐਲਵੇਡਨ ਦੀ ਮਹਾਰਾਜਾ ਦਲੀਪ ਸਿੰਘ ਦੀਆਂ ਯਾਦਾਂ ਬਾਰੇ ਲੇਖਕ ਪੀਟਰ ਬਾਂਸ ਜਾਣਕਾਰੀ ਸਾਂਝੀ ਕੀਤੀ। ਪੋਲੀ ਪੁਟਨਮ ਨੇ ਕੇਨਸਿੰਗਟਨ ਪੈਲੇਸ ਵਿਖੇ ਰਾਜਕੁਮਾਰੀ ਸੋਫ਼ੀਆ ਅਤੇ ਉਹਨਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਮਹਾਨ ਔਰਤਾਂ 'ਤੇ ਲੱਗੀ ਪ੍ਰਦਰਸ਼ਨੀ ਬਾਰੇ ਗੱਲ ਕੀਤੀ। ਨਾਈਜੇਲ ਐਮਿਸ ਨੇ ਐਂਗਲੋ-ਸਿੱਖ ਯੁੱਧਾਂ ਦੇ ਸਿਪਾਹੀਆਂ ਦੀਆਂ ਕਹਾਣੀਆਂ ਅਤੇ ਮਾਰਕ ਟੇਲਰ ਨੇ 'ਬੰਗਾਲ ਹੌਰਸ ਆਰਟਿਲਰੀ' ਬਾਰੇ ਚਰਚਾ ਕੀਤੀ ਗਈ।

ਮੰਚ ਦਾ ਸੰਚਾਲਨ 'ਏ ਲਿਟਲ ਹਿਸਟਰੀ ਆਫ਼ ਦ ਸਿੱਖਸ' ਦੇ ਰਵ ਸਿੰਘ ਵੱਲੋਂ ਕੀਤਾ ਗਿਆ।

'ਆਰਟਸ ਲਾ ਓਲਾਮ' ਦੇ ਸਹਿਯੋਗ ਨਾਲ ਸੰਗੀਤ, ਨ੍ਰਿਤ ਅਤੇ ਟੈਕਸਟਾਈਲ ਆਰਟ ਦੀਆਂ ਦੇਸੀ ਆਰਟ ਵਰਕਸ਼ਾਪਾਂ ਦਾ ਆਯੋਜਨ ਕੀਤਾ ਗਿਆ। 'ਆਰਟਸ ਕੌਂਸਲ ਇੰਗਲੈਂਡ' ਦੁਆਰਾ ਫੰਡ ਕੀਤੇ ਇਹ ਸਮਾਗਮ 25 ਜੂਨ ਤੋਂ 19 ਜੁਲਾਈ ਤੱਕ ਐਂਸ਼ੀਐਂਟ ਹਾਊਸ ਮਿਊਜ਼ੀਅਮ, ਚਾਰਲਸ ਬੁਰਲ ਸੈਂਟਰ, ਅਤੇ ਥੈਟਫੋਰਡ ਦੇ ਸਕੂਲੀ ਵਿਦਿਆਰਥੀਆਂ ਨਾਲ ਨੇਪਰੇ ਚੜ੍ਹੇ।

ਇਸ ਤੋਂ ਇਲਾਵਾ, ਕਲਾਕਾਰ ਸੈਲੀ ਚਿਨੀਆ ਨੂੰ ਫੈਸਟੀਵਲ ਆਫ਼ ਥੈਟਫ਼ੋਰਡ ਐਂਡ ਪੰਜਾਬ ਮਨਾਉਣ ਲਈ ਨਿਯੁਕਤ ਕੀਤਾ ਗਿਆ ਸੀ, ਜਿਸਦੀ ਅਗਵਾਈ ਐਸੈਕਸ ਕਲਚਰਲ ਡਾਇਵਰਸਿਟੀ ਪ੍ਰੋਜੈਕਟ ਅਤੇ ਐਂਸ਼ੀਐਂਟ ਹਾਊਸ ਮਿਊਜ਼ੀਅਮ ਦੀ ਭਾਈਵਾਲੀ ਵਿੱਚ 'ਆਰਟਸ ਲਾ ਓਲਾਮ' ਦੁਆਰਾ ਕੀਤੀ ਗਈ ਸੀ। ਪ੍ਰੋਜੈਕਟ ਤਹਿਤ ਥੈਟਫ਼ੋਰਡ ਦੇ ਲੋਕਾਂ ਨੂੰ ਬਾਟਿਕ ਵਰਕਸ਼ਾਪਾਂ ਵਿੱਚ ਸ਼ਾਮਲ ਕਰਕੇ ਮੇਲੇ ਲਈ ਝੰਡੇ ਅਤੇ ਬੰਟਿੰਗ (ਲੜੀਆਂ) ਤਿਆਰ ਕਰਨ ਲਈ ਸੱਦਾ ਦਿੱਤਾ ਗਿਆ। ਇਹਨਾਂ ਝੰਡਿਆਂ 'ਤੇ ਇਤਿਹਾਸਕ ਵਸਤੂਆਂ, ਸਥਾਨਕ ਲੋਕਾਂ, ਇਤਿਹਾਸਕ ਥਾਵਾਂ ਦੇ ਨਾਲ-ਨਾਲ ਮਹਾਰਾਜਾ ਦਲੀਪ ਸਿੰਘ ਦੀ ਕਹਾਣੀ ਨਾਲ ਜੁੜੇ ਪੰਜਾਬ ਦੇ ਇਤਿਹਾਸ, ਸੱਭਿਆਚਾਰ ਅਤੇ ਸੰਗੀਤ ਨੂੰ ਚਿੱਤਰਿਆ ਗਿਆ ਹੈ।


## ਐਂਡੀ ਬਰਨਹਮ ਦੀ ਸਰਕਾਰ ਵਿੱਚ ਪਹਿਲੀ ਸਿੱਖ ਮਹਿਲਾ ਸਤਵੀਰ ਕੌਰ ਸ਼ਾਮਿਲ

### ਸਿੱਖ ਐਮ ਪੀ ਸਤਵੀਰ ਕੌਰ ਬਰਤਾਨੀਆ ਦੀ ਮਹਿਲਾ ਸੁਰੱਖਿਆ ਅਤੇ ਬਰਾਬਰਤਾ ਰਾਜ ਮੰਤਰੀ ਬਣੀ




ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਐਂਡੀ ਬਰਨਹਮ ਦੀ ਕੈਬਨਿਟ ਤੋਂ ਬਾਅਦ ਹੁਣ ਰਾਜ ਮੰਤਰੀ ਗਠਨ ਸ਼ੁਰੂ ਹੋ ਗਿਆ ਹੈ, ਜਿਸ ਵਿੱਚ ਸਾਊਥਹੈਂਪਟਨ ਤੋਂ ਸੰਸਦ ਮੈਂਬਰ ਸਤਵੀਰ ਕੌਰ ਨੂੰ ਮਹਿਲਾ ਸੁਰੱਖਿਆ ਅਤੇ ਬਰਾਬਰਤਾ ਰਾਜ ਮੰਤਰੀ ਬਣਾਇਆ ਗਿਆ ਹੈ, ਇਸ ਦੇ ਨਾਲ ਹੀ ਉਹਨਾਂ ਕੋਲ ਪਾਰਲੀਮਾਨੀ ਸਕੱਤਰ ਵਜੋਂ ਗ੍ਰਹਿ ਵਿਭਾਗ ਵੀ ਹੋਵੇਗਾ। ਸਤਵੀਰ ਕੌਰ ਇਸ ਤੋਂ ਪਹਿਲਾਂ ਕੀਰ ਸਟਾਰਮਰ ਦੀ ਸਰਕਾਰ ਵਿੱਚ ਵੀ ਪਾਰਲੀਮਾਨੀ ਸਕੱਤਰ ਦੀਆਂ ਸੇਵਾਵਾਂ ਨਿਭਾਅ ਚੁੱਕੀ ਹੈ । ਅਹੁਦਾ ਸੰਭਾਲਣ ਤੋਂ ਬਾਅਦ ਸਤਵੀਰ ਨੇ ਕਿਹਾ ਕਿ ਉਹ ਆਪਣੀ ਨਿਯੁਕਤੀ ਨੂੰ ਲੈ ਕੇ ਬਹੁਤ ਉਤਸ਼ਾਹਿਤ ਹੈ। ਉਹਨਾਂ ਕਿਹਾ ਕਿ ਔਰਤਾਂ ਅਤੇ ਲੜਕੀਆਂ ਵਿਰੁੱਧ ਹਿੰਸਾ ਬਹੁਤ ਵੀ ਚੁਣੌਤੀ ਵਾਲਾ ਕੰਮ ਹੈ, ਜਿਸ ਤੇ ਬਹੁਤ ਕੰਮ ਕੀਤਾ ਗਿਆ ਹੈ ਅਤੇ ਬਹੁਤ ਹੋਣ ਵਾਲਾ ਹੈ। ਜਿਕਰਯੋਗ ਹੈ ਕਿ ਸਤਵੀਰ ਕੌਰ 2024 ਵਿੱਚ ਪਹਿਲੀ ਵਾਰ ਲੇਬਰ ਪਾਰਟੀ ਵੱਲੋਂ ਸਾਊਥੈਂਪਟਨ ਤੋਂ ਸੰਸਦ ਮੈਂਬਰ ਚੁਣੇ ਗਏ ਸਨ।

## INDIA STUDENT PROTEST



Democracy is not tested when everyone agress, it is tested when people dissent. The recent report surrounding student protests the state response should concern anyone who believes in the constitutional promise of India, not because of political allegiance, because of the democratic principle. The consitutions basic structure is built on liberty and equality and democratic accountability. These are not abstracts, this must ensure every citizen, especially the young and marginalised, has the freedom to question, participate, and be heard. Students are only asking for two meaningful reforms in the educational system instead we saw, tear gas, and force including baton charges, used against students who stood there. A democracy is measured not just by election, but by how it listens to its youth.

The sikh community stepped in to provide humanitarian aid, safety and shelter to thousands of students protesting in New Delhi, many sikh volunteers fed thousands of students and sikh gurdwara have welcomed students across Delhi. As the ongoing students protest at the Janta mantar in Delhi, members of the sikh community appealed for peace and offering students food. The sikh volunteer message highlights solidarity, compassion and encouraging students protesters to continue expressing their concerns through peaceful means. Instutions remain democratic only when administration are willing to listen as much as they are empowered to govern. There is a profound irony in invoking India constitutions, while responding to peaceful voices with methods that evoke the state. The legitimacy of a democracy is measured not by its capacity to suppress disagreement but by its confidence in engaging within it. India educational system has needed structural reform for decade, whether one agrees with every demand of the protest is beside the point when thousands of young students the architects of tommorow India, collectively asks to be heard, the democratic response should be dialogue, not dismissal. Im only supporting the India constitution that is a democratic right for all.



Lambardaar Dharmveer Singh Claire, Coventry

## ਸੁਪਰੀਮ ਕੋਰਟ ਵੱਲੋਂ ਜੰਤਰ-ਮੰਤਰ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੂੰ ਵੱਡੀ ਰਾਹਤ

# ਨਾਬਾਲਗਾਂ ਨੂੰ ਰਿਹਾਅ ਕਰਨ ਦੇ ਹੁਕਮ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਨੀਟ ਪੇਪਰ ਲੀਕ ਅਤੇ ਪ੍ਰੀਖਿਆਵਾਂ ਵਿੱਚ ਹੋਈਆਂ ਬੇਨਿਯਮੀਆਂ ਵਿਰੁੱਧ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਚੀਫ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਹੇਠਲੇ ਬੈਂਚ (ਜਿਸ ਵਿੱਚ ਜਸਟਿਸ ਜੌਇਮਾਲਿਆ ਬਾਗਚੀ ਅਤੇ ਜਸਟਿਸ ਵੀ ਮੋਹਨਾ ਵੀ ਸ਼ਾਮਲ ਹਨ) ਨੇ ਦੇਸ਼ ਭਰ ਦੀਆਂ ਸਰਕਾਰਾਂ ਨੂੰ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਵਿਰੁੱਧ ਕੋਈ ਵੀ ਸਖ਼ਤ ਕਾਰਵਾਈ ਕਰਨ ਤੋਂ ਰੋਕ ਦਿੱਤਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਬਿਨਾਂ ਕਿਸੇ ਅਪਰਾਧਿਕ ਪਿਛੋਕੜ ਵਾਲੇ 18 ਸਾਲ ਤੋਂ ਘੱਟ ਉਮਰ ਦੇ ਗ੍ਰਿਫ਼ਤਾਰ ਨਾਬਾਲਗਾਂ ਨੂੰ ਤੁਰੰਤ ਰਿਹਾਅ ਕਰਨ ਦੇ ਨਿਰਦੇਸ਼ ਦਿੱਤੇ ਹਨ।

ਅਦਾਲਤ ਨੇ ਪ੍ਰਦਰਸ਼ਨਕਾਰੀਆਂ 'ਤੇ ਪੈਲੇਟ ਗੰਨ, ਕਿੱਲਾਂ ਵਾਲੀਆਂ ਲਾਠੀਆਂ ਅਤੇ ਇਲੈਕਟ੍ਰਿਕ ਬੈਟਨਾਂ ਦੀ ਵਰਤੋਂ ਕਰਨ ਦੇ ਦੋਸ਼ਾਂ ਦਾ ਗੰਭੀਰ ਨੋਟਿਸ ਲਿਆ ਹੈ। ਬੈਂਚ ਨੇ ਸਬੰਧਤ ਸੂਬਿਆਂ ਨੂੰ ਸੀਸੀਟੀਵੀ ਫੁਟੇਜ, ਡਰੋਨ ਰਿਕਾਰਡਿੰਗਾਂ, ਬਾਡੀ ਕੈਮਰਾ ਫੁਟੇਜ ਅਤੇ ਵਾਇਰਲੈੱਸ ਲੌਗਸ ਸਮੇਤ ਸਾਰੇ ਡਿਜੀਟਲ ਸਬੂਤਾਂ ਨੂੰ ਸੁਰੱਖਿਅਤ ਰੱਖਣ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਪ੍ਰਦਰਸ਼ਨਕਾਰੀਆਂ ਦਾ ਕੋਈ ਵੀ ਡੇਟਾ ਜਨਤਕ ਨਹੀਂ ਕੀਤਾ ਜਾਵੇਗਾ। ਦਿੱਲੀ, ਮਹਾਰਾਸ਼ਟਰ, ਬਿਹਾਰ, ਕੇਰਲਾ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਸਕੱਤਰਾਂ ਤੋਂ ਜਵਾਬ ਮੰਗਦਿਆਂ ਮਾਮਲੇ ਦੀ ਅਗਲੀ ਸੁਣਵਾਈ 3 ਅਗਸਤ ਤੈਅ ਕੀਤੀ ਗਈ ਹੈ, ਜਿਸ ਤੋਂ ਬਾਅਦ ਵਿਸ਼ੇਸ਼ ਜਾਂਚ ਟੀਮ ਜਾਂ ਸੁਤੰਤਰ ਕਮੇਟੀ ਬਣਾਉਣ 'ਤੇ ਫੈਸਲਾ ਹੋਵੇਗਾ।

### ਡੀਸੀਪੀ ਦੇ ਹੁਕਮਾਂ 'ਤੇ ਹੋਈ ਸੀ ਪੈਲੇਟ ਫਾਇਰਿੰਗ

ਪਾਰਲੀਮੈਂਟ ਸਟ੍ਰੀਟ ਥਾਣੇ ਵਿੱਚ ਦਰਜ ਜਨਰਲ ਡਾਇਰੀ ਅਨੁਸਾਰ 20 ਜੁਲਾਈ ਨੂੰ ਸੰਸਦ ਵੱਲ ਮਾਰਚ ਕਰ ਰਹੇ ਪ੍ਰਦਰਸ਼ਨਕਾਰੀਆਂ 'ਤੇ ਰੈਪਿਡ ਐਕਸ਼ਨ ਫੋਰਸ ਦੁਆਰਾ ਪਲਾਸਟਿਕ ਪੈਲੇਟ ਅਤੇ ਅੱਥਰੂ ਗੈਸ ਦੇ ਗੋਲੇ ਦਾਗਣ ਦੀ ਕਾਰਵਾਈ ਡਿਪਟੀ ਕਮਿਸ਼ਨਰ ਆਫ ਪੁਲੀਸ ਦੇ ਹੁਕਮਾਂ 'ਤੇ ਹੋਈ ਸੀ। ਦੂਜੇ ਪਾਸੇ ਕੇਂਦਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਦਾਅਵਾ ਕੀਤਾ ਕਿ ਕੁਝ ਸ਼ਰਾਰਤੀ ਅਨਸਰਾਂ ਨੇ ਅੰਦੋਲਨ ਵਿੱਚ ਸ਼ਾਮਲ ਹੋ ਕੇ ਹਿੰਸਾ ਕੀਤੀ, ਜਿਸ ਵਿੱਚ 200 ਤੋਂ ਵੱਧ ਪੁਲੀਸ ਮੁਲਾਜ਼ਮ ਜ਼ਖ਼ਮੀ ਹੋਏ।

### ਸਰਕਾਰੀ ਭਰੋਸੇ ਦੇ ਬਾਵਜੂਦ ਧੱਕੇਸ਼ਾਹੀ ਦੇ ਦੋਸ਼

ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਨੇ ਪ੍ਰੈੱਸ ਕਲੱਬ ਆਫ ਇੰਡੀਆ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਸਰਕਾਰ 'ਤੇ ਵਾਅਦਾ ਖਿਲਾਫ਼ੀ ਦੇ ਦੋਸ਼ ਲਗਾਏ ਹਨ। ਆਇਸਾ ਦੀ ਕੌਮੀ ਪ੍ਰਧਾਨ ਨੇਹਾ, ਅੰਜਲੀ ਅਤੇ ਐੱਮ ਜੁਨੈਦ ਨੇ ਕਿਹਾ ਕਿ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਨੂੰ ਤੰਗ ਨਾ ਕਰਨ ਦੇ ਭਰੋਸੇ ਦੇ ਬਾਵਜੂਦ ਬਿਹਾਰ ਅਤੇ ਦਿੱਲੀ ਸਮੇਤ ਕਈ ਰਾਜਾਂ ਵਿੱਚ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਆਵਾਜ਼ ਚੁੱਕਣ ਬਦਲੇ ਸੀਪੀਆਈ (ਐੱਮਐੱਲ) ਦੇ ਵਿਧਾਇਕ ਸੰਦੀਪ ਸੌਰਵ ਸਮੇਤ ਕਈ ਕਾਰਕੁਨਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ।

### ਨੀਟ ਪੇਪਰ ਲੀਕ ਮਾਮਲੇ 'ਚ ਸੀਬੀਆਈ ਵੱਲੋਂ ਚਾਰਜਸ਼ੀਟ ਦਾਖਲ

ਦੂਜੇ ਪਾਸੇ, ਸੀਬੀਆਈ ਨੇ ਨੀਟ ਯੂਜੀ 2026 ਪੇਪਰ ਲੀਕ ਮਾਮਲੇ ਵਿੱਚ ਵਿਸ਼ੇਸ਼ ਫਾਸਟ ਟਰੈਕ ਕੋਰਟ ਵਿੱਚ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਇਸ ਚਾਰਜਸ਼ੀਟ ਵਿੱਚ 13 ਮੁਲਜ਼ਮਾਂ ਦੇ ਨਾਂ ਸ਼ਾਮਲ ਹਨ ਜੋ ਇਸ ਵੇਲੇ ਨਿਆਂਇਕ ਹਿਰਾਸਤ ਵਿੱਚ ਹਨ। ਏਜੰਸੀ ਨੇ ਅਦਾਲਤ ਵਿੱਚ 360 ਗਵਾਹਾਂ, 422 ਦਸਤਾਵੇਜ਼ਾਂ ਅਤੇ 43 ਸਮੱਗਰੀ ਵਸਤਾਂ ਦਾ ਹਵਾਲਾ ਦਿੱਤਾ ਹੈ, ਜਿਸ 'ਤੇ ਸੁਣਵਾਈ ਜਲਦ ਸ਼ੁਰੂ ਹੋਣ ਦੀ ਉਮੀਦ ਹੈ।

## ਕਾਕਰੋਚ ਜਨਤਾ ਦਲ ਦੇ 'ਚਲੋ ਸੰਸਦ' ਮਾਰਚ ਹਿੰਸਾ ਮਾਮਲੇ ਵਿਚ ਵੱਡਾ ਖ਼ੁਲਾਸਾ

### ✪ ਪ੍ਰਦਰਸ਼ਨ 'ਚ 980 ਤੋਂ ਵੱਧ ਅਪਰਾਧਿਕ ਰਿਕਾਰਡ ਵਾਲੇ ਲੋਕ ਸਨ ਮੌਜੂਦ

ਨਵੀਂ ਦਿੱਲੀ-ਜੰਤਰ-ਮੰਤਰ 'ਤੇ ਕੌਕਰੋਚ ਜਨਤਾ ਪਾਰਟੀ ਦੁਆਰਾ ਆਯੋਜਿਤ 'ਚਲੋ ਸੰਸਦ' ਮਾਰਚ ਦੌਰਾਨ ਹੋਈ ਹਿੰਸਾ ਦੀ ਜਾਂਚ ਕਰ ਰਹੀ ਦਿੱਲੀ ਪੁਲੀਸ ਨੇ ਇੱਕ ਸਨਸਨੀਖੇਜ਼ ਖ਼ੁਲਾਸਾ ਕੀਤਾ ਹੈ। ਪੁਲੀਸ ਜਾਂਚ ਅਨੁਸਾਰ, ਪ੍ਰਦਰਸ਼ਨ ਵਾਲੀ ਥਾਂ ਅਤੇ ਉਸ ਦੇ ਆਸ-ਪਾਸ ਮੌਜੂਦ 2,873 ਲੋਕਾਂ ਦੀ ਪੜਤਾਲ ਦੌਰਾਨ 980 ਤੋਂ ਵੱਧ ਅਜਿਹੇ ਵਿਅਕਤੀਆਂ ਦੀ ਪਛਾਣ ਹੋਈ ਹੈ, ਜਿਨ੍ਹਾਂ ਦਾ ਪਹਿਲਾਂ ਤੋਂ ਹੀ ਅਪਰਾਧਿਕ ਪਿਛੋਕੜ ਰਿਹਾ ਹੈ। ਇਹ ਲੋਕ ਕਤਲ, ਜਬਰ-ਜਨਾਹ, ਲੁੱਟ-ਖੋਹ, ਅਗਵਾ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਗੰਭੀਰ ਅਪਰਾਧਾਂ ਵਿੱਚ ਨਾਮਜ਼ਦ ਹਨ।

ਸੀਨੀਅਰ ਪੁਲੀਸ ਅਧਿਕਾਰੀ ਅਨੁਸਾਰ ਵਿਸ਼ਲੇਸ਼ਣ 'ਚ ਸਾਹਮਣੇ ਆਇਆ ਹੈ ਕਿ ਮੌਕੇ 'ਤੇ ਮੌਜੂਦ ਲੋਕਾਂ ਵਿੱਚੋਂ 101 ਜਣੇ ਕਤਲ, 62 ਕਤਲ ਦੀ ਕੋਸ਼ਿਸ਼, 284 ਲੁੱਟ-ਖੋਹ, 229 ਅਸਲਾ ਐਕਟ, 135 ਸਨੈਚਿੰਗ, 19 ਅਗਵਾ ਅਤੇ 67 ਲੋਕ ਐੱਨ.ਡੀ.ਪੀ.ਐੱਸ. ਐਕਟ ਤਹਿਤ ਨਾਮਜ਼ਦ ਰਹਿ ਚੁੱਕੇ ਹਨ। ਇਸ ਤੋਂ ਇਲਾਵਾ, 61 ਵਿਅਕਤੀ ਜਬਰ-ਜਨਾਹ, 25 ਔਰਤਾਂ ਨਾਲ ਛੇੜਛਾੜ ਅਤੇ 6 ਵਿਅਕਤੀ ਪੋਕਸੋ ਐਕਟ ਵਰਗੇ ਸੰਵੇਦਨਸ਼ੀਲ ਮਾਮਲਿਆਂ ਨਾਲ ਜੁੜੇ ਹੋਏ ਹਨ।

ਪੁਲੀਸ ਡਾਟਾਬੇਸ ਅਤੇ ਡੋਜ਼ੀਅਰ ਰਿਕਾਰਡਾਂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਤਲ ਦੇ ਮਾਮਲਿਆਂ ਨਾਲ ਜੁੜੇ 101 ਲੋਕਾਂ ਵਿੱਚੋਂ 42 ਅਜਿਹੇ ਹਨ ਜੋ ਦੋ ਜਾਂ ਦੋ ਤੋਂ ਵੱਧ ਕੇਸਾਂ ਵਿੱਚ ਸ਼ਾਮਲ ਹਨ, ਜਦਕਿ 12 ਲੋਕਾਂ ਦਾ ਅਪਰਾਧਿਕ ਇਤਿਹਾਸ 10 ਜਾਂ ਇਸ ਤੋਂ ਵੱਧ ਮਾਮਲਿਆਂ ਨਾਲ ਜੁੜਿਆ ਹੋਇਆ ਹੈ। ਇਸੇ ਤਰ੍ਹਾਂ ਲੁੱਟ-ਖੋਹ ਦੇ 284 ਮਾਮਲਿਆਂ ਵਿੱਚੋਂ 155 ਲੋਕ ਬਾਰ-ਬਾਰ ਅਪਰਾਧ ਕਰਨ ਵਾਲੇ ਪਾਏ ਗਏ ਹਨ।

### 20 ਜੁਲਾਈ ਦੀ ਹਿੰਸਾ ਤੋਂ ਬਾਅਦ ਸ਼ੁਰੂ ਹੋਈ ਸੀ ਜਾਂਚ

ਜ਼ਿਕਰਯੋਗ ਹੈ ਕਿ ਇਹ ਪੜਤਾਲ 20 ਜੁਲਾਈ ਨੂੰ ਕਾਕਰੋਚ ਜਨਤਾ ਦਲ ਦੇ ਪ੍ਰਦਰਸ਼ਨ ਦੌਰਾਨ ਭੜਕੀ ਹਿੰਸਾ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਉਸ ਦਿਨ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਹੋਈਆਂ ਝੜਪਾਂ 'ਚ 200 ਤੋਂ ਵੱਧ ਪੁਲੀਸ ਕਰਮੀ ਅਤੇ 65 ਤੋਂ ਵੱਧ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ ਸਨ। ਪੁਲੀਸ ਦਾ ਕਹਿਣਾ ਹੈ ਕਿ ਵੱਖ-ਵੱਖ ਜ਼ਿਲ੍ਹਾ ਪੁਲੀਸ ਯੂਨਿਟਾਂ ਅਤੇ ਏਜੰਸੀਆਂ ਦੀ ਮਦਦ ਨਾਲ ਜਾਂਚ ਨੂੰ ਹੋਰ ਅੱਗੇ ਵਧਾਇਆ ਜਾ ਰਿਹਾ ਹੈ।





# ਬੰਦੀ ਸਿੰਘਾਂ ਦੀ ਰਿਹਾਈ ਲਈ 'ਵਾਰਿਸ ਪੰਜਾਬ ਦੇ' ਦਾ ਹੱਲਾ: ਚੰਡੀਗੜ੍ਹ ਸਰਹੱਦ 'ਤੇ ਜ਼ਬਰਦਸਤ ਹੰਗਾਮਾ

## *ਪੁਲਿਸ ਬੈਰੀਕੇਡ ਤੋੜ ਕੇ ਸੀਐਮ ਦੀ ਕੋਠੀ ਵੱਲ ਵਧੇ ਪ੍ਰਦਰਸ਼ਨਕਾਰੀ, ਜਲ ਤੋਪਾਂ ਦਾ ਮੂੰਹ ਮੋੜਿਆ
## *ਆਪ', ਕਾਂਗਰਸ ਤੇ ਅਕਾਲੀ ਦਲ ਲਈ ਚੁਣੌਤੀ ਬਣਿਆ 'ਵਾਰਿਸ ਪੰਜਾਬ ਦੇ'
## *ਅੰਮ੍ਰਿਤਪਾਲ ਸਿੰਘ ਦਾ ਵਧਦਾ ਪ੍ਰਭਾਵ: ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਦਲਣਗੇ ਸਿਆਸੀ ਸਮੀਕਰਨ?

ਪੰਜਾਬ ਦੀ ਸਿਆਸਤ ਅਤੇ ਜਨਤਕ ਅੰਦੋਲਨਾਂ ਦੇ ਇਤਿਹਾਸ ਵਿੱਚ ਮੋਰਚਿਆਂ ਦੀ ਅਹਿਮ ਭੂਮਿਕਾ ਰਹੀ ਹੈ। 'ਵਾਰਿਸ ਪੰਜਾਬ ਦੇ' ਸੰਗਠਨ ਵੱਲੋਂ ਬੰਦੀ ਸਿੰਘਾਂ ਤੇ ਭਾਈ ਅੰਮ੍ਰਿਤ ਪਾਲ ਸਿੰਘ ਦੀ ਰਿਹਾਈ, ਬੇਅਦਬੀ ਦੇ ਇਨਸਾਫ਼ ਅਤੇ ਪੰਜਾਬ ਦੇ ਭਖਦੇ ਮੁੱਦਿਆਂ ਨੂੰ ਲੈ ਕੇ ਚੰਡੀਗੜ੍ਹ ਵੱਲ ਕੀਤੇ ਗਏ ਕੂਚ ਅਤੇ ਪ੍ਰਦਰਸ਼ਨ, ਪੁਲਿਸ ਵੱਲੋਂ ਚਲਾਈਆਂ ਗਈਆਂ ਪਾਣੀ ਦੀਆਂ ਬੋਛਾਰਾਂ 'ਤੇ ਪ੍ਰਦਰਸ਼ਨਕਾਰੀ ਦਾ ਵਾਹਨ ਉੱਤੇ ਚੜ੍ਹਨ ਤੇ ਵਾਟਰ ਕੈਨਨਾਂ ਦਾ ਮੂੰਹ ਮੋੜਨ ਦੀ ਕਾਰਵਾਈ ਨੇ ਇੱਕ ਵਾਰ ਫਿਰ ਪੁਰਾਣੇ ਅਕਾਲੀ ਮੋਰਚਿਆਂ ਦੀ ਯਾਦ ਤਾਜ਼ਾ ਕਰ ਦਿੱਤੀ ਹੈ। ਬੈਰੀਕੇਡ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼, ਪੁਲਿਸ ਨਾਲ ਹੋਈ ਖਿੱਚ-ਧੂਹ ਅਤੇ ਜ਼ਬਰਦਸਤ ਵਿਰੋਧ ਦੇ ਬਾਵਜੂਦ ਨੌਜਵਾਨਾਂ ਦੇ ਬੁਲੰਦ ਹੌਸਲੇ ਇਹ ਸਪੱਸ਼ਟ ਦਰਸਾਉਂਦੇ ਹਨ ਕਿ ਸਿੱਖ ਮੁੱਦਿਆਂ ਨੂੰ ਲੈ ਕੇ ਲੋਕਾਂ, ਵਿਸ਼ੇਸ਼ ਕਰਕੇ ਨੌਜਵਾਨ ਵਰਗ ਵਿੱਚ ਰੋਸ ਅਜੇ ਵੀ ਬਰਕਰਾਰ ਹੈ।

ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਸਿਰਫ਼ ਬੈਰੀਕੇਡਿੰਗ ਜਾਂ ਰੂਟ ਡਾਇਵਰਸ਼ਨ ਰਾਹੀਂ ਸਥਿਤੀ ਨੂੰ ਕੰਟਰੋਲ ਕਰਨਾ ਸਥਾਈ ਹੱਲ ਨਹੀਂ ਹੋ ਸਕਦਾ। ਲੋਕਤੰਤਰ ਵਿੱਚ ਜਨਤਕ ਰੋਸ ਨੂੰ ਦਬਾਉਣ ਦੀ ਬਜਾਏ ਗੱਲਬਾਤ ਦਾ ਰਸਤਾ ਖੋਲ੍ਹਣਾ ਅਤੀ ਜ਼ਰੂਰੀ ਹੈ। ਸਰਕਾਰ ਅਤੇ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਪ੍ਰਦਰਸ਼ਨਕਾਰੀਆਂ ਦੇ ਨੁਮਾਇੰਦਿਆਂ ਨਾਲ ਸੰਵਾਦ ਕਾਇਮ ਕਰਨ ਤਾਂ ਜੋ ਕਾਨੂੰਨੀ ਅਤੇ ਸੰਵਿਧਾਨਕ ਦਾਇਰੇ ਵਿੱਚ ਰਹਿ ਕੇ ਮਸਲਿਆਂ ਦਾ ਹੱਲ ਲੱਭਿਆ ਜਾ ਸਕੇ। ਟਕਰਾਅ ਦੀ ਨੀਤੀ ਨਾਲ ਨਾ ਕੇਵਲ ਅਮਨ-ਕਾਨੂੰਨ ਪ੍ਰਭਾਵਿਤ




ਹੁੰਦਾ ਹੈ, ਬਲਕਿ ਆਮ ਜਨਜੀਵਨ ਅਤੇ ਵਿਕਾਸ ਨੂੰ ਦਿਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਪ੍ਰੈਲ 2023 ਵਿੱਚ ਰਾਸ਼ਟਰੀ ਸੁਰੱਖਿਆ ਕਾਨੂੰਨ (ਸ਼ਅ) ਤਹਿਤ ਗ੍ਰਿਫ਼ਤਾਰੀ ਤੋਂ ਬਾਅਦ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਤੋਂ ਬਤੌਰ ਸੰਸਦ ਮੈਂਬਰ ਚੁਣੇ ਗਏ ਸਨ। ਹਾਲਾਂਕਿ ਉਨ੍ਹਾਂ ਦੀ ਹਿਰਾਸਤ ਦੀ ਮਿਆਦ ਨੂੰ ਵਧਾਇਆ ਗਿਆ ਹੈ ਅਤੇ ਮਾਮਲਾ ਅਦਾਲਤੀ ਪ੍ਰਕਿਰਿਆ ਅਧੀਨ ਹੈ, ਪਰ ਜ਼ਮੀਨੀ ਪੱਧਰ 'ਤੇ ਉਨ੍ਹਾਂ ਦੇ ਸਮਰਥਕਾਂ ਅਤੇ ਪਾਰਟੀ ਵੱਲੋਂ ਉਨ੍ਹਾਂ ਦੀ ਰਿਹਾਈ ਅਤੇ ਸੰਸਦੀ ਕਾਰਵਾਈਆਂ ਵਿੱਚ ਸ਼ਾਮਲ ਹੋਣ ਲਈ ਲਗਾਤਾਰ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ।

ਇਸ ਪੂਰੇ ਘਟਨਾਕ੍ਰਮ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਦਾ ਪ੍ਰਭਾਵ ਪੰਜਾਬ ਅਤੇ ਸਿੱਖ ਸੰਗਤ ਉੱਪਰ ਲਗਾਤਾਰ ਵਧਦਾ ਦਿਖਾਈ ਦੇ ਰਿਹਾ ਹੈ। ਸੰਸਦ ਦੇ ਮੌਨਸੂਨ ਸੈਸ਼ਨ ਦੌਰਾਨ ਉਨ੍ਹਾਂ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਨਾ ਮਿਲਣ ਅਤੇ ਜੇਲ੍ਹ ਵਿੱਚ ਬੰਦ ਰੱਖਣ ਦੇ ਮੁੱਦੇ ਨੇ ਸਮਰਥਕਾਂ ਵਿੱਚ ਹੋਰ ਰੋਸ ਭਰਿਆ ਹੈ। ਇਹ ਵਧਦਾ ਪ੍ਰਭਾਵ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀਆਂ ਰਵਾਇਤੀ ਅਤੇ ਮੌਜੂਦਾ ਸਿਆਸੀ ਧਿਰਾਂ ਲਈ ਇੱਕ ਵੱਡੀ ਚੁਣੌਤੀ ਸਾਬਤ ਹੋ ਸਕਦਾ ਹੈ।

ਸ਼੍ਰੋਮਣੀ ਅਕਾਲੀ ਦਲ (ਬਾਦਲ), ਨਵੇਂ ਬਣ ਰਹੇ ਗਿਆਨੀ ਹਰਪ੍ਰੀਤ ਸਿੰਘ ਅਕਾਲੀ ਧੜੇ, ਕਾਂਗਰਸ ਅਤੇ ਇੱਥੋਂ ਤੱਕ ਕਿ ਮੌਜੂਦਾ ਹਾਕਮ ਧਿਰ 'ਆਪ' ਲਈ ਵੀ ਇਹ ਸਥਿਤੀ ਗੰਭੀਰ ਚਿੰਤਨ ਵਾਲੀ ਹੈ। ਹੁਣ ਤੱਕ ਕੋਈ ਵੀ ਵਿਰੋਧੀ ਧਿਰ 'ਆਪ' ਸਰਕਾਰ ਵਿਰੁੱਧ ਕੋਈ ਵੱਡਾ ਜਾਂ ਅਸਰਦਾਰ ਮੋਰਚਾ ਲਗਾਉਣ ਵਿੱਚ ਨਾਕਾਮ ਰਹੀ ਸੀ, ਪਰ ਇਸ ਘਟਨਾ ਨੇ ਸਿਆਸੀ ਸਮੀਕਰਨਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕਾਂਗਰਸ ਅੰਦਰੂਨੀ ਫੁੱਟ ਅਤੇ ਮਜ਼ਬੂਤ ਲੀਡਰਸ਼ਿਪ ਦੀ ਘਾਟ ਕਾਰਨ ਪਿੰਡਾਂ ਦੇ ਆਮ ਲੋਕਾਂ ਵਿੱਚੋਂ ਕਾਂਗਰਸ ਦੀ ਚਰਚਾ ਗਾਇਬ ਹੁੰਦੀ ਜਾ ਰਹੀ ਹੈ, ਜਦਕਿ ਰਵਾਇਤੀ ਅਕਾਲੀ ਦਲ ਆਪਣਾ ਅਧਾਰ ਬਚਾਉਣ ਲਈ ਜੱਦੋ-ਜਹਿਦ ਕਰ ਰਿਹਾ ਹੈ। ਅਜਿਹੇ ਸਮੇਂ ਵਿੱਚ 'ਵਾਰਿਸ ਪੰਜਾਬ ਦੇ' ਇੱਕ ਪ੍ਰਮੁੱਖ ਪੰਥਕ ਧਿਰ ਵਜੋਂ ਉੱਭਰਦਾ ਨਜ਼ਰ ਆ ਰਿਹਾ ਹੈ।

ਜੇਕਰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਇਹ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ਕਿ ਟਿਕਟਾਂ ਦੀ ਚਾਹਤ ਰੱਖਣ ਵਾਲੇ ਦਲ-ਬਦਲੂ ਨੇਤਾਵਾਂ ਦਾ ਰੁਝਾਨ 'ਵਾਰਿਸ ਪੰਜਾਬ ਦੇ' ਵੱਲ ਵਧੇ।

### ਲੰਮੇ ਸਮੇਂ ਦੇ ਸੰਘਰਸ਼ ਲਈ ਰੋਡਮੈਪ ਤੇ ਕਿਰਦਾਰ ਜ਼ਰੂਰੀ

ਕਿਸੇ ਵੀ ਜਜ਼ਬਾਤੀ ਜਾਂ ਜਨਤਕ ਉਬਾਲ ਨੂੰ ਇੱਕ ਸਥਾਈ ਅਤੇ ਸਾਰਥਕ ਰਾਜਨੀਤਿਕ/ਸਮਾਜਿਕ ਬਦਲਾਅ ਵਿੱਚ ਬਦਲਣ ਲਈ ਕੁਝ ਬੁਨਿਆਦੀ ਸ਼ਰਤਾਂ ਹੁੰਦੀਆਂ ਹਨ:ਸਿਰਫ਼ ਵਿਰੋਧ ਪ੍ਰਦਰਸ਼ਨਾਂ ਨਾਲ ਲੰਮੀ ਲੜਾਈ ਨਹੀਂ ਜਿੱਤੀ ਜਾ ਸਕਦੀ। ਸੰਗਠਨ ਲਈ ਇੱਕ ਸੁਚੱਜਾ ਨੀਤੀਗਤ ਰੋਡਮੈਪ, ਠੋਸ ਏਜੰਡਾ ਅਤੇ ਪੰਜਾਬ ਦੇ ਸਮਾਜਿਕ-ਆਰਥਿਕ ਮੁੱਦਿਆਂ (ਜਿਵੇਂ ਬੇਰੋਜ਼ਗਾਰੀ, ਪੇਪਰ ਲੀਕ, ਕਾਨੂੰਨ-ਵਿਵਸਥਾ) 'ਤੇ ਵਿਆਪਕ ਦ੍ਰਿਸ਼ਟੀਕੋਣ ਹੋਣਾ ਬਹੁਤ ਜ਼ਰੂਰੀ ਹੈ।

ਉੱਚਾ ਕਿਰਦਾਰ ਅਤੇ ਅਨੁਸ਼ਾਸਨ: ਪੰਥਕ ਅਤੇ ਪੰਜਾਬੀ ਸਿਆਸਤ ਦਾ ਇਤਿਹਾਸ ਗਵਾਹ ਹੈ ਕਿ ਉੱਚੇ ਕਿਰਦਾਰ ਅਤੇ ਨੈਤਿਕਤਾ ਤੋਂ ਬਿਨਾਂ ਕੋਈ ਵੀ ਅੰਦੋਲਨ ਲੰਮੇ ਸਮੇਂ ਤੱਕ ਨਹੀਂ ਟਿਕ ਸਕਦਾ। ਅਨੁਸ਼ਾਸਨ ਅਤੇ ਸਾਫ਼-ਸੁਥਰੀ ਅਗਵਾਈ ਹੀ ਇਸ ਲਹਿਰ ਨੂੰ ਸਥਾਈ ਪਛਾਣ ਦੇ ਸਕਦੀ ਹੈ।

'ਵਾਰਿਸ ਪੰਜਾਬ ਦੇ' ਨੇ ਪੰਜਾਬ ਦੀ ਰਾਜਨੀਤੀ ਦੀ ਹਵਾ ਦਾ ਰੁਖ਼ ਮੋੜਨ ਦਾ ਇਸ਼ਾਰਾ ਜ਼ਰੂਰ ਦਿੱਤਾ ਹੈ। ਪਰ ਕੀ ਇਹ ਉਭਾਰ ਇੱਕ ਕ੍ਰਾਂਤੀਕਾਰੀ ਬਦਲਾਅ ਦਾ ਰੂਪ ਧਾਰਨ ਕਰੇਗਾ ਜਾਂ ਸਿਰਫ਼ ਇੱਕ ਜਜ਼ਬਾਤੀ ਰੋਸ ਤੱਕ ਸੀਮਤ ਰਹੇਗਾ? ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਇਸਦੀ ਅਗਵਾਈ ਭਵਿੱਖ ਵਿੱਚ ਕਿਹੋ ਜਿਹਾ ਸੰਗਠਨਾਤਮਕ ਢਾਂਚਾ, ਸਪੱਸ਼ਟ ਏਜੰਡਾ ਅਤੇ ਉੱਚਾ ਨੈਤਿਕ ਕਿਰਦਾਰ ਪੇਸ਼ ਕਰਦੀ ਹੈ।

# ਅਕਾਲੀ ਦਲ ਵਾਰਿਸ ਪੰਜਾਬ ਯੂਕੇ ਦੀ ਰਾਸ਼ਟਰੀ ਮੀਟਿੰਗ ਕੋਵੈਂਟਰੀ ਵਿਖੇ ਸੰਪੰਨ, 13 ਮੈਂਬਰੀ ਕਮੇਟੀ ਦਾ ਗਠਨ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਅਕਾਲੀ ਦਲ ਵਾਰਿਸ ਪੰਜਾਬ ਯੂਕੇ ਦੀ ਰਾਸ਼ਟਰੀ ਮੀਟਿੰਗ ਕੋਵੈਂਟਰੀ ਵਿਖੇ ਹੋਈ, ਜਿਸ ਵਿੱਚ ਜਥੇਬੰਦੀ ਨਾਲ ਸਬੰਧਤ ਆਗੂਆਂ ਅਤੇ ਮੈਂਬਰਾਂ ਨੇ ਸ਼ਮੂਲੀਅਤ ਕਰਦਿਆਂ ਸੰਗਠਨ ਦੀਆਂ ਭਵਿੱਖੀ ਗਤੀਵਿਧੀਆਂ ਅਤੇ ਜਥੇਬੰਦੀ ਨੂੰ ਹੋਰ ਮਜ਼ਬੂਤ ਬਣਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ।

ਮੀਟਿੰਗ ਵਿੱਚ ਜਗਰੂਪ ਸਿੰਘ, ਪ੍ਰਭਜੀਤ ਸਿੰਘ ਔਲਖ, ਗੁਰਵਿੰਦਰ ਸਿੰਘ, ਜਸਵੀਰ ਸਿੰਘ, ਸੰਤੋਖ ਸਿੰਘ, ਗੁਰਬਿਦਰ ਸਿੰਘ ਗਿੱਲ, ਗੁਰਦੇਵ ਸਿੰਘ, ਭਗਵੰਤ ਸਿੰਘ, ਗੁਰਜੀਤ ਸਿੰਘ, ਰਮਨਪ੍ਰੀਤ ਸਿੰਘ, ਜਸਵਿੰਦਰ ਸਿੰਘ ਬਾਲ, ਸੁਖਵਿੰਦਰ ਸਿੰਘ, ਸੁਰਿੰਦਰ ਸਿੰਘ, ਪ੍ਰਬਜੀਤ ਸਿੰਘ, ਕਮਲਜੀਤ ਸਿੰਘ, ਜਗਤਾਰ ਸਿੰਘ, ਗੁਰਜੰਟ ਸਿੰਘ, ਪਰਗਟ ਸਿੰਘ, ਚਰਨਜੀਤ ਸਿੰਘ, ਗੁਰਤੇਜਪ੍ਰੀਤ ਸਿੰਘ, ਕੁਲਵੰਤ ਸਿੰਘ, ਮਨਜਿੰਦਰ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ। ਮੀਟਿੰਗ ਦੌਰਾਨ ਸੰਗਠਨ ਦੇ ਵਿਸਥਾਰ, ਆਪਸੀ ਤਾਲਮੇਲ ਅਤੇ ਏਕਤਾ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵਿਚਾਰ ਸਾਂਝੇ ਕੀਤੇ ਗਏ। ਇਸ ਤੋਂ ਇਲਾਵਾ ਆਉਣ ਵਾਲੇ ਸਮੇਂ ਦੌਰਾਨ ਜਥੇਬੰਦੀ ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ



ਵਾਰਿਸ ਪੰਜਾਬ ਦੇ ਯੂ. ਕੇ ਇਕਾਈ ਦੇ ਅਹੁਦੇਦਾਰ

ਰੂਪ-ਰੇਖਾ ਉੱਤੇ ਵੀ ਚਰਚਾ ਕੀਤੀ ਗਈ। ਹਾਜ਼ਰ ਮੈਂਬਰਾਂ ਨੇ ਸੰਗਠਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਪਸੀ ਸਹਿਯੋਗ ਅਤੇ ਸਰਗਰਮ ਭੂਮਿਕਾ ਨਿਭਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਮੀਟਿੰਗ ਵਿੱਚ ਜਥੇਬੰਦੀ ਦੇ ਵੱਖ-ਵੱਖ ਅਹੁਦਿਆਂ ਲਈ ਅਹੁਦੇਦਾਰਾਂ ਦੀ ਨਿਯੁਕਤੀ ਕਰਨ ਦੇ ਨਾਲ-ਨਾਲ ਅਕਾਲੀ ਦਲ ਵਾਰਿਸ ਪੰਜਾਬ ਯੂਕੇ ਦੀ 13 ਮੈਂਬਰੀ ਕਮੇਟੀ ਦਾ ਵੀ ਗਠਨ ਕੀਤਾ ਗਿਆ। ਨਵੀਂ ਕਮੇਟੀ ਨੂੰ ਸੰਗਠਨ ਦੇ ਕੰਮਾਂ ਨੂੰ ਹੋਰ ਸੁਚਾਰੂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਸੰਗਠਨ ਦੀ ਮਜ਼ਬੂਤੀ ਲਈ ਆਪਸੀ ਏਕਤਾ, ਅਨੁਸ਼ਾਸਨ ਅਤੇ ਸਾਂਝੇ ਯਤਨ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਸਾਰੇ ਮੈਂਬਰ ਮਿਲਜੁਲ ਕੇ ਜਥੇਬੰਦੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਯੋਗਦਾਨ ਪਾਉਣਗੇ। ਮੀਟਿੰਗ ਦੇ ਅੰਤ ਵਿੱਚ ਹਾਜ਼ਰ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਮੀਟਿੰਗ ਵਿੱਚ ਸ਼ਿਰਕਤ ਕੀਤੀ। ਸਮਾਗਮ ਦਾ ਸਮਾਪਨ ਆਪਸੀ ਸਹਿਯੋਗ ਅਤੇ ਸੰਗਠਨਾਤਮਕ ਏਕਤਾ ਨੂੰ ਹੋਰ ਮਜ਼ਬੂਤ ਕਰਨ ਦੇ ਸੰਕਲਪ ਨਾਲ ਕੀਤਾ ਗਿਆ।

# "ਗੋਲੀਆਂ ਚਲਾਉਂਦਾ ਤੇ ਲਾਸ਼ਾਂ ਹਸਪਤਾਲ ਪਹੁੰਚਾਉਂਦਾ"

## ਵਿਦਿਆਰਥੀ ਅੰਦੋਲਨ 'ਤੇ ਸੰਘ ਵਿਚਾਰਕ ਮੋਹਨਦਾਸ ਦੇ ਹਿੰਸਕ ਬੋਲਾਂ ਨਾਲ ਉੱਠਿਆ ਤੂਫ਼ਾਨ

**ਨਿਊਜ਼ ਵਿਸ਼ਲੇਸ਼ਣ**

✪ ਜੰਤਰ-ਮੰਤਰ 'ਤੇ ਪ੍ਰਦਰਸ਼ਨਕਾਰੀ ਔਰਤਾਂ ਬਾਰੇ ਮੋਹਨਦਾਸ ਦੀ ਅਭੱਦਰ ਟਿੱਪਣੀ; ਵਿਰੋਧੀ ਧਿਰਾਂ ਵੱਲੋਂ ਕੜੀ ਨਿੰਦਾ ✪ ਵਿਵਾਦ ਵਧਣ 'ਤੇ ਸੰਘ ਨੇ ਝਾੜਿਆ ਪੱਲਾ: ਕਿਹਾ-'ਮੋਹਨਦਾਸ ਦੇ ਬਿਆਨ ਉਨ੍ਹਾਂ ਦੇ ਨਿੱਜੀ ਵਿਚਾਰ ✪ ਕੇਰਲ ਸਾਈਬਰ ਸੈੱਲ ਦੇ ਆਈ.ਜੀ. ਨੂੰ ਸੌਂਪੀ ਗਈ ਟੀ.ਜੀ. ਮੋਹਨਦਾਸ ਵਿਰੁੱਧ ਜਾਂਚ



ਦਿੱਲੀ ਦੇ ਜੰਤਰ-ਮੰਤਰ 'ਤੇ ਨੀਟ ਪ੍ਰੀਖਿਆ ਪੇਪਰ ਲੀਕ ਮਾਮਲੇ ਨੂੰ ਲੈ ਕੇ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਖ਼ਿਲਾਫ਼ ਰਾਸ਼ਟਰੀ ਸਵੈਮਸੇਵਕ ਸੰਘ ਦੇ ਵਿਚਾਰਕ ਅਤੇ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਬੌਧਿਕ ਸੈੱਲ ਪ੍ਰਮੁੱਖ ਟੀ.ਜੀ. ਮੋਹਨਦਾਸ ਦੇ ਬੇਹੱਦ ਘਟੀਆ, ਹਿੰਸਕ ਅਤੇ ਨਫ਼ਰਤ ਭਰੇ ਬਿਆਨਾਂ ਤੋਂ ਬਾਅਦ ਦੇਸ਼ ਭਰ ਵਿੱਚ ਵਿਵਾਦ ਡੂੰਘਾ ਹੋ ਗਿਆ ਹੈ। ਇਸ ਮਾਮਲੇ ਵਿੱਚ ਕੇਰਲ ਪੁਲਿਸ ਨੇ ਜਾਂਚ ਦੇ ਆਦੇਸ਼ ਦਿੱਤੇ ਹਨ, ਜਦੋਂ ਕਿ ਵਿਰੋਧੀ ਧਿਰਾਂ ਅਤੇ ਜਨਤਕ ਸੰਗਠਨਾਂ ਵੱਲੋਂ ਸੰਘ ਦੀ ਵਿਚਾਰਧਾਰਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ।

ਕੀ ਹੈ ਪੂਰਾ ਵਿਵਾਦ ਅਤੇਨਫ਼ਰਤੀ ਬਿਆਨ ?-ਟੀ.ਜੀ. ਮੋਹਨਦਾਸ ਨੇ ਆਪਣੇ ਯੂਟਿਊਬ ਚੈਨਲ 'ਪੱਤ੍ਰਿਕਾ' 'ਤੇ ਇੱਕ ਵੀਡੀਓ ਜਾਰੀ ਕਰਦਿਆਂ ਜੰਤਰ-ਮੰਤਰ 'ਤੇ ਅੰਦੋਲਨ ਕਰ ਰਹੇ ਵਿਦਿਆਰਥੀਆਂ 'ਤੇ ਅਤਿ-ਹਿੰਸਕ ਕਾਰਵਾਈ ਕਰਨ ਦੀ ਵਕਾਲਤ ਕੀਤੀ ਸੀ। ਮੋਹਨਦਾਸ ਨੇ ਕਿਹਾ ਸੀ ਕਿ "ਜੇਕਰ ਮੈਨੂੰ ਜ਼ਿੰਮੇਵਾਰੀ ਮਿਲਦੀ, ਤਾਂ ਮੈਂ ਜੰਤਰ-ਮੰਤਰ ਦੇ 4 ਵਰਗ ਕਿਲੋਮੀਟਰ ਖੇਤਰ ਵਿੱਚ ਕਰਫਿਊ ਲਗਾ ਦਿੰਦਾ। ਲਾਊਡਸਪੀਕਰ 'ਤੇ ਭੀੜ ਨੂੰ ਹਟਣ ਦੀਆਂ ਤਿੰਨ ਚੇਤਾਵਨੀਆਂ ਦੇਣ ਤੋਂ ਬਾਅਦ ਸਿੱਧਾ ਗੋਲੀ ਚਲਾਉਣ ਦਾ ਆਦੇਸ਼ ਦਿੰਦਾ। ਲੋਕ ਭੱਜਦੇ, ਕੁੱਝ ਮਰਦੇ ਅਤੇ ਕੁੱਝ ਗੰਭੀਰ ਜ਼ਖ਼ਮੀ ਹੁੰਦੇ। ਚਾਰ ਘੰਟਿਆਂ ਵਿੱਚ ਸਥਿਤੀ ਸ਼ਾਂਤ ਹੋ ਜਾਂਦੀ ਅਤੇ ਅਸੀਂ ਲਾਸ਼ਾਂ ਚੁੱਕ ਕੇ ਹਸਪਤਾਲ ਪਹੁੰਚਾ ਦਿੰਦੇ।"

ਮਹਿਲਾ ਪ੍ਰਦਰਸ਼ਨਕਾਰੀਆਂ 'ਰੇ ਘਟੀਆ ਟਿੱਪਣੀ-ਇੱਕ ਹੋਰ ਵੀਡੀਓ ਵਿੱਚ ਔਰਤਾਂ ਖ਼ਿਲਾਫ਼ ਨਫ਼ਰਤ ਜ਼ਾਹਿਰ ਕਰਦਿਆਂ ਉਸ ਨੇ ਕਿਹਾ, "ਉੱਥੇ ਸਮੂਹਿਕ ਜਬਰ-ਜਨਾਹ ਅਤੇ ਹੱਤਿਆਵਾਂ ਹੁੰਦੀਆਂ, ਪਰ ਜਬਰ-ਜਨਾਹ ਦੀ ਕੋਈ ਸ਼ਿਕਾਇਤ ਦਰਜ ਨਹੀਂ ਹੁੰਦੀ, ਕਿਉਂਕਿ ਪ੍ਰਦਰਸ਼ਨਾਂ ਵਿੱਚ ਸ਼ਾਮਿਲ ਹੋਣ ਵਾਲੀਆਂ ਧਰਮ-ਨਿਰਪੱਖ ਅਤੇ ਵਾਮਪੰਥੀ ਔਰਤਾਂ ਇਹ ਸਭ ਪਸੰਦ ਕਰਦੀਆਂ ਹਨ।"

ਕੇਰਲ ਪੁਲਿਸ ਦੀ ਕਾਰਵਾਈ: ਕੀ ਹੋ ਸਕੇਗੀ ਸੰਘ ਨਾਲ ਜੁੜੇ ਲੀਡਰ 'ਤੇ ਕਾਰਵਾਈ ?-ਇਨ੍ਹਾਂ ਵੀਡੀਓਜ਼ ਦੇ ਵਾਇਰਲ ਹੋਣ ਤੋਂ ਬਾਅਦ ਆਲ ਇੰਡੀਆ ਯੂਥ ਫੈਡਰੇਸ਼ਨ ਦੇ ਨੇਤਾ ਟੀ.ਟੀ. ਜਿਸਮਨ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਅਤੇ ਪੀਪੁਲਸ ਡੈਮੋਕ੍ਰੇਟਿਕ ਪਾਰਟੀ ਦੇ ਜਨਰਲ ਸਕੱਤਰ ਵੀ.ਐੱਮ. ਅਲੀਆਰ ਸਮੇਤ ਕਈ ਆਗੂਆਂ ਨੇ ਕੇਰਲ ਦੇ ਪੁਲਿਸ ਮੁਖੀ ਅਤੇ ਗ੍ਰਿਹਿ ਮੰਤਰੀ ਕੋਲ ਗੰਭੀਰ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ।

ਕੇਰਲ ਦੇ ਗ੍ਰਿਹਿ ਵਿਭਾਗ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਜਾਂਚ ਸਾਈਬਰ ਸੈੱਲ ਦੇ ਆਈ.ਜੀ. ਪੀ. ਪ੍ਰਕਾਸ਼ ਨੂੰ ਸੌਂਪੀ ਹੈ। ਕਾਨੂੰਨੀ ਮਾਹਿਰਾਂ ਅਨੁਸਾਰ, ਹਿੰਸਾ ਭੜਕਾਉਣ, ਮਹਿਲਾਵਾਂ ਵਿਰੁੱਧ ਅਪਰਾਧਿਕ ਸ਼ਬਦਾਵਲੀ ਦੀ ਵਰਤੋਂ ਕਰਨ ਅਤੇ ਸਮਾਜਿਕ ਸ਼ਾਂਤੀ ਭੰਗ ਕਰਨ ਦੇ ਦੋਸ਼ਾਂ ਹੇਠ ਮੋਹਨਦਾਸ ਖ਼ਿਲਾਫ਼ ਗੈਰ-ਜ਼ਮਾਨਤੀ ਧਾਰਾਵਾਂ ਤਹਿਤ ਕਾਰਵਾਈ ਹੋ ਸਕਦੀ ਹੈ।

ਵਿਰੋਧ ਵਧਣ 'ਤੇ ਸੰਘ ਨੇ ਝਾੜਿਆ ਪੱਲਾ-ਚਾਰੇ ਪਾਸਿਓਂ ਹੋ ਰਹੀ ਆਲੋਚਨਾ ਤੋਂ ਬਾਅਦ ਆਰ.ਐੱਸ.ਐੱਸ. ਦੀ ਕੇਰਲ ਇਕਾਈ ਨੇ ਤੁਰੰਤ ਮੋਹਨਦਾਸ ਦੇ ਬਿਆਨਾਂ ਤੋਂ ਖ਼ੁਦ ਨੂੰ ਵੱਖ ਕਰ ਲਿਆ। ਸੰਘ ਦੇ ਅਹੁਦੇਦਾਰਾਂ ਨੇ ਦਾਅਵਾ ਕੀਤਾ ਕਿ ਮੋਹਨਦਾਸ ਸੰਗਠਨ ਦੇ ਕਿਸੇ ਅਧਿਕਾਰਤ ਅਹੁਦੇ 'ਤੇ ਨਹੀਂ ਹਨ ਅਤੇ ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਹਾਲਾਂਕਿ, ਆਲੋਚਕਾਂ ਦਾ ਕਹਿਣਾ ਹੈ ਕਿ ਸੰਘ ਅਕਸਰ ਆਪਣੇ ਵਿਵਾਦਿਤ ਵਿਚਾਰਕਾਂ ਦੇ ਬਿਆਨਾਂ ਤੋਂ ਬਾਅਦ 'ਪੱਲਾ ਝਾੜਨ' ਦੀ ਨੀਤੀ ਅਪਣਾਉਂਦਾ ਹੈ, ਜਦੋਂ ਕਿ ਅਜਿਹੇ ਆਗੂ ਸੰਘ ਦੇ ਹੀ ਵੱਖ-ਵੱਖ ਮੰਚਾਂ 'ਤੇ ਲੰਬੇ ਸਮੇਂ ਤੋਂ ਸਰਗਰਮ ਰਹਿੰਦੇ ਹਨ।

### ਕੀ ਸੰਘ ਦੇ ਲੀਡਰ ਹਿਟਲਰ ਵਰਗੀ ਸੋਚ ਰੱਖਦੇ ਹਨ ?

ਮੋਹਨਦਾਸ ਦੇ ਇਸ ਬਿਆਨ ਤੋਂ ਬਾਅਦ ਦੇਸ਼ ਭਰ ਵਿੱਚ ਇਹ ਬਹਿਸ ਛਿੜ ਗਈ ਹੈ ਕਿ ਕੀ ਸੰਘ ਦੇ ਲੀਡਰ ਵਿਰੋਧੀਆਂ ਦੀ ਨਸਲਕੁਸ਼ੀ ਅਤੇ ਜਬਰ-ਜਨਾਹ ਵਰਗੀ ਹਿੰਸਕ ਮਾਨਸਿਕਤਾ ਰੱਖਦੇ ਹਨ ?

ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਦੋਸ਼ ਲਗਾਇਆ ਹੈ ਕਿ ਮੋਹਨਦਾਸ ਦਾ ਬਿਆਨ ਕੋਈ ਅਲੱਗ-ਥਲੱਗ ਮਾਮਲਾ ਨਹੀਂ ਹੈ, ਸਗੋਂ ਇਹ ਉਸ ਫਾਸ਼ੀਵਾਦੀ ਅਤੇ ਮਹਿਲਾ-ਵਿਰੋਧੀ ਮਾਨਸਿਕਤਾ ਦੀ ਝਲਕ ਹੈ ਜੋ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਲਈ ਹਿਟਲਰ ਵਰਗੇ ਤਾਨਾਸ਼ਾਹੀ ਹਥਿਆਰਾਂ (ਗੋਲੀਬਾਰੀ, ਜਬਰ-ਜਨਾਹ ਅਤੇ ਡਰ) ਦੀ ਵਕਾਲਤ ਕਰਦੀ ਹੈ।

ਡੀ.ਵਾਈ.ਐੱਫ.ਆਈ. ਦੇ ਰਾਸ਼ਟਰੀ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਏ.ਏ. ਰਹੀਮ ਨੇ ਕਿਹਾ ਕਿ ਲੋਕਤੰਤਰ ਵਿੱਚ ਸ਼ਾਂਤੀਪੂਰਨ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ 'ਤੇ ਗੋਲੀਆਂ ਚਲਾਉਣ ਅਤੇ ਔਰਤਾਂ ਖ਼ਿਲਾਫ਼ ਅਜਿਹੀ ਘਿਨੌਣੀ ਭਾਸ਼ਾ ਵਰਤਣਾ ਸਿੱਧੇ ਤੌਰ 'ਤੇ ਨਫ਼ਰਤੀ ਅਪਰਾਧ ਹੈ, ਜਿਸ ਨਾਲ ਰਾਜਨੀਤਿਕ ਅਤੇ ਕਾਨੂੰਨੀ ਦੋਵਾਂ ਪੱਧਰਾਂ 'ਤੇ ਸਖ਼ਤੀ ਨਾਲ ਨਿਪਟਿਆ ਜਾਵੇਗਾ।

### ਕੌਣ ਹਨ ਟੀ.ਜੀ. ਮੋਹਨਦਾਸ ?

ਟੀ.ਜੀ. ਮੋਹਨਦਾਸ ਪੇਸ਼ੇ ਤੋਂ ਇੰਜੀਨੀਅਰ ਅਤੇ ਵਕੀਲ ਰਹੇ ਹਨ। ਉਹ ਕੇਰਲ ਵਿੱਚ ਭਾਜਪਾ ਦੇ ਬੌਧਿਕ ਸੈੱਲ ਦੇ ਸੰਯੋਜਕ, ਆਰ.ਐੱਸ.ਐੱਸ. ਦੇ 'ਭਾਰਤੀ ਵਿਚਾਰ ਕੇਂਦਰ' ਦੇ ਜਨਰਲ ਸਕੱਤਰ ਤੇ ਉਪ-ਪ੍ਰਧਾਨ, ਅਤੇ ਸੰਘ ਦੇ ਮਹੱਤਵਪੂਰਨ ਅਹੁਦਿਆਂ 'ਤੇ ਰਹਿ ਚੁੱਕੇ ਹਨ। ਵਰਤਮਾਨ ਵਿੱਚ ਉਹ ਯੂਟਿਊਬ ਚੈਨਲ ਰਾਹੀਂ ਆਪਣਾ ਪ੍ਰਚਾਰ ਕਰਦੇ ਹਨ।

## ਅਮਰੀਕਾ ਵਿਖੇ ਸੋਸ਼ਲ ਮੀਡੀਆ ਇਨਫਲੂਐਂਸਰ ਦਾ ਪਤੀ ਵੱਲੋਂ ਕਤਲ, ਬਾਅਦ ਵਿਚ ਆਪ ਵੀ ਕੀਤੀ ਖ਼ੁਦਕੁਸ਼ੀ

ਵਾਸ਼ਿੰਗਟਨ-ਅਮਰੀਕਾ ਦੇ ਓਕਲਾਹੋਮਾ ਤੋਂ ਇੱਕ ਰੂਹ ਕੰਬਾਊ ਘਟਨਾ ਸਾਹਮਣੇ ਆਈ ਹੈ, ਜਿੱਥੇ 43 ਸਾਲਾ ਪ੍ਰਸਿੱਧ ਸੋਸ਼ਲ ਮੀਡੀਆ ਇਨਫਲੂਐਂਸਰ ਸਾਰਾ ਗਿਲਸਨ (ਸਾਰਾ ਡਫੀ) ਦੀ ਉਸ ਦੇ ਵੱਖ ਰਹਿ ਰਹੇ 48 ਸਾਲਾ ਪਤੀ ਜੇਰੇਮੀਆ ਸ਼ਾਨ ਡਫੀ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਬਾਅਦ ਵਿੱਚ ਖ਼ੁਦ ਨੂੰ ਵੀ ਗੋਲੀ ਮਾਰ ਕੇ ਆਤਮਹੱਤਿਆ ਕਰ ਲਈ।

ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਦੋਹਾਂ ਦੀਆਂ ਦੇਹਾਂ ਬਰਾਮਦ ਕੀਤੀਆਂ। ਦੋਹਾਂ ਦੇ ਸਿਰ ਵਿਚ ਗੋਲੀ ਲੱਗੀ ਹੋਈ ਸੀ। ਬੱਚੇ ਨੂੰ ਸੁਰੱਖਿਅਤ ਹਿਰਾਸਤ 'ਚ ਲੈ ਕੇ ਪਰਿਵਾਰ ਦੇ ਹੋਰ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਕੁੱਝ ਹਫ਼ਤੇ ਪਹਿਲਾਂ ਸਾਰਾ ਗਿਲਸਨ ਨੇ ਆਪਣੇ ਪਤੀ ਵਿਰੁੱਧ ਅਦਾਲਤ ਤੋਂ ਸੁਰੱਖਿਆ ਆਦੇਸ਼ ਦੀ ਮੰਗ ਕੀਤੀ ਸੀ।

ਬੱਚਿਆਂ ਨਾਲ ਗਲਤ ਵਿਵਹਾਰ ਦੇ ਦੋਸ਼: ਸਾਰਾ ਨੇ ਆਪਣੇ ਪਤੀ 'ਤੇ ਬੱਚਿਆਂ ਪ੍ਰਤੀ ਜਿਨਸੀ ਖਿੱਚ (ਪੀਡੋਫਾਈਲ) ਹੋਣ ਦੇ ਗੰਭੀਰ ਦੋਸ਼ ਲਾਏ ਸਨ। ਇਸ ਤੋਂ ਇਲਾਵਾ ਇੱਕ ਹੋਰ ਔਰਤ ਨੇ ਵੀ ਡਫੀ ਵਿਰੁੱਧ




ਅਦਾਲਤ 'ਚ ਸ਼ਿਕਾਇਤ ਦਿੱਤੀ ਸੀ ਕਿ ਡਫੀ ਨੇ ਉਸ ਦੀ ਟੀਨੇਜਰ ਬੇਟੀ ਨਾਲ ਗਲਤ ਹਰਕਤਾਂ ਕੀਤੀਆਂ ਅਤੇ ਉਸ ਨੂੰ ਚੁੱਪ ਰਹਿਣ ਲਈ ਪੈਸੇ ਦਿੱਤੇ।

ਟਿਕਟੌਕ ਵੀਡੀਓ: ਮੌਤ ਤੋਂ 12 ਦਿਨ ਪਹਿਲਾਂ (11 ਜੁਲਾਈ) ਸਾਰਾ ਨੇ ਟਿਕਟੌਕ 'ਤੇ ਇੱਕ ਵੀਡੀਓ ਸਾਂਝੀ ਕਰਦਿਆਂ ਕਿਹਾ ਸੀ ਕਿ ਉਹ ਆਪਣੇ ਪਤੀ ਦੇ ਇਸ ਕਾਲੇ ਸੱਚ ਬਾਰੇ ਸਭ ਨੂੰ ਦੱਸਣ ਲਈ ਤਿਆਰ ਹੋ ਰਹੀ ਹੈ। ਪੁਲੀਸ ਮੁਤਾਬਕ ਮਾਮਲੇ ਨੂੰ ਮੁਰਦਰ-ਸੁਸਾਈਡ ਵਜੋਂ ਦੇਖਿਆ ਜਾ ਰਿਹਾ ਹੈ ਅਤੇ ਅੱਗੇ ਦੀ ਜਾਂਚ ਜਾਰੀ ਹੈ।

# ਕੀ ਸਿਰਫ਼ ਵੱਡੇ ਅੰਦੋਲਨਾਂ ਤੋਂ ਹੀ ਡਰਦੀ ਹੈ ਮੋਦੀ ਸਰਕਾਰ ?

## ✪ 12 ਸਾਲਾਂ ਵਿਚ ਤੀਜੀ ਵਾਰ ਬਦਲਣਾ ਪਿਆ ਰੁੱਖ ✪ ਕੀ ਮੋਦੀ ਸਰਕਾਰ ਸਿਰਫ਼ ਸਿਆਸੀ ਖ਼ਤਰੇ ਵੇਲੇ ਹੀ ਸੁਣਦੀ ਹੈ ?



ਖਾਸ ਖਬਰ ਜੰਤਰ-ਮੰਤਰ 'ਤੇ ਚੱਲ ਰਹੇ ਤਿੱਖੇ ਪ੍ਰਦਰਸ਼ਨਾਂ ਅਤੇ ਜਨਤਕ ਦਬਾਅ ਦੇ ਚਲਦਿਆਂ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਨੇ ਦੇਸ਼ ਵਿੱਚ ਇੱਕ ਵਾਰ ਫਿਰ ਇਹ ਬਹਿਸ ਛੇੜ ਦਿੱਤੀ ਹੈ ਕਿ ਕੀ ਮੋਦੀ ਸਰਕਾਰ ਸਿਰਫ਼ ਵੱਡੇ ਜਨਤਕ ਅੰਦੋਲਨਾਂ ਅਤੇ ਸਿਆਸੀ ਖ਼ਤਰੇ ਤੋਂ ਬਾਅਦ ਹੀ ਆਪਣੇ ਫੈਸਲਿਆਂ ਤੋਂ ਪਿੱਛੇ ਹਟਦੀ ਹੈ। ਪਿਛਲੇ 12 ਸਾਲਾਂ ਦੇ ਕਾਰਜਕਾਲ ਦੌਰਾਨ ਇਹ ਤੀਜੀ ਵਾਰ ਹੈ ਜਦੋਂ ਲੰਮੇ ਸਮੇਂ ਤੱਕ ਚੱਲੇ ਵਿਰੋਧ ਪ੍ਰਦਰਸ਼ਨਾਂ ਨੇ ਸਰਕਾਰ ਨੂੰ ਆਪਣਾ ਰੁੱਖ ਬਦਲਣ ਜਾਂ ਵੱਡਾ ਫੈਸਲਾ ਲੈਣ ਲਈ ਮਜਬੂਰ ਕੀਤਾ ਹੈ।

ਇਹ ਤਾਜ਼ਾ ਅੰਦੋਲਨ ਪ੍ਰਤੀਯੋਗੀ ਪ੍ਰੀਖਿਆਵਾਂ ਦੌਰਾਨ ਪੇਪਰ ਲੀਕ ਹੋਣ ਅਤੇ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਦੀਆਂ ਮੰਗਾਂ ਨੂੰ ਲੈ ਕੇ ਸ਼ੁਰੂ ਹੋਇਆ ਸੀ। ਇਸ ਅੰਦੋਲਨ ਦੀ ਸਭ ਤੋਂ ਵੱਡੀ ਵਿਲੱਖਣਤਾ ਇਹ ਸੀ ਕਿ ਇਸ ਦੀ ਅਗਵਾਈ ਕਿਸੇ ਇੱਕ ਰਾਜਨੀਤਿਕ ਪਾਰਟੀ ਨੇ ਨਹੀਂ ਕੀਤੀ, ਸਗੋਂ ਸੋਸ਼ਲ ਮੀਡੀਆ ਰਾਹੀਂ ਦੇਸ਼ ਭਰ ਦੇ ਲੱਖਾਂ ਵਿਦਿਆਰਥੀ ਅਤੇ ਨੌਜਵਾਨ ਇੱਕਜੁੱਟ ਹੋਏ।

ਮੀਮਜ਼, ਛੋਟੀਆਂ ਵੀਡੀਓਜ਼ ਅਤੇ ਆਨਲਾਈਨ ਮੁਹਿੰਮਾਂ ਰਾਹੀਂ ਸ਼ੁਰੂ ਹੋਇਆ ਇਹ ਸ਼ਾਂਤਮਈ ਅੰਦੋਲਨ ਦਿੱਲੀ ਦੇ ਜੰਤਰ-ਮੰਤਰ ਤੋਂ ਹੁੰਦਾ ਹੋਇਆ ਕਈ ਰਾਜਾਂ ਵਿੱਚ ਫੈਲ ਗਿਆ। 20 ਜੁਲਾਈ ਨੂੰ ਪ੍ਰਦਰਸ਼ਨਕਾਰੀਆਂ 'ਤੇ ਹੋਈ ਪੁਲਿਸ ਕਾਰਵਾਈ ਤੋਂ ਬਾਅਦ ਇਹ ਅੰਦੋਲਨ ਹੋਰ ਤੇਜ਼ ਹੋ ਗਿਆ, ਜਿਸ ਨੂੰ ਬਾਅਦ ਵਿੱਚ ਬੁੱਧੀਜੀਵੀਆਂ, ਸਿੱਖਿਆ ਸ਼ਾਸਤਰੀਆਂ ਅਤੇ ਵਿਰੋਧੀ ਧਿਰਾਂ ਦਾ ਵੀ ਸਮਰਥਨ ਮਿਲਿਆ। ਵਿਦਿਆਰਥੀਆਂ ਦੇ ਵਧਦੇ ਦਬਾਅ ਦੇ ਅੱਗੇ ਝੁਕਦਿਆਂ ਸਰਕਾਰ ਨੂੰ ਆਖਰਕਾਰ ਸਿੱਖਿਆ ਮੰਤਰੀ ਦਾ ਅਸਤੀਫ਼ਾ ਲੈਣਾ ਪਿਆ ਅਤੇ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰਾਂ ਲਈ ਗੱਲਬਾਤ ਸ਼ੁਰੂ ਕਰਨੀ ਪਈ।

ਜਨਤਕ ਦਬਾਅ ਹੇਠ ਬਦਲੇ ਪੁਰਾਣੇ ਫੈਸਲੇ-ਇਸ ਤੋਂ ਪਹਿਲਾਂ ਵੀ ਦੋ ਵੱਡੇ ਦੇਸ਼-ਵਿਆਪੀ ਅੰਦੋਲਨਾਂ ਵਿੱਚ ਸਰਕਾਰ ਦਾ ਅਜਿਹਾ ਹੀ ਰਵੱਈਆ ਦੇਖਣ ਨੂੰ ਮਿਲ ਚੁੱਕਾ ਹੈ:

ਸੀ.ਏ.ਏ. ਅਤੇ ਐੱਨ.ਆਰ.ਸੀ. ਵਿਰੋਧ: ਨਾਗਰਿਕਤਾ ਸੰਸ਼ੋਧਨ ਕਾਨੂੰਨ ਵਿਰੁੱਧ ਦੇਸ਼ ਭਰ ਵਿੱਚ ਮਹੀਨਿਆਂ ਤੱਕ ਚੱਲੇ ਪ੍ਰਦਰਸ਼ਨਾਂ ਤੋਂ ਬਾਅਦ, ਭਾਵੇਂ ਸਰਕਾਰ ਨੇ ਸੀ.ਏ.ਏ. ਵਾਪਸ ਨਹੀਂ ਲਿਆ, ਪਰ ਦੇਸ਼-ਵਿਆਪੀ ਐੱਨ.ਆਰ.ਸੀ. ਲਾਗੂ ਕਰਨ ਦੇ ਕਦਮ ਪਿੱਛੇ ਖਿੱਚ ਲਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁਦ ਸਪੱਸ਼ਟੀਕਰਨ ਦੇਣਾ ਪਿਆ ਸੀ ਕਿ ਦੇਸ਼-ਵਿਆਪੀ ਐੱਨ.ਆਰ.ਸੀ. ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ।

ਇਤਿਹਾਸਕ ਕਿਸਾਨ ਅੰਦੋਲਨ (2020-21)-ਕੇਂਦਰ ਵੱਲੋਂ ਲਿਆਂਦੇ ਗਏ ਤਿੰਨ ਖੇਤੀਬਾੜੀ ਕਾਨੂੰਨਾਂ ਖਿਲਾਫ਼ ਪੰਜਾਬ, ਹਰਿਆਣਾ ਅਤੇ ਪੱਛਮੀ ਯੂ.ਪੀ. ਦੇ ਕਿਸਾਨਾਂ ਨੇ ਦਿੱਲੀ ਦੀਆਂ ਸਰਹੱਦਾਂ 'ਤੇ ਲਗਭਗ ਇੱਕ ਸਾਲ ਤੱਕ ਇਤਿਹਾਸਕ ਅੰਦੋਲਨ ਲੜਿਆ। ਸਰਕਾਰ ਵੱਲੋਂ ਪਾਣੀ/ਬਿਜਲੀ ਕੱਟਣ ਅਤੇ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕਿਸਾਨ ਅਡੋਲ ਰਹੇ। ਆਖਰਕਾਰ ਨਵੰਬਰ 2021 ਵਿੱਚ ਪ੍ਰਧਾਨ ਮੰਤਰੀ ਨੇ ਦੇਸ਼ ਤੋਂ ਮੁਆਫ਼ੀ ਮੰਗਦਿਆਂ ਤਿੰਨੋਂ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ, ਜਿਸ ਨੂੰ ਸਰਕਾਰ ਦਾ ਸਭ ਤੋਂ ਵੱਡਾ 'ਯੂ-ਟਰਨ' ਮੰਨਿਆ ਗਿਆ। 10 ਸਾਲਾਂ ਵਿਚ ਮੰਤਰੀ ਦੇ ਅਸਤੀਫ਼ੇ ਦਾ ਦੂਜਾ ਮਾਮਲਾ-ਜਨਤਕ ਅਤੇ ਸਿਆਸੀ ਦਬਾਅ ਹੇਠ ਮੋਦੀ ਸਰਕਾਰ ਦੇ ਕਿਸੇ ਕੇਂਦਰੀ ਮੰਤਰੀ ਵੱਲੋਂ ਅਸਤੀਫ਼ਾ ਦੇਣ ਦਾ ਇਹ ਪਿਛਲੇ ਦਹਾਕੇ ਵਿੱਚ ਦੂਜਾ ਮਾਮਲਾ ਹੈ। ਇਸ ਤੋਂ ਪਹਿਲਾਂ ਸਾਲ 2018 ਵਿੱਚ 'ਮੀ ਟੂ' ਅੰਦੋਲਨ ਦੌਰਾਨ ਵਿਦੇਸ਼ ਰਾਜ ਮੰਤਰੀ ਐੱਮ. ਜੇ. ਅਕਬਰ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਤਿੰਨਾਂ ਵੱਡੇ ਅੰਦੋਲਨਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਮੋਦੀ ਸਰਕਾਰ ਸ਼ੁਰੂਆਤ ਵਿੱਚ ਅੰਦੋਲਨਾਂ ਪ੍ਰਤੀ ਸਖ਼ਤ ਰੁੱਖ ਅਪਣਾਉਂਦੀ ਹੈ, ਪਰ ਜਦੋਂ ਅੰਦੋਲਨ ਨਾਲ ਉਸ ਦੇ ਆਪਣੇ ਵੋਟ ਬੈਂਕ ਜਾਂ ਸਿਆਸੀ ਵਜੂਦ ਨੂੰ ਵੱਡਾ ਖ਼ਤਰਾ ਮਹਿਸੂਸ ਹੁੰਦਾ ਹੈ, ਤਾਂ ਉਹ ਜਨਤਕ ਮੰਗਾਂ ਅੱਗੇ ਝੁਕਣ ਲਈ ਮਜਬੂਰ ਹੋ ਜਾਂਦੀ ਹੈ।

## ਨੀਰਵ ਮੋਦੀ ਦੀ ਹਵਾਲਗੀ 'ਤੇ ਭਾਰਤ ਦਾ ਬਿਆਨ, ਕਿਹਾ- ਯੂ.ਕੇ. ਦੀ ਕਾਨੂੰਨੀ ਪ੍ਰਕਿਰਿਆ ਪੂਰੀ ਹੋਣ ਮਗਰੋਂ ਲਿਆਂਦਾ ਜਾਵੇਗਾ

ਨਵੀਂ ਦਿੱਲੀ: ਭਾਰਤ ਨੇ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੀ ਹਵਾਲਗੀ ਨੂੰ ਲੈ ਕੇ ਆਪਣਾ ਰੁਖ ਸਪੱਸ਼ਟ ਕੀਤਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਯੂਨਾਈਟਿਡ ਕਿੰਗਡਮ ਵਿੱਚ ਚੱਲ ਰਹੀ ਕਾਨੂੰਨੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਨੀਰਵ ਮੋਦੀ ਨੂੰ ਭਾਰਤ ਵਾਪਸ ਲਿਆਂਦਾ ਜਾਵੇਗਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਹਵਾਲਗੀ ਨਾਲ ਜੁੜੇ ਹਰ ਮਾਮਲੇ ਵਿੱਚ ਤੈਅ ਕਾਨੂੰਨੀ ਪ੍ਰਕਿਰਿਆ ਦਾ ਪਾਲਣ ਕੀਤਾ ਜਾਂਦਾ ਹੈ ਅਤੇ ਨੀਰਵ ਮੋਦੀ ਦੇ ਮਾਮਲੇ ਵਿੱਚ ਵੀ ਇਹੀ ਪ੍ਰਕਿਰਿਆ ਜਾਰੀ ਹੈ। ਜ਼ਿਕਰਯੋਗ ਹੈ ਕਿ ਨੀਰਵ ਮੋਦੀ ਪੰਜਾਬ ਨੈਸ਼ਨਲ ਬੈਂਕ (ਫ਼ਭ) ਨਾਲ ਜੁੜੇ ਹਜ਼ਾਰਾਂ ਕਰੋੜ ਰੁਪਏ ਦੇ ਧੋਖਾਧੜੀ ਮਾਮਲੇ ਵਿੱਚ ਮੁੱਖ ਦੋਸ਼ੀ ਹੈ। ਉਹ ਸਾਲ 2018 ਵਿੱਚ ਭਾਰਤ ਛੱਡ ਕੇ ਵਿਦੇਸ਼ ਚਲਾ ਗਿਆ ਸੀ ਅਤੇ ਉਸ ਤੋਂ ਬਾਅਦ ਉਸਦੀ ਹਵਾਲਗੀ ਲਈ ਭਾਰਤ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਬਿਆਨ ਯੂ.ਕੇ. ਦੀ ਸਾਬਕਾ ਗ੍ਰਹਿ ਸਕੱਤਰ ਪ੍ਰੀਤੀ ਪਟੇਲ ਦੇ ਬਿਆਨ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਨੀਰਵ ਮੋਦੀ ਨੂੰ ਭਾਰਤ ਦੀ ਜੇਲ੍ਹ ਵਿੱਚ ਹੋਣਾ ਚਾਹੀਦਾ ਹੈ ਅਤੇ ਹਵਾਲਗੀ ਪ੍ਰਕਿਰਿਆ ਵਿੱਚ ਹੋ ਰਹੀ ਦੇਰੀ ਤੇ ਸਵਾਲ ਚੁੱਕੇ ਸਨ। ਭਾਰਤ ਸਰਕਾਰ ਨੇ ਕਿਹਾ ਹੈ ਕਿ ਮਾਮਲੇ ਵਿੱਚ ਸਾਰੇ ਕਾਨੂੰਨੀ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਇੰਗਲੈਂਡ ਵਿੱਚ 14 ਸਾਲ ਦੀ ਉਮਰ ਤੋਂ ਵਿਦਿਆਰਥੀਆਂ ਨੂੰ ਤਕਨੀਕੀ ਵਿਸ਼ੇ ਪੜ੍ਹਾਏ ਜਾਣਗੇ: ਬਰਨਹਮ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਧਾਨ ਮੰਤਰੀ ਐਂਡੀ ਬਰਨਹਮ ਨੇ ਇੰਗਲੈਂਡ ਵਿੱਚ ਸੈਕੰਡਰੀ ਸਿੱਖਿਆ ਪ੍ਰਣਾਲੀ ਵਿੱਚ ਇੱਕ ਵੱਖਰੇ ਸੁਧਾਰ ਦੀ ਯੋਜਨਾ ਦਾ ਐਲਾਨ ਕੀਤਾ ਹੈ, ਜਿਸ ਤਹਿਤ 14 ਸਾਲ ਦੀ ਉਮਰ (10ਵੀਂ ਜਮਾਤ) ਦੇ ਵਿਦਿਆਰਥੀ ਮੁੱਖ ਅਕਾਦਮਿਕ ਵਿਸ਼ਿਆਂ ਦੇ ਨਾਲ-ਨਾਲ ਤਕਨੀਕੀ ਅਤੇ ਵੋਕੇਸ਼ਨਲ ਵਿਸ਼ੇ ਵੀ ਪੜ੍ਹ ਸਕਣਗੇ। ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਘਟਾਉਣਾ, ਕਲਿਆਣਕਾਰੀ ਪ੍ਰਣਾਲੀ ਵਿੱਚ ਸੁਧਾਰ ਕਰਨਾ, ਅਤੇ ਵਿਦਿਆਰਥੀਆਂ ਨੂੰ ਭਵਿੱਖ ਦੇ ਬਦਲਦੇ ਰੋਜ਼ਗਾਰ ਬਾਜ਼ਾਰ ਲਈ ਤਿਆਰ ਕਰਨਾ ਹੈ। ਇਹ ਨੀਤੀ ਗ੍ਰੇਟਰ ਮਾਨਚੈਸਟਰ ਬੈਕਾਲੌਰੀਏਟ 'ਤੇ ਆਧਾਰਿਤ ਹੈ, ਜੋ ਬਰਨਹਮ ਨੇ ਮਾਨਚੈਸਟਰ ਦੇ ਮੇਅਰ ਹੁੰਦਿਆਂ 14-16 ਸਾਲ ਦੇ ਬੱਚਿਆਂ ਨੂੰ ਸਥਾਨਕ ਉਦਯੋਗਾਂ ਦੀਆਂ ਲੋੜਾਂ ਅਤੇ ਕੰਮ ਦੇ ਤਜ਼ਰਬੇ ਨਾਲ ਜੋੜਨ ਲਈ ਸ਼ੁਰੂ ਕੀਤੀ ਸੀ। ਇਹ ਸੁਧਾਰ ਸਾਬਕਾ ਲੇਬਰ ਮੰਤਰੀ ਅਲਾਨ ਮਿਲਬਰਨ ਦੀ ਇੱਕ ਸਮੀਖਿਆ ਤੋਂ ਬਾਅਦ ਲਿਆਂਦਾ ਗਿਆ ਹੈ, ਜਿਸ ਵਿੱਚ ਚੇਤਾਵਨੀ ਦਿੱਤੀ ਗਈ ਸੀ ਕਿ ਸਿੱਖਿਆ, ਰੋਜ਼ਗਾਰ ਜਾਂ ਸਿਖਲਾਈ ਤੋਂ ਵਾਂਝੇ ਨੌਜਵਾਨਾਂ ਦੀ ਇੱਕ "ਗੁਆਚੀ ਹੋਈ ਪੀੜ੍ਹੀ" ਪੈਦਾ ਹੋ ਸਕਦੀ ਹੈ। ਕਾਰੋਬਾਰੀ ਸਮੂਹਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ, ਜਦਕਿ ਸਕੂਲ ਪ੍ਰਬੰਧਕਾਂ ਅਤੇ ਅਧਿਆਪਕ ਯੂਨੀਅਨਾਂ ਦਾ ਮੰਨਣਾ ਹੈ ਕਿ ਇਸ ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਯੋਗ ਫੰਡਿੰਗ, ਸਪੱਸ਼ਟ ਦਿਸ਼ਾ-ਨਿਰਦੇਸ਼ਾਂ ਅਤੇ ਸਿਖਲਾਈ ਪ੍ਰਾਪਤ ਸਟਾਫ਼ ਦੀ ਲੋੜ ਹੋਵੇਗੀ।

## ਅਮਰੀਕਾ ਦੇ ਨਵੇਂ ਟੈਰਿਫ਼ ਫ਼ੈਸਲੇ 'ਤੇ 60 ਤੋਂ ਵੱਧ ਦੇਸ਼ਾਂ ਦੀ ਨਾਰਾਜ਼ਗੀ, ਵਪਾਰਕ ਵਿਵਾਦ ਹੋਇਆ ਗਹਿਰਾ

ਨਿਊਯਾਰਕ, - ਅਮਰੀਕੀ ਪ੍ਰਸ਼ਾਸਨ ਵੱਲੋਂ 60 ਤੋਂ ਵੱਧ ਦੇਸ਼ਾਂ ਤੋਂ ਆਯਾਤ ਹੋਣ ਵਾਲੀਆਂ ਕੁਝ ਵਸਤੂਆਂ 'ਤੇ ਨਵੇਂ ਟੈਰਿਫ਼ ਲਾਗੂ ਕਰਨ ਦੇ ਫ਼ੈਸਲੇ ਨੇ ਅੰਤਰਰਾਸ਼ਟਰੀ ਵਪਾਰਕ ਮੰਚ 'ਤੇ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਟੈਰਿਫ਼ ਉਹਨਾਂ ਉਤਪਾਦਾਂ 'ਤੇ ਲਗਾਏ ਗਏ ਹਨ ਜਿਨ੍ਹਾਂ ਨੂੰ ਅਮਰੀਕਾ ਨੇ ਕਥਿਤ ਤੌਰ 'ਤੇ ਬੰਧੂਆ ਮਜ਼ਦੂਰੀ ਨਾਲ ਜੋੜਿਆ ਹੈ। ਟਰੰਪ ਪ੍ਰਸ਼ਾਸਨ ਨੇ ਅਮਰੀਕੀ ਵਪਾਰ ਕਾਨੂੰਨ ਦੀ ਧਾਰਾ 301 ਤਹਿਤ 10 ਤੋਂ 12.5 ਫ਼ੀਸਦੀ ਤੱਕ ਦੇ ਨਵੇਂ ਟੈਰਿਫ਼ ਲਾਗੂ ਕੀਤੇ ਹਨ। ਅਮਰੀਕੀ ਪੱਖ ਦਾ ਕਹਿਣਾ ਹੈ ਕਿ ਕੁਝ ਦੇਸ਼ ਮਜ਼ਦੂਰਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਵਿੱਚ ਅਸਫਲ ਰਹੇ ਹਨ, ਜਿਸ ਕਾਰਨ ਇਹ ਫ਼ੈਸਲਾ ਲਿਆ ਗਿਆ ਹੈ।

# ਗੁਰਦੁਆਰਾ ਕੈਂਪਸ ਵਿੱਚ ਯੋਗਾ ’ਤੇ ਅਕਾਲ ਤਖ਼ਤ ਦੀ ਪੂਰਨ ਪਾਬੰਦੀ

ਖਾਸ ਖ਼ਬਰ

## ✪ ਜਥੇਦਾਰ ਗੜਗੱਜ ਨੇ ਆਖਿਆ-‘ਮਰਿਆਦਾ ਨਾਲ ਸਮਝੌਤਾ ਨਹੀਂ’ ✪ ਕਿਹਾ ਕਿ ਗੁਰਦੁਆਰਿਆਂ ਵਿਚ ਨਹੀਂ ਹੋਵੇਗਾ ਯੋਗ ਅਭਿਆਸ: ਗੁਰਦੁਆਰਾ ਕਮੇਟੀਆਂ ਨੂੰ ਦਿੱਤੀਆਂ ਸਖ਼ਤ ਹਦਾਇਤਾਂ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਗੁਰਦੁਆਰਾ ਸਾਹਿਬਾਨ ਦੇ ਕੈਂਪਸ, ਲੰਗਰ ਹਾਲ ਜਾਂ ਹਦੂਦ ਅੰਦਰ ਯੋਗ ਅਭਿਆਸ ਕਰਨ ਅਤੇ ਕਰਵਾਉਣ ’ਤੇ ਪੂਰਨ ਪਾਬੰਦੀ ਲਗਾਉਣ ਦੇ ਐਲਾਨ ਨਾਲ ਇਹ ਮਾਮਲਾ ਇੱਕ ਵਾਰ ਫਿਰ ਵੱਡੇ ਪੱਧਰ ’ਤੇ ਚਰਚਾ ਦਾ ਕੇਂਦਰ ਬਣ ਗਿਆ ਹੈ। ਮੀਰੀ ਪੀਰੀ ਖਾਲਸਾ ਮਾਰਚ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਨੇ ਸਪੱਸ਼ਟ ਕੀਤਾ ਸੀ ਕਿ ਗੁਰਦੁਆਰਿਆਂ ਦੀ ਪਵਿੱਤਰ ਹਦੂਦ ਅੰਦਰ ਯੋਗ ਕਲਾਸਾਂ ਲਗਾਉਣਾ ਸਿੱਖ ਸਿਧਾਂਤਾਂ, ਪਰੰਪਰਾਵਾਂ ਅਤੇ ਗੁਰਮਤਿ ਰਵਾਇਤਾਂ ਦੇ ਬਿਲਕੁਲ ਉਲਟ (ਮਨਮਤ) ਹੈ। ਇਸ ਮਾਮਲੇ ਨੇ ਨਾ ਕੇਵਲ ਸਿੱਖ ਸੰਗਤਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਹੈ, ਸਗੋਂ ਇਹ ਵੀ ਸਵਾਲ ਖੜ੍ਹਾ ਕੀਤਾ ਹੈ ਕਿ ਧਾਰਮਿਕ ਅਸਥਾਨਾਂ ਦੀ ਮਰਿਆਦਾ ਅਤੇ ਸਿਧਾਂਤਾਂ ਦੀ ਰਾਖੀ ਕਿਵੇਂ ਕੀਤੀ ਜਾਵੇ।





ਇਹ ਵਿਵਾਦ ਉਸ ਵੇਲੇ ਬੇਹੱਦ ਗੰਭੀਰ ਰੂਪ ਧਾਰਨ ਕਰ ਗਿਆ ਸੀ ਜਦੋਂ ਹਾਲ ਹੀ ਵਿੱਚ ‘ਸੀਐੱਮ ਦੀ ਯੋਗਸ਼ਾਲਾ’ ਮੁਹਿੰਮ ਹੇਠ ਇੱਕ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿੱਚ ਸਰਕਾਰੀ ਸਰਪ੍ਰਸਤੀ ਹੇਠ ਯੋਗ ਅਭਿਆਸ ਦੀ ਕਲਾਸ ਲਗਾਈ ਗਈ ਸੀ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੁੰਦਿਆਂ ਹੀ ਸਿੱਖ ਨੌਜਵਾਨਾਂ ਅਤੇ ਪੰਥਕ ਹਲਕਿਆਂ ਵਿੱਚ ਭਾਰੀ ਰੋਸ ਫੈਲ ਗਿਆ ਸੀ। ਨੌਜਵਾਨਾਂ ਨੇ ਮੌਕੇ ’ਤੇ ਪਹੁੰਚ ਕੇ ਇਸ ਦਾ ਵਿਰੋਧ ਕੀਤਾ ਸੀ ਅਤੇ ਬਾਅਦ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤ ਦਰਜ ਕਰਵਾਈ ਸੀ। ਇਸ ਤੋਂ ਪਹਿਲਾਂ ਵੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਇੱਕ ਸੋਸ਼ਲ ਮੀਡੀਆ ਵਲੌਗਰ ਕੁੜੀ ਵੱਲੋਂ ਯੋਗ ਆਸਣ ਕਰਕੇ ਤਸਵੀਰਾਂ ਵਾਇਰਲ ਕਰਨ ਦਾ ਮਾਮਲਾ ਗਰਮਾਇਆ ਸੀ, ਜਿਸ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਨੋਟਿਸ ਲੈਂਦਿਆਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਸੀ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵਿਸ਼ੇਸ਼ ਤੌਰ ’ਤੇ ਸੁਚੇਤ ਰਹਿੰਦਿਆਂ ਹਦਾਇਤ ਕੀਤੀ ਸੀ ਕਿ ਉਹ ਗੁਰਦੁਆਰਾ ਪਰਿਸਰ ਦੀ ਵਰਤੋਂ ਸਿੱਖ ਮਰਿਆਦਾ ਅਨੁਸਾਰ ਹੀ ਹੋਣ ਦੇਣ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਆਪਣੇ ਨਿੱਜੀ ਘਰ ਜਾਂ ਹੋਰ ਜਨਤਕ ਥਾਵਾਂ ’ਤੇ ਯੋਗ ਕਰਨ ਲਈ ਆਜ਼ਾਦ ਹੈ, ਪਰ ਗੁਰਦੁਆਰਿਆਂ ਦੀ ਹਦੂਦ ਵਿੱਚ ਅਜਿਹੀ ਕਿਸੇ ਵੀ ਅਨਮਤੀ ਗਤੀਵਿਧੀ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਜਥੇਦਾਰ ਨੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬਾਨਾਂ ਵਿੱਚ ਯੋਗਾ ਦੀ ਬਜਾਏ ਸਿੱਖਾਂ ਦੇ ਪਰੰਪਰਾਗਤ ਮਾਰਸ਼ਲ ਆਰਟ ‘ਗੱਤਕਾ’ ਅਤੇ ਸਰੀਰਕ ਤੰਦਰੁਸਤੀ ਵਾਲੀਆਂ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਨੌਜਵਾਨ ਪੀੜ੍ਹੀ ਆਪਣੀਆਂ ਅਮੀਰ ਜੰਗਜੂ ਪਰੰਪਰਾਵਾਂ ਨਾਲ ਜੁੜੀ ਰਹੇ।

### ਯੋਗਾ ਦਾ ਵਿਰੋਧ ਕਿਉਂ ?

ਗੁਰਮਤਿ ਅਤੇ ਯੋਗ ਵਿਚਾਲੇ ਮੂਲ ਟਕਰਾਅ ਕਿਸੇ ਸਰੀਰਕ ਕਸਰਤ ਨਾਲ ਨਹੀਂ, ਸਗੋਂ ਇਹ ਦੋਵਾਂ ਦੇ ਬੁਨਿਆਦੀ ਫਲਸਫੇ ਅਤੇ ਧਾਰਮਿਕ ਸਿਧਾਂਤਾਂ ਦੇ ਪੱਧਰ ’ਤੇ ਹੈ। ਯੋਗ ਮੱਤ ਅਨੁਸਾਰ ਹਠ-ਯੋਗ, ਪ੍ਰਾਣਾਯਾਮ, ਵੱਖ-ਵੱਖ ਆਸਣਾਂ ਅਤੇ ਸਰੀਰ ਨੂੰ ਕਸ਼ਟ ਦੇ ਕੇ ਇੰਦ੍ਰੀਆਂ ਵੱਸ ਕਰਨ ਨਾਲ ਮੁਕਤੀ ਜਾਂ ਰੱਬੀ ਪ੍ਰਾਪਤੀ ਮੰਨੀ ਜਾਂਦੀ ਹੈ। ਇਸ ਦੇ ਉਲਟ, ਗੁਰਮਤਿ ਸਰੀਰ ਨੂੰ ਦੁੱਖ ਦੇਣ ਜਾਂ ਕਸ਼ਟ ਦੇਣ ਦੀ ਪ੍ਰਣਾਲੀ ਨੂੰ ਰੱਦ ਕਰਦੀ ਹੈ। ਸਿੱਖ ਧਰਮ ਵਿੱਚ ਅਕਾਲ ਪੁਰਖ ਦੀ ਪ੍ਰਾਪਤੀ ਕੇਵਲ ਨਾਮ-ਸਿਮਰਨ, ਗੁਰ-ਸ਼ਬਦ ਦੀ ਵੀਚਾਰ ਅਤੇ ਪ੍ਰਭੂ ਦੀ ਨਦਰਿ (ਮਿਹਰ) ਨਾਲ ਹੀ ਸੰਭਵ ਮੰਨੀ ਗਈ ਹੈ, ਜਿਸ ਵਿੱਚ ਸਰੀਰਕ ਆਸਣਾਂ ਦਾ ਕੋਈ ਰੂਹਾਨੀ ਮਹੱਤਵ ਨਹੀਂ ਹੈ।

ਇਸ ਤੋਂ ਇਲਾਵਾ, ਗੁਰਬਾਣੀ ਵਿੱਚ ਅਜਿਹੇ ਸਰੀਰਕ ਆਸਣਾਂ ਨਾਲ ਪੈਦਾ ਹੁੰਦੇ ਅਹੰਕਾਰ ਬਾਰੇ ਵੀ ਸਪੱਸ਼ਟ ਚੇਤਾਵਨੀ ਦਿੱਤੀ ਗਈ ਹੈ। ਗੁਰੂ ਸਾਹਿਬਾਨਾਂ ਨੇ ਦਰਸਾਇਆ ਹੈ ਕਿ ਸਰੀਰਕ ਅਭਿਆਸਾਂ ਨਾਲ ਮਨ ਦਾ ਅਹੰਕਾਰ ਦੂਰ ਨਹੀਂ ਹੁੰਦਾ, ਸਗੋਂ ਸਾਧਨਾ ਕਰਨ ਦਾ ਮਾਣ ਹੋਰ ਵਧ ਜਾਂਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

“ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥ ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥” (ਅੰਗ 558)। ਇਸ ਤੋਂ ਇਲਾਵਾ, ਯੋਗੀ ਪ੍ਰਥਾ ਵਿੱਚ ਸਮਾਜ ਅਤੇ ਪਰਿਵਾਰ ਨੂੰ ਛੱਡ ਕੇ ਜੰਗਲਾਂ ਜਾਂ ਗੁਫਾਵਾਂ ਵਿੱਚ ਬੈਠਣ ਦੀ ਪਰੰਪਰਾ ਸੀ, ਜਦੋਂ ਕਿ ਗੁਰੂ ਨਾਨਕ ਦੇਵ ਜੀ ਨੇ ਗ੍ਰਹਿਸਤ ਜੀਵਨ ਵਿੱਚ ਰਹਿ ਕੇ ਨਿਰਲੇਪ ਰਹਿਣ (‘ਅੰਜਨ ਮਾਹਿ ਨਿਰੰਜਨਿ’) ਨੂੰ ਹੀ ਸੱਚਾ ਯੋਗ ਅਭਿਆਸ ਦੱਸਿਆ ਹੈ।

ਗੁਰਦੁਆਰਾ ਸਾਹਿਬ ਵਿੱਚ ਯੋਗ ਦੀ ਮਨਾਹੀ ਦਾ ਇੱਕ ਹੋਰ ਮੁੱਖ ਕਾਰਨ ਗੁਰਦੁਆਰੇ ਦਾ ਆਪਣਾ ਮਨੋਰਥ ਅਤੇ ਰਹਿਤ ਮਰਿਆਦਾ ਹੈ। ਗੁਰਦੁਆਰਾ ਸਾਹਿਬ ਕੇਵਲ ਇੱਕ ਇਮਾਰਤ ਜਾਂ ਖਾਲੀ ਹਾਲ ਨਹੀਂ ਹੈ, ਸਗੋਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਨਾਮ-ਬਾਣੀ ਦੇ ਕੀਰਤਨ, ਕਥਾ, ਵਿਚਾਰ ਅਤੇ ਗੁਰਮਤਿ ਪ੍ਰਚਾਰ ਲਈ ਰਾਖਵਾਂ ਪਵਿੱਤਰ ਅਸਥਾਨ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ ਗੁਰਦੁਆਰਾ ਸਾਹਿਬ ਦੇ ਅੰਦਰ ਕਿਸੇ ਵੀ ਅਨਮਤੀ (ਗੁਰਮਤਿ ਤੋਂ ਉਲਟ) ਧਾਰਮਿਕ, ਅਰਧ-ਧਾਰਮਿਕ ਜਾਂ ਪੂਜਾ-ਪੱਧਤੀ ਦੇ ਅਭਿਆਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਸਿੱਖ ਵਿਦਵਾਨਾਂ ਦਾ ਮੰਨਣਾ ਹੈ ਕਿ ਭਾਵੇਂ ਸਿੱਖੀ ਵਿੱਚ ਸਰੀਰ ਨੂੰ ਨਿਰੋਗ ਰੱਖਣ ਲਈ ਕਸਰਤ, ਖੇਡਾਂ ਅਤੇ ਮੱਲ-ਅਖਾੜਿਆਂ ਦੀ ਪੂਰੀ ਆਜ਼ਾਦੀ ਹੈ, ਪਰ ਗੁਰਦੁਆਰਾ ਸਾਹਿਬ ਦੇ ਮੁੱਖ ਮੰਡਪ ਜਾਂ ਪਰਿਸਰ ਨੂੰ ਜਿੰਮ, ਖੇਡ ਸਟੇਡੀਅਮ ਜਾਂ ਯੋਗ ਆਸ਼ਰਮ ਵਜੋਂ ਨਹੀਂ ਵਰਤਿਆ ਜਾ ਸਕਦਾ। ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਇਹ ਪਾਬੰਦੀ ਗੁਰਦੁਆਰਾ ਸਾਹਿਬਾਨ ਦੀ ਪਵਿੱਤਰਤਾ, ਸਿੱਖ ਸਿਧਾਂਤਾਂ ਦੀ ਨਿਆਰਤਾ ਅਤੇ ਮਰਿਆਦਾ ਨੂੰ ਬਹਾਲ ਰੱਖਣ ਲਈ ਚੁੱਕਿਆ ਗਿਆ ਇੱਕ ਅਹਿਮ ਤੇ ਦੂਰਅੰਦੇਸ਼ੀ ਕਦਮ ਮੰਨਿਆ ਜਾ ਰਿਹਾ ਹੈ।

## ਇਆਲੀ ਵੱਲੋਂ ਖਾਲੜਾ ਦੀ ਪਤਨੀ ਨੂੰ ਦਾਖਾ ਤੋਂ ਚੋਣ ਲੜਨ ਦੀ ਅਪੀਲ




ਚੰਡੀਗੜ੍ਹ-ਦਲ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਹਲਕਾ ਮੁੱਲਾਂਪੁਰ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਮਰਹੂਮ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਨੂੰ ਵਿਧਾਨ ਸਭਾ ਹਲਕਾ ਦਾਖਾ ਤੋਂ ਅਗਲੀਆਂ ਵਿਧਾਨ ਸਭਾ ਚੋਣਾਂ ਲੜਨ ਦੀ ਅਪੀਲ ਕਰਦਿਆਂ ਆਪਣੀ ਹਲਕਾ ਸੀਟ ਉਨ੍ਹਾਂ ਨੂੰ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਨੇ ਖਾਲੜਾ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਦੇ ਸਨਮਾਨ ਵਿੱਚ ਸੀਟ ਦੇਣ ਦਾ ਫ਼ੈਸਲਾ ਕੀਤਾ ਹੈ। ਸ੍ਰੀ ਇਆਲੀ ਨੇ ਕਿਹਾ ਕਿ ਬੀਬੀ ਖਾਲੜਾ ਸਿਰਫ਼ ਨਾਮਜ਼ਦਗੀ ਪੱਤਰ ਦਾਖਲ ਕਰਨ, ਬਾਕੀ ਉਨ੍ਹਾਂ ਨੂੰ ਜਿਤਾਉਣ ਦੀ ਜ਼ਿੰਮੇਵਾਰੀ ਹਲਕਾ ਦਾਖਾ ਦੀ ਸੰਗਤ ਅਤੇ ਪਾਰਟੀ ਵਰਕਰਾਂ ਦੀ ਹੋਵੇਗੀ। ਹਲਕਾ ਦਾਖਾ ਦੀ ਸੰਗਤ, ਪਾਰਟੀ ਵਰਕਰ ਅਤੇ ਸਮੁੱਚਾ ਇਲਾਕਾ ਉਨ੍ਹਾਂ ਦੀ ਜਿੱਤ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ ਦਿਨ-ਰਾਤ ਇੱਕ ਕਰ ਦੇਵੇਗਾ।

## ਸੁਧੀਰ ਸੂਰੀ ਹੱਤਿਆ ਕਾਂਡ ਦੇ ਦੋਸ਼ੀ ਭਾਈ ਸੰਨੀ ਨੂੰ ਸਾਹ ਦੀ ਸ਼ਿਕਾਇਤ

✪ ਇਲਾਜ ਲਈ ਸਿਵਲ ਹਸਪਤਾਲ ਲਿਆਂਦਾ

ਸ੍ਰੀ ਮੁਕਤਸਰ ਸਾਹਿਬ-ਬੀਤੇ ਦਿਨੀਂ ਸੁਧੀਰ ਸੂਰੀ ਹੱਤਿਆ ਮਾਮਲੇ ਵਿਚ ਨਾਮਜ਼ਦ ਭਾਈ ਸੰਦੀਪ ਸਿੰਘ ਸੰਨੀ ਨੂੰ ਇਲਾਜ ਲਈ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਲਿਆਂਦਾ ਗਿਆ ਸੀ। ਪੰਥਕ ਅਕਾਲੀ ਲਹਿਰ ਦੇ ਜ਼ਿਲ੍ਹਾ ਪ੍ਰਧਾਨ ਭਾਈ ਬਿਕਰਮਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਜ਼ਿਲ੍ਹਾ ਜੇਲ੍ਹ ਵਿਚ ਬੰਦ ਭਾਈ ਸੰਦੀਪ ਸਿੰਘ ਦੀ ਕੁਝ ਦਿਨਾਂ ਤੋਂ ਸਿਹਤ ਠੀਕ ਨਹੀਂ ਸੀ ਅਤੇ ਸਾਹ ਲੈਣ ਵਿਚ ਦਿੱਕਤ ਆ ਰਹੀ ਸੀ। ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਲਿਆਂਦਾ ਗਿਆ। ਜਿੱਥੇ ਡਾਕਟਰ ਵਲੋਂ ਸਿਹਤ ਦਾ ਚੈੱਕ ਅਪ ਕੀਤਾ ਗਿਆ। ਕੁਝ ਟੈਸਟ ਲਏ ਗਏ। ਉਨ੍ਹਾਂ ਦੱਸਿਆ ਕਿ ਕਲੈਸਟਰੋਲ ਵਧਣ ਸਮੇਤ ਹੋਰ ਦਿੱਕਤਾਂ ਹਨ। ਕਰੀਬ ਦੋ ਢਾਈ ਘੰਟੇ ਬਾਅਦ ਵਾਪਸ ਭਾਈ ਸੰਦੀਪ ਸਿੰਘ ਨੂੰ ਜੇਲ੍ਹ ਵਿਖੇ ਲਿਜਾਇਆ ਗਿਆ।





ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਬਲਦਾਂ ਦੀ ਚੋਰੀ ਹੋ ਜਾਣ ਤੋਂ ਬਾਅਦ ਦਰਵਾਜ਼ੇ ਨੂੰ ਭਾਰਾ ਜਿੰਦਰਾ ਲਾਉਣ ਦਾ ਕੋਈ ਲਾਭ ਨਹੀਂ ।

# ਖਾੜੀ ਦੇਸ਼ਾਂ ਵਿੱਚ ਵਧਦੀਆਂ ਆਤਮਹੱਤਿਆਵਾਂ: ਸਰਕਾਰ ਲਈ ਚੇਤਾਵਨੀ ਦੀ ਘੰਟੀ

ਰੋਜ਼ਗਾਰ ਦੀ ਭਾਲ, ਬਿਹਤਰ ਭਵਿੱਖ ਦੇ ਸੁਪਨੇ ਅਤੇ ਪਰਿਵਾਰ ਨੂੰ ਇੱਕ ਚੰਗਾ ਜੀਵਨ ਪੱਧਰ ਦੇਣ ਦੀ ਚਾਹਤ ਵਿੱਚ ਹਰ ਸਾਲ ਲੱਖਾਂ ਭਾਰਤੀ, ਖਾਸ ਕਰਕੇ ਖਾੜੀ ਦੇਸ਼ਾਂ ਦਾ ਰੁਖ਼ ਕਰਦੇ ਹਨ। ਪ੍ਰੰਤੂ, ਹਾਲ ਹੀ ਵਿੱਚ ਵਿਦੇਸ਼ ਮੰਤਰਾਲੇ ਵੱਲੋਂ ਸੰਸਦ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸਾਲ 2023 ਤੋਂ 2025 ਦਰਮਿਆਨ ਖਾੜੀ ਦੇ 6 ਦੇਸ਼ਾਂ ਵਿੱਚ 1,340 ਭਾਰਤੀਆਂ ਵੱਲੋਂ ਕੀਤੀਆਂ ਗਈਆਂ ਆਤਮ-ਹੱਤਿਆਵਾਂ ਇਹ ਸਪੱਸ਼ਟ ਕਰਦੀਆਂ ਹਨ ਕਿ ਪਰਦੇਸ ਦੀ ਚਮਕ-ਦਮਕ ਦੇ ਪਿੱਛੇ ਗੂੜ੍ਹੀ ਮਾਨਸਿਕ ਪੀੜਾ ਅਤੇ ਸੰਤਾਪ ਛੁਪਿਆ ਹੋਇਆ ਹੈ।

ਦੁਨੀਆ ਭਰ ਵਿੱਚ ਹੋਈਆਂ ਕੁੱਲ 1,900 ਤੋਂ ਵੱਧ ਭਾਰਤੀਆਂ ਦੀਆਂ ਆਤਮ-ਹੱਤਿਆਵਾਂ ਵਿੱਚੋਂ ਲਗਭਗ 70 ਫੀਸਦੀ ਮਾਮਲੇ ਇਕੱਲੇ ਖਾੜੀ ਦੇਸ਼ਾਂ ਤੋਂ ਸਾਹਮਣੇ ਆਉਣਾ ਬੇਹੱਦ ਚਿੰਤਾਜਨਕ ਹੈ। ਯੂ.ਏ.ਈ. ਅਤੇ ਸਾਊਦੀ ਅਰਬ ਵਰਗੇ ਦੇਸ਼ਾਂ ਵਿੱਚ ਇਹ ਅੰਕੜਾ ਸਭ ਤੋਂ ਵੱਧ ਹੈ। ਭਾਵੇਂ ਸਰਕਾਰ ਪ੍ਰਵਾਸੀ ਭਾਰਤੀ ਬੀਮਾ ਯੋਜਨਾ ਅਤੇ ਹੋਰ ਹੈਲਪਲਾਈਨਾਂ ਰਾਹੀਂ ਆਰਥਿਕ ਅਤੇ ਕਾਨੂੰਨੀ ਮਦਦ ਦੇ ਦਾਅਵੇ ਕਰਦੀ ਹੈ, ਪਰ ਇਹ ਅੰਕੜੇ ਦੱਸਦੇ ਹਨ ਕਿ ਸਿਰਫ਼ ਬੀਮਾ ਪ੍ਰਦਾਨ ਕਰ ਦੇਣਾ ਹੀ ਸਮੱਸਿਆ ਦਾ ਹੱਲ ਨਹੀਂ ਹੈ।

ਮਾਹਿਰਾਂ ਮੁਤਾਬਕ, ਪਰਿਵਾਰ ਤੋਂ ਲੰਬੀ ਦੂਰੀ, ਕੰਮ ਦੇ ਅਸੰਵੇਦਨਸ਼ੀਲ ਢੰਗ ਨਾਲ ਲੰਬੇ ਘੰਟੇ, ਆਰਥਿਕ ਬੋਝ, ਭਾਸ਼ਾ ਦੀ ਰੁਕਾਵਟ ਅਤੇ ਸਮਾਜਿਕ ਇਕੱਲਾਪਨ ਵਰਗੇ ਫੈਕਟਰ ਪ੍ਰਵਾਸੀ ਮਜ਼ਦੂਰਾਂ ਨੂੰ ਡੂੰਘੇ ਮਾਨਸਿਕ ਤਣਾਅ ਵੱਲ ਧੱਕਦੇ ਹਨ। ਜਦੋਂ ਕਿਸੇ ਵਿਅਕਤੀ ਨੂੰ ਅਜਿਹੇ ਮਾਹੌਲ ਵਿੱਚ ਆਪਣਾ ਦੁੱਖ ਸਾਂਝਾ ਕਰਨ ਲਈ ਕੋਈ ਸਹਾਰਾ ਨਹੀਂ ਮਿਲਦਾ, ਤਾਂ ਉਹ ਅਜਿਹੇ ਖੌਫਨਾਕ ਕਦਮ ਚੁੱਕਣ ਲਈ ਮਜ਼ਬੂਰ ਹੋ ਜਾਂਦਾ ਹੈ।

ਮਾਨਸਿਕ ਸਿਹਤ ਕਾਊਂਸਲਿੰਗ: ਭਾਰਤੀ ਦੂਤਘਰਾਂ ਵਿੱਚ ਸਿਰਫ਼ ਕਾਨੂੰਨੀ ਹੀ ਨਹੀਂ, ਸਗੋਂ ਮਾਨਸਿਕ ਸਿਹਤ ਅਤੇ ਮਨੋਵਿਗਿਆਨਕ ਸਹਾਇਤਾ ਦਾ ਪੁਖ਼ਤਾ ਪ੍ਰਬੰਧ ਹੋਣਾ ਚਾਹੀਦਾ ਹੈ ਭਾਰਤ ਸਰਕਾਰ ਨੂੰ ਖਾੜੀ ਦੇਸ਼ਾਂ ਦੀਆਂ ਸਰਕਾਰਾਂ ਨਾਲ ਗੱਲਬਾਤ ਕਰਕੇ ਭਾਰਤੀ ਕਾਮਿਆਂ ਲਈ ਕੰਮ ਦੇ ਘੰਟਿਆਂ, ਵਾਜਬ ਤਨਖਾਹ ਅਤੇ ਮਾਨਵੀ ਅਧਿਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

ਵਿਦੇਸ਼ਾਂ ਵਿੱਚ ਸਰਗਰਮ ਭਾਰਤੀ ਸੰਸਥਾਵਾਂ ਅਤੇ ਭਾਈਚਾਰਕ ਸਮੂਹਾਂ ਨੂੰ ਮਿਲ ਕੇ ਅਜਿਹਾ ਮਾਹੌਲ ਬਣਾਉਣਾ ਪਵੇਗਾ, ਜਿੱਥੇ ਕੋਈ ਵੀ ਭਾਰਤੀ ਆਪਣੇ ਆਪ ਨੂੰ ਇਕੱਲਾ ਨਾ ਸਮਝੇ। ਰੋਜ਼ੀ-ਰੋਟੀ ਦੀ ਭਾਲ ਵਿੱਚ ਗਏ ਨਾਗਰਿਕਾਂ ਦੀ ਸੁਰੱਖਿਆ ਅਤੇ ਮਾਨਸਿਕ ਰੂਪ ਨਾਲ ਸਿਹਤਮੰਦ ਰਹਿਣਾ ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਜੇਕਰ ਅਸੀਂ ਆਪਣੇ ਪ੍ਰਵਾਸੀ ਭਾਈਚਾਰੇ ਲਈ ਇੱਕ ਮਜ਼ਬੂਤ ਸਮਾਜਿਕ ਅਤੇ ਮਾਨਸਿਕ ਸਹਾਇਤਾ ਢਾਂਚਾ ਤਿਆਰ ਨਹੀਂ ਕਰਦੇ, ਤਾਂ ਇਹ ਅੰਕੜੇ ਭਵਿੱਖ ਵਿੱਚ ਹੋਰ ਵੀ ਦੁਖਦਾਈ ਰੂਪ ਧਾਰਨ ਕਰ ਸਕਦੇ ਹਨ। ਮੋਦੀ ਸਰਕਾਰ ਨੂੰ ਇਸ ਮੁੱਦੇ 'ਤੇ ਤੁਰੰਤ ਅਤੇ ਠੋਸ ਨੀਤੀਗਤ ਕਦਮ ਚੁੱਕਣ ਦੀ ਲੋੜ ਹੈ।

## ਝੂਠਾ ਪ੍ਰਚਾਰ, ਫ਼ਿਰਕੂ ਸਿਆਸਤ ਅਤੇ ਪੰਜਾਬ ਦੀ ਭਾਈਚਾਰਕ ਸਾਂਝ

ਪੰਜਾਬ ਦਾ 1980-90ਵਿਆਂ ਦਾ ਦੌਰ ਇਤਿਹਾਸ ਦਾ ਇੱਕ ਅਜਿਹਾ ਦਰਦਨਾਕ ਪੰਨਾ ਹੈ, ਜਿਸ ਦੇ ਜ਼ਖ਼ਮ ਅੱਜ ਵੀ ਪੰਜਾਬੀਆਂ ਦੇ ਦਿਲਾਂ 'ਤੇ ਅੱਲੇ ਹਨ। ਇਸ ਦੀ ਜ਼ਿੰਮੇਵਾਰ ਕੇਂਦਰ ਸਰਕਾਰ ਹੈ ਜ਼ੋ ਹਾਲਾਤਾਂ ਲਈ ਜਿੰਮੇਵਾਰ ਸੀ।ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਕੁਝ ਫ਼ਿਰਕੂ ਧਿਰਾਂ ਆਪਣੇ ਸਿਆਸੀ ਹਿੱਤਾਂ ਲਈ ਇਸ ਬੀਤੇ ਇਤਿਹਾਸ ਨੂੰ ਵਰਤ ਕੇ ਅੱਜ ਵੀ ਸਿੱਖ ਪੰਥ ਵਿਰੁਧ ਨਫ਼ਰਤ ਦੀਆਂ ਰੋਟੀਆਂ ਸੇਕਣ ਤੋਂ ਬਾਜ਼ ਨਹੀਂ ਆ ਰਹੀਆਂ। ਪਿਛਲੇ ਕੁਝ ਸਮੇਂ ਤੋਂ ਇਹ ਗਲਤ ਅਤੇ ਭੜਕਾਊ ਪ੍ਰਚਾਰ ਬੜੀ ਚਲਾਕੀ ਨਾਲ ਚਲਾਇਆ ਜਾ ਰਿਹਾ ਹੈ ਕਿ ਉਸ ਦੌਰ ਵਿੱਚ 35,000 ਹਿੰਦੂ ਮਾਰੇ ਗਏ ਸਨ। ਇਸ ਦਾ ਪ੍ਰਤੱਖ ਮਕਸਦ ਹਿੰਦੂ ਭਾਈਚਾਰੇ ਨੂੰ ਸਿੱਖਾਂ ਵਿਰੁੱਧ ਭੜਕਾਉਣਾ ਅਤੇ ਦੋਵਾਂ ਭਾਈਚਾਰਿਆਂ ਦੇ ਮਨਾਂ ਵਿੱਚ ਨਫ਼ਰਤ ਦਾ ਜ਼ਹਿਰ ਘੋਲਣਾ ਹੈ, ਜਦਕਿ ਇਸ ਅੰਕੜੇ ਦਾ ਕੋਈ ਠੋਸ ਆਧਾਰ ਜਾਂ ਰਿਕਾਰਡ ਕਿਸੇ ਵੀ ਸੁਤੰਤਰ ਜਾਂ ਸਰਕਾਰੀ ਸੰਸਥਾ ਕੋਲ ਮੌਜੂਦ ਨਹੀਂ ਹੈ।

ਅੱਜ ਸੋਸ਼ਲ ਮੀਡੀਆ ਤੋਂ ਲੈ ਕੇ ਕੁਝ ਖ਼ਾਸ ਮੰਚਾਂ ਤੱਕ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਲਈ ਅੰਕੜਿਆਂ ਦੀ ਹੇਰਾਫੇਰੀ ਕੀਤੀ ਜਾ ਰਹੀ ਹੈ। 35,000 ਹਿੰਦੂਆਂ ਦੇ ਮਾਰੇ ਜਾਣ ਦਾ ਦਾਅਵਾ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਮਨਘੜਤ ਹੈ। ਜੇਕਰ ਅਸੀਂ ਨਿਰਪੱਖਤਾ ਨਾਲ ਦੇਖੀਏ ਤਾਂ ਕਿਸੇ ਕੋਲ ਕੋਈ ਰਿਕਾਰਡ ਨਹੀਂ। ਨਾ ਤਾਂ ਭਾਰਤ ਦੀਆਂ ਸਰਕਾਰੀ ਜਾਂ ਜਾਂਚ ਏਜੰਸੀਆਂ (ਜਿਵੇਂ ਸੀ.ਬੀ.ਆਈ.) ਕੋਲ ਅਤੇ ਨਾ ਹੀ 'ਹਿਊਮਨ ਰਾਈਟਸ ਵਾਚ', 'ਐਮਨੈਸਟੀ ਇੰਟਰਨੈਸ਼ਨਲ' ਜਾਂ 'ਇਨਸਾਫ਼' ਵਰਗੀਆਂ ਪ੍ਰਮੁੱਖ ਕੌਮਾਂਤਰੀ ਤੇ ਨਿਰਪੱਖ ਮਨੁੱਖੀ ਅਧਿਕਾਰ ਸੰਸਥਾਵਾਂ ਕੋਲ ਇਸ ਗਿਣਤੀ ਦਾ ਕੋਈ ਰਿਕਾਰਡ ਹੈ। ਅਜਿਹੇ ਝੂਠੇ ਅੰਕੜੇ ਫੈਲਾ ਕੇ ਹਿੰਦੂ ਭਾਈਚਾਰੇ ਦੇ ਮਨਾਂ ਵਿੱਚ ਡਰ ਅਤੇ ਗੁੱਸਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਆਪਸੀ ਨਫ਼ਰਤ ਵਧਾ ਕੇ ਵੋਟਾਂ ਦੀ ਸਿਆਸਤ ਚਮਕਾਈ ਜਾ ਸਕੇ। ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਉਸ ਦੌਰ ਵਿੱਚ ਬੇਕਸੂਰ ਲੋਕਾਂ ਦੀਆਂ ਜਾਨਾਂ ਗਈਆਂ, ਅਤੇ ਹਰੇਕ ਬੇਕਸੂਰ ਦੀ ਮੌਤ ਦੁਖਦਾਈ ਸੀ। ਪਰ ਉਸ ਸੰਤਾਪ ਦੇ ਦੌਰ ਵਿੱਚ ਸਭ ਤੋਂ ਵੱਧ ਸੰਤਾਪ ਹੰਢਾਉਣ ਵਾਲੇ ਅਤੇ ਸਭ ਤੋਂ ਵੱਧ ਜਾਨਾਂ ਗੁਆਉਣ ਵਾਲੇ ਵੀ ਸਿੱਖ ਹੀ ਸਨ।

ਬਾਕੀ ਹਿਸਾ ਸਫਾ 9 ਤੇ ਪੜੋ →

# NEWS & VIEWS



Gurmukh Singh OBE

## Down Memory Lane (ਅਭੁੱਲ ਯਾਦਾਂ 1)

## SIKH IDENTITY DOES NOT CHANGE; NATIONALITIES DO

***-I Do Not Represent India But United Kingdom!***

**Over the years, I have been asked by colleagues to write about memorable experiences of wider communit educational interest from my life in the UK since August 1960. A period of 66 year living and working in a challenging race relations environment. I propose to do that from time to time in-between more urgent current News and Views topics. One such memory goes back many years and *it brought home to me the fact that I was no longer Indian but a Sikh British.***

**The background is from September 1985 to February 1988, I was transferred to a project in Europe to represent the International Trade Policy Division of the then Department of Trade and Industry at the General Agreement on Tariffs and Trade (GATT) at Geneva. The assignment was to negotiate, through the European Commission at Brussels, the conversion of the UK Tariff to the world-wide *Harmonised Classification System*.**

**That was the first part of the eighth multilateral World Trade Round also called the Uruguay Round (1986 to 1994). It was the largest and most comprehensive trade agreement in history and ultimately led to the creation of the World Trade Organization on 1 January 1995. My own assignment was completed in February 1988. Later, there was a second posting to an European project, The multinational Transonic Wind Tunnel at Cologne on Germany from September 1991 - to June 1996, the year of my retirement from UK Civil Service.**

**On my first day at the GATT conference centre towards end 1985, I presented my departmental credentials at the reception. The introductory letter was hardly looked at by the receptionist. He smiled and greeted me in strong European accent as *Halo Mister Seengh* accent and waved towards a uniformed usher to guide me to my place in the spacious conference hall. Admittedly, it was a safer world in 1985 but, as a full identity Sikh, I was a bit surprised at the laxity about the security check.**

**After all, Sikhs were continually in the news after 1984 invasion of Darbar Sahib by the Indian Army. Massacre of Sikhs in Delhi and other parts of India had followed the assassination of Mrs Indira Gandhi. There was Sikh armed reaction in Panjab and suppression by the State. There was even alleged State terrorism through extra-judicial killings now verified by Satluj film release. Sikh reaction was global. In short, expected a closer check regarding identity and country of representation at a global form like GATT.**

**The usher invited me to follow him by saying, *This way Meester Seengh!* I followed him to a position on one side of the great hall which was filling up with country delegates. He pointed me to a position which was clearly marked *INDIA*! In confusion <u>I told him that I was not representing India but the United Kingdom.</u> Apparently, the receptionist and the usher had mistaken me for a turban wearing Sikh who looked like me but represented India. After that clarification, I was guided to the other side of the hall to the European Commission area and to the United Kingdom position.**

**That memory stayed with me because it was that day I realised that I was *no longer Sikh Indian but a Sikh British*. That every diaspora Sikh shares only the SIKH part of their identity. That realisation is important .**

**Gurmukh Singh OBE,** Ret'd Principal Civil Servant (UK) sewauk2005@yahoo.co.uk

# ਦਿੱਲੀ ਵਿਚ ਵਿਦਿਆਰਥੀ ਅੰਦੋਲਨ ਨੂੰ ਦਬਾਉਣ ਲਈ ਪੈਲੇਟ ਗੰਨ ਦੀ ਵਰਤੋਂ ਨੇ ਖੜ੍ਹੇ ਕੀਤੇ ਗੰਭੀਰ ਸਵਾਲ

## ✪ ਰਾਹੁਲ ਦਾ ਅਮਿਤ ਸ਼ਾਹ 'ਤੇ ਵਾਰ: "ਸ਼ਾਂਤਮਈ ਵਿਦਿਆਰਥੀਆਂ 'ਤੇ ਪੈਲੇਟ ਗੰਨ ਚਲਾਉਣ ਦਾ ਹੁਕਮ ਕਿਸਨੇ ਦਿੱਤਾ ?"

## ✪ ਸੀਆਰਪੀਐਫ਼ ਜਾਂਚ ਅਨੁਸਾਰ ਪ੍ਰਦਰਸ਼ਨਕਾਰੀਆਂ 'ਤੇ ਚੱਲੀਆਂ 7 ਗੋਲੀਆਂ, ਨੌਜਵਾਨਾਂ ਦੀ ਅੱਖਾਂ ਦੀ ਰੋਸ਼ਨੀ ਨੂੰ ਖ਼ਤਰਾ

**ਖਾਸ ਖਬਰ** ਭਾਰਤ ਵਿੱਚ ਪੇਪਰ ਲੀਕ ਅਤੇ ਭ੍ਰਿਸ਼ਟ ਸਿੱਖਿਆ ਪ੍ਰਣਾਲੀ ਵਿਰੁੱਧ ਆਵਾਜ਼ ਬੁਲੰਦ ਕਰ ਰਹੇ ਵਿਦਿਆਰਥੀਆਂ ਉੱਪਰ ਹੋਏ ਪ੍ਰਸ਼ਾਸਨਿਕ ਜਬਰ ਨੇ ਦੇਸ਼ ਦੀ ਰਾਜਨੀਤੀ ਅਤੇ ਮਨੁੱਖੀ ਅਧਿਕਾਰਾਂ ਦੇ ਮੁਹਾਂਦਰੇ ਉੱਤੇ ਇੱਕ ਗੰਭੀਰ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। 20 ਜੁਲਾਈ 2026 ਨੂੰ 'ਕਾਕਰੋਚ ਜਨਤਾ ਪਾਰਟੀ' ਅਤੇ ਦੇਸ਼ ਭਰ ਤੋਂ ਆਏ ਵਿਦਿਆਰਥੀਆਂ ਵੱਲੋਂ 'ਚਲੋ ਸੰਸਦ' ਦਾ ਸੱਦਾ ਦਿੱਤਾ ਗਿਆ ਸੀ।



ਇਸ ਦਾ ਮੁੱਖ ਮਨੋਰਥ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰਨਾ ਸੀ। ਹਾਲਾਂਕਿ, ਸੰਸਦ ਵੱਲ ਵਧ ਰਹੇ ਇਸ ਸ਼ਾਂਤਮਈ ਪ੍ਰਦਰਸ਼ਨ ਨੂੰ ਰੋਕਣ ਲਈ ਦਿੱਲੀ ਪੁਲੀਸ ਅਤੇ ਰੈਪਿਡ ਐਕਸ਼ਨ ਫੋਰਸ ਵੱਲੋਂ ਅਤਿ-ਘਾਤਕ ਬਲ ਦਾ ਇਸਤੇਮਾਲ ਕੀਤਾ ਗਿਆ ਸੀ। ਘਟਨਾ ਦੌਰਾਨ ਅੱਥਰੂ ਗੈਸ, ਲਾਠੀਚਾਰਜ ਅਤੇ 'ਸ਼ੌਕ ਬੈਟਨ' ਵਰਗੇ ਹਥਿਆਰਾਂ ਦੇ ਨਾਲ-ਨਾਲ ਪੈਲਟ ਗੰਨਾਂ ਦੀ ਵਰਤੋਂ ਕੀਤੀ ਗਈ ਸੀ। ਇਸ ਕਾਰਨ 80 ਤੋਂ ਵੱਧ ਵਿਦਿਆਰਥੀ ਤੇ ਨਾਗਰਿਕ ਅਤੇ ਲਗਭਗ 100 ਸੁਰੱਖਿਆ ਕਰਮੀ ਜ਼ਖ਼ਮੀ ਹੋ ਗਏ ਸਨ।

### ਅੱਖਾਂ ਦੀ ਰੋਸ਼ਨੀ ਗੁਆ ਚੁਕੇ ਹਨ ਨੌਜਵਾਨ ਅਤੇ ਕਈਆਂ ਦੀ ਜਾਨ ਨੂੰ ਖਤਰਾ

ਇਸ ਪ੍ਰਸ਼ਾਸਨਿਕ ਜਬਰ ਦੀ ਸਭ ਤੋਂ ਦਰਦਨਾਕ ਤਸਵੀਰ ਜ਼ਖ਼ਮੀ ਨੌਜਵਾਨਾਂ ਦੀ ਸਰੀਰਕ ਹਾਲਤ ਤੋਂ ਸਾਹਮਣੇ ਆਉਂਦੀ ਹੈ। ਗੁੜਗਾਂਓਂ ਵਿਖੇ ਕੰਮ ਕਰਦੇ 25 ਸਾਲਾ ਇਰਸ਼ਾਦ ਮਨਸੂਰੀ ਦੀ ਛਾਤੀ, ਚਿਹਰੇ ਅਤੇ ਧੌਣ ਵਿਚ 30 ਤੋਂ 40 ਪੈਲਟ ਧੱਸ ਗਏ ਸਨ। ਇਸ ਕਾਰਣ ਉਸ ਨੂੰ ਕਈ ਵੱਡੀਆਂ ਸਰਜਰੀਆਂ ਵਿਚੋਂ ਲੰਘਣਾ ਪੈ ਰਿਹਾ ਹੈ। ਇਸੇ ਤਰ੍ਹਾਂ ਦਿੱਲੀ ਯੂਨੀਵਰਸਿਟੀ ਦੇ 19 ਸਾਲਾ ਵਿਦਿਆਰਥੀ ਸਾਹਿਲ ਲੋਹਚਬ ਦੀ ਸੱਜੀ ਅੱਖ ਵਿੱਚ ਪੈਲਟ ਲੱਗਣ ਕਾਰਨ ਡਾਕਟਰਾਂ ਨੇ ਉਸ ਦੀ ਨਜ਼ਰ ਵਾਪਸ ਆਉਣ ਦੀ ਸੰਭਾਵਨਾ ਸਿਰਫ਼ ਇੱਕ ਫ਼ੀਸਦੀ ਦੱਸੀ ਹੈ। ਘਟਨਾ ਦੀ ਕਵਰੇਜ ਕਰਨ ਗਏ ਆਊਟਲੁੱਕ ਮੈਗਜ਼ੀਨ ਦੇ 28 ਸਾਲਾ ਖੇਡ ਰਿਪੋਰਟਰ ਦੀ ਪਿੱਠ ਅਤੇ ਕੂਹਣੀ ਵਿਚ ਵੀ 30 ਤੋਂ ਵੱਧ ਸੀਸੇ ਦੇ ਛੱਰੇ ਧੱਸ ਗਏ ਸਨ। ਕਈ ਹੋਰ ਵਿਦਿਆਰਥੀ ਆਈਸੀਯੂ ਵਿੱਚ ਆਪਣੀ ਜ਼ਿੰਦਗੀ ਅਤੇ ਮੌਤ ਦੀ ਜੰਗ ਲੜ ਰਹੇ ਹਨ।

### ਸੀਆਰਪੀਐਫ਼ ਜਾਂਚ ਵਿੱਚ 7 ਰੌਂਡ ਫਾਇਰਿੰਗ ਦੀ ਪੁਸ਼ਟੀ

ਸ਼ੁਰੂਆਤ ਵਿੱਚ ਦਿੱਲੀ ਪੁਲੀਸ ਦੇ ਨਵੀਂ ਦਿੱਲੀ ਡਿਪਟੀ ਕਮਿਸ਼ਨਰ ਨੇ ਸੋਸ਼ਲ ਮੀਡੀਆ ਰਾਹੀਂ ਪੈਲਟ ਗੰਨ ਦੇ ਇਸਤੇਮਾਲ ਨੂੰ ਪੂਰੀ ਤਰ੍ਹਾਂ ਨਕਾਰਦਿਆਂ ਇਸ ਨੂੰ ਇੱਕ ਝੂਠਾ ਪ੍ਰਚਾਰ ਦੱਸਿਆ ਸੀ। ਪਰ ਹਸਪਤਾਲਾਂ ਦੀਆਂ ਮੈਡੀਕੋ-ਲੀਗਲ ਰਿਪੋਰਟਾਂ ਅਤੇ ਐਕਸ-ਰੇਅ ਨੇ ਸਰੀਰਾਂ ਅੰਦਰ ਸੀਸੇ ਦੇ ਛੱਰੇ ਹੋਣ ਦੀ ਪੁਸ਼ਟੀ ਕਰ ਦਿੱਤੀ ਸੀ।

ਮਾਮਲਾ ਤੂਲ ਫੜਨ ਤੋਂ ਬਾਅਦ ਕੇਂਦਰੀ ਰਿਜ਼ਰਵ ਪੁਲੀਸ ਬਲ ਦੀ ਆਂਤਰਿਕ ਜਾਂਚ ਰਿਪੋਰਟ ਵਿੱਚ ਇਹ ਸੱਚਾਈ ਸਾਹਮਣੇ ਆਈ ਕਿ ਕਨਾਟ ਪਲੇਸ ਖੇਤਰ ਵਿੱਚ ਤਾਇਨਾਤ ਆਰਏਐਫ਼ ਦੇ ਇੱਕ ਜਵਾਨ ਵੱਲੋਂ 7 ਰੌਂਡ ਪੈਲਟ ਗੰਨ ਦੀ ਫਾਇਰਿੰਗ ਕੀਤੀ ਗਈ ਸੀ, ਜਿਸ ਵਿੱਚੋਂ 5 ਰੌਂਡ ਸਿੱਧੇ ਪ੍ਰਦਰਸ਼ਨਕਾਰੀਆਂ ਨੂੰ ਲੱਗੇ ਸਨ। ਸੀਆਰਪੀਐਫ਼ ਦਾ ਦਾਅਵਾ ਹੈ ਕਿ ਇਹ ਕਾਰਵਾਈ ਪੱਥਰਬਾਜ਼ੀ ਅਤੇ ਭੀੜ ਦੇ ਹਮਲੇ ਤੋਂ ਬਾਅਦ ਕੀਤੀ ਗਈ ਸੀ, ਪਰ ਦੇਸ਼ ਦੀ ਰਾਜਧਾਨੀ ਦੇ ਕੇਂਦਰ ਵਿੱਚ ਨਿਹੱਥੇ ਵਿਦਿਆਰਥੀਆਂ ਉੱਪਰ ਅਜਿਹੇ ਹਥਿਆਰਾਂ ਦਾ ਚੱਲਣਾ ਸਰਕਾਰ ਦੀ ਨੀਅਤ ਉੱਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

### ਰਾਹੁਲ ਗਾਂਧੀ ਨੇ ਸ਼ਾਹ ਨੂੰ ਘੇਰਿਆ

ਇਸ ਸਰਕਾਰੀ ਹਿੰਸਕ ਕਾਰਵਾਈ ਤੋਂ ਬਾਅਦ ਦੇਸ਼ ਦੀ ਸਿਆਸਤ ਵਿੱਚ ਵੀ ਭੂਚਾਲ ਆ ਗਿਆ ਹੈ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪੈਲਟ ਗੰਨ ਨਾਲ ਪੀੜਤ ਸਾਹਿਲ ਲੋਹਚਬ ਨੂੰ ਨਾਲ ਲੈ ਕੇ ਪ੍ਰੈੱਸ ਕਾਨਫ਼ਰੰਸ ਕੀਤੀ ਸੀ ਅਤੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੂੰ ਖ਼ਤ ਲਿਖ ਕੇ ਜਵਾਬਦੇਹੀ ਦੀ ਮੰਗ ਕੀਤੀ ਸੀ। ਰਾਹੁਲ ਗਾਂਧੀ ਨੇ ਸਿੱਧੇ ਸਵਾਲ ਪੁੱਛੇ ਸਨ ਕਿ ਸ਼ਾਂਤਮਈ ਵਿਦਿਆਰਥੀਆਂ 'ਤੇ ਪੈਲਟ ਗੰਨ ਅਤੇ ਲਾਠੀਚਾਰਜ ਵਰਗੇ ਘਾਤਕ ਬਲ ਪ੍ਰਯੋਗ ਦੀ ਪ੍ਰਵਾਨਗੀ ਕਿਸ ਨੇ ਦਿੱਤੀ ਸੀ, ਅਤੇ ਕੀ ਸਾਦੇ ਕੱਪੜਿਆਂ ਵਿੱਚ ਵਿਦਿਆਰਥੀਆਂ ਨੂੰ ਲਾਠੀਆਂ ਨਾਲ ਕੁੱਟਣ ਵਾਲੇ ਪੁਲੀਸ ਵਾਲੇ ਸਨ ਜਾਂ ਕੋਈ ਹੋਰ ? ਵਿਰੋਧੀ ਧਿਰ ਵੱਲੋਂ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਗ੍ਰਿਹ ਮੰਤਰੀ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਕੀਤੀ ਜਾ ਰਹੀ ਹੈ, ਜਦਕਿ ਸਰਕਾਰ ਪੇਪਰ ਲੀਕ ਵਿਰੁੱਧ ਨਵਾਂ 'ਪਬਲਿਕ ਐਗਜ਼ਾਮੀਨੇਸ਼ਨ ਬਿਲ' ਲਿਆ ਕੇ ਸਥਿਤੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

### ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਅਦਾਲਤੀ ਹਦਾਇਤਾਂ ਅਤੇ ਲੋਕਤੰਤਰ ਦੇ ਭਵਿੱਖ ਦਾ ਸਵਾਲ

ਡਾਕਟਰੀ ਵਿਗਿਆਨ ਅਨੁਸਾਰ, ਇੱਕ ਫਾਇਰ ਨਾਲ ਸੈਂਕੜੇ ਛੋਟੇ-ਛੋਟੇ ਸੀਸੇ ਦੇ ਛੱਰੇ ਅਨਿਸ਼ਚਿਤ ਦਿਸ਼ਾ ਵਿੱਚ ਫੈਲਦੇ ਹਨ, ਜੋ ਮਾਸਪੇਸ਼ੀਆਂ ਵਿੱਚ ਗਹਿਰੇ ਧੱਸ ਕੇ ਅੰਨ੍ਹੇਪਣ ਅਤੇ ਸਰੀਰ ਵਿੱਚ 'ਲੈੱਡ ਪੋਇਜ਼ਨਿੰਗ' (ਸੀਸੇ ਦਾ ਜ਼ਹਿਰ) ਦਾ ਕਾਰਨ ਬਣਦੇ ਹਨ। ਸਾਲ 2016 ਅਤੇ 2017 ਵਿੱਚ ਭਾਰਤ ਦੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਹਦਾਇਤ ਦਿੱਤੀ ਸੀ ਕਿ ਪੈਲਟ ਗੰਨ ਦੀ ਵਰਤੋਂ ਨੂੰ ਬੇਹੱਦ ਘਟਾਇਆ ਜਾਵੇ ਅਤੇ ਇਸ ਨੂੰ ਕੇਵਲ "ਆਖਰੀ ਵਿਕਲਪ" ਵਜੋਂ ਹੀ ਵਿਚਾਰਿਆ ਜਾਵੇ। ਯੂ.ਐੱਨ. ਦੇ ਬੁਲਾਰੇ ਨੇ ਸਪੱਸ਼ਟ ਕੀਤਾ ਕਿ ਸੰਯੁਕਤ ਰਾਸ਼ਟਰ ਦਿੱਲੀ ਵਿੱਚ ਚੱਲ ਰਹੇ ਵਿਦਿਆਰਥੀ ਅੰਦੋਲਨ ਅਤੇ ਉਸ ਉੱਪਰ ਹੋਈ ਕਾਰਵਾਈ ਤੋਂ ਪੂਰੀ ਤਰ੍ਹਾਂ ਜਾਣੂ ਹੈ। ਯੂ.ਐੱਨ. ਨੇ ਜ਼ੋਰ ਦੇ ਕੇ ਕਿਹਾ ਕਿ ਲੋਕਤੰਤਰ ਵਿੱਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਨਾਗਰਿਕਾਂ ਨੂੰ ਬਿਨਾਂ ਕਿਸੇ ਡਰ, ਗ੍ਰਿਫ਼ਤਾਰੀ, ਧੱਕੇਸ਼ਾਹੀ ਜਾਂ ਸਰੀਰਕ ਸੱਟ ਦੇ ਖ਼ਤਰੇ ਤੋਂ ਬਿਨਾਂ ਆਪਣੀ ਆਵਾਜ਼ ਚੁੱਕਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਸੰਯੁਕਤ ਰਾਸ਼ਟਰ ਨੇ ਹਦਾਇਤ ਦਿੱਤੀ ਕਿ ਵਿਸ਼ਵ ਵਿੱਚ ਕਿਤੇ ਵੀ ਸੁਰੱਖਿਆ ਬਲਾਂ ਦੀ ਇਹ ਮੁੱਢਲੀ ਜ਼ਿੰਮੇਵਾਰੀ ਹੈ ਕਿ ਉਹ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ, ਨਾ ਕਿ ਉਨ੍ਹਾਂ 'ਤੇ ਅਤਿ-ਘਾਤਕ ਬਲ ਦਾ ਇਸਤੇਮਾਲ ਕਰਨ। ਨਿਊਯਾਰਕ ਸਥਿਤ ਅੰਤਰਰਾਸ਼ਟਰੀ ਮਾਨਵ ਅਧਿਕਾਰ ਸੰਸਥਾ 'ਹਿਊਮਨ ਰਾਇਟਸ ਵਾਚ ਨੇ ਅਧਿਕਾਰਤ ਰਿਪੋਰਟ ਜਾਰੀ ਕਰਦਿਆਂ ਦਿੱਲੀ ਵਿੱਚ ਵਿਦਿਆਰਥੀਆਂ 'ਤੇ ਹੋਈ ਹਿੰਸਕ ਕਾਰਵਾਈ ਦੀ ਕੜੀ ਸ਼ਬਦਾਂ ਵਿੱਚ ਨਿੰਦਾ ਕੀਤੀ ਸੀ।

ਹਿਊਮਨ ਰਾਈਟਸ ਵਾਚ ਨੇ ਮੌਕੇ 'ਤੇ ਮੌਜੂਦ 9 ਚਸ਼ਮਦੀਦਾਂ, ਪੱਤਰਕਾਰਾਂ, ਅਤੇ ਸੋਸ਼ਲ ਮੀਡੀਆ 'ਤੇ ਵਾਇਰਲ 10 ਵੀਡੀਓਜ਼ ਦੀ ਡਿਜੀਟਲ ਫੋਰੈਂਸਿਕ ਜਾਂਚ ਤੋਂ ਬਾਅਦ ਪੁਸ਼ਟੀ ਕੀਤੀ ਕਿ ਪੁਲੀਸ ਨੇ ਸ਼ਾਂਤਮਈ ਮਾਰਚ ਨੂੰ ਰੋਕਣ ਲਈ ਜ਼ਾਲਮਾਨਾ ਢੰਗ ਨਾਲ ਬਲ ਪ੍ਰਯੋਗ ਕੀਤਾ।

ਸੰਯੁਕਤ ਰਾਸ਼ਟਰ ਦੀਆਂ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਪੈਲੇਟ ਗੰਨ ਵਰਗੇ ਹਥਿਆਰ ਅੱਖਾਂ, ਚਿਹਰੇ ਅਤੇ ਛਾਤੀ 'ਤੇ ਸਥਾਈ ਨੁਕਸਾਨ ਪਹੁੰਚਾਉਂਦੇ ਹਨ।

ਯੂ.ਐੱਨ. ਦੀ ਹਿਊਮਨ ਰਾਈਟਸ ਕੌਂਸਲ ਅਨੁਸਾਰ, ਆਮ ਨਾਗਰਿਕਾਂ ਅਤੇ ਵਿਦਿਆਰਥੀਆਂ ਦੀ ਭੀੜ ਨੂੰ ਕਾਬੂ ਕਰਨ ਲਈ ਅਜਿਹੇ ਅੰਨ੍ਹੇਵਾਹ ਸੱਟ ਪਹੁੰਚਾਉਣ ਵਾਲੇ ਹਥਿਆਰਾਂ ਦੀ ਵਰਤੋਂ ਅੰਤਰਰਾਸ਼ਟਰੀ ਮਾਨਵ ਅਧਿਕਾਰ ਸੰਧੀਆਂ ਦੀ ਸਿੱਧੀ ਉਲੰਘਣਾ ਹੈ।

ਸੰਯੁਕਤ ਰਾਸ਼ਟਰ ਦੇ ਇਸ ਬਿਆਨ ਤੋਂ ਬਾਅਦ ਇਹ ਮਾਮਲਾ ਕੇਵਲ ਭਾਰਤ ਦੀ ਰਾਸ਼ਟਰੀ ਰਾਜਨੀਤੀ ਤੱਕ ਸੀਮਤ ਨਹੀਂ ਰਿਹਾ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਭਾਰਤੀ ਸੁਰੱਖਿਆ ਬਲਾਂ ਦੁਆਰਾ ਭੀੜ ਕੰਟਰੋਲ ਲਈ ਵਰਤੇ ਜਾਂਦੇ ਘਾਤਕ ਤਰੀਕਿਆਂ 'ਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗ ਗਏ ਹਨ।

## ਸੰਪਾਦਕੀ–8 ਸਫ਼ੇ ਦੀ ਬਾਕੀ

ਸਰਕਾਰੀ ਅੰਕੜੇ ਅਤੇ ਵੱਖ-ਵੱਖ ਮਨੁੱਖੀ ਅਧਿਕਾਰ ਰਿਪੋਰਟਾਂ ਇਹ ਸਾਫ਼ ਦਰਸਾਉਂਦੀਆਂ ਹਨ ਕਿ ਝੂਠੇ ਪੁਲਿਸ ਮੁਕਾਬਲਿਆਂ, ਲਾਪਤਾ ਕੀਤੇ ਜਾਣ ਅਤੇ ਹਿੰਸਾ ਦੀ ਬਲ਼ਦੀ ਅੱਗ ਵਿੱਚ ਸਭ ਤੋਂ ਵੱਡੀ ਗਿਣਤੀ ਵਿੱਚ ਸਿੱਖ ਨੌਜਵਾਨ ਅਤੇ ਪਰਿਵਾਰ ਹੀ ਪਿਸੇ। ਇਸ ਲਈ ਇੱਕ ਪਾਸੜ ਝੂਠ ਫੈਲਾ ਕੇ ਸਿੱਖਾਂ ਨੂੰ ਦੋਸ਼ੀ ਦੇ ਕਟਿਹਰੇ ਵਿੱਚ ਖੜ੍ਹਾ ਕਰਨਾ ਇਤਿਹਾਸ ਨਾਲ ਸਭ ਤੋਂ ਵੱਡਾ ਧੋਖਾ ਹੈ।

ਪੰਜਾਬ ਦਾ ਸਮਾਜਿਕ ਤਾਣਾ-ਬਾਣਾ 'ਨੌਹ-ਮਾਸ' ਵਰਗਾ ਰਿਹਾ ਹੈ। ਸੰਤਾਪ ਦੇ ਉਸ ਦੌਰ ਵਿੱਚ ਵੀ ਪੰਜਾਬ ਦੇ ਪਿੰਡਾਂ ਵਿੱਚ ਹਿੰਦੂ-ਸਿੱਖ ਭਾਈਚਾਰਕ ਸਾਂਝ ਕਾਇਮ ਰਹੀ, ਜਿੱਥੇ ਸਿੱਖਾਂ ਨੇ ਹਿੰਦੂ ਗੁਆਂਢੀਆਂ ਦੀਆਂ ਜਾਨਾਂ ਬਚਾਈਆਂ ਅਤੇ ਸਿੱਖਾਂ ਨੇ ਹਿੰਦੂਆਂ ਦਾ ਸਾਥ ਦਿੱਤਾ। ਫ਼ਿਰਕੂ ਧਿਰਾਂ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰਚਾਰ ਪੰਜਾਬ ਦੇ ਇਸੇ ਸਾਂਝੇ ਦਰਦ ਅਤੇ ਆਪਸੀ ਭਰੋਸੇ 'ਤੇ ਸੱਟ ਮਾਰਨ ਦੀ ਕੋਸ਼ਿਸ਼ ਹੈ। ਝੂਠੀਆਂ ਅਫ਼ਵਾਹਾਂ ਨਾਲ ਹਿੰਦੂ ਭਾਈਚਾਰੇ ਨੂੰ ਭੜਕਾ ਕੇ ਦੂਰੀਆਂ ਪੈਦਾ ਕਰਨ ਵਾਲੀਆਂ ਤਾਕਤਾਂ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ।

ਇਤਿਹਾਸ ਤੋਂ ਸਬਕ ਸਿੱਖ ਕੇ ਅੱਗੇ ਵਧਣ ਦੀ ਲੋੜ ਹੈ, ਨਾ ਕਿ ਮਨਘੜਤ ਅੰਕੜਿਆਂ ਨਾਲ ਜ਼ਖ਼ਮਾਂ 'ਤੇ ਮਿਰਚਾਂ ਭੁਕੀਆਂ ਜਾਣ। ਪੰਜਾਬ ਦੇ ਸਮਝਦਾਰ ਹਿੰਦੂ ਅਤੇ ਸਿੱਖ ਭਾਈਚਾਰੇ ਨੂੰ ਅਜਿਹੇ ਗਲਤ ਪ੍ਰਚਾਰ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਸਾਨੂੰ ਇਹ ਸਮਝਣਾ ਹੋਵੇਗਾ ਕਿ ਪੰਜਾਬ ਦੇ ਮਸਲੇ ਉਲਝਾਉਣ ਵਾਲੀ ਤੇ ਹਿੰਸਾ ਦੀ ਜ਼ਿੰਮੇਵਾਰ ਕੇਂਦਰ ਸਰਕਾਰ ਸੀ ਨਫ਼ਰਤ ਦੀ ਸਿਆਸਤ ਕਰਨ ਵਾਲੀਆਂ ਫ਼ਿਰਕੂ ਧਿਰਾਂ ਕਿਸੇ ਵੀ ਭਾਈਚਾਰੇ ਦੀਆਂ ਹਮਦਰਦ ਨਹੀਂ ਹੁੰਦੀਆਂ। ਪੰਜਾਬ ਦੀ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਸੱਚਾਈ ਨੂੰ ਬਚਾ ਕੇ ਰੱਖਣਾ ਹੀ ਅੱਜ ਹਰ ਪੰਜਾਬੀ ਦਾ ਸਭ ਤੋਂ ਵੱਡਾ ਫ਼ਰਜ਼ ਹੈ।

-ਰਜਿੰਦਰ ਸਿੰਘ ਪੁਰੇਵਾਲ

# ਵਿੰਡਸਰ ਵਿਖੇ ਜਿਮ ਵਿਚ ਸਿੱਖ ਨੌਜਵਾਨ ਨੂੰ ਕਿਰਪਾਨ ਸਮੇਤ ਰੋਕਣ ’ਤੇ ਵੱਡਾ ਵਿਵਾਦ ਛਿੜਿਆ

ਨਿਊਜ਼ ਸਟੋਰੀ

## ✪ ਧਾਰਮਿਕ ਆਜ਼ਾਦੀ ’ਤੇ ਮੁੜ ਛਿੜੀ ਬਹਿਸ ✪ ਗੁੱਡਲਾਈਫ ਫਿਟਨੈਸ ਦੀ ਕਾਰਵਾਈ ’ਤੇ ਉੱਠੇ ਸਵਾਲ ✪ ਮਨੁੱਖੀ ਅਧਿਕਾਰ ਕਨੂੰਨਾਂ ਦੀ ਉਲੰਘਣਾ ਦਾ ਲੱਗਿਆ ਇਲਜ਼ਾਮ



ਓਨਟਾਰੀਓ-ਕੈਨੇਡਾ ਦੇ ਓਨਟਾਰੀਓ ਸੂਬੇ ਦੇ ਵਿੰਡਸਰ ਸ਼ਹਿਰ ਵਿੱਚ ਸਥਿਤ ‘ਗੁੱਡਲਾਈਫ ਫਿਟਨੈਸ’ ਜਿਮ ਵਿੱਚ ਇੱਕ ਸਿੱਖ ਨੌਜਵਾਨ ਨੂੰ ਕਿਰਪਾਨ ਪਹਿਨਣ ਕਾਰਨ ਬਾਹਰ ਕੱਢਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿੱਖ ਕੰਟੈਂਟ ਕ੍ਰਿਏਟਰ ਅਤੇ ਟਿਕਟੌਕ ਇੰਫਲੂਐਂਸਰ ਗੁਰਪ੍ਰਤਾਪ ਸਿੰਘ ਖਾਲਸਾ ਵੱਲੋਂ ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਸਾਂਝੀ ਕੀਤੀ ਗਈ, ਜਿਸ ਤੋਂ ਬਾਅਦ ਕੈਨੇਡਾ ਵਿੱਚ ਧਾਰਮਿਕ ਆਜ਼ਾਦੀ, ਨਸਲੀ ਪ੍ਰੋਫਾਈਲਿੰਗ ਅਤੇ ਜਨਤਕ ਤੇ ਨਿੱਜੀ ਥਾਵਾਂ ’ਤੇ ਕਿਰਪਾਨ ਪਹਿਨਣ ਦੇ ਅਧਿਕਾਰ ਨੂੰ ਲੈ ਕੇ ਬਹਿਸ ਇੱਕ ਵਾਰ ਫਿਰ ਤੋਂ ਗਰਮਾ ਗਈ ਹੈ।

ਵਾਇਰਲ ਹੋਈ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਜਿਮ ਦੀ ਇੱਕ ਮੁਲਾਜ਼ਮ ਗੁਰਪ੍ਰਤਾਪ ਸਿੰਘ ਨੂੰ ਕਸਰਤ ਕਰਨ ਤੋਂ ਰੋਕਦੀ ਹੈ ਅਤੇ ਜਿਮ ਛੱਡ ਕੇ ਜਾਣ ਲਈ ਕਹਿੰਦੀ ਹੈ। ਜਿਮ ਮੁਲਾਜ਼ਮ ਦਾ ਦਾਅਵਾ ਸੀ ਕਿ ਕਿਸੇ ਹੋਰ ਮੈਂਬਰ ਨੇ ਉਸ ਕੋਲ ਕਿਰਪਾਨ ਬਾਰੇ ਸ਼ਿਕਾਇਤ ਕੀਤੀ ਸੀ, ਜਿਸ ਕਾਰਨ ਹੋਰਾਂ ਦੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਉਸ ਨੂੰ ਕਿਰਪਾਨ ਨੂੰ ਹਥਿਆਰ ਮੰਨ ਕੇ ਬਾਹਰ ਜਾਣ ਲਈ ਕਿਹਾ ਗਿਆ ਸੀ।

ਦੂਜੇ ਪਾਸੇ, ਗੁਰਪ੍ਰਤਾਪ ਸਿੰਘ ਖਾਲਸਾ ਨੇ ਸਪੱਸ਼ਟ ਕੀਤਾ ਕਿ ਕਿਰਪਾਨ ਕੋਈ ਹਥਿਆਰ ਨਹੀਂ ਸਗੋਂ ਸਿੱਖ ਧਰਮ ਦਾ ਇੱਕ ਅਟੁੱਟ ਧਾਰਮਿਕ ਅੰਗ ਹੈ। ਉਸ ਨੇ ਦੋਸ਼ ਲਗਾਇਆ ਕਿ ਉਸ ਨਾਲ ਨਸਲੀ ਵਿਤਕਰਾ ਕੀਤਾ ਗਿਆ ਹੈ, ਜਦਕਿ ਜਿਮ ਵਿੱਚ ਦਾਖਲ ਹੁੰਦੇ ਸਮੇਂ ਵੀ ਇਹ ਕਿਰਪਾਨ ਉਸ ਦੇ ਸਰੀਰ ’ਤੇ ਨਿਯਮਾਂ ਮੁਤਾਬਕ ਮੌਜੂਦ ਸੀ।

### ‘ਗੁੱਡਲਾਈਫ ਫਿਟਨੈਸ’ ਕੰਪਨੀ ਨੇ ਕੀ ਕਿਹਾ

ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਲੱਖਾਂ ਲੋਕਾਂ ਦੁਆਰਾ ਦੇਖੇ ਜਾਣ ਤੋਂ ਬਾਅਦ ਜਿਮ ਪ੍ਰਬੰਧਕਾਂ ਵੱਲੋਂ ਅਧਿਕਾਰਤ ਸਪੱਸ਼ਟੀਕਰਨ ਜਾਰੀ ਕੀਤਾ ਗਿਆ। ਕੰਪਨੀ ਦੀ ਸੀਨੀਅਰ ਮੀਤ ਪ੍ਰਧਾਨ ਟਰੇਸੀ ਮੈਥਿਊਜ਼ ਨੇ ਮੰਨਿਆ ਕਿ ਵੀਡੀਓ ਵਿੱਚ ਦਿਖਾਈ ਗਈ ਘਟਨਾ ਵਿੱਚ ਕੰਪਨੀ ਦੇ ਤੈਅ ਨਿਯਮਾਂ ਅਤੇ ਅਭਿਆਸਾਂ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ ਸੀ।

ਉਨ੍ਹਾਂ ਦੁਹਰਾਇਆ ਕਿ ਕੰਪਨੀ ਕੈਨੇਡਾ ਦੇ ਮਨੁੱਖੀ ਅਧਿਕਾਰ ਕਾਨੂੰਨਾਂ ਦਾ ਪੂਰਾ ਸਤਿਕਾਰ ਕਰਦੀ ਹੈ ਅਤੇ ਸਾਰਿਆਂ ਲਈ ਇੱਕ ਵਧੀਆ ਮਾਹੌਲ ਬਣਾਉਣ ਲਈ ਵਚਨਬੱਧ ਹੈ। ਇਸ ਦੇ ਨਾਲ ਹੀ ਪ੍ਰਬੰਧਕਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਘਟਨਾ ਵਿੱਚ ਸ਼ਾਮਲ ਮੁਲਾਜ਼ਮ ਨੂੰ ਨੌਕਰੀ ਤੋਂ ਨਹੀਂ ਕੱਢਿਆ ਗਿਆ ਹੈ ਅਤੇ ਉਹ ਆਪਣੇ ਸਟਾਫ਼ ਦੇ ਨਾਲ ਖੜ੍ਹੇ ਹਨ।

### ਕੈਨੇਡਾ ਦੀ ਸੁਪਰੀਮ ਕੋਰਟ ਦਾ 2006 ਦਾ ਇਤਿਹਾਸਕ ਫੈਸਲਾ

ਇਸ ਮਾਮਲੇ ਦੇ ਤੂਲ ਫੜਨ ਨਾਲ ਕੈਨੇਡਾ ਦੀ ਸੁਪਰੀਮ ਕੋਰਟ ਦੇ 2006 ਦੇ ਪ੍ਰਸਿੱਧ ਫੈਸਲੇ ਦਾ ਜ਼ਿਕਰ ਮੁੜ ਜ਼ੋਰ-ਸ਼ੋਰ ਨਾਲ ਹੋਣ ਲੱਗਾ ਹੈ। ਸੁਪਰੀਮ ਕੋਰਟ ਨੇ ਆਪਣੇ ਇਤਿਹਾਸਕ ਫੈਸਲੇ ਵਿੱਚ ਸਪੱਸ਼ਟ ਨਿਰਣਾ ਦਿੱਤਾ ਸੀ ਕਿ ਕਿਰਪਾਨ ਨੂੰ ਹਥਿਆਰ ਵਜੋਂ ਨਹੀਂ, ਸਗੋਂ ਸਿੱਖਾਂ ਦੇ ਇੱਕ ਪਵਿੱਤਰ ਧਾਰਮਿਕ ਚਿੰਨ੍ਹ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਅਦਾਲਤ ਅਨੁਸਾਰ ਕਿਰਪਾਨ ’ਤੇ ਮੁਕੰਮਲ ਪਾਬੰਦੀ ਲਗਾਉਣਾ ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਅਧੀਨ ਮਿਲੇ ਧਾਰਮਿਕ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਦਾ ਉਲੰਘਣ ਹੈ।

ਅਦਾਲਤੀ ਫੈਸਲੇ ਵਿੱਚ ਇਹ ਵੀ ਨੋਟ ਕੀਤਾ ਗਿਆ ਸੀ ਕਿ ਸਿੱਖਾਂ ਵੱਲੋਂ ਕੈਨੇਡਾ ਵਿੱਚ ਸੌ ਸਾਲ ਤੋਂ ਵੱਧ ਸਮੇਂ ਤੋਂ ਕਿਰਪਾਨ ਧਾਰਨ ਕੀਤੀ ਜਾ ਰਹੀ ਹੈ ਅਤੇ ਸਕੂਲਾਂ ਜਾਂ ਜਨਤਕ ਥਾਵਾਂ ’ਤੇ ਇਸ ਨਾਲ ਕਿਸੇ ਹਿੰਸਕ ਘਟਨਾ ਦਾ ਸਾਹਮਣੇ ਨਾ ਆਉਣਾ ਇਸ ਦੇ ਸ਼ਾਂਤਮਈ ਮਨੋਰਥ ਨੂੰ ਦਰਸਾਉਂਦਾ ਹੈ।

### ਮੀਡੀਆ ਰਿਪੋਰਟਿੰਗ ਅਤੇ ਸੁਰੱਖਿਆ ਬਨਾਮ ਧਾਰਮਿਕ ਅਧਿਕਾਰਾਂ ਦੀ ਬਹਿਸ

ਤਾਜ਼ਾ ਘਟਨਾ ਤੋਂ ਬਾਅਦ ਕੁਝ ਮੀਡੀਆ ਅਦਾਰਿਆਂ, ਜਿਵੇਂ ਕਿ ‘ਜੂਨੋ ਨਿਊਜ਼’ ਦੇ ਪੱਤਰਕਾਰ ਕਲੇਟਨ ਡਿਮੇਨ ਵੱਲੋਂ ਇਸ ਮੁੱਦੇ ’ਤੇ ਚਰਚਾ ਨੂੰ ਹੋਰ ਹਵਾ ਦਿੱਤੀ ਗਈ। ਵਿਰੋਧੀ ਤਰਕ ਦੇਣ ਵਾਲੇ ਹਲਕਿਆਂ ਵੱਲੋਂ ਕਿਰਪਾਨ ਦੀ ਵਰਤੋਂ ਨਾਲ ਜੁੜੀਆਂ ਕੁਝ ਇਤਿਹਾਸਕ ਘਟਨਾਵਾਂ ਦਾ ਹਵਾਲਾ ਦੇ ਕੇ ਜਿਮ ਵਰਗੀਆਂ ਥਾਵਾਂ ’ਤੇ ਸੁਰੱਖਿਆ ਚਿੰਤਾਵਾਂ ਉਠਾਉਣ ਦੀ ਕੋਸ਼ਿਸ਼ ਕੀਤੀ ਗਈ।

ਦੂਜੇ ਪਾਸੇ, ਮਨੁੱਖੀ ਅਧਿਕਾਰ ਮਾਹਿਰਾਂ ਅਤੇ ਓਨਟਾਰੀਓ ਹਿਊਮਨ ਰਾਈਟਸ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਨਿੱਜੀ ਅਦਾਰਿਆਂ ਅਤੇ ਸੰਸਥਾਵਾਂ ਦੀ ਇਹ ਕਾਨੂੰਨੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਧਾਰਮਿਕ ਚਿੰਨ੍ਹਾਂ ਲਈ ਢੁਕਵਾਂ ਸਮਝੌਤਾ ਲੱਭਣ-ਜਿਵੇਂ ਕਿ ਕਿਰਪਾਨ ਨੂੰ ਕੱਪੜਿਆਂ ਦੇ ਅੰਦਰ ਢੱਕ ਕੇ ਰੱਖਣ ਦੀ ਇਜਾਜ਼ਤ ਦੇਣਾ। ਇਹ ਪੂਰਾ ਮਾਮਲਾ ਸਿਰਫ਼ ਇੱਕ ਜਿਮ ਦੀ ਬਹਿਸ ਤੱਕ ਸੀਮਤ ਨਹੀਂ, ਸਗੋਂ ਕੈਨੇਡਾ ਦੇ ਬਹੁ-ਸੱਭਿਆਚਾਰਕ ਸਿਧਾਂਤਾਂ ਲਈ ਇੱਕ ਵੱਡਾ ਇਮਤਿਹਾਨ ਹੈ।

ਪ੍ਰਸਿਧ ਚਿੰਤਕ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਅਦਾਲਤਾਂ ਅਤੇ ਸੰਵਿਧਾਨ ਨੇ ਭਾਵੇਂ ਸਾਲਾਂ ਪਹਿਲਾਂ ਧਾਰਮਿਕ ਕਕਾਰਾਂ ਦੀ ਹੋਂਦ ਨੂੰ ਪ੍ਰਵਾਨਗੀ ਦੇ ਦਿੱਤੀ ਸੀ, ਪਰ ਜ਼ਮੀਨੀ ਪੱਧਰ ’ਤੇ ਆਮ ਲੋਕਾਂ ਅਤੇ ਨਿੱਜੀ ਅਦਾਰਿਆਂ ਦੇ ਮੁਲਾਜ਼ਮਾਂ ਵਿੱਚ ਜਾਣਕਾਰੀ ਦਾ ਵੱਡਾ ਘਾਟਾ ਅਜੇ ਵੀ ਬਰਕਰਾਰ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿਰਫ਼ ਕਾਨੂੰਨ ਬਣਾ ਦੇਣਾ ਹੀ ਕਾਫ਼ੀ ਨਹੀਂ, ਸਗੋਂ ਵੱਖ-ਵੱਖ ਭਾਈਚਾਰਿਆਂ ਦੇ ਧਾਰਮਿਕ ਚਿੰਨ੍ਹਾਂ ਦੀ ਮਹੱਤਤਾ ਅਤੇ ਮਰਿਆਦਾ ਬਾਰੇ ਜਨਤਕ ਥਾਵਾਂ ਦੇ ਅਮਲੇ ਨੂੰ ਨਿਰੰਤਰ ਜਾਗਰੂਕ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ, ਤਾਂ ਜੋ ਸੁਰੱਖਿਆ ਦੇ ਨਾਂ ’ਤੇ ਕਿਸੇ ਦੀ ਆਸਥਾ ਨੂੰ ਠੇਸ ਨਾ ਪੁੱਜੇ।

# ਗਲੋਬਲ ਮੀਡੀਆ ਦੀਆਂ ਨਜ਼ਰਾਂ ਵਿਚ ‘ਜੰਤਰ-ਮੰਤਰ ਪ੍ਰਦਰਸ਼ਨ: ‘ਪ੍ਰਧਾਨ ਮੰਤਰੀ ਮੋਦੀ ਲਈ ਵੱਡੀ ਰਾਜਨੀਤਿਕ ਚੁਣੌਤੀ’

ਦਿੱਲੀ ਦੇ ਜੰਤਰ-ਮੰਤਰ ਤੋਂ ਸ਼ੁਰੂ ਹੋਏ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ‘ਕਾਕਰੋਚ’ ਅੰਦੋਲਨ ਨੇ ਦੇਸ਼ ਦੀ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਲੈ ਆਉਂਦਾ ਹੈ। ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਕੇਵਲ ਇੱਕ ਮੰਤਰੀ ਦਾ ਅਹੁਦਾ ਛੱਡਣਾ ਨਹੀਂ ਹੈ, ਸਗੋਂ ਇਹ ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦੌਰਾਨ ਜਨਤਕ ਦਬਾਅ ਅੱਗੇ ਸੱਤਾ ਦੇ ਝੁਕਣ ਦੀ ਇੱਕ ਵੱਡੀ ਮਿਸਾਲ ਹੈ।

ਰਾਇਟਰਜ਼, ਸੀ. ਐਨ. ਐਨ., ਬੀ.ਬੀ.ਸੀ. ਅਤੇ ‘ਦ ਗਾਰਡੀਅਨ’ ਵਰਗੇ ਵਿਸ਼ਵ ਪ੍ਰਸਿੱਧ ਮੀਡੀਆ ਅਦਾਰਿਆਂ ਨੇ ਇਸ ਵਿਦਿਆਰਥੀ ਅੰਦੋਲਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਇੱਕ ਵੱਡੀ “ਰਾਜਨੀਤਿਕ ਚੁਣੌਤੀ” ਕਰਾਰ ਦਿੱਤਾ ਹੈ। ਅੰਤਰਰਾਸ਼ਟਰੀ ਮੀਡੀਆ ਦਾ ਇਹ ਮੰਨਣਾ ਹੈ ਕਿ ਇਹ ਅੰਦੋਲਨ ਕੇਵਲ ਪ੍ਰੀਖਿਆ ਸੁਧਾਰਾਂ ਤੱਕ ਸੀਮਤ ਨਹੀਂ ਸੀ, ਸਗੋਂ ਇਹ ਭਾਰਤ ਦੀ ਨਵੀਂ ਪੀੜ੍ਹੀ (ਜੈਨ-ਜ਼ੈਡ) ਦੇ ਆਪਣੇ ਭਵਿੱਖ ਨੂੰ ਲੈ ਕੇ ਚਿੰਤਾ ਅਤੇ ਗੁੱਸੇ ਦਾ ਪ੍ਰਤੀਕ ਹੈ।

ਇਸ ਅੰਦੋਲਨ ਨੇ 1970 ਦੇ ਦਹਾਕੇ ਦੇ ‘ਨਵ ਨਿਰਮਾਣ ਅੰਦੋਲਨ’ ਦੀ ਯਾਦ ਤਾਜ਼ਾ ਕਰ ਦਿੱਤੀ ਹੈ, ਜਿਸ ਨੇ ਭਾਰਤੀ ਰਾਜਨੀਤੀ ਦੀ ਦਿਸ਼ਾ ਬਦਲ ਦਿੱਤੀ ਸੀ। ਹੰਝੂ ਗੈਸ, ਲਾਠੀਚਾਰਜ ਅਤੇ ਪੁਲਿਸ ਦੀਆਂ ਕਾਰਵਾਈਆਂ ਦੇ ਬਾਵਜੂਦ ਹਜ਼ਾਰਾਂ ਵਿਦਿਆਰਥੀਆਂ ਦਾ ਸੜਕਾਂ ’ਤੇ ਡਟੇ ਰਹਿਣਾ ਇਹ ਦਰਸਾਉਂਦਾ ਹੈ ਕਿ ਜਦੋਂ ਨੌਜਵਾਨ ਆਪਣੇ ਹੱਕਾਂ ਲਈ ਲਾਮਬੰਦ ਹੁੰਦੇ ਹਨ, ਤਾਂ ਵੱਡੀਆਂ ਤੋਂ ਵੱਡੀਆਂ ਸਰਕਾਰਾਂ ਨੂੰ ਵੀ ਫੈਸਲੇ ਬਦਲਣੇ ਪੈਂਦੇ ਹਨ।

ਹਾਲਾਂਕਿ, ਸਿੱਖਿਆ ਮੰਤਰੀ ਦੇ ਅਸਤੀਫ਼ੇ ਨਾਲ ਹੀ ਸਾਰੇ ਸਵਾਲ ਖ਼ਤਮ ਨਹੀਂ ਹੋ ਜਾਂਦੇ। ਅਸਲ ਚੁਣੌਤੀ ਸਿੱਖਿਆ ਪ੍ਰਣਾਲੀ ਵਿੱਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਉਖਾੜਨਾ, ਪ੍ਰੀਖਿਆਵਾਂ ਦੀ ਪਾਰਦਰਸ਼ਤਾ ਬਹਾਲ ਕਰਨਾ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਪੁਖ਼ਤਾ ਅਵਸਰ ਪੈਦਾ ਕਰਨਾ ਹੈ। ਜੇਕਰ ਸਰਕਾਰ ਕੇਵਲ ਚਿਹਰੇ ਬਦਲ ਕੇ ਮੁੱਦੇ ਨੂੰ ਦਬਾਉਣ ਦੀ ਕੋਸ਼ਿਸ਼ ਕਰੇਗੀ, ਤਾਂ ਨੌਜਵਾਨਾਂ ਦਾ ਇਹ ਅਸੰਤੋਸ਼ ਆਉਣ ਵਾਲੇ ਸਮੇਂ ਵਿੱਚ ਸਰਕਾਰ ਲਈ ਹੋਰ ਵੀ ਵੱਡੀ ਰਾਜਨੀਤਿਕ ਮੁਸੀਬਤ ਬਣ ਸਕਦਾ ਹੈ।

ਜੰਤਰ-ਮੰਤਰ ਦੇ ਇਸ ਪ੍ਰਦਰਸ਼ਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਦੇਸ਼ ਦਾ ਨੌਜਵਾਨ ਹੁਣ ਮੂਕ ਦਰਸ਼ਕ ਬਣ ਕੇ ਆਪਣੇ ਭਵਿੱਖ ਨਾਲ ਖਿਲਵਾੜ ਹੁੰਦਾ ਨਹੀਂ ਦੇਖੇਗਾ। ਲੋਕਤੰਤਰ ਵਿੱਚ ਜਵਾਬਦੇਹੀ ਹੀ ਸਭ ਤੋਂ ਵੱਡੀ ਤਾਕਤ ਹੈ, ਅਤੇ ਜੈਨ -ਜ਼ੀ ਨੇ ਇਹ ਸਾਬਤ ਕਰ ਦਿੱਤਾ ਹੈ।

# ਬਰਤਾਨੀਆਂ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਦੀ ਕੈਬਨਿਟ ਵਿੱਚ ਮਹਿਲਾਵਾਂ ਦੀ ਗਿਣਤੀ ਵੱਧ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਐਂਡੀ ਬਰਨਹਮ ਦੀ ਕੈਬਨਿਟ ਵਿੱਚ ਮਹਿਲਾਵਾਂ ਨੂੰ ਵਧੇਰੇ ਪ੍ਰਤੀਨਿੱਧਤਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਸਰ ਕੀਰ ਸਟਾਰਮਰ ਦੀ ਸਰਕਾਰ ਦੇ ਮੁਕਾਬਲੇ ਬਰਨਹਮ ਦੀ ਮੁੱਖ ਟੀਮ ਵਿੱਚ ਨਿੱਜੀ (ਪ੍ਰਾਈਵੇਟ) ਸਕੂਲਾਂ ਵਿੱਚ ਪੜ੍ਹੇ ਮੰਤਰੀਆਂ ਦੀ ਗਿਣਤੀ ਤਿੰਨ ਗੁਣਾ ਅਤੇ ਆਕਸਫੋਰਡ-ਕੈਂਬਰਿਜ ਦੇ ਗ੍ਰੈਜੁਏਟਾਂ ਦੀ ਗਿਣਤੀ ਲਗਭਗ ਦੁੱਗਣੀ ਹੈ। ਹਾਲਾਂਕਿ, ਉਨ੍ਹਾਂ ਦੀਆਂ ਕੁਝ ਨਿਯੁਕਤੀਆਂ 'ਤੇ ਸਵਾਲ ਖੜ੍ਹੇ ਹੋ ਰਹੇ ਹਨ।**

'ਕਿੰਗ ਆਫ਼ ਦ ਨੌਰਥ' ਵਜੋਂ ਜਾਣੇ ਜਾਂਦੇ ਬਰਨਹਮ ਦੀ ਕੈਬਨਿਟ ਵਿੱਚ 14 ਮੈਂਬਰ ਉੱਤਰੀ ਚੋਣ ਹਲਕਿਆਂ ਤੋਂ ਹਨ, ਜਿਨ੍ਹਾਂ ਵਿੱਚ 'ਮਜ਼ਬੂਤ ਉੱਤਰੀ ਮਹਿਲਾਵਾਂ ਦਾ ਸਮੂਹ' ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਮਿਡਲੈਂਡਜ਼ ਚੋਂ 4, ਲੰਡਨ 'ਚੋਂ 4, ਦੱਖਣੀ ਖੇਤਰ 'ਚੋਂ 2, ਵੇਲਜ਼ 'ਚੋਂ 3 ਅਤੇ ਸਕਾਟਲੈਂਡ ਚੋਂ 1 ਹੈ।

'ਆਮ ਜਨਤਾ ਦੇ ਨੇਤਾ' ਵਜੋਂ ਆਪਣੇ ਆਪ ਨੂੰ ਪੇਸ਼ ਕਰਨ ਦੇ ਬਾਵਜੂਦ, ਬਰਨਹਮ ਦੀ ਕੈਬਨਿਟ ਦੇ ਅੰਕੜੇ ਕੁਝ ਹੋਰ ਹੀ ਕਹਾਣੀ ਦੱਸਦੇ ਹਨ। ਕੈਬਨਿਟ ਦੇ ਲਗਭਗ ਇੱਕ ਚੌਥਾਈ ਮੈਂਬਰਾਂ ਨੇ ਨਿੱਜੀ ਸਕੂਲਾਂ ਤੋਂ ਸਿੱਖਿਆ ਪ੍ਰਾਪਤ ਕੀਤੀ ਹੈ, ਜੋ ਕਿ ਪਿਛਲੀ ਸਰਕਾਰ ਦੇ 8 ਫ਼ੀਸਦੀ ਨਾਲੋਂ ਕਾਫ਼ੀ ਜ਼ਿਆਦਾ ਹੈ।

ਏ ਆਈ ਮੰਤਰੀ ਕਨਿਸ਼ਕ ਨਾਰਾਇਣ ਈਟਨ ਕਾਲਜ ਤੋਂ ਪੜ੍ਹੇ, ਜਿੱਥੇ ਫ਼ੀਸ 65,000 ਪੌਂਡ ਤੱਕ ਹੈ। ਹੈਮਿਸ਼ ਫਾਲਕਨਰ (ਅੰਤਰ-ਸਰਕਾਰੀ ਅਤੇ ਯੂਰਪੀਅਨ ਸਬੰਧ ਮੰਤਰੀ) ਵੈਸਟਮਿੰਸਟਰ ਸਕੂਲ ਤੋਂ ਪੜ੍ਹੇ, ਜਿੱਥੇ ਫ਼ੀਸ 63,000 ਪੌਂਡ ਤੱਕ ਹੈ। ਇਸੇ ਤਰ੍ਹਾਂ ਸਰ ਕ੍ਰਿਸ ਬ੍ਰਾਇੰਟ (ਉੱਤਰੀ ਆਇਰਲੈਂਡ ਮੰਤਰੀ) ਚੇਲਟਨਹੈਮ ਕਾਲਜ ਤੋਂ ਪੜ੍ਹੇ, ਜਿੱਥੇ ਫ਼ੀਸ 60,000 ਪੌਂਡ ਤੱਕ ਹੈ। ਡਗਲਸ ਅਲੈਗਜ਼ੈਂਡਰ (ਸਕਾਟਿਸ਼ ਮੰਤਰੀ) ਕੈਨੇਡਾ ਦੇ ਪੀਅਰਸਨ ਕਾਲਜ ਤੋਂ ਪੜ੍ਹੇ, ਜਿਸ ਦੀ ਫ਼ੀਸ 39,000 ਪੌਂਡ ਹੈ।



ਹਾਲਾਂਕਿ, ਕੈਬਨਿਟ ਦੇ 41 ਫ਼ੀਸਦੀ ਮੈਂਬਰਾਂ ਨੇ ਉੱਤਰੀ ਖੇਤਰ ਵਿੱਚ ਸਿੱਖਿਆ ਪ੍ਰਾਪਤ ਕੀਤੀ ਹੈ। ਹਾਇਰ ਐਜੂਕੇਸ਼ਨ ਪਾਲਿਸੀ ਇੰਸਟੀਚਿਊਟ ਅਨੁਸਾਰ, 54 ਫ਼ੀਸਦੀ ਤੋਂ ਵੱਧ ਮੰਤਰੀ ਆਕਸਫੋਰਡ ਜਾਂ ਕੈਂਬਰਿਜ ਤੋਂ ਪੜ੍ਹੇ ਹਨ, ਜਦਕਿ ਸਰ ਕੀਰ ਦੀ ਕੈਬਨਿਟ ਵਿੱਚ ਇਹ ਅੰਕੜਾ 29 ਫ਼ੀਸਦੀ ਸੀ।


ਪ੍ਰਧਾਨ ਮੰਤਰੀ ਬਰਨਹਮ ਦੀ ਕੈਬਨਿਟ ਵਿੱਚ ਔਰਤਾਂ ਦੀ ਗਿਣਤੀ ਵਧੇਰੇ ਹੈ, ਪਰ ਵੱਡੇ ਅਹੁਦਿਆਂ 'ਤੇ ਘੱਟ ਹਨ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਹੁਣ ਮੁੱਖ ਚਾਰ ਅਹੁਦਿਆਂ 'ਤੇ ਕਾਬਜ਼ ਇਕਲੌਤੀ ਮਹਿਲਾ ਹੈ।

ਇਸ ਤੋਂ ਇਲਾਵਾ ਬਰਨਹਮ ਨੂੰ ਕੁਝ ਵਿਵਾਦਪੂਰਨ ਨਿਯੁਕਤੀਆਂ ਕਾਰਨ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਹਨਾਂ ਵਿੱਚ 'ਫ਼ਸਟ ਸੈਕਟਰੀ ਆਫ਼ ਸਟੇਟ' ਬਣਾਈ ਗਈ ਲੁਈਸ ਹੈਗ ਧੋਖਾਧੜੀ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਦੇ ਬਾਵਜੂਦ ਮੰਤਰੀ ਮੰਡਲ ਵਿੱਚ ਸ਼ਾਮਿਲ ਹੈ। ਘਰਾਂ ਬਾਰੇ ਮੰਤਰੀ ਐਂਜਲਾ ਰੇਨਰ ਨੂੰ 800,000 ਪੌਂਡ ਦੇ ਫਲੈਟ 'ਤੇ 40,000 ਪੌਂਡ ਦੀ ਸਟੈਂਪ ਡਿਊਟੀ ਨਾ ਭਰਨ ਦੇ ਵਿਵਾਦ ਤੋਂ ਬਾਅਦ ਅਸਤੀਫ਼ਾ ਦੇਣਾ ਪਿਆ ਸੀ, ਪਰ ਹੁਣ ਮੁੜ ਹਾਊਸਿੰਗ ਮੰਤਰੀ ਬਣਾਇਆ ਗਿਆ।

ਕਾਰੋਬਾਰੀ ਮੰਤਰੀ ਜੋਨਾਥਨ ਰੇਨੋਲਡਜ਼ ਨੂੰ ਐਮ.ਪੀ. ਬਣਨ ਤੋਂ ਪਹਿਲਾਂ ਵਕੀਲ ਵਜੋਂ ਕੰਮ ਕਰਨ ਬਾਰੇ ਝੂਠ ਬੋਲਣ ਲਈ ਪਿਛਲੇ ਸਾਲ ਮਾਫ਼ੀ ਮੰਗੀ ਸੀ। ਸਿੱਖਿਆ ਮੰਤਰੀ ਲੂਸੀ ਪੋਵਲ ਪਿਛਲੇ ਸਾਲ 'ਗ੍ਰੂਮਿੰਗ ਗੈਂਗ' ਘੋਟਾਲੇ ਨੂੰ ਇੱਕ ਸਿਆਸੀ ਹਥਿਆਰ ਕਹਿ ਕੇ ਖਾਰਜ ਕਰਨ ਕਾਰਨ ਵਿਵਾਦਾਂ ਵਿੱਚ ਰਹੇ ਸਨ।

ਪ੍ਰਧਾਨ ਮੰਤਰੀ ਬਰਨਹਮ ਦੀ ਕੈਬਨਿਟ ਨੂੰ ਲੈ ਕੇ ਲੋਕਾਂ ਵੱਲੋਂ ਰਲਵਾਂ ਮਿਲਵਾਂ ਹੁੰਗਾਰਾ ਦਿੱਤਾ ਗਿਆ ਹੈ। ਪਰ ਉਹਨਾਂ ਵੱਲੋਂ ਲਏ ਗਏ ਕੁਝ ਤੁਰੰਤ ਪ੍ਰਭਾਵ ਨਾਲ ਫੈਸਲੇ ਇੱਕ ਵਾਰ ਲੋਕਾਂ ਨੂੰ ਆਪਣੇ ਵੱਲ ਅਕ੍ਰਸ਼ਿਤ ਜਰੂਰ ਕਰ ਰਹੇ ਹਨ।

# ਬਰਤਾਨੀਆਂ ਦੇ ਪ੍ਰਧਾਨ ਮੰਤਰੀ ਐਂਡੀ ਬਰਨਹਮ ਵੱਲੋਂ ਬੱਸ ਕਿਰਾਇਆ 2 ਪੌਂਡ ਤੈਅ ਕਰਨ ਦਾ ਐਲਾਨ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੇ ਦੇਸ਼ ਭਰ ਵਿੱਚ ਸਿੰਗਲ ਬੱਸ ਕਿਰਾਏ ਦੀ ਵੱਧ ਤੋਂ ਵੱਧ ਸੀਮਾ 2 ਪੌਂਡ ਤੈਅ ਕਰਨ ਦਾ ਐਲਾਨ ਕੀਤਾ ਹੈ। ਇਹ ਨਵੀਂ ਦਰ ਜਨਵਰੀ ਤੋਂ ਲਾਗੂ ਹੋਵੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਕਦਮ ਨਾਲ ਆਮ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਮਿਲੇਗੀ ਅਤੇ ਉਨ੍ਹਾਂ ਦੀਆਂ ਜੇਬਾਂ ਵਿੱਚ ਪੈਸੇ ਦੀ ਬਚਤ ਹੋਵੇਗੀ।

ਮੰਗਲਵਾਰ ਨੂੰ ਆਪਣੀ ਪਹਿਲੀ ਕੈਬਨਿਟ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨੇ ਦੇਸ਼ ਵਿੱਚ "ਮਹਿੰਗਾਈ ਰਾਹਤ ਸਰਕਾਰ" ਚਲਾਉਣ ਦਾ ਵਾਅਦਾ ਕੀਤਾ ਸੀ। ਫ਼ਿਲਹਾਲ ਪੂਰੇ ਇੰਗਲੈਂਡ ਵਿੱਚ ਬੱਸ ਕਿਰਾਏ ਦੀ ਉਪਰਲੀ ਸੀਮਾ 3 ਪੌਂਡ ਹੈ, ਹਾਲਾਂਕਿ ਲੰਡਨ ਅਤੇ ਗ੍ਰੇਟਰ ਮਾਨਚੈਸਟਰ ਵਰਗੇ ਕੁੱਝ ਇਲਾਕਿਆਂ ਵਿੱਚ ਕਿਰਾਇਆ ਪਹਿਲਾਂ ਹੀ ਘੱਟ ਹੈ, ਜਿੱਥੇ ਬਰਨਹਮ ਨੇ ਮੇਅਰ ਹੁੰਦਿਆਂ 2 ਪੌਂਡ ਦੀ ਹੱਦ ਲਾਗੂ ਕੀਤੀ ਸੀ। ਹੁਣ ਇਹ 2 ਪੌਂਡ ਦੀ ਹੱਦ ਪੂਰੇ 2027 ਤੱਕ ਲਾਗੂ ਰਹੇਗੀ।

ਐਂਡੀ ਬਰਨਹਮ ਨੇ ਕਿਹਾ ਕਿ ਜਨਤਾ ਦੀ ਸਭ ਤੋਂ ਵੱਡੀ ਮੰਗ ਮਹਿੰਗਾਈ ਦੇ ਬੋਝ ਨੂੰ ਘੱਟ ਕਰਨਾ ਹੈ ਅਤੇ ਮੈਂ ਉਹੀ ਕਰ ਰਿਹਾ ਹਾਂ। ਵਿਰੋਧੀਆਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਮੈਂ ਇਹ ਪਹਿਲਾਂ ਵੀ ਕਰ ਕੇ ਦਿਖਾਇਆ ਹੈ ਅਤੇ ਹੁਣ ਦੁਬਾਰਾ ਦੇਸ਼ ਦੇ ਲੱਖਾਂ ਲੋਕਾਂ ਲਈ 2 ਪੌਂਡ ਦੀ ਬੱਸ ਕਿਰਾਇਆ ਸੀਮਾ ਲਾਗੂ ਕਰ ਰਿਹਾ ਹਾਂ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਇਸ ਨਵੀਂ ਯੋਜਨਾ ਲਈ ਉਨ੍ਹਾਂ ਦੇ ਪਹਿਲੇ ਬਜਟ ਵਿੱਚ ਕੋਈ ਟੈਕਸ ਨਹੀਂ ਵਧਾਇਆ ਜਾਵੇਗਾ।

ਟਰਾਂਸਪੋਰਟ ਮੰਤਰੀ ਹਾਈਡੀ ਅਲੈਗਜ਼ੈਂਡਰ ਨੇ ਦੱਸਿਆ ਕਿ ਇਹ ਯੋਜਨਾ ਪੂਰੀ ਤਰ੍ਹਾਂ ਫੰਡਿਡ ਹੈ ਅਤੇ ਇਸ ਨਾਲ ਕਾਰਾਂ ਤੋਂ ਬਿਨਾਂ ਸਫ਼ਰ ਕਰਨ ਵਾਲੇ ਲੱਖਾਂ ਲੋਕਾਂ ਨੂੰ ਵੱਡਾ ਫਾਇਦਾ ਹੋਵੇਗਾ। ਇਸ ਯੋਜਨਾ ਦੀ ਕੁੱਲ ਲਾਗਤ 500 ਮਿਲੀਅਨ ਪੌਂਡ ਤੋਂ ਵੱਧ ਹੈ। ਇਸ ਵਿੱਚੋਂ 454 ਮਿਲੀਅਨ ਪੌਂਡ ਦਾ ਵਿਸ਼ੇਸ਼ ਬਜਟ ਰੱਖਿਆ ਗਿਆ ਹੈ, ਜਿਸ ਵਿੱਚ ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਦੀਆਂ ਖੇਤਰੀ ਸਰਕਾਰਾਂ ਲਈ ਵੀ ਹਿੱਸਾ ਸ਼ਾਮਲ ਹੈ। ਅੰਤਰਰਾਸ਼ਟਰੀ ਜਲਵਾਯੂ ਫੰਡਿੰਗ ਦੀਆਂ ਨਿਵੇਸ਼ ਯੋਜਨਾਵਾਂ ਨੂੰ ਕਰਜ਼ਿਆਂ ਵਿੱਚ ਤਬਦੀਲ ਕਰਕੇ ਅਤੇ ਬਾਕੀ ਰਕਮ ਉਰਜਾ ਵਿਭਾਗ ਦੇ ਬਜਟ ਵਿੱਚੋਂ ਬਚਾ ਕੇ ਜੁਟਾਈ ਜਾਵੇਗੀ।

ਖਜ਼ਾਨਾ ਮੰਤਰੀ ਜੌਹਨ ਹੀਲੀ ਨੇ ਕਿਹਾ ਕਿ ਕਿਰਾਇਆ ਇੱਕ ਤਿਹਾਈ ਘਟਣ ਨਾਲ ਆਮ ਨਾਗਰਿਕਾਂ 'ਤੇ ਕੋਈ ਵਾਧੂ ਟੈਕਸ ਬੋਝ ਨਹੀਂ ਪਵੇਗਾ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਬਰਨਹਮ 1 ਅਕਤੂਬਰ ਤੋਂ ਘਰੇਲੂ ਬਿਜਲੀ ਬਿੱਲਾਂ ਤੋਂ 5% ਵੈਟ ਖ਼ਤਮ ਕਰਨ ਦਾ ਐਲਾਨ ਕੀਤਾ ਸੀ, ਜੋ ਮਾਰਚ ਤੱਕ ਲਾਗੂ ਰਹੇਗਾ। ਇਸ ਨਾਲ ਦੇਸ਼ ਦੇ ਲਗਭਗ 2.9 ਕਰੋੜ ਪਰਿਵਾਰਾਂ ਨੂੰ ਸਾਲਾਨਾ ਬਿਜਲੀ ਬਿੱਲ ਵਿੱਚ ਲਗਭਗ 45 ਪੌਂਡ ਦੀ ਰਾਹਤ ਮਿਲੇਗੀ।

# ਲੰਡਨ ਵਿੱਚ ਭਾਰਤੀ ਵਿਦਿਆਰਥੀਆਂ ਦੇ ਹੱਕ ਵਿੱਚ ਪ੍ਰਦਰਸ਼ਨ




ਲੰਡਨ ਵਿੱਚ ਪ੍ਰਦਰਸ਼ਨ ਕਰਦੇ ਹੋਏ ਭਾਰਤੀ ਨੌਜਵਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਭਾਰਤੀ ਵਿਦਿਆਰਥੀਆਂ ਦੇ ਹੱਕ ਵਿੱਚ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਯੂ ਕੇ ਵੱਲੋਂ ਭਾਰਤੀ ਵਿਦਿਆਰਥੀਆਂ ਅਤੇ ਹੋਰ ਹਮਖਿਆਲੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ ਭਾਵੇਂ ਦਿੱਲੀ ਦੇ ਜੰਤਰ-ਮੰਤਰ ਵਿਖੇ ਉਹਨਾਂ ਵਿਦਿਆਰਥੀਆਂ ਦੇ ਹੱਕ ਵਿੱਚ ਉਲੀਕਿਆ ਗਿਆ ਸੀ ਜਿਸ ਨੂੰ ਲੈ ਕੇ ਭਾਰਤ ਦੇ ਸਿੱਖਿਆ ਮੰਤਰੀ ਨੂੰ ਅਸਤੀਫਾ ਦੇਣਾ ਪਿਆ ਸੀ। ਇਸ ਪ੍ਰਦਰਸ਼ਨ ਵਿੱਚ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਕਾਰਕੁਨਾਂ ਨੇ ਉਚੇਚੇ ਤੌਰ ਤੇ ਹਿੱਸਾ ਲਿਆ। ਅਜੀਤ ਨਾਲ ਗੱਲ ਕਰਦਿਆਂ ਹਰਸੇਵ ਬੈਂਸ ਨੇ ਕਿਹਾ ਕਿ ਨੌਜਵਾਨ ਅਤੇ ਖਾਸ ਤੌਰ ਤੇ ਵਿਦਿਆਰਥੀ ਦੇਸ਼ ਦਾ ਭਵਿੱਖ ਹੁੰਦੇ ਹਨ, ਪਰ ਪਤਾ ਨਹੀਂ ਕਿਉਂ ਭਾਰਤ ਦੀ ਸਰਕਾਰ ਨੇ ਵਿਦਿਆਰਥੀਆਂ ਦੀ ਗੱਲ ਸੁਣਨ ਲਈ ਜਾਂ ਮੰਨਣ ਲਈ ਕਈ ਹਫ਼ਤਿਆਂ ਤੱਕ ਸੰਘਰਸ਼ ਕਰਨ ਲਈ ਮਜਬੂਰ ਕੀਤਾ। ਉਹਨਾਂ ਕਿਹਾ ਕਿ ਅੱਜ ਲੰਡਨ ਵਿੱਚ ਅਸੀਂ ਵਿਦਿਆਰਥੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰ ਰਹੇ ਹਾਂ ਜੋ ਭਾਰਤ ਵਿੱਚ ਨਿਆਂ, ਪਾਰਦਰਸ਼ਤਾ, ਜਵਾਬਦੇਹੀ ਅਤੇ ਸਿੱਖਿਆ ਪ੍ਰਣਾਲੀ ਵਿੱਚ ਅਰਥਪੂਰਨ ਸੁਧਾਰਾਂ ਦੀ ਮੰਗ ਕਰ ਰਹੇ ਹਨ। ਉਹਨਾਂ 21 ਨੌਜਵਾਨਾਂ ਲਈ ਇਨਸਾਫ ਮੰਗ ਰਹੇ ਹਾਂ ਜਿਹਨਾਂ ਦੀਆਂ ਜਾਨਾਂ ਚਲੀਆਂ ਗਈਆਂ।ਇਹ ਪ੍ਰਦਰਸ਼ਨ ਟਰਾਫ਼ਲਗਰ ਸੁਕੇਅਰ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਵਿਦਿਆਰਥੀਆਂ ਅਤੇ ਉਹਨਾਂ ਦੇ ਹਮਖਿਆਲੀ ਅਤੇ ਇਨਸਾਫ ਪਸੰਦ ਲੋਕਾਂ ਵੱਲੋਂ ਕੀਤਾ ਗਿਆ। ਇਸ ਮੁਹਿੰਮ ਨੂੰ ਪ੍ਰਵਾਸੀ ਭਾਰਤੀ ਭਾਈਚਾਰੇ, ਟਰੇਡ ਯੂਨੀਅਨਾਂ, ਵਿਦਿਆਰਥੀ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਸਮਰਥਨ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਆਪਣੇ ਹੱਥਾਂ ਵਿੱਚ ਸਰਕਾਰੀ ਨੀਤੀਆਂ ਵਿਰੁੱਧ ਰੋਸ ਪ੍ਰਗਟ ਕਰਦੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ।

ਦੂਜੇ ਪਾਸੇ ਪ੍ਰਦਰਸ਼ਨਕਾਰੀ ਭਾਰਤ ਦੇ ਸਾਬਕਾ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਨੂੰ ਨੌਜਵਾਨਾਂ ਦੀ ਵੱਡੀ ਜਿੱਤ ਮੰਨ ਰਹੇ ਹਨ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਨੌਜਵਾਨ ਦੇਸ਼ ਦਾ ਭਵਿੱਖ ਹਨ ਉਹਨਾਂ ਨੂੰ ਚੰਗੀ ਵਿੱਦਿਆ ਦੇ ਮੌਕੇ ਦੇਣਾ, ਰੁਜ਼ਗਾਰ ਦੇਣਾ ਅਤੇ ਨੀਟ ਵਰਗੀਆਂ ਪ੍ਰੀਖਿਆਵਾਂ ਪਾਰਦਰਸ਼ੀ ਢੰਗ ਨਾਲ ਕਰਵਾਉਣੀਆਂ ਸਰਕਾਰਾਂ ਦਾ ਫਰਜ਼ ਬਣਦਾ ਹੈ। ਹਰਸੇਵ ਬੈਂਸ ਨੇ ਦੱਸਿਆ ਕਿ ਇਸ ਮੌਕੇ ਲੇਬਰ ਪਾਰਟੀ ਦੇ ਸਾਬਕਾ ਨੇਤਾ ਜੈਰਮੀ ਕੌਰਬਿਨ ਦਾ ਸੁਨੇਹਾ ਵੀ ਪੜ੍ਹ ਕੇ ਸੁਣਾਇਆ ਗਿਆ।

# ਹਰਸਿਮਰਤ ਕੌਰ ਬਾਦਲ ਵੱਲੋਂ 'ਆਪ' ਸਰਕਾਰ 'ਤੇ ਪੇਪਰ ਲੀਕ ਮਾਮਲੇ ਵਿਚ ਪਰਦਾ ਪਾਉਣ ਦਾ ਦੋਸ਼



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਨੇ ਕਿਹਾ ਹੈ ਕਿ 'ਆਪ' ਸਰਕਾਰ ਫਾਰਮੇਸੀ ਅਫਸਰਾਂ ਦੀ ਭਰਤੀ ਪ੍ਰੀਖਿਆ ਦੇ ਪੇਪਰ ਲੀਕ ਮਾਮਲੇ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਐਫ.ਆਈ.ਆਰ. ਦੀ ਕਾਪੀ ਜਾਰੀ ਕਰਦਿਆਂ ਕਿਹਾ ਕਿ ਸਰਕਾਰ 'ਸਕੈਨਰ ਪੈਨ' ਦੀ ਗੱਲ ਕਰ ਰਹੀ ਹੈ, ਜਦਕਿ ਐਫ.ਆਈ.ਆਰ. ਵਿੱਚ ਸਿਰਫ਼ ਹੈੱਡਫੋਨ ਅਤੇ ਬਲੂਟੁੱਥ ਯੰਤਰਾਂ ਦਾ ਜ਼ਿਕਰ ਹੈ।

7,000 ਪ੍ਰੀਖਿਆਰਥੀਆਂ ਨੂੰ ਇਨਸਾਫ਼ ਦਿਵਾਉਣ ਲਈ ਮਾਮਲੇ ਦੀ ਜਾਂਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹੁਣ ਤੱਕ ਨਾਇਬ ਤਹਿਸੀਲਦਾਰ, ਟੀਈਟੀ, ਅਤੇ 12ਵੀਂ ਜਮਾਤ ਦੀ ਅੰਗਰੇਜ਼ੀ ਸਮੇਤ 6 ਪੇਪਰ ਲੀਕ ਹੋ ਚੁੱਕੇ ਹਨ, ਜਿਸ ਨਾਲ ਲਗਭਗ 5 ਲੱਖ ਵਿਦਿਆਰਥੀ ਪ੍ਰਭਾਵਿਤ ਹੋਏ ਹਨ। ਨਿਰਪੱਖ ਜਾਂਚ ਦੇ ਨਾਲ-ਨਾਲ ਦੋਸ਼ੀਆਂ 'ਤੇ ਕਾਰਵਾਈ ਕਰਨ ਅਤੇ ਸਬੰਧਤ ਜਵਾਬਦੇਹ ਮੰਤਰੀਆਂ ਨੂੰ ਅਹੁਦਿਆਂ ਤੋਂ ਹਟਾਉਣ ਦੀ ਮੰਗ ਕੀਤੀ ਗਈ ਹੈ।

# ਸੰਗਰੂਰ ਭਾਜਪਾ ਦਫ਼ਤਰ 'ਤੇ ਪੈਟਰੋਲ ਬੰਬ ਹਮਲਾ: ਕੇਵਲ ਢਿੱਲੋਂ ਵੱਲੋਂ 'ਆਪ' ਸਰਕਾਰ 'ਤੇ ਨਿਸ਼ਾਨਾ



ਸੰਗਰੂਰ-ਬੀਤੇ ਦਿਨੀਂ ਸੰਗਰੂਰ ਵਿੱਚ ਭਾਰਤੀ ਜਨਤਾ ਪਾਰਟੀ ਦੇ ਦਫ਼ਤਰ ਅਤੇ ਪਟਿਆਲਾ ਵਿੱਚ ਇੱਕ ਘਰ 'ਤੇ ਪੈਟਰੋਲ ਬੰਬ ਨਾਲ ਹਮਲਾ ਹੋਇਆ ਸੀ। ਭਾਜਪਾ ਦੇ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ ਸੂਬੇ ਵਿੱਚ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ ਅਤੇ ਲੋਕ ਆਪਣੇ ਘਰਾਂ ਵਿੱਚ ਵੀ ਅਸੁਰੱਖਿਅਤ ਹਨ।

ਢਿੱਲੋਂ ਨੇ ਘੇਰਦਿਆਂ ਕਿਹਾ ਕਿ ਮੁੱਖ ਮੰਤਰੀ/ਗ੍ਰਹਿ ਮੰਤਰੀ ਦੇ ਆਪਣੇ ਗ੍ਰਹਿ ਜ਼ਿਲ੍ਹੇ (ਸੰਗਰੂਰ) ਵਿੱਚ ਅਜਿਹੀ ਘਟਨਾ ਵਾਪਰਨਾ ਦਰਸਾਉਂਦਾ ਹੈ ਕਿ ਅਪਰਾਧੀਆਂ ਦੇ ਮਨਾਂ ਵਿੱਚੋਂ ਪੁਲਿਸ ਦਾ ਡਰ ਖ਼ਤਮ ਹੋ ਚੁੱਕਾ ਹੈ।

# ਲੁਟੇਰੇ ਵੀ ਹੋਏ 'ਹਾਈਟੈਕ': ਡਾਕਟਰ ਦੇ ਘਰ ਲੁੱਟ ਲਈ ਬਣਾਇਆ ਵਟਸਐਪ ਗਰੁੱਪ; ਨੂੰਹ ਹੀ ਨਿਕਲੀ ਮਾਸਟਰਮਾਈਂਡ



ਜਲੰਧਰ-ਜਗਰਾਓਂ ਵਿੱਚ ਡਾ. ਵਿਜੇ ਕੁਮਾਰ ਚੋਪੜਾ ਦੇ ਘਰ ਹੋਈ ਲੁੱਟ ਦੀ ਵਾਰਦਾਤ ਦੀ ਮਾਸਟਰਮਾਈਂਡ ਉਨ੍ਹਾਂ ਦੀ ਆਪਣੀ ਨੂੰਹ ਹੀ ਨਿਕਲੀ। ਉਸ ਨੇ ਇੱਕ ਨੌਜਵਾਨ ਅਤੇ ਪਹਿਲਾਂ ਤੋਂ ਅਪਰਾਧਿਕ ਮਾਮਲਿਆਂ ਵਿੱਚ ਨਾਮਜ਼ਦ ਪਵਨਪ੍ਰੀਤ ਕੌਰ ਨਾਲ ਮਿਲ ਕੇ ਇਸ ਲੁੱਟ ਦੀ ਸਾਜ਼ਿਸ਼ ਰਚੀ। ਲੁਟੇਰਿਆਂ ਨੇ ਵਾਰਦਾਤ ਦੀ ਯੋਜਨਾ ਬਣਾਉਣ ਲਈ ਇੱਕ 'ਵਟਸਐਪ ਗਰੁੱਪ' ਬਣਾਇਆ ਸੀ, ਜੋ ਹੁਣ ਪੁਲਿਸ ਲਈ ਅਦਾਲਤ ਵਿੱਚ ਸਜ਼ਾ ਦਿਵਾਉਣ ਦਾ ਵੱਡਾ ਸਬੂਤ ਬਣ ਗਿਆ ਹੈ। ਯੋਜਨਾ ਤਹਿਤ ਪਵਨਪ੍ਰੀਤ ਦੀ ਮਾਂ ਨੇ ਮਰੀਜ਼ ਬਣ ਕੇ ਘਰ ਦੀ ਰੇਕੀ ਕੀਤੀ ਅਤੇ ਪਿਤਾ ਨੇ ਭੱਜਣ ਵਿੱਚ ਮਦਦ ਕੀਤੀ। ਨੂੰਹ ਨੇ ਗੈਂਗ ਨੂੰ ਘਰ ਵਿੱਚ ਕਰੋੜਾਂ ਰੁਪਏ ਅਤੇ ਗਹਿਣੇ ਹੋਣ ਦਾ ਝਾਂਸਾ ਦਿੱਤਾ ਸੀ, ਪਰ ਲੁਟੇਰਿਆਂ ਦੇ ਹੱਥ ਸਿਰਫ਼ ਡੇਢ ਤੋਂ ਦੋ ਲੱਖ ਰੁਪਏ ਹੀ ਲੱਗੇ।

# ਸੂਰਜਪੁਰ ਵਿਚ ਲੜਕੀ ਦਾ ਗਲ਼ਾ ਵੱਢ ਕੇ ਕਤਲ

## ○ ਮ੍ਰਿਤਕਾ ਨੇ ਮਰਨ ਤੋਂ ਪਹਿਲਾਂ ਮੋਬਾਈਲ 'ਤੇ ਖੋਲ੍ਹਿਆ ਕਾਤਲ ਦਾ ਰਾਜ਼



ਛੱਤੀਸਗੜ੍ਹ-ਸੂਰਜਪੁਰ ਵਿੱਚ 20 ਸਾਲਾ ਘਰੇਲੂ ਨੌਕਰਾਣੀ ਰਾਧਿਕਾ ਰਾਜਵਾੜੇ ਦਾ ਉਸ ਦੇ ਬੁਆਏਫ੍ਰੈਂਡ ਰਿਤੇਸ਼ ਰਾਜਵਾੜੇ (23) ਦੁਆਰਾ ਨਹਿਰੂ ਪਾਰਕ ਵਿੱਚ ਚਾਕੂ ਨਾਲ ਗਲ਼ਾ ਵੱਢ ਕੇ ਕਤਲ ਕਰ ਦਿੱਤਾ ਗਿਆ।

ਦੋਸ਼ੀ ਅਤੇ ਮ੍ਰਿਤਕਾ ਵਿਚਕਾਰ 6 ਸਾਲਾਂ ਤੋਂ ਸਬੰਧ ਸਨ। ਸ਼ੱਕੀ ਪ੍ਰੇਮ ਸਬੰਧਾਂ ਅਤੇ ਆਪਸੀ ਅਣਬਣ ਦੇ ਚਲਦਿਆਂ ਦੋਸ਼ੀ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਗੰਭੀਰ ਜ਼ਖ਼ਮੀ ਹੋਣ ਅਤੇ ਬੋਲਣ ਵਿੱਚ ਅਸਮਰੱਥ ਹੋਣ ਦੇ ਬਾਵਜੂਦ, ਰਾਧਿਕਾ ਨੇ ਹਸਪਤਾਲ ਵਿੱਚ ਪੁਲਿਸ ਨੂੰ ਇਸ਼ਾਰੇ ਨਾਲ ਮੋਬਾਈਲ ਮੰਗਿਆ ਅਤੇ ਮਰਨ ਤੋਂ ਪਹਿਲਾਂ ਫੋਨ 'ਤੇ ਕਾਤਲ ਬਾਰੇ ਜਾਣਕਾਰੀ ਟਾਈਪ ਕਰ ਦਿੱਤੀ। ਇਲਾਜ ਦੌਰਾਨ ਅੰਬਿਕਾਪੁਰ ਮੈਡੀਕਲ ਕਾਲਜ ਵਿੱਚ ਉਸ ਦੀ ਮੌਤ ਹੋ ਗਈ। ਮ੍ਰਿਤਕਾ ਦੁਆਰਾ ਦਿੱਤੀ ਗਈ ਜਾਣਕਾਰੀ, ਸੀਸੀਟੀਵੀ ਫੁਟੇਜ ਅਤੇ ਤਕਨੀਕੀ ਸਬੂਤਾਂ ਦੇ ਆਧਾਰ 'ਤੇ ਪੁਲਿਸ ਨੇ ਦੋਸ਼ੀ ਰਿਤੇਸ਼ ਨੂੰ ਜੰਗਲੀ ਇਲਾਕੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

# ਵਿਦੇਸ਼ ਜਾਣ ਵਾਲੇ ਪੰਜਾਬੀਆਂ ਲਈ ਵੱਡੀ ਖ਼ੁਸ਼ਖ਼ਬਰੀ

## ਅੰਮ੍ਰਿਤਸਰ ਤੋਂ ਸ਼ੁਰੂ ਹੋਈ ਏਅਰ ਇੰਡੀਆ ਦੀ 'ਈਜ਼ੀ ਕਨੈਕਟ' ਸੇਵਾ

ਅੰਮ੍ਰਿਤਸਰ-ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਵਿਦੇਸ਼ਾਂ ਦੀ ਯਾਤਰਾ ਕਰਨ ਵਾਲੇ ਹਵਾਈ ਯਾਤਰੀਆਂ ਲਈ ਇੱਕ ਬਹੁਤ ਵੱਡੀ ਅਤੇ ਰਾਹਤ ਭਰੀ ਖ਼ਬਰ ਹੈ।

ਏਅਰ ਇੰਡੀਆ ਵੱਲੋਂ ਆਪਣੀ ਨਵੀਂ 'ਈਜ਼ੀ ਕਨੈਕਟ' (ਹਬ-ਐਂਡ-ਸਪੋਕ) ਫਲਾਈਟ ਸੇਵਾ ਦੀ ਰਸਮੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਸ ਸੁਵਿਧਾ ਦਾ ਉਦਘਾਟਨ ਕੇਂਦਰੀ ਸਿਵਲ ਏਵੀਏਸ਼ਨ ਮੰਤਰੀ ਕਿੰਜਰਾਪੂ ਰਾਮ ਮੋਹਨ ਨਾਇਡੂ ਵੱਲੋਂ ਵਰਚੁਅਲ ਤਰੀਕੇ ਨਾਲ ਕੀਤਾ ਗਿਆ।

### ਦਿੱਲੀ 'ਚ ਲਾਈਨਾਂ ਅਤੇ ਖੱਜਲ-ਖ਼ੁਆਰੀ ਤੋਂ ਮਿਲੇਗੀ ਨਿਜਾਤ

ਇਸ ਸੇਵਾ ਦੇ ਸ਼ੁਰੂ ਹੋਣ ਨਾਲ ਅਮਰੀਕਾ, ਕੈਨੇਡਾ, ਆਸਟਰੇਲੀਆ, ਯੂਨਾਈਟਿਡ ਕਿੰਗਡਮ ਅਤੇ ਯੂਰਪ ਸਮੇਤ ਹੋਰ ਕੌਮਾਂਤਰੀ ਮੁਕਾਮਾਂ ਨੂੰ ਜਾਣ ਵਾਲੇ ਯਾਤਰੀਆਂ ਨੂੰ ਵੱਡਾ ਫਾਇਦਾ ਹੋਵੇਗਾ।

**ਸਿੱਧੀ ਬੈਗੇਜ ਬੁਕਿੰਗ:** ਯਾਤਰੀਆਂ ਦਾ ਸਮਾਨ ਅੰਮ੍ਰਿਤਸਰ ਹਵਾਈ ਅੱਡੇ ਤੋਂ ਹੀ ਸਿੱਧਾ ਉਨ੍ਹਾਂ ਦੇ ਅੰਤਿਮ ਪੜਾਅ ਲਈ ਬੁੱਕ ਹੋ ਜਾਵੇਗਾ।

**ਟਰਾਂਜ਼ਿਟ ਵਿੱਚ ਆਸਾਨੀ:** ਦਿੱਲੀ ਪਹੁੰਚ ਕੇ ਯਾਤਰੀਆਂ ਨੂੰ ਦੁਬਾਰਾ ਸਮਾਨ ਲੈਣ, ਚੈੱਕ-ਇਨ ਕਰਨ, ਟਰਮੀਨਲ ਬਦਲਣ ਜਾਂ ਇਮੀਗ੍ਰੇਸ਼ਨ ਦੀਆਂ ਲੰਬੀਆਂ ਲਾਈਨਾਂ ਵਿੱਚ ਲੱਗਣ ਦੀ ਲੋੜ ਨਹੀਂ ਪਵੇਗੀ। ਯਾਤਰੀ ਦਿੱਲੀ ਤੋਂ ਸਿੱਧੇ ਕੌਮਾਂਤਰੀ ਟਰਾਂਜ਼ਿਟ ਰਾਹੀਂ ਆਪਣੀ ਅਗਲੀ ਉਡਾਣ ਫੜ ਸਕਣਗੇ।

### ਫਲਾਈਟਾਂ ਦਾ ਸ਼ਡਿਊਲ ਅਤੇ ਕਨੈਕਟੀਵਿਟੀ

ਏਅਰ ਇੰਡੀਆ ਵੱਲੋਂ ਅੰਮ੍ਰਿਤਸਰ ਤੋਂ ਰੋਜ਼ਾਨਾ ਦੋ 'ਈਜ਼ੀ ਕਨੈਕਟ' ਉਡਾਣਾਂ ਚਲਾਈਆਂ ਜਾਣਗੀਆਂ:

**ਪਹਿਲੀ ਫਲਾਈਟ** (ਅੀ-1113): ਸਵੇਰੇ 9:10 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ 10:40 ਵਜੇ ਦਿੱਲੀ ਪਹੁੰਚੇਗੀ।

**ਦੂਜੀ ਫਲਾਈਟ** (ਅੀ-1115): ਰਾਤ 10:00 ਵਜੇ ਰਵਾਨਾ ਹੋ ਕੇ 11:20 ਵਜੇ ਦਿੱਲੀ ਪਹੁੰਚੇਗੀ।

ਦਿੱਲੀ ਹਵਾਈ ਅੱਡੇ 'ਤੇ ਪਹੁੰਚਣ ਤੋਂ ਬਾਅਦ 4 ਘੰਟਿਆਂ ਦੇ ਅੰਦਰ-ਅੰਦਰ ਯਾਤਰੀਆਂ ਨੂੰ ਅਗਲੀ ਕੌਮਾਂਤਰੀ ਫਲਾਈਟ ਮਿਲ ਜਾਵੇਗੀ। ਦਿੱਲੀ ਤੋਂ ਲਗਭਗ 27 ਕੌਮਾਂਤਰੀ ਮੁਕਾਮਾਂ ਲਈ ਇਹ ਕਨੈਕਟਿੰਗ ਉਡਾਣਾਂ ਉਪਲਬਧ ਹੋਣਗੀਆਂ।

ਇਸ ਨਵੀਂ ਸੇਵਾ ਦੇ ਨਾਲ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਯਾਤਰੀਆਂ ਦੇ ਸਮੇਂ ਅਤੇ ਖੱਜਲ-ਖ਼ੁਆਰੀ ਦੋਵਾਂ ਦੀ ਬੱਚਤ ਹੋਵੇਗੀ।

# ਬੀਜੇਪੀ ਦਫ਼ਤਰ 'ਤੇ ਪੈਟਰੋਲ ਬੰਬ ਸੁੱਟਣ ਵਾਲੇ 2 ਨੌਜਵਾਨ 24 ਘੰਟਿਆਂ ਵਿਚ ਗ੍ਰਿਫ਼ਤਾਰ



ਸੰਗਰੂਰ-26 ਜੁਲਾਈ ਦੀ ਰਾਤ ਨੂੰ ਮੁਲਜ਼ਮਾਂ ਨੇ ਮਾਹੌਲ ਖ਼ਰਾਬ ਕਰਨ ਅਤੇ ਬਿਲਡਿੰਗ ਨੂੰ ਨੁਕਸਾਨ ਪਹੁੰਚਾਉਣ ਦੇ ਮਕਸਦ ਨਾਲ ਸੰਗਰੂਰ ਦੇ ਭਾਜਪਾ ਜ਼ਿਲ੍ਹਾ ਦਫ਼ਤਰ ਦੀ ਕੰਧ ਉੱਪਰੋਂ ਪੈਟਰੋਲ ਬੰਬ ਸੁੱਟਿਆ ਸੀ। ਪੁਲਿਸ ਨੇ ਹੈਪੀ ਸਿੰਘ (ਲੌਂਗੋਵਾਲ) ਅਤੇ ਜਸਪ੍ਰੀਤ ਸਿੰਘ (ਲਹਿਰਾ) ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਕੋਲੋਂ ਮੋਟਰਸਾਈਕਲ ਅਤੇ ਦੋ ਮੋਬਾਈਲ ਫ਼ੋਨ ਬਰਾਮਦ ਹੋਏ ਹਨ। ਜਾਂਚ ਵਿਚ ਸਾਹਮਣੇ ਆਇਆ ਕਿ ਦੋਵੇਂ ਮੁਲਜ਼ਮ ਵਿਦੇਸ਼ ਬੈਠੇ 'ਰਾਣਾ ਭਾਊ' ਨਾਮੀ ਵਿਅਕਤੀ ਦੇ ਸੰਪਰਕ ਵਿੱਚ ਸਨ। ਉਸ ਨੇ ਵਾਰਦਾਤ ਦੀ ਵੀਡੀਓ ਬਣਾ ਕੇ ਭੇਜਣ ਬਦਲੇ ਭਾਰੀ ਰਕਮ ਦੇਣ ਦਾ ਵਾਅਦਾ ਕੀਤਾ ਸੀ, ਪਰ ਸਿਰਫ਼ 2,200 ਰੁਪਏ ਹੀ ਭੇਜੇ। ਵਿਦੇਸ਼ੀ ਲਿੰਕ ਹੋਣ ਕਾਰਨ ਪੁਲੀਸ ਨੇ ਮੁਲਜ਼ਮਾਂ ਖ਼ਿਲਾਫ਼ ਯੂ.ਏ.ਪੀ.ਏ. ਤਹਿਤ ਮਾਮਲਾ ਦਰਜ ਕੀਤਾ ਹੈ। ਦੋਵਾਂ ਦੀ ਉਮਰ 22 ਅਤੇ 25 ਸਾਲ ਹੈ ਅਤੇ ਇਨ੍ਹਾਂ ਦਾ ਕੋਈ ਪੁਰਾਣਾ ਅਪਰਾਧਿਕ ਰਿਕਾਰਡ ਨਹੀਂ ਹੈ।

# ਮੀਰੀ-ਪੀਰੀ ਦਿਵਸ ਸਮਾਗਮ ਦੌਰਾਨ ਝਗੜਾ

## ○ ਦਲ ਪੰਥ ਦੇ ਸਿੰਘ ਨੇ ਕਿਰਪਾਨ ਨਾਲ ਵਾਰ ਕਰਕੇ ਕੀਤਾ ਨੌਜਵਾਨ ਦਾ ਕਤਲ; ਦੋਸ਼ੀ ਕਾਬੂ

ਲੁਧਿਆਣਾ-ਪਿੰਡ ਪੱਦੀ ਵਿਖੇ ਗੁਰਦੁਆਰਾ ਸਾਹਿਬ ਵਿੱਚ ਮੀਰੀ-ਪੀਰੀ ਦਿਵਸ ਦੇ ਸਮਾਗਮ ਦੌਰਾਨ ਮਾਮੂਲੀ ਤਕਰਾਰ ਤੋਂ ਬਾਅਦ ਦਲ ਪੰਥ ਨਾਲ ਸਬੰਧਿਤ ਸਿੰਘ ਸੋਹਣ ਸਿੰਘ ਨੇ ਕਿਰਪਾਨ ਨਾਲ ਵਾਰ ਕਰਕੇ ਸੋਨੂ ਨਾਮ ਦੇ ਨੌਜਵਾਨ ਦਾ ਕਤਲ ਕਰ ਦਿੱਤਾ।

ਗੁਰਦੁਆਰਾ ਸਾਹਿਬ ਦੇ ਗ੍ਰੰਥੀ ਜਸਵੀਰ ਸਿੰਘ ਅਨੁਸਾਰ ਲੰਗਰ ਹਾਲ ਵੱਲ ਜਾਂਦੇ ਸਮੇਂ ਮ੍ਰਿਤਕ ਸੋਨੂ ਵੱਲੋਂ ਕੀਤੀ ਜਾ ਰਹੀ ਗਾਲੀ-ਗਲੌਚ ਤੋਂ ਗੁੱਸੇ ਵਿਚ ਆ ਕੇ ਹਰਿਆਣਾ ਦੇ ਫਤਿਹਾਬਾਦ ਨਿਵਾਸੀ ਦੋਸ਼ੀ ਸੋਹਣ ਸਿੰਘ ਨੇ ਉਸ ਦੀ ਗਰਦਨ 'ਤੇ ਕਿਰਪਾਨ ਨਾਲ ਵਾਰ ਕਰ ਦਿੱਤਾ। ਗੰਭੀਰ ਜ਼ਖ਼ਮੀ ਸੋਨੂ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਪੁਲਿਸ ਕਾਰਵਾਈ: ਥਾਣਾ ਡੇਹਲੋਂ ਪੁਲਿਸ ਨੇ ਕਤਲ ਦਾ ਮਾਮਲਾ ਦਰਜ ਕਰਕੇ ਦੋਸ਼ੀ ਸੋਹਣ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਸੀਸੀਟੀਵੀ ਫੁਟੇਜ ਆਧਾਰਿਤ ਜਾਂਚ ਜਾਰੀ ਹੈ।

# ਖਾਲੜਾ ਕੇਸ: ਦੋਸ਼ੀਆਂ ਦੀ ਰਿਹਾਈ ’ਤੇ ਸਿਆਸਤ ਗਰਮਾਈ

## ✪ ਪਰਮਜੀਤ ਕੌਰ ਖਾਲੜਾ ਨੇ ‘ਆਪ’ ਸਰਕਾਰ ’ਤੇ ਚੁੱਕੇ ਗੰਭੀਰ ਸਵਾਲ ✪ ਖਾਲੜਾ ਦੇ ਕਾਤਲ ਅਜੇ ਵੀ ਆਜ਼ਾਦ ਕਿਉਂ ? ਬੀਬੀ ਖਾਲੜਾ ਨੇ ਸੀਐੱਮ ਭਗਵੰਤ ਮਾਨ ਤੋਂ ਮੰਗਿਆ ਜਵਾਬ

ਅੰਮ੍ਰਿਤਸਰ-ਪੰਜਾਬ ਦੇ ਇਤਿਹਾਸ ਵਿੱਚ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਮਹਾਨ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੇ ਅਗਵਾ ਅਤੇ ਹਿਰਾਸਤੀ ਕਤਲ ਮਾਮਲੇ ਵਿੱਚ ਦੋਸ਼ੀ ਠਹਿਰਾਏ ਗਏ ਪੁਲੀਸ ਅਧਿਕਾਰੀਆਂ ਦੀ ਬਾਹਰੀ ਮੌਜੂਦਗੀ ਨੇ ਇੱਕ ਵਾਰ ਫਿਰ ਰਾਜਨੀਤਿਕ ਅਤੇ ਸਮਾਜਿਕ ਗਲਿਆਰਿਆਂ ਵਿੱਚ ਵੱਡਾ ਭੂਚਾਲ ਲਿਆ ਦਿੱਤਾ ਹੈ। ਫ਼ਿਲਮ ‘ਸਤਲੁਜ’ ਨਾਲ ਜੁੜੇ ਵਿਵਾਦ ਨੇ ਇਸ ਸੰਵੇਦਨਸ਼ੀਲ ਕੇਸ ਨੂੰ ਮੁੜ ਚਰਚਾ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਪਤਨੀ ਅਤੇ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰ ਰਹੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ’ਤੇ ਸਿੱਧੇ ਅਤੇ ਤਿੱਖੇ ਸਵਾਲ ਚੁੱਕਦਿਆਂ ਪੁੱਛਿਆ ਹੈ ਕਿ ਅਦਾਲਤਾਂ ਵੱਲੋਂ ਉਮਰ ਕੈਦ ਦੀਆਂ ਸਜ਼ਾਵਾਂ ਪ੍ਰਾਪਤ ਦੋਸ਼ੀ ਅਜੇ ਵੀ ਆਜ਼ਾਦ ਕਿਵੇਂ ਘੁੰਮ ਰਹੇ ਹਨ ਅਤੇ ਇਨ੍ਹਾਂ ਨੂੰ ਕੌਣ ਪਨਾਹ ਜਾਂ ਸਜ਼ਾ ਮਾਫ਼ੀ ਦੇ ਰਿਹਾ ਹੈ।

ਬੀਬੀ ਪਰਮਜੀਤ ਕੌਰ ਖਾਲੜਾ ਨੇ ਪੰਜਾਬ ਸਰਕਾਰ ਨੂੰ ਘੇਰਦਿਆਂ ਖ਼ਾਸ ਤੌਰ ’ਤੇ ਸਾਬਕਾ ਡੀ.ਐੱਸ.ਪੀ. ਜਸਪਾਲ ਸਿੰਘ, ਸਬ-ਇੰਸਪੈਕਟਰ ਸਤਨਾਮ ਸਿੰਘ ਅਤੇ ਸਬ-ਇੰਸਪੈਕਟਰ ਜਸਬੀਰ ਸਿੰਘ ਦੀ ਮੌਜੂਦਾ




ਸਥਿਤੀ ਅਤੇ ਠਿਕਾਣਿਆਂ ਬਾਰੇ ਸਪੱਸ਼ਟੀਕਰਨ ਮੰਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਿਸ ਵਿਅਕਤੀ ਨੇ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੇ ਸੱਚ ਨੂੰ ਦੁਨੀਆ ਸਾਹਮਣੇ ਲਿਆਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ, ਉਸ ਦੇ ਕਾਤਲ ਅੱਜ ਜੇਲ੍ਹਾਂ ਤੋਂ ਬਾਹਰ ਆਜ਼ਾਦੀ ਦੀ ਹਵਾ ਵਿੱਚ ਸਾਹ ਲੈ ਰਹੇ ਹਨ। ਮਈ 2023 ਵਿੱਚ ਨਾਭਾ ਦੀ ਓਪਨ ਏਅਰ ਜੇਲ੍ਹ ਤੋਂ ਅੰਤਰਿਮ ਜ਼ਮਾਨਤ ’ਤੇ ਰਿਹਾਅ ਹੋਏ ਸਾਬਕਾ ਡੀ.ਐੱਸ.ਪੀ. ਜਸਪਾਲ ਸਿੰਘ ਦੇ ਮੌਜੂਦਾ ਠਿਕਾਣੇ ਬਾਰੇ ਕੋਈ ਪੁਖ਼ਤਾ ਜਾਣਕਾਰੀ ਨਾ ਹੋਣਾ ਮਨੁੱਖੀ ਅਧਿਕਾਰ ਸੰਗਠਨਾਂ ਲਈ ਗੰਭੀਰ ਚਿੰਤਾ ਦਾ ਦਾਅਵਾ ਬਣਿਆ ਹੋਇਆ ਹੈ।

ਦੂਜੇ ਪਾਸੇ, ਆਮ ਆਦਮੀ ਪਾਰਟੀ ਵੱਲੋਂ ਇਨ੍ਹਾਂ ਗੰਭੀਰ ਦੋਸ਼ਾਂ ਦਾ ਖੰਡਨ ਕਰਦਿਆਂ ਸਫ਼ਾਈ ਦਿੱਤੀ ਗਈ ਹੈ। ‘ਆਪ’ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਸੂਬਾ ਸਰਕਾਰ ਦਾ ਪੱਖ ਰੱਖਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਖਾਲੜਾ ਕਤਲ ਕੇਸ ਦੇ ਕਿਸੇ ਵੀ ਦੋਸ਼ੀ ਦੀ ਸਮੇਂ ਤੋਂ ਪਹਿਲਾਂ ਰਿਹਾਈ ਨਾਲ ਜੁੜੀ ਕਿਸੇ ਵੀ ਫਾਈਲ ’ਤੇ ਦਸਤਖ਼ਤ ਨਹੀਂ ਕੀਤੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਨਿਯਮਾਂ ਅਨੁਸਾਰ ਹੀ ਕੰਮ ਕਰ ਰਹੀ ਹੈ ਅਤੇ ਇਸ ਮਾਮਲੇ ਵਿੱਚ ਰਾਜ ਸਰਕਾਰ ਵੱਲੋਂ ਦੋਸ਼ੀਆਂ ਨੂੰ ਕੋਈ ਛੋਟ ਜਾਂ ਰਾਹਤ ਨਹੀਂ ਦਿੱਤੀ ਗਈ।

ਕਾਨੂੰਨੀ ਅਤੇ ਸੰਵਿਧਾਨਕ ਪਹਿਲੂਆਂ ਦਾ ਜ਼ਿਕਰ ਕਰਦਿਆਂ ਬਲਤੇਜ ਪੰਨੂ ਨੇ ਦੱਸਿਆ ਕਿ ਇਹ ਕੇਸ ਕੇਂਦਰੀ ਜਾਂਚ ਏਜੰਸੀ ਵੱਲੋਂ ਚਲਾਇਆ ਗਿਆ ਸੀ। ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀਐਨਐਸਐਸ) 2023 ਦੀ ਧਾਰਾ 477 (ਜੋ ਪਹਿਲਾਂ ਸੀਆਰਪੀਸੀ ਦੀ ਧਾਰਾ 435 ਸੀ) ਦੇ ਤਹਿਤ ਸੀ.ਬੀ.ਆਈ. ਕੇਸਾਂ ਵਿੱਚ ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਜਾਂ ਸਜ਼ਾ ਮਾਫ਼ੀ ਦਾ ਪੂਰਾ ਅਧਿਕਾਰ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਹੁੰਦਾ ਹੈ, ਨਾ ਕਿ ਸੂਬਾ ਸਰਕਾਰ ਕੋਲ। ਉਨ੍ਹਾਂ ਦੱਸਿਆ ਕਿ 2017 ਵਿੱਚ ਜਸਪਾਲ ਸਿੰਘ ਦੀ ਰਿਹਾਈ ਦੀ ਅਰਜ਼ੀ ਕੇਂਦਰ ਅਤੇ 2018 ਵਿੱਚ ਰਾਜਪਾਲ ਵੱਲੋਂ ਰੱਦ ਕੀਤੀ ਗਈ ਸੀ, ਅਤੇ 2019 ਵਿੱਚ ਕਾਂਗਰਸ ਸਰਕਾਰ ਦੌਰਾਨ ਭੇਜੀ ਗਈ ਅਰਜ਼ੀ ਸਮੇਤ ਮਾਰਚ 2023 ਵਿੱਚ ਵੀ ਕੇਂਦਰ ਨੇ ਸਾਰੇ ਦੋਸ਼ੀਆਂ ਦੀਆਂ ਅਰਜ਼ੀਆਂ ਖਾਰਜ ਕਰ ਦਿੱਤੀਆਂ ਸਨ।

ਇਸ ਬਹੁ-ਚਰਚਿਤ ਮਾਮਲੇ ਦਾ ਪਿਛੋਕੜ ਦੱਸਦਾ ਹੈ ਕਿ ਸਾਲ 2005 ਵਿੱਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਖਾਲੜਾ ਦੇ ਅਗਵਾ ਅਤੇ ਹਿਰਾਸਤੀ ਕਤਲ ਲਈ 8 ਪੁਲੀਸ ਮੁਲਾਜ਼ਮਾਂ ਨੂੰ ਦੋਸ਼ੀ ਠਹਿਰਾਉਂਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਸ ਫੈਸਲੇ ਨੂੰ 2007 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਬਾਅਦ ਵਿੱਚ 2011 ਵਿੱਚ ਦੇਸ਼ ਦੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਨੇ ਵੀ ਬਰਕਰਾਰ ਰੱਖਿਆ ਸੀ। ਇਨ੍ਹਾਂ 8 ਦੋਸ਼ੀਆਂ ਵਿੱਚੋਂ 4 ਪੁਲੀਸ ਮੁਲਾਜ਼ਮਾਂ ਦੀ ਮੌਤ ਹੋ ਚੁੱਕੀ ਹੈ, ਜਦੋਂਕਿ ਇੱਕ ਦੋਸ਼ੀ ਸੁਰਿੰਦਰ ਸਿੰਘ ਅਜੇ ਵੀ ਜੇਲ੍ਹ ਵਿੱਚ ਬੰਦ ਹੈ। ਬਾਕੀ ਤਿੰਨ ਦੋਸ਼ੀ-ਜਸਪਾਲ ਸਿੰਘ, ਸਤਨਾਮ ਸਿੰਘ ਅਤੇ ਜਸਬੀਰ ਸਿੰਘ-ਇਸ ਵੇਲੇ ਅਦਾਲਤੀ ਜ਼ਮਾਨਤ ਜਾਂ ਪੈਰੋਲ ’ਤੇ ਜੇਲ੍ਹ ਤੋਂ ਬਾਹਰ ਹਨ।

ਮਨੁੱਖੀ ਅਧਿਕਾਰ ਸੰਗਠਨਾਂ ਅਤੇ ਪੀੜਤ ਪਰਿਵਾਰਾਂ ਦਾ ਮੰਨਣਾ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਵਿਚਾਲੇ ਅਧਿਕਾਰ ਖੇਤਰ ਦੀ ਇਹ ਖਿੱਚੋਤਾਣ ਇਨਸਾਫ਼ ਦੀ ਰਾਹ ਵਿੱਚ ਵੱਡਾ ਰੋੜਾ ਬਣ ਰਹੀ ਹੈ। ਅਕਤੂਬਰ 2023 ਵਿੱਚ ਮਾਮਲਾ ਮੁੜ ਕੇਂਦਰ ਸਰਕਾਰ ਨੂੰ ਭੇਜੇ ਜਾਣ ਤੋਂ ਬਾਅਦ ਵੀ ਕੋਈ ਸਹੀ ਜਵਾਬ ਨਾ ਆਉਣਾ ਕਈ ਸਵਾਲ ਖੜ੍ਹੇ ਕਰਦਾ ਹੈ। ਪਰਮਜੀਤ ਕੌਰ ਖਾਲੜਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਕਾਨੂੰਨੀ ਅਤੇ ਸਮਾਜਿਕ ਲੜਾਈ ਉਦੋਂ ਤੱਕ ਜਾਰੀ ਰੱਖਣਗੇ ਜਦੋਂ ਤੱਕ ਇਨਸਾਫ਼ ਪੂਰੀ ਤਰ੍ਹਾਂ ਅਮਲ ਵਿੱਚ ਨਹੀਂ ਆਉਂਦਾ ਅਤੇ ਸ਼ਹੀਦ ਖਾਲੜਾ ਦੇ ਕਾਤਲਾਂ ਨੂੰ ਉਨ੍ਹਾਂ ਦੇ ਗੁਨਾਹਾਂ ਦੀ ਪੂਰੀ ਸਜ਼ਾ ਨਹੀਂ ਮਿਲ ਜਾਂਦੀ।

## ਬੀਬੀ ਖਾਲੜਾ ਕੋਲ ਇਨਸਾਫ ਲਈ ਕੀ ਰਾਹ ਹਨ

ਕਨੂੰਨੀ ਮਾਹਿਰਾਂ ਅਨੁਸਾਰ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਨ੍ਹਾਂ ਦੀ ਕਾਨੂੰਨੀ ਟੀਮ ਕੋਲ ਅੱਗੇ ਵਧਣ ਲਈ ਹੇਠ ਲਿਖੇ ਮੁੱਖ ਕਾਨੂੰਨੀ ਅਤੇ ਸਮਾਜਿਕ ਰਾਹ ਮੌਜੂਦ ਹਨ:

ਜ਼ਮਾਨਤ/ਪੈਰੋਲ ਰੱਦ ਕਰਵਾਉਣ ਲਈ ਅਰਜ਼ੀ: ਜੇਕਰ ਦੋਸ਼ੀ ਪੁਲੀਸ ਅਧਿਕਾਰੀ (ਜਿਵੇਂ ਸਾਬਕਾ ਡੀਐਸਪੀ ਜਸਪਾਲ ਸਿੰਘ) ਅੰਤਰਿਮ ਜ਼ਮਾਨਤ ਜਾਂ ਪੈਰੋਲ ’ਤੇ ਬਾਹਰ ਹਨ, ਤਾਂ ਉਨ੍ਹਾਂ ਦੀ ਜ਼ਮਾਨਤ/ਪੈਰੋਲ ਨੂੰ ਰੱਦ ਕਰਵਾਉਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਖ਼ਲ ਕੀਤੀ ਜਾ ਸਕਦੀ ਹੈ।

* ਅਦਾਲਤ ਤੋਂ ਇਹ ਮੰਗ ਕੀਤੀ ਜਾ ਸਕਦੀ ਹੈ ਕਿ ਰਾਜ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਪੈਰੋਲ/ਜ਼ਮਾਨਤ ’ਤੇ ਬਾਹਰ ਆਏ ਦੋਸ਼ੀਆਂ ਦੇ ਮੌਜੂਦਾ ਠਿਕਾਣਿਆਂ ਅਤੇ ਸਥਿਤੀ ਬਾਰੇ ਅਦਾਲਤ ਵਿੱਚ ਆਪਣੀ ਰਿਪੋਰਟ ਦਾਖ਼ਲ ਕਰਨ।

ਕੇਂਦਰੀ ਗ੍ਰਹਿ ਮੰਤਰਾਲੇ ਨੂੰ ਧਿਰ ਬਣਾ ਕੇ ਰਿਟ ਪਟੀਸ਼ਨ: ਕਿਉਂਕਿ ‘ਆਪ’ ਸਰਕਾਰ ਅਨੁਸਾਰ ਸੀ.ਬੀ.ਆਈ. ਕੇਸਾਂ ਵਿੱਚ ਰਿਹਾਈ ਦਾ ਅਧਿਕਾਰ ਬੀਐਨਐਸਐਸ ਦੀ ਧਾਰਾ 477 (ਪਹਿਲੀ ਸੀਆਰਪੀਸੀ 435) ਤਹਿਤ ਕੇਂਦਰ ਕੋਲ ਹੈ, ਇਸ ਲਈ ਕੇਂਦਰ ਸਰਕਾਰ ਵੱਲੋਂ ਰਿਹਾਈ/ਪੈਰੋਲ ਸਬੰਧੀ ਲਏ ਗਏ ਕਿਸੇ ਵੀ ਫੈਸਲੇ ਜਾਂ ਨਿਰਨੈ ਵਿੱਚ ਦੇਰੀ ਨੂੰ ਉੱਚ ਅਦਾਲਤ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ।

* ਕੇਂਦਰੀ ਗ੍ਰਹਿ ਮੰਤਰਾਲੇ ਅਤੇ ਪੰਜਾਬ ਦੇ ਰਾਜਪਾਲ ਨੂੰ ਅਧਿਕਾਰਤ ਪੱਤਰ ਭੇਜ ਕੇ ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਕਿਸੇ ਵੀ ਅਰਜ਼ੀ ਨੂੰ ਸਖ਼ਤੀ ਨਾਲ ਰੱਦ ਕਰਨ ਦੀ ਮੰਗ ਕੀਤੀ ਜਾ ਸਕਦੀ ਹੈ।

* ਸੂਬਾ ਜੇਲ੍ਹ ਵਿਭਾਗ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਆਰ.ਟੀ.ਆਈ. ਰਾਹੀਂ ਇਹ ਜਾਣਕਾਰੀ ਮੰਗੀ ਜਾ ਸਕਦੀ ਹੈ ਕਿ ਦੋਸ਼ੀ ਕਦੋਂ ਤੋਂ ਬਾਹਰ ਹਨ, ਉਨ੍ਹਾਂ ਨੂੰ ਕਿਸ ਆਧਾਰ ’ਤੇ ਜ਼ਮਾਨਤ/ਪੈਰੋਲ ਮਿਲੀ ਅਤੇ ਸਰਕਾਰ ਵੱਲੋਂ ਉਨ੍ਹਾਂ ਦੀ ਰਿਹਾਈ ਦੀ ਫਾਈਲ ’ਤੇ ਕੀ ਕਾਰਵਾਈ ਹੋਈ ਹੈ।

ਇਸ ਮਾਮਲੇ ਵਿੱਚ ਦੋਸ਼ੀਆਂ ਦੀ ਮੌਜੂਦਾ ਸਥਿਤੀ ਅਤੇ ਪਰਿਵਾਰ ਨੂੰ ਮਿਲੀ ਅਸੁਰੱਖਿਆ ਦੇ ਖ਼ਦਸ਼ਿਆਂ ਨੂੰ ਲੈ ਕੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਤੱਕ ਪਹੁੰਚ ਕੀਤੀ ਜਾ ਸਕਦੀ ਹੈ।

* ਐਮਨੈਸਟੀ ਇੰਟਰਨੈਸ਼ਨਲ, ਇਨਸਾਫ਼ ਅਤੇ ਹੋਰ ਗਲੋਬਲ ਸੰਸਥਾਵਾਂ ਰਾਹੀਂ ਇਸ ਮਾਮਲੇ ’ਤੇ ਅੰਤਰਰਾਸ਼ਟਰੀ ਪੱਧਰ ’ਤੇ ਦਬਾਅ ਬਣਾਇਆ ਜਾ ਸਕਦਾ ਹੈ।

* ਪੰਜਾਬ ਦੇ ਮਨੁੱਖੀ ਅਧਿਕਾਰ ਸੰਗਠਨਾਂ, ਪੰਥਕ ਧਿਰਾਂ ਅਤੇ ਸਮਾਜਿਕ ਜਥੇਬੰਦੀਆਂ ਨੂੰ ਨਾਲ ਲੈ ਕੇ ਸਰਕਾਰ ’ਤੇ ਸੈਸ਼ਨਾਂ, ਪ੍ਰੈੱਸ ਕਾਨਫਰੰਸਾਂ ਅਤੇ ਸ਼ਾਂਤਮਈ ਪ੍ਰਦਰਸ਼ਨਾਂ ਰਾਹੀਂ ਦਬਾਅ ਬਣਾਉਣਾ ਤਾਂ ਜੋ ਕੋਈ ਵੀ ਸਰਕਾਰ ਚੋਰ-ਮੋਰੀਆਂ ਰਾਹੀਂ ਦੋਸ਼ੀਆਂ ਨੂੰ ਪੈਰੋਲ ਜਾਂ ਮੁਆਫ਼ੀ ਨਾ ਦੇ ਸਕੇ।

* ਬੀਬੀ ਪਰਮਜੀਤ ਕੌਰ ਖਾਲੜਾ ਜਾਂ ਮਨੁੱਖੀ ਅਧਿਕਾਰ ਸੰਗਠਨ (ਜਿਵੇਂ ‘ਇਨਸਾਫ’) ਯੂਐਨਐਚਆਰਸੀ ਕੋਲ ਪਟੀਸ਼ਨ ਦਾਇਰ ਕਰ ਸਕਦੇ ਹਨ। ਯੂ.ਐੱਨ.ਓ. ਭਾਰਤ ਸਰਕਾਰ ਤੋਂ ਇਸ ਮਾਮਲੇ ’ਤੇ ਅਧਿਕਾਰਤ ਜਵਾਬ ਮੰਗ ਸਕਦਾ ਹੈ।

* ਜਸਵੰਤ ਸਿੰਘ ਖਾਲੜਾ ਨੇ ਖੁਦ 1995 ਵਿੱਚ ਅਣਪਛਾਤੀਆਂ ਲਾਸ਼ਾਂ ਅਤੇ ਲਾਪਤਾ ਵਿਅਕਤੀਆਂ ਦੀ ਸੂਚੀ ਯੂ.ਐੱਨ.ਓ. ਨਾਲ ਸਾਂਝੀ ਕਰਨ ਦੀ ਯੋਜਨਾ ਬਣਾਈ ਸੀ। ਇਸ ਲਈ ਯੂ.ਐੱਨ.ਓ. ਦਾ ਇਹ ਵਰਕਿੰਗ ਗਰੁੱਪ ਭਾਰਤ ਸਰਕਾਰ ਤੋਂ ਜਵਾਬਦੇਹੀ ਮੰਗ ਸਕਦਾ ਹੈ।

* ਯੂ.ਐੱਨ.ਓ. ਆਪਣੀਆਂ ਸਾਲਾਨਾ ਮਨੁੱਖੀ ਅਧਿਕਾਰ ਰਿਪੋਰਟਾਂ ਵਿੱਚ ਇਸ ਕੇਸ ਅਤੇ ਦੋਸ਼ੀਆਂ ਦੀ ਰਿਹਾਈ ਦਾ ਜ਼ਿਕਰ ਕਰਕੇ ਅੰਤਰਰਾਸ਼ਟਰੀ ਪੱਧਰ ’ਤੇ ਸਰਕਾਰ ’ਤੇ ਇਨਸਾਫ਼ ਲਈ ਦਬਾਅ ਬਣਾ ਸਕਦਾ ਹੈ।

# ਗਿਆਨੀ ਰਣਜੀਤ ਸਿੰਘ ਬੰਗਲਾ ਸਾਹਿਬ ਵਾਲਿਆਂ ਦਾ ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ ਵਿਖੇ ਸਨਮਾਨ



ਗਿਆਨੀ ਰਣਜੀਤ ਸਿੰਘ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ ਯੂ ਕੇ ਵਿਖੇ ਗਿਆਨੀ ਰਣਜੀਤ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਵਾਲਿਆਂ ਦਾ ਉਨ੍ਹਾਂ ਦੀਆਂ ਸਿੱਖੀ ਪ੍ਰਚਾਰ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜਨਰਲ ਸਕੱਤਰ ਅਵਤਾਰ ਸਿੰਘ ਬੁਟਰ ਨੇ ਗਿਆਨੀ ਰਣਜੀਤ ਸਿੰਘ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਮੌਕੇ ਸਮੁੱਚੇ ਸਿੱਖ ਪੰਥ ਨੂੰ ਇਕੱਠੇ ਹੋਣ ਦੀ ਲੋੜ ਹੈ, ਜਿਸ ਲਈ ਸਾਡੇ ਪ੍ਰਚਾਰਕ ਹਮੇਸ਼ਾਂ ਗੁਰਮਿਤ ਦੀ ਰੌਸ਼ਨੀ ਵਿਚ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ। ਗਿਆਨੀ ਰਣਜੀਤ ਸਿੰਘ ਨੇ ਕਿਹਾ ਕਿ ਸਿੱਖ ਮਿਸ਼ਨਰੀ ਸੁਸਾਇਟੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਸਮਾਗਮਾਂ ਮੌਕੇ ਹੋਂਦ ਵਿਚ ਆਈ, ਜਿਸ ਨੇ ਬੀਤੇ 50 ਸਾਲਾਂ ਵਿਚ ਵਿਸ਼ਵ ਭਰ ਵਿਚ ਆਪਣਾ ਨਾਮ ਬਣਾਇਆ ਹੈ। ਇਥੇ ਬੱਚਿਆਂ ਨੂੰ ਗੁਰਬਾਣੀ ਪਾਠ, ਕੀਰਤਨ ਰਾਹੀਂ ਸਿੱਖੀ ਨਾਲ ਜੋੜਿਆ ਜਾਂਦਾ ਹੈ। ਜੋ ਬਹੁਤ ਹੀ ਸ਼ਲਾਘਾਯੋਗ ਉਦਮ ਹੈ। ਇਸ ਮੌਕੇ ਸੁਸਾਇਟੀ ਦੇ ਜਨਰਲ ਸਕੱਤਰ ਸ: ਅਵਤਾਰ ਸਿੰਘ ਬੁੱਟਰ, ਸ: ਹਰਬੰਸ ਸਿੰਘ ਕੁਲਾਰ, ਸ: ਰਜਿੰਦਰ ਸਿੰਘ ਰਾਏ, ਸ: ਜਸਵੰਤ ਸਿੰਘ ਬੈਂਸ, ਸ: ਹਰਨੇਕ ਸਿੰਘ ਧਾਲੀਵਾਲ, ਪਰਮਜੀਤ ਸਿੰਘ ਬਾਜਵਾ, ਸ: ਸਤਨਾਮ ਸਿੰਘ ਚੌਹਾਨ, ਸ: ਹਰਜੀਤ ਸਿੰਘ ਸਰਪੰਚ, ਭਾਈ ਬਲਵਿੰਦਰ ਸਿੰਘ ਪੱਟੀ, ਸ: ਬਲਦੇਵ ਸਿੰਘ ਭੰਮਰਾ, ਸ: ਗੁਰਬਚਨ ਸਿੰਘ ਅਠਵਾਲ, ਗਿਆਨੀ ਬਲਬੀਰ ਸਿੰਘ ਭੱਠਲ ਆਦਿ ਹਾਜ਼ਰ ਸਨ।

## ਇੰਗਲੈਂਡ ਦੀਆਂ ਸੰਗਤਾਂ ਨੇ ਗੁਰੂ ਸਾਹਿਬਾਨ ਦੀਆਂ ਪਵਿੱਤਰ ਨਿਸ਼ਾਨੀਆਂ ਦੇ ਕੀਤੇ ਦਰਸ਼ਨ







*ਗੁਰੂ ਸਾਹਿਬਾਨ ਦੀਆਂ ਇਤਿਹਾਸਕ ਨਿਸ਼ਾਨੀਆਂ ਦੇ ਦਰਸ਼ਨ ਕਰਦੀਆਂ ਸੰਗਤਾਂ, ਹੇਠਾਂ ਭਾਈ ਜਸਕਰਨ ਸਿੰਘ ਅਤੇ ਭਾਈ ਪ੍ਰਮਿੰਦਰ ਸਿੰਘ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ*

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਈ ਰੂਪ ਚੰਦ ਨੂੰ ਗੁਰੂ ਸਾਹਿਬ ਵੱਲੋਂ ਦਿੱਤੀਆਂ ਗਈਆਂ ਇਤਿਹਾਸਕ ਨਿਸ਼ਾਨੀਆਂ ਦੇ ਅੱਜ ਕੱਲ ਇੰਗਲੈਂਡ ਵਿੱਚ ਸਿੱਖ ਸੰਗਤਾਂ ਦਰਸ਼ਨ ਕਰ ਰਹੀਆਂ ਹਨ। ਇਹ ਨਿਸ਼ਾਨੀਆਂ ਭਾਈ ਰੂਪ ਚੰਦ ਦੀ 14ਵੀਂ ਪੀੜ੍ਹੀ ਵਿੱਚੋਂ ਭਾਈ

ਜਸਕਰਨ ਸਿੰਘ ਲੈ ਕੇ ਇੰਗਲੈਂਡ ਆਏ ਹਨ। ਨਿਸ਼ਾਨੀਆਂ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਪ੍ਰਮਿੰਦਰ ਸਿੰਘ ਨੇ ਦੱਸਿਆ ਕਿ ਇਹ ਛੇਵੀਂ ਅਤੇ ਦਸਵੀਂ ਪਾਤਸ਼ਾਹੀ ਦੇ ਪਵਿੱਤਰ ਸ਼ਸਤਰ ਤੇ ਨਿਸ਼ਾਨੀਆਂ, ਜੋ ਭਾਈ ਰੂਪਚੰਦ ਜੀ ਦੇ ਪਰਿਵਾਰ ਨੂੰ ਬਖਸ਼ੇ ਗਏ ਸਨ। ਜਿਹਨਾਂ ਵਿੱਚ ਸ੍ਰੀ ਸਾਹਿਬ ਪਾਤਸ਼ਾਹੀ ਛੇਵੀਂ, ਕਟਾਰ ਪਾਤਸ਼ਾਹੀ ਛੇਵੀਂ, ਪੋਥੀ ਸਾਹਿਬ ਪਾਤਸ਼ਾਹੀ ਦਸਵੀਂ ਤੋਂ ਇਲਾਵਾ ਛੇਵੀਂ ਪਾਤਸ਼ਾਹੀ ਦੀ

ਸਮਕਾਲੀ ਪੇਂਟਿੰਗ (ਤਸਵੀਰ), ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਹੁਕਮਨਾਮਾ ਅਤੇ ਸਿੱਖ ਰਾਜ ਕਾਲ ਦੀਆਂ ਹੋਰ ਇਤਿਹਾਸਕ ਵਸਤੂਆਂ ਵੀ ਪ੍ਰਦਰਸ਼ਿਤ ਕੀਤੀਆਂ ਗਈਆਂ। ਇਹਨਾਂ ਨਿਸ਼ਾਨੀਆਂ ਦੇ ਹੁਣ ਤੱਕ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜੈਂਡ, ਗੁਰਦੁਆਰਾ ਬਾਬਾ ਦੀਪ ਸਿੰਘ ਬ੍ਰਮਿੰਘਮ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਸਮੇਤ ਹੋਰ ਕਈ ਸ਼ਹਿਰਾਂ ਵਿੱਚ ਸੰਗਤਾਂ ਦਰਸ਼ਨ ਕਰ ਚੁੱਕੀਆਂ ਹਨ।

## ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ.ਰਵੀ ਸਿੰਘ ਖ਼ਾਲਸਾ ਨੂੰ ਪੰਜਾਬ ਅੰਦਰ ਹਸਪਤਾਲ ਤੇ ਸਕੂਲ ਖੋਲ੍ਹਣ ਦੀ ਦਿੱਤੀ ਸਲਾਹ



ਜੱਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਰਵੀ ਸਿੰਘ ਖਾਲਸਾ ਸਲੋਹ ਵਿਖੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਖ਼ਾਲਸਾ ਏਡ ਸੰਸਥਾ ਦੇ ਸੰਸਥਾਪਕ ਸ. ਰਵੀ ਸਿੰਘ ਖ਼ਾਲਸਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਲੰਡਨ ਯੂ ਕੇ ਫੇਰੀ ਦੌਰਾਨ ਉਨ੍ਹਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਸ.ਰਵੀ ਸਿੰਘ ਖ਼ਾਲਸਾ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਖ਼ਾਲਸਾ ਏਡ ਵੱਲੋਂ ਵੱਖ-ਵੱਖ ਦੇਸ਼ਾਂ ਅੰਦਰ ਕੀਤੇ ਜਾ ਮਨੁੱਖਤਾ ਦੀ ਭਲਾਈ ਦੇ ਕਾਰਜਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ।

ਦੋਵਾਂ ਵਿਚਕਾਰ ਸਰਬੱਤ ਦੇ ਭਲੇ ਦੇ ਸਿਧਾਂਤ ਤਹਿਤ ਸੇਵਾ ਕਾਰਜ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਜਾਰੀ ਰੱਖਣ ਅਤੇ ਇਨ੍ਹਾਂ ਨੂੰ ਦੁਨੀਆ ਦੇ ਸਾਹਮਣੇ ਮੀਡੀਆ ਰਾਹੀਂ ਪੇਸ਼ ਕਰਨ ਸਬੰਧੀ ਵਿਚਾਰ ਵੀ ਹੋਈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ. ਰਵੀ ਸਿੰਘ ਨੂੰ ਖ਼ਾਲਸਾ ਏਡ ਵੱਲੋਂ ਚੱਲ ਰਹੇ ਸੇਵਾ ਕਾਰਜਾਂ ਦੇ ਨਾਲ-ਨਾਲ ਪੰਜਾਬ ਅੰਦਰ ਮਾਝਾ ਜਾਂ ਮਾਲਵਾ ਖੇਤਰ ਵਿੱਚ ਅਜਿਹੀ ਥਾਂ ਉੱਤੇ ਇੱਕ ਉੱਚ ਪੱਧਰੀ ਸਿਹਤ ਸਹੂਲਤਾਂ ਵਾਲਾ ਹਸਪਤਾਲ ਖੋਲ੍ਹਣ ਲਈ ਸਲਾਹ ਦਿੱਤੀ ਜਿੱਥੋਂ ਵੱਧ ਤੋਂ ਵੱਧ ਲੋਕਾਂ ਨੂੰ ਫਾਇਦਾ ਹੋ ਸਕੇ। ਇਸੇ ਤਰ੍ਹਾਂ ਸਿੰਘ ਸਾਹਿਬ ਨੇ ਸ. ਰਵੀ ਸਿੰਘ ਨੂੰ ਪੰਜਾਬ ਦੇ ਬਾਰਡਰ ਇਲਾਕੇ ਵਿੱਚ ਸਕੂਲ ਸਥਾਪਤ ਕਰਨ ਲਈ ਵੀ ਆਖਿਆ।

ਸਿੰਘ ਸਾਹਿਬ ਵੱਲੋਂ ਦਿੱਤੀ ਸਲਾਹ ਉੱਤੇ ਸ. ਰਵੀ ਸਿੰਘ ਨੇ ਹਾਂ ਪੱਖੀ ਹੁੰਗਾਰਾ ਭਰਿਆ ਅਤੇ ਕਿਹਾ ਕਿ ਉਸ ਇਸ ਲਈ ਕੰਮ ਕਰਨਗੇ। ਦੋਵਾਂ ਨੇ ਇੱਕ ਦੂਜੇ ਨੂੰ ਦਸਤਾਰ ਦੇ ਕੇ ਸਨਮਾਨ ਕੀਤਾ। ਇਸ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਮੀਡੀਆ ਸਲਾਹਕਾਰ ਸ. ਜਸਕਰਨ ਸਿੰਘ, ਸਥਾਨਕ ਸਿੱਖ ਨੌਜਵਾਨ ਆਦਿ ਵੀ ਹਾਜ਼ਰ ਸਨ।

## ਮਿਸ਼ੀਗਨ ਵਿੱਚ ਅੱਗ ਲੱਗਣ ਕਾਰਨ 6 ਬੱਚਿਆਂ ਸਮੇਤ 8 ਮੌਤਾਂ * ਮ੍ਰਿਤਕਾਂ ਦੇ ਗੋਲੀਆਂ ਦੇ ਜ਼ਖ਼ਮ ਮਿਲਣ ਕਾਰਨ ਮਾਮਲਾ ਸ਼ੱਕ ਦੇ ਘੇਰੇ 'ਚ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) – ਮਿਸ਼ੀਗਨ ਦੇ ਗ੍ਰੈਂਡ ਹੈਵਨ ਇਲਾਕੇ 'ਚ ਇਕ ਘਰ ਵਿਚ ਅੱਗ ਲੱਗ ਜਾਣ ਦੇ ਸਿੱਟੇ ਵਜੋਂ 6 ਬੱਚਿਆਂ ਸਮੇਤ 8 ਵਿਅਕਤੀਆਂ ਦੀ ਮੌਤ ਹੋ ਜਾਣ ਦੀ ਖਬਰ ਹੈ। ਸੂਚਨਾ ਮਿਲਣ 'ਤੇ ਮੌਕੇ ਉਪਰ ਪੁੱਜੇ ਫਾਇਰਫਾਈਟਰਾਂ ਨੇ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਓਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ ਤੇ ਘਰ ਵਿਚ ਮੌਜੂਦ 8 ਲੋਕ ਦਮ ਤੋੜ ਚੁੱਕੇ ਸਨ। ਇਹ ਜਾਣਕਾਰੀ ਓਟਾਵਾ ਕਾਊਂਟੀ ਸ਼ੈਰਿਫ਼ ਦੇ ਦਫ਼ਤਰ ਦੇ ਕੈਪਟਨ ਜੇਕ ਸਪਾਰਕਸ ਨੇ ਮੀਡੀਆ ਨੂੰ ਦਿੰਦਿਆਂ ਦੱਸਿਆ ਕਿ ਕੁਝ ਪੀੜਤਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ ਅਤੇ ਅਜਿਹਾ ਲੱਗਦਾ ਹੈ ਕਿ ਅੱਗ ਜਾਣਬੁੱਝ ਕੇ ਲਗਾਈ ਗਈ ਹੈ। ਇਹ ਇਕ ਗੁੰਝਲਦਾਰ ਮਾਮਲਾ ਹੈ ਜਿਸ ਦੀ ਮੁਕੰਮਲ ਜਾਂਚ ਉਪਰੰਤ ਹੀ ਅਸਲ ਕਹਾਣੀ ਸਾਹਮਣੇ ਆਵੇਗੀ। ਉਨਾਂ ਕਿਹਾ ਕਿ ਘਰ ਦੇ ਅੰਦਰ ਮਿਲੇ ਮ੍ਰਿਤਕ ਬੱਚਿਆਂ ਦੀ ਉਮਰ 5 ਤੋਂ 15 ਸਾਲ ਦੇ ਵਿਚਕਾਰ ਹੈ।**

**ਮਿਸ਼ੀਗਨ ਸਟੇਟ ਪੁਲਿਸ ਅੱਗਜ਼ਨੀ ਜਾਂਚਕਰਤਾ ਵੀ ਮੌਕੇ ਉਪਰ ਪੁੱਜੇ ਹਨ । ਪੁਲਿਸ ਅਨੁਸਾਰ ਜਾਂਚਕਰਤਾ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਇਹ ਘਟਨਾ ਕਤਲ ਜਾਂ ਆਤਮ ਹੱਤਿਆ ਹੋ ਸਕਦੀ ਹੈ ਅਤੇ ਉਮੀਦ ਹੈ ਕਿ ਛੇਤੀ ਹੀ ਇਸ ਸਬੰਧੀ ਨਤੀਜੇ 'ਤੇ ਪਹੁੰਚਿਆ ਜਾਵੇਗਾ। ਪੁਲਿਸ ਨੇ ਪੀੜਤਾਂ ਦੇ ਨਾਂ ਜਨਤਿਕ ਨਹੀਂ ਕੀਤੇ ਹਨ।**

# ਨੀਰਵ ਮੋਦੀ ਦੀ ਭਾਰਤ ਹਵਾਲਗੀ ਨੂੰ ਲੈ ਕੇ ਯੂ ਕੇ ਦੀ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਪ੍ਰਗਟਾਈ ਹੈਰਾਨੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੀ ਬਰਤਾਨੀਆ ਦੀ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਅਪ੍ਰੈਲ 2021 ਵਿੱਚ ਨੀਰਵ ਮੋਦੀ ਦੀ ਭਾਰਤ ਹਵਾਲਗੀ ਦੇ ਹੁਕਮ 'ਤੇ ਦਸਤਖਤ ਕੀਤੇ ਸਨ, ਲੇਕਨ ਅਜੇ ਤੱਕ ਹਵਾਲਗੀ ਨਾ ਹੋਣ ਤੇ ਹੈਰਾਨੀ ਅਤੇ ਚਿੰਤਤਾ ਪ੍ਰਗਟ ਕੀਤੀ ਹੈ।**

ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੀ ਸ਼ੈਡੋ ਵਿਦੇਸ਼ ਮੰਤਰੀ ਪ੍ਰੀਤੀ ਪਟੇਲ ਨੇ ਇੱਕ ਪ੍ਰਸਾਰਿਤ ਹੋਣ ਵਾਲੇ ਪੋਡਕਾਸਟ ਦੇ ਇੱਕ ਐਪੀਸੋਡ ਵਿੱਚ ਕਿਹਾ ਕਿ ਭਾਰਤ ਦੇ ਸਭ ਤੋਂ ਵੱਡੇ ਬੈਂਕਿੰਗ ਘੁਟਾਲਿਆਂ ਵਿੱਚੋਂ ਇੱਕ ਵਿੱਚ ਲੋੜੀਂਦੇ ਹੀਰਾ ਵਪਾਰੀ ਨੂੰ ਹਵਾਲਗੀ ਕਰਨ ਵਿੱਚ ਬਰਤਾਨੀਆ ਦੀ ਅਸਫਲਤਾ ਤੋਂ ਭਾਰਤੀ ਅਧਿਕਾਰੀ "ਬਹੁਤ ਪਰੇਸ਼ਾਨ" ਹਨ।

"ਦਿ ਡਾਇਮੰਡ ਕਿੰਗ" ਸਿਰਲੇਖ ਵਾਲੀ ਪੋਡਕਾਸਟ ਲੜੀ ਲੰਡਨ ਦੇ ਇੱਕ ਆਲੀਸ਼ਾਨ ਫਲੈਟ ਵਿੱਚ ਲੁਕੇ ਭਗੌੜੇ ਹੀਰਾ ਵਪਾਰੀ ਦੀ ਖੋਜ ਤੋਂ ਲੈ ਕੇ ਮਾਰਚ 2019 ਵਿੱਚ ਸਕਾਟਲੈਂਡ ਯਾਰਡ ਦੁਆਰਾ ਉਸਦੀ ਗ੍ਰਿਫਤਾਰੀ ਤੱਕ ਦੀ ਕਹਾਣੀ ਨੂੰ ਬਿਆਨ ਕਰਦੀ ਹੈ।


ਪ੍ਰੀਤੀ ਪਟੇਲ ਨੀਰਵ ਮੋਦੀ

ਪਟੇਲ ਦੇ ਹਵਾਲੇ ਨਾਲ ਕਿਹਾ ਗਿਆ ਕਿ ਜੇ ਸਿਸਟਮ ਸਮਝਦਾਰੀ ਨਾਲ ਕੰਮ ਕਰ ਰਿਹਾ ਹੁੰਦਾ ਅਤੇ ਸਹੀ ਕਦਮ ਚੁੱਕ ਰਿਹਾ ਹੁੰਦਾ, ਤਾਂ ਉਹ ਇਸ ਦੇਸ਼ ਵਿੱਚ ਨਹੀਂ ਹੋਣਾ ਚਾਹੀਦਾ ਸੀ।

ਉਹਨਾਂ ਕਿਹਾ ਕਿ ਮੈਂ ਸੱਚਮੁੱਚ ਹੈਰਾਨ ਅਤੇ ਚਿੰਤਤ ਹਾਂ ਕਿ ਉਹ ਅਜੇ ਵੀ ਇੱਥੇ ਹੈ। ਮੈਨੂੰ ਕਹਿਣਾ ਪਵੇਗਾ, ਮੈਨੂੰ ਲੱਗਦਾ ਹੈ ਕਿ ਇਸ ਨਾਲ ਭਾਰਤ ਸਰਕਾਰ ਸਾਡੇ ਨਾਲ ਕੰਮ ਕਰਨ ਤੋਂ ਕਾਫ਼ੀ ਨਿਰਾਸ਼ ਮਹਿਸੂਸ ਕਰੇਗੀ। ਹੀਰਾ ਵਪਾਰੀ ਨੀਰਵ ਮੋਦੀ 2 ਅਰਬ ਡਾਲਰ ਦੇ ਪੰਜਾਬ ਨੈਸ਼ਨਲ ਬੈਂਕ ਧੋਖਾਧੜੀ ਅਤੇ ਮਨੀ ਲਾਂਡਰਿੰਗ ਕੇਸ ਦੇ ਸੰਬੰਧ ਵਿੱਚ ਲੰਡਨ ਦੀ ਜੇਲ੍ਹ ਵਿੱਚ ਕੈਦ ਹੈ। ਜਿਸ ਦੇ ਸਾਰੇ ਕਾਨੂੰਨੀ ਰਸਤੇ ਬੰਦ ਹੋ ਚੁੱਕੇ ਹਨ। ਨਤੀਜੇ ਵਜੋਂ, ਉਸਦੀ ਹਵਾਲਗੀ ਜਲਦੀ ਹੀ ਹੋਣ ਦੀ ਉਮੀਦ ਹੈ।

ਪਟੇਲ ਨੇ ਕਿਹਾ ਕਿ 2019 ਤੋਂ 2022 ਤੱਕ ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਿੱਚ ਗ੍ਰਹਿ ਮੰਤਰੀ ਵਜੋਂ ਉਨ੍ਹਾਂ ਦੇ ਕਾਰਜਕਾਲ ਦੌਰਾਨ ਇਸ ਮਾਮਲੇ ਨੇ ਉਨ੍ਹਾਂ ਲਈ ਇੱਕ ਗੁੰਝਲਦਾਰ ਸਥਿਤੀ ਪੈਦਾ ਕਰ ਦਿੱਤੀ ਸੀ, ਕਿਉਂਕਿ ਭਾਰਤ ਨੇ "ਵੀਜ਼ਾ ਓਵਰਸਟੇਅਰਜ਼" ਨੂੰ ਵਾਪਸ ਭੇਜਣ ਦੇ ਮੁੱਦੇ 'ਤੇ ਸਖ਼ਤ ਸਟੈਂਡ ਲਿਆ ਸੀ।

ਉਨ੍ਹਾਂ ਕਿਹਾ ਕਿ,"ਮੈਨੂੰ ਉਨ੍ਹਾਂ (ਭਾਰਤ) ਨੂੰ ਅਸਫਲ ਸ਼ਰਨਾਰਥੀ ਦਾਅਵੇਦਾਰਾਂ ਨੂੰ ਵਾਪਸ ਲੈਣ ਲਈ ਸਹਿਮਤ ਕਰਵਾਉਣ ਵਿੱਚ ਬਹੁਤ ਮੁਸ਼ਕਲ ਆਈ ਅਤੇ ਮੈਨੂੰ ਯਕੀਨ ਹੈ ਕਿ ਇਹ ਇਸ (ਨੀਰਵ ਮੋਦੀ) ਦੇ ਹਾਈ-ਪ੍ਰੋਫਾਈਲ ਕੇਸ ਅਤੇ ਉਸ ਸਮੇਂ ਇੱਕ ਹੋਰ ਹਾਈ-ਪ੍ਰੋਫਾਈਲ ਕੇਸ ਕਾਰਨ ਹੋਇਆ ਸੀ।" ਜਦੋਂ ਤੱਕ ਭਾਰਤ ਨੇ ਇਨ੍ਹਾਂ ਮਾਮਲਿਆਂ ਵਿੱਚ ਕਾਰਵਾਈ ਅਤੇ ਪ੍ਰਗਤੀ ਨਹੀਂ ਦੇਖੀ, ਉਹ ਸਾਡੇ 'ਤੇ ਦਬਾਅ ਪਾਉਣ ਦੀ ਸਥਿਤੀ ਵਿੱਚ ਸਨ, ਜੋ ਕਿ ਬਹੁਤ ਨਿਰਾਸ਼ਾਜਨਕ ਸੀ।ਨੀਰਵ ਮੋਦੀ ਭਾਰਤ ਵਿੱਚ ਤਿੰਨ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਹੈ।

ਪਟੇਲ ਨੇ ਕਿਹਾ ਕਿ ਨੀਰਵ ਮੋਦੀ ਨੂੰ ਭਾਰਤ ਵਿੱਚ ਜੇਲ੍ਹ ਵਿੱਚ ਹੋਣਾ ਚਾਹੀਦਾ ਹੈ ਅਤੇ ਕਾਨੂੰਨੀ ਪ੍ਰਕਿਰਿਆ ਵਿੱਚੋਂ ਲੰਘਣ ਤੋਂ ਬਾਅਦ ਉੱਥੇ ਆਪਣੀ ਸਜ਼ਾ ਭੁਗਤਣੀ ਚਾਹੀਦੀ ਹੈ, ਕਿਉਂਕਿ ਯੂਕੇ ਦੇ ਹਵਾਲਗੀ ਕਾਨੂੰਨ ਅਤੇ ਸੰਧੀਆਂ ਇਸੇ ਲਈ ਹਨ।

# ਗਲਾਸਗੋ ਪਹੁੰਚਣ ਤੋਂ ਪਹਿਲਾਂ ਹੀ ਭਾਰਤੀ ਵੇਟਲਿਫਟਿੰਗ ਟੀਮ 'ਚੋਂ ਦਿਲਬਾਗ ਸਿੰਘ ਬਾਹਰ, ਬ੍ਰਮਿੰਘਮ ਭਾਰਤ ਹੋਇਆ ਰਵਾਨਾ


**ਭਾਰਤ ਰਵਾਨਾ ਹੋਣ ਮੌਕੇ ਦਿਲਬਾਗ ਸਿੰਘ, ਸਹਾਇਕ ਕੋਚ ਅਤੇ ਹੋਰ ਗਿਆਨ ਸਿੰਘ ਚੀਮਾ ਨਾਲ**



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਵੇਟਲਿਟਿੰਗ ਟੀਮ 'ਚੋਂ ਅੰਮ੍ਰਿਤਸਰ ਦਾ ਦਿਲਬਾਗ ਸਿੰਘ ਬਾਹਰ ਹੋ ਗਿਆ ਹੈ, ਉਹ ਬ੍ਰਮਿੰਘਮ ਤੋਂ ਭਾਰਤ ਲਈ ਰਵਾਨਾ ਹੋਇਆ ਹੈ। ਰਾਸ਼ਟਰ ਮੰਡਲ ਖੇਡਾਂ ਲਈ ਭਾਰਤ ਦਾ ਵੇਟਲਿਫਟਿੰਗ ਕੋਟਾ 12 ਤੋਂ ਘਟਾ ਕੇ 11 ਕਰ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਿਕ ਗਲਾਸਗੋ ਰਵਾਨਾ ਹੋਣ ਤੋਂ ਪਹਿਲਾਂ ਪੂਰੀ ਟੀਮ ਨੇ ਬ੍ਰਮਿੰਘਮ ਵਿਖੇ ਅਭਿਆਸ ਕੀਤਾ ਸੀ, ਜਿਸ ਦੌਰਾਨ ਦਿਲਬਾਗ ਸਿੰਘ ਜੋ ਪਿੱਠ ਦੀ ਸੱਟ ਤੋਂ ਪੀੜਤ ਹਨ ਅਤੇ ਬ੍ਰਮਿੰਘਮ ਵਿੱਚ ਤਿਆਰੀ ਕੈਂਪ ਦੌਰਾਨ ਉਨ੍ਹਾਂ ਨੇ ਬਿਲਕੁਲ ਵੀ ਟ੍ਰੇਨਿੰਗ ਨਹੀਂ ਕੀਤੀ ਸੀ, ਇਸ ਲਈ ਉਨ੍ਹਾਂ ਦਾ ਨਾਮ ਵਾਪਸ ਲੈਣ ਦਾ ਫ਼ੈਸਲਾ ਕੀਤਾ ਗਿਆ। ਇਹ ਕਟੌਤੀ ਭਾਰਤੀ ਵੇਟਲਿਫਟਿੰਗ ਲਈ ਇੱਕ ਹੋਰ ਵੱਡਾ ਝਟਕਾ ਹੈ, ਜਦੋਂ ਕਿ ਡੋਪਿੰਗ ਨਿਯਮਾਂ ਦੀਆਂ ਉਲੰਘਣਾਵਾਂ ਕਾਰਨ ਭਾਰਤੀ ਟੀਮ ਪਹਿਲਾਂ ਹੀ ਲਗਾਤਾਰ ਜੁਰਮਾਨਿਆਂ ਦਾ ਸਾਹਮਣਾ ਕਰ ਰਹੀ ਸੀ। ਦੱਸਣਯੋਗ ਹੈ ਕਿ ਪੰਜਾਬ ਦੇ ਵੇਟਲਿਫਟਰ ਦਿਲਬਾਗ ਸਿੰਘ ਨੇ ਭਾਰਤ ਦੇ ਪੁਰਸ਼ ਹੈਵੀਵੇਟ ਵਰਗ ਦਾ ਖਿਡਾਰੀ ਹੈ। ਰਾਸ਼ਟਰੀ ਖੇਡਾਂ ਦੇ ਗੋਲਡ ਮੈਡਲ ਜੇਤੂ ਤੋਂ ਲੈ ਕੇ ਉਨ੍ਹਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਵੱਖਰੀ ਛਾਪ ਛੱਡੀ ਹੈ। ਦਿਲਬਾਗ ਨੇ ਜੂਨੀਅਰ ਪੱਧਰ 'ਤੇ ਮੁੰਡਿਆਂ ਦੇ 96 ਕਿੱਲੋ ਵਰਗ ਵਿੱਚ ਕੁੱਲ 295 ਕਿੱਲੋ ਭਾਰ ਚੁੱਕ ਕੇ ਸੋਨੇ ਦਾ ਤਗ਼ਮਾ ਜਿੱਤ ਕੇ ਸ਼ਾਨਦਾਰ ਸ਼ੁਰੂਆਤ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਸੀਨੀਅਰ ਸਰਕਟ ਵਿੱਚ ਕਦਮ ਰੱਖਿਆ, ਜਿੱਥੇ ਉਨ੍ਹਾਂ ਨੇ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਨਵੇਂ ਰਿਕਾਰਡ ਕਾਇਮ ਕਰਕੇ ਆਪਣੀ ਚੜ੍ਹਤ ਬਰਕਰਾਰ ਰੱਖੀ। ਦਿਲਬਾਗ ਵੇਟਲਿਫਟਿੰਗ ਵਿੱਚ ਭਾਰਤ ਦੇ ਸਭ ਤੋਂ ਭਰੋਸੇਮੰਦ ਮੈਡਲ ਦਾਅਵੇਦਾਰਾਂ ਵਿੱਚੋਂ ਇੱਕ ਵਜੋਂ ਉੱਭਰੇ ਸਨ। ਪਿਛਲੇ ਇੱਕ ਸਾਲ ਵਿੱਚ, ਉਨ੍ਹਾਂ ਨੇ ਵਿਸ਼ਵ ਦੇ ਬਿਹਤਰੀਨ ਖਿਡਾਰੀਆਂ ਨਾਲ ਮੁਕਾਬਲਾ ਕਰਦੇ ਹੋਏ ਰਾਸ਼ਟਰਮੰਡਲ ਪੱਧਰ 'ਤੇ ਕਈ ਮੈਡਲ ਜਿੱਤੇ ਸਨ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਕੀ ਪ੍ਰਧਾਨ ਮੰਤਰੀ ਐਂਡੀ ਬਰਨਹਮ ਸਿੱਖ ਮਸਲਿਆਂ ਵੱਲ ਧਿਆਨ ਦੇਣਗੇ ?

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸੰਸਦ ਵਿੱਚ ਬੀਤੇ ਦਿਨੀ ਸਿੱਖਾਂ ਵਿਰੁੱਧ ਵੱਧ ਰਹੇ ਨਫ਼ਰਤੀ ਅਪਰਾਧਾਂ ਅਤੇ ਹੋਰ ਸਿੱਖ ਮਸਲਿਆਂ ਨੂੰ ਲੈ ਕੇ ਸਿੱਖ ਲਾਬੀ ਕੀਤੀ ਗਈ। ਜਿਸ ਵਿੱਚ ਦੇਸ਼ ਭਰ ਤੋਂ ਪਹੁੰਚੇ ਸਿੱਖਾਂ ਨੇ 130 ਤੋਂ ਵੱਧ ਸੰਸਦ ਮੈਂਬਰਾਂ ਨੂੰ ਮਿਲ ਕੇ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ, ਸਿੱਖ ਪਹਿਚਾਣ, ਘੱਲੂਘਾਰਾ 1984 ਚ ਬਰਤਾਨਵੀ ਭੂਮਿਕਾ ਦੀ ਨਿਰਪੱਖ ਜਾਂਚ ਅਤੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਸਮੇਤ ਕਈ ਅਹਿਮ ਮਸਲੇ ਉਠਾਏ ਸਨ।**


ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ ਦੇ ਚੇਅਰਮੈਨ ਅਤੇ ਇਲਫੋਰਡ ਤੋਂ ਸੰਸਦ ਮੈਂਬਰ ਜਸਬੀਰ ਸਿੰਘ ਜਸ ਅਟਵਾਲ ਦੀ ਅਗਵਾਈ ਹੇਠ ਹੋਈ ਇਸ ਲਾਬੀ ਵਿੱਚ ਦੋ ਦਰਜਨ ਤੋਂ ਵੱਧ ਸੰਸਦ ਮੈਂਬਰਾਂ ਨੇ ਹਿੱਸਾ ਲਿਆ। ਇਸ ਮੌਕੇ ਸਿੱਖ ਨੈੱਟਵਰਕ ਵੱਲੋਂ ਕੀਤੇ ਦੇਸ਼-ਪੱਧਰੀ ਸਰਵੇਖਣ ਦੇ ਅੰਕੜੇ ਪੇਸ਼ ਕੀਤੇ ਗਏ ਜਿਸ ਅਨੁਸਾਰ ਸਾਊਥਹੈਂਪਟਨ ਵਿੱਚ ਵਾਪਰੀ ਘਟਨਾ ਵਿੱਚ ਸਿੱਖ ਨੌਜਵਾਨ ਨੂੰ ਸੁਣਾਈ ਸਜ਼ਾ ਤੋਂ ਬਾਅਦ ਜਾਣੀ ਮਈ ਦੇ ਮੱਧ ਤੋਂ ਸਿੱਖ ਵਿਰੋਧੀ ਨਫ਼ਰਤੀ ਘਟਨਾਵਾਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਗ੍ਰਹਿ ਮੰਤਰਾਲੇ ਅਤੇ ਰਿਹਾਇਸ਼, ਭਾਈਚਾਰਕ ਮਾਮਲੇ ਅਤੇ ਸਥਾਨਕ ਸਰਕਾਰ ਮੰਤਰਾਲੇ ਨੂੰ ਇਹ ਨਤੀਜੇ ਸਾਂਝੇ ਕਰਕੇ ਕਾਰਵਾਈ ਲਈ ਕਿਹਾ ਗਿਆ, ਪਰ ਨਵੇਂ ਪ੍ਰਧਾਨ ਮੰਤਰੀ ਦੀ ਚੋਣ ਹੋਣ ਕਾਰਨ ਅਜੇ ਤੱਕ ਸ਼ਪਸ਼ਟ ਜਵਾਬ ਨਹੀਂ ਮਿਲਿਆ। ਬੋਰਡ ਆਫ ਡਿਪੂਟੀਜ਼ ਦੇ ਮੁੱਖ ਕਾਰਜਕਾਰੀ ਅਧਿਕਾਰੀ ਮਾਈਕਲ ਵਾਈਗਰ ਨੇ ਸਰਕਾਰ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਸਿੱਖ ਵਿਰੋਧੀ ਨਫ਼ਰਤ ਰੋਕਣ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਅਪੀਲ ਕੀਤੀ। ਲਾਬੀ ਦੌਰਾਨ ਸਿੱਖ ਫੈਡਰੇਸ਼ਨ (ਯੂ ਕੇ) ਦੇ ਨੁਮਾਇੰਦਿਆਂ ਨੇ ਕਿਹਾ ਕਿ ਕੀਅਰ ਸਟਾਰਮਰ ਨੇ ਵਿਰੋਧੀ ਧਿਰ ਦੇ ਨੇਤਾ ਵਜੋਂ ਸਿੱਖ ਵਿਰੋਧੀ ਨਫ਼ਰਤ ਖ਼ਿਲਾਫ਼ ਕਾਰਵਾਈ ਦਾ ਵਾਅਦਾ ਕੀਤਾ ਸੀ, ਪਰ ਦੋ ਸਾਲਾਂ ਵਿੱਚ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਜਸ ਸਿੰਘ ਨੇ ਵੁਲਵਰਹੈਂਪਟਨ, ਓਲਡਬਰੀ ਅਤੇ ਵਾਲਸਾਲ ਦੇ ਸਿੱਖ ਵਿਰੋਧੀ ਮਾਮਲਿਆਂ ਦੇ ਨਾਲ ਨਾਲ ਬੀਤੇ ਦਿਨੀ ਹੇਜ਼ ਵਿੱਚ 24 ਸਾਲਾ ਕਿਰਨਦੀਪ ਕੌਰ ਦੇ ਕਤਲ ਦਾ ਵੀ ਜ਼ਿਕਰ ਕੀਤਾ ਸੀ। ਸੰਸਦ ਮੈਂਬਰਾਂ ਨੂੰ ਦੱਸਿਆ ਗਿਆ ਕਿ ਐਂਡੀ ਬਰਨਹਮ ਨਾਲ ਹਾਲੀਆ ਮੀਟਿੰਗ ਵਿੱਚ ਸਿੱਖ ਵਿਰੋਧੀ ਨਫ਼ਰਤ ਨੂੰ ਯਹੂਦੀ ਅਤੇ ਮੁਸਲਿਮ ਵਿਰੋਧੀ ਨਫ਼ਰਤ ਦੇ ਬਰਾਬਰ ਮਾਨਤਾ ਦੇਣ, ਸ੍ਰੀ ਸਾਹਿਬ (ਕਿਰਪਾਨ), ਦਸਤਾਰ ਸਿੱਖਾਂ ਦਾ ਅਨਿੱਖੜਵਾਂ ਅੰਗ ਹੈ ਅਤੇ ਕੋਈ ਵੀ ਅਜੇਹਾ ਫ਼ੈਸਲਾ ਨਾ ਲਿਆ ਜਾਵੇ ਜੋ ਸਿੱਖਾਂ ਦੀ ਧਾਰਮਿਕ ਅਜ਼ਾਦੀ ਦੇ ਖ਼ਿਲਾਫ਼ ਹੋਵੇ। ਲਗਭਗ ਹਾਜ਼ਰ ਸਮੂਹ ਸੰਸਦ ਮੈਂਬਰਾਂ ਨੇ ਇਸ ਮੰਗ ਦਾ ਸਮਰਥਨ ਵੀ ਕੀਤਾ ਸੀ। ਸਿੱਖ ਜਥੇਬੰਦੀਆਂ ਵੱਲੋਂ ਐਂਡੀ ਬਰਨਹਮ ਤੋਂ 1984 ਘੱਲੂਘਾਰੇ ਵਿੱਚ ਬਰਤਾਨੀਆ ਦੀ ਭੂਮਿਕਾ ਦੀ ਨਿਰਪੱਖ ਜਾਂਚ ਕਰਨ ਦੀ ਮੁੜ ਮੰਗ ਕੀਤੀ ਗਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਮਾਰਗਰੈਟ ਥੈਚਰ ਸਰਕਾਰ ਵੇਲੇ ਦੀਆਂ ਜਨਤਕ ਹੋਈਆਂ ਚਿੱਠੀਆਂ ਅਤੇ ਹੋਰ ਦਸਤਾਵੇਜ਼ ਬਹੁਤ ਕੁਝ ਬਿਆਨ ਕਰ ਰਹੇ ਹਨ। ਇਸ ਦੇ ਨਾਲ ਹੀ ਸਿੱਖਾਂ ਨੇ ਭਾਰਤ ਵਿੱਚ ਸਾਢੇ ਅੱਠ ਸਾਲ ਤੋਂ ਵੱਧ ਸਮੇਂ ਤੋਂ ਕੈਦ ਜਗਤਾਰ ਸਿੰਘ ਜੱਗੀ ਜੌਹਲ ਦੀ ਤੁਰੰਤ ਰਿਹਾਈ ਯਕੀਨੀ ਬਣਾਉਣ ਦੀ ਮੰਗ ਵੀ ਰੱਖੀ ਹੈ। ਸਿੱਖ ਫੈਡਰੇਸ਼ਨ (ਯੂਕੇ) ਦੇ ਚੇਅਰ ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਨਵੇਂ ਲੇਬਰ ਨੇਤਾ ਦੀ ਪਰਖ ਹੁਣ ਉਸਦੇ ਕੰਮਾਂ ਨਾਲ ਹੋਵੇਗੀ ਅਤੇ ਜੇਕਰ ਸਿੱਖ ਭਾਈਚਾਰੇ ਨਾਲ ਸਿੱਧਾ ਤੇ ਭਰੋਸੇਯੋਗ ਸੰਵਾਦ ਸ਼ੁਰੂ ਨਾ ਹੋਇਆ ਤਾਂ ਲੇਬਰ ਨੂੰ ਇਸ ਦਾ ਰਾਜਨੀਤਿਕ ਨੁਕਸਾਨ ਝੱਲਣਾ ਪਵੇਗਾ।



ਬੀਤੇ ਦਿਨੀ ਸਿੱਖ ਲਾਬੀ ਦੌਰਾਨ ਐਮ ਪੀ ਜਸ ਅਠਵਾਲ ਅਤੇ ਸਿੱਖ ਆਗੂ

ਹੁਣ ਵੇਖਣਾ ਇਹ ਹੋਵੇਗਾ ਕਿ ਨਵੇਂ ਬਣੇ ਪ੍ਰਧਾਨ ਮੰਤਰੀ ਨੇ ਭਾਵੇਂ ਆਪਣਾ ਨਵਾਂ ਮੰਤਰੀ ਮੰਡਲ ਬਣਾਉਣ ਤੋਂ ਬਾਅਦ ਆਮ ਲੋਕਾਂ ਨੂੰ ਰਾਹਤ ਦੇਣ ਲਈ ਤੁਰੰਤ ਪ੍ਰਭਾਵ ਨਾਲ ਕਦਮ ਚੁੱਕੇ ਹਨ। ਪਰ ਕੀ ਸਿੱਖਾਂ ਦੀਆਂ ਲਟਕ ਰਹੀਆਂ ਇਹਨਾਂ ਮੰਗਾਂ ਵੱਲ ਧਿਆਨ ਦੇਣਗੇ ਜਾਂ ਨਹੀਂ ਕਿਉਂਕਿ ਸਾਬਕਾ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਹਨਾਂ ਮੁੱਦਿਆਂ ਤੇ ਚੋਣਾਂ ਤੋਂ ਪਹਿਲਾਂ ਵਾਅਦੇ ਕਰਨ ਦੇ ਬਾਵਜੂਦ ਕੁਝ ਨਹੀਂ ਕੀਤਾ ਸੀ। ਲੇਬਰ ਦੇ ਚੋਣ ਮਨੋਰਥ ਪੱਤਰਾਂ ਵਿੱਚ ਦਰਜ਼ ਕੀਤੇ ਸਿੱਖਾਂ ਦੇ ਵਾਅਦੇ ਸਿਰਫ਼ ਕਾਗਜ਼ਾਂ ਤੇ ਹੀ ਰਹੇ ਹਨ। ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਲਈ ਮੁਆਫੀ ਮੰਗਣ ਵਾਲੀ ਮੰਗ ਨੂੰ ਵੀ ਅਜੇ ਤੱਕ ਕਿਸੇ ਸਰਕਾਰ ਨੇ ਪੂਰਾ ਨਹੀਂ ਕੀਤਾ।

## ਯੂ.ਕੇ. ਦੇ ਪ੍ਰਧਾਨ ਮੰਤਰੀ ਐਂਡੀ ਬਰਨਹਮ ਵੱਲੋਂ ਪੱਬਾਂ, ਕਲੱਬਾਂ ਅਤੇ ਲਾਈਵ ਸੰਗੀਤਕ ਥਾਵਾਂ ਲਈ ਕਾਰੋਬਾਰੀ ਟੈਕਸਾਂ ਵਿੱਚ ਛੋਟ ਦਾ ਐਲਾਨ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੇ ਇੰਗਲੈਂਡ ਦੇ ਪੱਬਾਂ, ਸਮਾਜਿਕ ਕਲੱਬਾਂ ਅਤੇ ਲਾਈਵ ਮਿਊਜ਼ਿਕ ਵੈਨਿਊਜ਼ (ਸੰਗੀਤ ਦੇ ਸਥਾਨਾਂ) ਲਈ ਅਪ੍ਰੈਲ ਤੋਂ ਕਾਰੋਬਾਰੀ ਟੈਕਸਾਂ ਵਿੱਚ 20% ਦੀ ਕਟੌਤੀ ਕਰਨ ਦਾ ਐਲਾਨ ਕੀਤਾ ਹੈ।ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਇਸ ਫੈਸਲੇ ਨਾਲ ਲਗਭਗ 32,000 ਕਾਰੋਬਾਰਾਂ ਨੂੰ ਲਾਭ ਮਿਲੇਗਾ। ਸਰਕਾਰ ਦੇ ਅਨੁਮਾਨ ਅਨੁਸਾਰ ਇੱਕ ਆਮ ਪੱਬ ਨੂੰ ਸਾਲਾਨਾ ਲਗਭਗ 1,100 ਪੌਂਡ ਦੀ ਬਚਤ ਹੋਵੇਗੀ। ਬਰਨਹਮ ਅਨੁਸਾਰ ਇਹ ਕਦਮ ਸਥਾਨਕ ਹਾਈ ਸਟ੍ਰੀਟਾਂ ਅਤੇ ਸਭਿਆਚਾਰਕ ਕੇਂਦਰਾਂ ਨੂੰ ਬਚਾਉਣ ਲਈ ਚੁੱਕਿਆ ਗਿਆ ਹੈ, ਜੋ ਪਿਛਲੇ ਕੁਝ ਸਮੇਂ ਤੋਂ ਮਹਿੰਗਾਈ ਅਤੇ ਹੋਰ ਖਰਚਿਆਂ ਦੇ ਬੋਝ ਹੇਠ ਸਨ। ਇਸ ਯੋਜਨਾ 'ਤੇ ਸਾਲਾਨਾ ਲਗਭਗ 100 ਮਿਲੀਅਨ ਪੌਂਡ ਦਾ ਖਰਚਾ ਆਵੇਗਾ। ਸਰਕਾਰ ਇਸ ਖਰਚੇ ਨੂੰ ਪੂਰਾ ਕਰਨ ਲਈ ਸਮਾਜ ਲਈ ਨੁਕਸਾਨਦੇਹ ਮੰਨੇ ਜਾਂਦੇ ਕਾਰੋਬਾਰਾਂ (ਜਿਵੇਂ ਕਿ ਵੇਪ ਦੀਆਂ ਦੁਕਾਨਾਂ/ਜੂਆ ਅੱਡੇ) 'ਤੇ ਮਿਲਣ ਵਾਲੀ ਟੈਕਸ ਰਾਹਤ ਘਟਾਏਗੀ ਅਤੇ ਆਨਲਾਈਨ ਮਾਰਕੀਟਪਲੇਸਾਂ 'ਤੇ ਟੈਕਸ ਨਿਯਮਾਂ ਨੂੰ ਸਖ਼ਤ ਕਰੇਗੀ। ਇਹ 20% ਦੀ ਵਿਸ਼ੇਸ਼ ਛੋਟ ਬਹੁਤ ਵੱਡੇ ਲਾਈਵ ਮਿਊਜ਼ਿਕ ਵੈਨਿਊਜ਼ (ਵੱਡੇ ਸਟੇਡੀਅਮ/ਹਾਲ) 'ਤੇ ਲਾਗੂ ਨਹੀਂ ਹੋਵੇਗੀ ਤਾਂ ਜੋ ਲੋੜਵੰਦ ਛੋਟੇ ਕਾਰੋਬਾਰਾਂ ਨੂੰ ਪਹਿਲ ਦਿੱਤੀ ਜਾ ਸਕੇ। ਉਹਨਾਂ ਕਿਹਾ ਕਿ ਲੰਬੇ ਸਮੇਂ ਤੋਂ ਸਰਕਾਰਾਂ ਚੁੱਪ-ਚਾਪ ਦੇਖਦੀਆਂ ਰਹੀਆਂ ਜਦੋਂ ਸਾਡੀਆਂ ਹਾਈ ਸਟ੍ਰੀਟਾਂ ਤੋਂ ਅਜੇਹੇ ਕਾਰੋਬਾਰ ਖ਼ਤਮ ਹੋ ਰਹੇ ਸਨ। ਅੱਜ ਮੈਂ ਇਸਨੂੰ ਬਦਲ ਰਿਹਾ ਹਾਂ, ਇਹ ਸਾਡੇ ਲੋਕਾਂ ਦਾ ਦਿਲ ਹਨ।

## ਪੰਜਾਬੀਆਂ ਦੇ ਦਿਲਾਂ ਵਿੱਚ ਖਾਲਸਾ ਰਾਜ ਦੀ ਯਾਦ ਅਜੇ ਵੀ ਕਾਇਮ ਹੈ – ਜੱਥੇਦਾਰ ਗੜਗੱਜ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀਆਂ ਦੇ ਦਿਲਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੀ ਯਾਦ ਅਜੇ ਵੀ ਕਾਇਮ ਹੈ, ਇਹ ਵਿਚਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਯੂ ਕੇ ਫੇਰੀ ਦੌਰਾਨ ਪ੍ਰਗਟ ਕੀਤੇ। ਲੰਡਨ ਦੇ ਵਿਕਟੋਰੀਆ ਐਂਡ ਐਲਬਰਟ ਮਿਊਜ਼ੀਅਮ ਵਿੱਚ ਉਹਨਾਂ ਮਹਾਰਾਜਾ ਰਣਜੀਤ ਸਿੰਘ ਦਾ ਸੋਨੇ ਦਾ ਸਿੰਘਾਸਨ ਅਤੇ ਹੋਰ ਨਿਸ਼ਾਨੀਆਂ ਨੂੰ ਵੇਖਿਆ। ਉਹਨਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਨਿਸ਼ਾਨੀਆਂ ਲੰਡਨ ਵਿੱਚ ਪਾਈਆਂ ਹਨ ਅਤੇ ਪੰਜਾਬ ਵਿੱਚ ਵੀ, ਇਹ ਸਾਡੀ ਵਿਰਾਸਤ ਹੈ ਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਹਨਾਂ ਨੂੰ ਸੰਭਾਲ ਕੇ ਰੱਖੀਏ ਅਤੇ ਇਹਨਾਂ ਦਾ ਸਤਿਕਾਰ ਕਰੀਏ। ਉਹਨਾਂ ਕਿਹਾ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜਭਾਗ ਦੀਆਂ ਇਹ ਨਿਸ਼ਾਨੀਆਂ ਸਾਨੂੰ ਅੱਜ ਵੀ ਇਹ ਯਾਦ ਦਵਾਉਂਦੀਆਂ ਹਨ ਕਿ ਅਸੀਂ ਤਖ਼ਤਾਂ ਤੇ ਤਾਜਾਂ ਵਾਲੇ ਹਾਂ। ਇਸ ਮੌਕੇ ਉਹਨਾਂ ਨਾਲ ਜਸਕਰਨ ਸਿੰਘ, ਅਮਰਜੀਤ ਸਿੰਘ, ਅਮਨਦੀਪ ਸਿੰਘ ਆਦਿ ਹਾਜ਼ਰ ਸਨ।



ਮਹਾਰਾਜਾ ਰਣਜੀਤ ਸਿੰਘ ਦੇ ਸੋਨੇ ਦੇ ਤਖ਼ਤ ਨਾਲ ਜੱਥੇਦਾਰ ਕੁਲਦੀਪ ਸਿੰਘ ਗੜਗੱਜ

## ਸਵਾਨਜ਼ੀ, ਵੇਲਜ਼ ਵਿਖੇ ਇਕ ਸਿੱਖ ਜੋੜੇ ਨੂੰ ਘਰੇਲੂ ਕੰਮ ਲਈ ਸੁਆਣੀ ਦੀ ਲੋੜ

ਵੇਲਜ਼ ਦੇ ਸਵਾਨਜ਼ੀ ਟਾਊਨ ਵਿੱਚ ਇਕ ਸਤਿਕਾਰਯੋਗ ਸਿੱਖ ਜੋੜੇ ਵਾਸਤੇ ਘਰੇਲੂ ਕੰਮ ਕਰਨ ਵਾਲੀ ਔਰਤ (ਸੁਆਣੀ) ਦੀ ਜ਼ਰੂਰਤ ਹੈ । ਔਰਤ ਦੇ ਕੰਮ ਵਿੱਚ ਖਾਣਾ ਬਣਾਉਣਾ ਅਤੇ ਘਰ ਦੀ ਸਾਫ਼ ਸਫ਼ਾਈ ਕਰਨਾ ਸ਼ਾਮਿਲ ਹੈ । ਉਸ ਨੂੰ ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ ।
ਹੋਰ ਜਾਣਕਾਰੀ ਲਈ ਸੰਪਰਕ ਕਰੋ: 07768 834 199

LIVE IN HOUSE KEEPER REQUIRED FOR A VERY RESPECTFUL SIKH FAMILY IN SWANSEA, Wales

Punjabi Sikh family required a House keeper to Clean and Cook. The position is in Swansea, Wales
Free accommodation and food will be provided.

FOR MORE INFORMATION PLEASE CONTACT ON: Mob: 07768 834 199

# ਭਾਰਤੀ ਦਲ ਦਾ ਨਿੱਘਾ ਸਵਾਗਤ, ਮੀਰਾਬਾਈ ਚਾਨੂ ਨੇ ਤਿਰੰਗਾ ਤੇ ਲਵਲੀਨਾ ਨੇ ਕਿੰਗਜ਼ ਬੈਟਨ ਸੰਭਾਲਿਆ









**ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ ) - ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ 23ਵੀਆਂ ਰਾਸ਼ਟਰਮੰਡਲ ਖੇਡਾਂ ਦਾ ਸ਼ਾਨਦਾਰ ਅਤੇ ਯਾਦਗਾਰ ਉਦਘਾਟਨੀ ਸਮਾਰੋਹ ਓਵੀਓ ਹਾਈਡਰੋ ਅਰੀਨਾ ਵਿੱਚ ਹੋਇਆ। ਬ੍ਰਿਟੇਨ ਦੇ ਬਾਦਸ਼ਾਹ ਮਹਾਰ ਚਾਰਲਸ ਤੀਜੇ ਅਤੇ ਮਹਾਰਾਣੀ ਕੈਮੀਲਾ ਦੀ ਮੌਜੂਦਗੀ ਵਿੱਚ ਰੰਗਾਂ, ਰੌਸ਼ਨੀ, ਸੰਗੀਤ ਅਤੇ ਸਕਾਟਲੈਂਡ ਦੀ ਸੱਭਿਆਚਾਰਕ ਵਿਰਾਸਤ ਨਾਲ ਸਜੇ ਸਮਾਰੋਹ ਨੇ ਹਜ਼ਾਰਾਂ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ।**

ਅੰਤ ਵਿੱਚ ਕਿੰਗ ਚਾਰਲਜ਼ ਨੇ ਰਸਮੀ ਤੌਰ ’ਤੇ 23ਵੀਆਂ ਰਾਸ਼ਟਰਮੰਡਲ ਖੇਡਾਂ ਦੇ ਉਦਘਾਟਨ ਦਾ ਐਲਾਨ ਕੀਤਾ।ਉਦਘਾਟਨੀ ਸਮਾਰੋਹ ਦੀ ਸ਼ੁਰੂਆਤ ਮਸ਼ਹੂਰ ਟੈਲੀਵਿਜ਼ਨ ਲੜੀ ‘ਡਾਕਟਰ ਹੂ' ਦੀ ਟਾਇ ਮਸ਼ੀਨ ਟਾਰਡਿਸ ਦੀ ਹੈਰਾਨ ਕਰ ਦੇਣ ਵਾਲੀ ਪੇਸ਼ਕਾਰੀ ਨਾਲ ਹੋਈ। 50 ਮੀਟਰ ਚੌੜੀ ਵਿਸ਼ਾਲ ਐਲਈਡੀ ਸਕ੍ਰੀਨ ’ਤੇ ਸਕਾਟਲੈਂਡ ਦੀ ਪ੍ਰਸਿੱਧ ਝੀਲ ਲੌਕ ਨੇਸ, ਐਡਿਨਬਰਗ ਕਿਲ੍ਹਾ, ਕੈਲਪੀਜ਼ ਘੋੜੇ ਅਤੇ ਸਕਾਟਲੈਂਡ ਦੇ ਹੋਰ ਪ੍ਰਸਿੱਧ ਸਥਾਨਾਂ ਦੀਆਂ ਮਨਮੋਹਕ ਝਲਕੀਆਂ ਦਿਖਾਈਆਂ ਗਈਆਂ। ਸਾਈਕਲਿੰਗ ਦੇ ਮਹਾਨ ਖਿਡਾਰੀ ਸਰ ਕ੍ਰਿਸ ਹੋਏ, ਅਦਾਕਾਰ ਗ੍ਰੇਗ ਮੈਕਹਿਊ ਅਤੇ ਡਾਕਟਰ ਹੂ ਦੇ ਸੱਤਵੇਂ ਡਾਕਟਰ ਸਿਲਵੈਸਟਰ ਮੈਕਕੋਇ ਦੀ ਪੇਸ਼ਕਾਰੀ ਨੇ ਸਮਾਰੋਹ ਨੂੰ ਵਿਲੱਖਣ ਬਣਾ ਦਿੱਤਾ। ਰਾਸ਼ਟਰਮੰਡਲ ਖੇਡਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੈਰਾ ਅਤੇ ਗੈਰ-ਪੈਰਾ ਖਿਡਾਰੀਆਂ ਨੇ ਇਕੱਠੇ ਅਰੀਨਾ ਵਿੱਚ ਦਾਖ਼ਲ ਹੋ ਕੇ ਸਮਾਨਤਾ ਅਤੇ ਸਮਾਵੇਸ਼ ਦਾ ਸੰਦੇਸ਼ ਦਿੱਤਾ। ਇਸ ਤੋਂ ਬਾਅਦ ਹੋਈ ਰਵਾਇਤੀ ‘ਪਰੇਡ ਆਫ ਨੇਸ਼ਨਜ਼’ ਦੌਰਾਨ 74 ਦੇਸ਼ਾਂ ਅਤੇ ਖੇਤਰਾਂ ਦੇ ਦਲ ਆਪਣੇ-ਆਪਣੇ ਰਾਸ਼ਟਰੀ ਝੰਡਿਆਂ ਨਾਲ ਅਰੀਨਾ ਵਿੱਚ ਦਾਖ਼ਲ ਹੋਏ। ਭਾਰਤੀ ਦਲ ਦੇ ਅਰੀਨਾ ਵਿੱਚ ਦਾਖਲ ਹੁੰਦਿਆਂ ਹੀ ਸਟੇਡੀਅਮ ਤਾੜੀਆਂ ਦੀ ਗੂੰਜ ਨਾਲ ਗੂੰਜ ਉੱਠਿਆ। ਓਲੰਪਿਕ ਤਮਗਾ ਜੇਤੂ ਵੇਟਲਿਫਟਰ ਮੀਰਾਬਾਈ ਚਾਨੂ ਨੇ ਤਿਰੰਗਾ ਝੰਡਾ ਚੁੱਕ ਕੇ ਭਾਰਤੀ ਦਲ ਦੀ ਅਗਵਾਈ ਕੀਤੀ, ਜਦਕਿ ਓਲੰਪਿਕ ਕਾਂਸੀ ਤਮਗਾ ਜੇਤੂ ਮੁੱਕੇਬਾਜ਼ ਲਵਲੀਨਾ ਬੋਰਗੋਹੇਨ ਨੇ ਰਸਮੀ ਕਿੰਗਜ਼ ਬੈਟਨ ਸੰਭਾਲਿਆ। ਭਾਰਤ ਦਾ ਲਗਭਗ 190 ਮੈਂਬਰੀ ਦਲ, ਜਿਸ ਵਿੱਚ 120 ਤੋਂ ਵੱਧ ਖਿਡਾਰੀ ਅਤੇ ਅਧਿਕਾਰੀ ਸ਼ਾਮਲ ਹਨ, 10 ਖੇਡਾਂ ਵਿੱਚ ਦੇਸ਼ ਦੀ ਨੁਮਾਇੰਦਗੀ ਕਰੇਗਾ। ਕੇਂਦਰੀ ਯੁਵਾ ਮਾਮਲੇ ਅਤੇ ਖੇਡ ਮੰਤਰੀ ਡਾ. ਮਨਸੁੱਖ ਮਾਂਡਵੀਆ ਵੀ ਭਾਰਤੀ ਦਲ ਨਾਲ ਗਲਾਸਗੋ ਵਿੱਚ ਮੌਜੂਦ ਹਨ। ਉਨ੍ਹਾਂ ਨੇ ਖਿਡਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ ਅਤੇ ਵਿਸ਼ਵਾਸ ਜਤਾਇਆ ਕਿ ਭਾਰਤੀ ਖਿਡਾਰੀ ਇਸ ਵਾਰ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਦੇਸ਼ ਦਾ ਨਾਮ ਰੌਸ਼ਨ ਕਰਨਗੇ।ਸਮਾਰੋਹ ਦੌਰਾਨ ਸਕਾਟਲੈਂਡ ਦੀ ਲੋਕ-ਸੱਭਿਆਚਾਰ, ਸੰਗੀਤ ਅਤੇ ਉਦਯੋਗਿਕ ਵਿਰਾਸਤ ਨੂੰ ਰੰਗਾਰੰਗ ਪੇਸ਼ਕਾਰੀਆਂ ਰਾਹੀਂ ਜੀਵੰਤ ਕੀਤਾ ਗਿਆ। ਅਦਾਕਾਰ ਸੈਮ ਹਿਊਹਨ ਵੱਲੋਂ ਲੋਕ ਕਥਾਵਾਂ ਦੇ ਪ੍ਰਸਿੱਧ ਕਿਰਦਾਰ ਨੇਸੀ (ਲੌਖ ਨੇਸ ਮੌਂਸਟਰ) ਦੀ ਪੇਸ਼ਕਾਰੀ ਅਤੇ ਨੈਥਨ ਇਵਾਂਸ, ਸੇਂਟ ਫੈਕਸ, ਗਾਈਆ, ਈਵੇ ਅਤੇ ਕੈਲਮ ਬੀਟੀ ਸਮੇਤ ਕਈ ਕਲਾਕਾਰਾਂ ਦੇ ਸੰਗੀਤਕ ਪ੍ਰੋਗਰਾਮ ਦਰਸ਼ਕਾਂ ਲਈ ਖ਼ਾਸ ਆਕਰਸ਼ਣ ਰਹੇ। ਰਸਮੀ ਸਮਾਗਮ ਦੌਰਾਨ ਰਾਸ਼ਟਰਮੰਡਲ ਖੇਡਾਂ ਦਾ ਝੰਡਾ ਲਹਿਰਾਇਆ ਗਿਆ ਅਤੇ ਖਿਡਾਰੀਆਂ, ਅਧਿਕਾਰੀਆਂ ਅਤੇ ਜੱਜਾਂ ਵੱਲੋਂ ਸਹੁੰ ਚੁੱਕੀ ਗਈ। ਇਸ ਤੋਂ ਬਾਅਦ ਸਕਾਟਿਸ਼ ਬੈਟਨ ਰੀਲੇਅ ਰਾਹੀਂ ਬਾਦਸ਼ਾਹ ਚਾਰਲਜ਼ ਤੱਕ ਪਹੁੰਚਾਇਆ ਗਿਆ, ਜਿਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਗਲਾਸਗੋ ਇੱਕ ਵਾਰ ਫਿਰ ਰਾਸ਼ਟਰਮੰਡਲ ਪਰਿਵਾਰ ਦਾ ਨਿੱਘੇ ਦਿਲ ਨਾਲ ਸਵਾਗਤ ਕਰ ਰਿਹਾ ਹੈ ਅਤੇ ਖੇਡਾਂ ਰਾਹੀਂ ਦੋਸਤੀ, ਏਕਤਾ ਅਤੇ ਸਾਂਝੇ ਭਵਿੱਖ ਦਾ ਸੰਦੇਸ਼ ਦੁਨੀਆ ਤੱਕ ਪਹੁੰਚੇਗਾ।

ਰਾਸ਼ਟਰਮੰਡਲ ਖੇਡਾਂ ਦੇ ਪ੍ਰਧਾਨ ਡਾ. ਡੋਨ-ਾਲਡ ਰੁਕਾਰੇ ਨੇ ਕਿਹਾ ਕਿ ਆਉਣ ਵਾਲੇ ਦਸ ਦਿਨਾਂ ਵਿੱਚ ਨਵੇਂ ਰਿਕਾਰਡ ਬਣਨਗੇ, ਨਵੇਂ ਚੈਂਪੀਅਨ ਉਭਰਨਗੇ ਅਤੇ ਇਹ ਖੇਡਾਂ ਦੁਨੀਆ ਭਰ ਦੇ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਬਣਨਗੀਆਂ।ਜਿਕਰਯੋਗ ਹੈ ਕਿ ਸਕਾਟਲੈਂਡ ਚੌਥੀ ਵਾਰ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰ ਰਿਹਾ ਹੈ। 1970 ਅਤੇ 1986 ਵਿੱਚ ਰਾਜਧਾਨੀ ਐਡਨਬਰਾ ਵਿਖੇ ਅਤੇ 2014 ਵਿੱਚ ਗਲਾਸਗੋ ਵਿੱਚ ਕਰਵਾਈਆਂ ਜਾ ਚੁੱਕੀਆਂ ਹਨ। 24 ਜੁਲਾਈ ਤੋਂ 2 ਅਗਸਤ ਤੱਕ ਗਲਾਸਗੋ ਵਿੱਚ ਚੱਲਣ ਵਾਲੀਆਂ ਇਨ੍ਹਾਂ ਖੇਡਾਂ ਵਿੱਚ 74 ਦੇਸ਼ਾਂ ਅਤੇ ਖੇਤਰਾਂ ਦੇ ਲਗਭਗ 3,000 ਖਿਡਾਰੀ 10 ਖੇਡਾਂ ਅਤੇ 6 ਪੈਰਾ ਖੇਡਾਂ ਵਿੱਚ ਤਮਗਿਆਂ ਲਈ ਆਪਣੀ ਦਾਅਵੇਦਾਰੀ ਪੇਸ਼ ਕਰਨਗੇ।

## ਭਾਰਤੀ ਮੂਲ ਦੇ ਡਾ ਅਮੀਸ਼ ਸ਼ਾਹ ਨੇ ਡੈਮੋਕਰੈਟਿਕ ਉਮੀਦਵਾਰ ਵਜੋਂ ਪ੍ਰਾਇਮਰੀ ਚੋਣ ਜਿੱਤੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਡਾਕਟਰ ਅਤੇ ਐਰੀਜ਼ੋਨਾ ਰਾਜ ਦੇ ਸਾਬਕਾ ਪ੍ਰਤੀਨਿਧੀ ਭਾਰਤੀ ਮੂਲ ਦੇ ਡਾ. ਅਮੀਸ਼ ਸ਼ਾਹ ਨੇ ਐਰੀਜ਼ੋਨਾ ਦੇ ਪਹਿਲੇ ਕਾਂਗਰਸ ਜ਼ਿਲੇ ਲਈ ਡੈਮੋਕ੍ਰੇਟਿਕ ਨਾਮਜ਼ਦਗੀ ਚੋਣ ਜਿੱਤ ਲਈ ਹੈ। ਹੁਣ ਸ਼ਾਹ ਦਾ ਮੁਕਾਬਲਾ ਰਿਪਬਲਿਕਨ ਉਮੀਦਵਾਰ ਜੈ ਫੀਲੀ, ਜੋ ਕਿ ਰਾਸ਼ਟਰਪਤੀ ਡੋਨ-ਾਲਡ ਟਰੰਪ ਦੁਆਰਾ ਸਮਰਥਤ ਸਾਬਕਾ ਨੈਸ਼ਨਲ ਫੁੱਟਬਾਲ ਲੀਗ ਕਿਕਰ ਹੈ, ਨਾਲ ਨਵੰਬਰ ਵਿੱਚ ਹੋਵੇਗਾ।**

ਸ਼ਾਹ ਦੀ ਜਿੱਤ ਇਸ ਲਈ ਅਹਿਮ ਹੈ ਕਿਉਂਕਿ ਉਸ ਨੇ ਸਾਬਕਾ ਟੈਲੀਵਿਜ਼ਨ ਪੱਤਰਕਾਰ ਮਾਰਲੀਨ ਗੈਲਨ-ਵੁੱਡਸ ਨੂੰ ਹਰਾਇਆ ਜਿਸ ਨੂੰ ਐਰੀਜ਼ੋਨਾ ਡੈਮੋਕ੍ਰੇਟਿਕ ਨੇਤਾਵਾਂ, ਜਿਨਾਂ ਵਿੱਚ ਸੈਨੇਟਰ ਮਾਰਕ ਕੈਲੀ ਵੀ ਸ਼ਾਮਲ ਹੈ ਅਤੇ ਡੈਮੋਕ੍ਰੇਟਿਕ ਕਾਂਗਰੇਸ਼ਨਲ ਮੁਹਿੰਮ ਕਮੇਟੀ ਦਾ ਸਮਰਥਨ ਵੀ ਪ੍ਰਾਪਤ ਸੀ, ਜੋ ਕਿ ਆਮ ਤੌਰ ’ਤੇ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਵਿੱਚ ਘੱਟ ਹੀ ਦਖਲ ਦਿੰਦੀ ਹੈ। ਆਪਣੀ ਜਿੱਤ ਤੋਂ ਬਾਅਦ ਸ਼ਾਹ ਨੇ ਕਿਹਾ ਕਿ ‘‘ਮੈਂ ਹਮੇਸ਼ਾ ਇੱਕ ਮਿਹਨਤੀ, ਜ਼ਮੀਨੀ ਪੱਧਰ ’ਤੇ ਉਮੀਦਵਾਰ ਹੋਣ ’ਤੇ ਮਾਣ ਕੀਤਾ ਹੈ। ਇਸ ਪ੍ਰਾਇਮਰੀ ਚੋਣ ਵਿੱਚ ਸਾਡੀ ਜਿੱਤ ਇੱਕ ਜ਼ਮੀਨੀ ਪੱਧਰ ’ਤੇ ਹੋਈ ਜਿੱਤ ਹੈ ਜਿੱਥੇ ਐਰੀਜ਼ੋਨਾ ਦੇ ਵੋਟਰਾਂ ਨੇ ਆਪਣੀ ਆਵਾਜ਼ ਨੂੰ ਪਛਾਣਿਆ ਹੈ।’’


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. ‘ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਪੰਜਾਬ ਸੰਤਾਪ ਦੇ ਦੌਰ ਤੋਂ ਵੀ ਵੱਡਾ ਸੰਕਟ ਛਾਇਆ

# ਆਪ ਨੇ ਮੁਫ਼ਤ ਸਹੂਲਤਾਂ ਕਾਰਨ ਕਰਜ਼ਾ ਵਧਾਇਆ

**✪ ਸ਼ਾਂਤੀ ਦੇ 30 ਸਾਲਾਂ ਬਾਅਦ ਕਿਵੇਂ 'ਕਰਜ਼ੇ ਦੇ ਜਾਲ' ਵਿਚ ਫਸਿਆ ਪੰਜਾਬ? ✪ ਖਾਲੀ ਘਰ, ਗਹਿਣੇ ਪਈਆਂ ਜ਼ਮੀਨਾਂ ਤੇ ਡੁੱਬਦਾ ਪੰਜਾਬ - ਬਦਹਾਲੀ ਦਾ ਕੌਣ ਹੈ ਅਸਲ ਜ਼ਿੰਮੇਵਾਰ? ✪ ਕਿਵੇਂ ਪੰਜਾਬ ਦੀ ਅਰਥਵਿਵਸਥਾ ਨੂੰ ਖੋਖਲਾ ਕਰ ਰਹੀਆਂ ਹਨ ਸਰਕਾਰੀ ਨਾਕਾਮੀਆਂ?**




ਪੰਜਾਬ ਦਾ ਕਰਜ਼ਾ-ਜੀ.ਐੱਸ.ਡੀ.ਪੀ. ਅਨੁਪਾਤ ਦੇਸ਼ ਦੇ ਗੈਰ-ਵਿਸ਼ੇਸ਼ ਰਾਜਾਂ ਵਿੱਚੋਂ ਸਭ ਤੋਂ ਵੱਧ ਹੈ। ਰਾਜ ਦੀ ਕੁੱਲ ਆਮਦਨ ਦਾ ਲਗਭਗ 20 ਤੋਂ 25 ਫੀਸਦੀ ਹਿੱਸਾ ਸਿਰਫ਼ ਵਿਆਜ ਦੇਣ ਵਿੱਚ ਨਿਕਲ ਜਾਂਦਾ ਹੈ। ਵਿਰੋਧੀ ਧਿਰਾਂ ਵੀ ਦੋਸ਼ ਲਗਾ ਰਹੀਆਂ ਹਨ ਕਿ ਬਿਨਾਂ ਆਮਦਨ ਵਧਾਏ ਲਗਾਤਾਰ ਕਰਜ਼ਾ ਲੈਣਾ ਸੂਬੇ ਨੂੰ "ਕਰਜ਼ੇ ਦੇ ਜਾਲ" ਵਿੱਚ ਧੱਕ ਰਿਹਾ ਹੈ।

ਅੱਜ ਜੇਕਰ ਤੁਸੀਂ ਪੰਜਾਬ ਦੇ ਪਿੰਡਾਂ ਦੀਆਂ ਗਲੀਆਂ ਵਿੱਚੋਂ ਗੁਜ਼ਰੋ, ਤਾਂ ਇੱਕ ਬੇਹੱਦ ਅਜੀਬ ਅਤੇ ਚਿੰਤਾਜਨਕ ਤਸਵੀਰ ਸਾਹਮਣੇ ਆਉਂਦੀ ਹੈ-ਇੱਕ ਪਾਸੇ ਬੈਂਕਾਂ ਜਾਂ ਆੜ੍ਹਤੀਆਂ ਕੋਲ ਗਹਿਣੇ ਧਰੀਆਂ ਹਰੀਆਂ-ਭਰੀਆਂ ਜ਼ਮੀਨਾਂ, ਦੂਜੇ ਪਾਸੇ ਮੁਫ਼ਤ ਬਿਜਲੀ ਨਾਲ ਦਿਨ-ਰਾਤ ਬਿਨਾਂ ਰੋਕ-ਟੋਕ ਚੱਲਦੇ ਟਿਊਬਵੈੱਲ, ਅਤੇ ਤੀਜੇ ਪਾਸੇ ਉਹ ਆਲੀਸ਼ਾਨ ਪਰ ਸੁੰਨਸਾਨ ਘਰ ਜਿਨ੍ਹਾਂ ਦੇ ਵਿਹੜਿਆਂ ਵਿਚ ਕੋਈ ਨੌਜਵਾਨ ਨਜ਼ਰ ਨਹੀਂ ਆਉਂਦਾ। ਖੇਤੀ ਵਿੱਚ ਸੁਧਾਰ ਕਰਨ ਜਾਂ ਪੰਜਾਬ ਵਿੱਚ ਨਵਾਂ ਕਾਰੋਬਾਰ ਖੜ੍ਹਾ ਕਰਨ ਦੀ ਬਜਾਏ, ਪਰਿਵਾਰਾਂ ਨੇ ਆਪਣੀਆਂ ਜ਼ਮੀਨਾਂ ਵੇਚ-ਵੇਚ ਕੇ ਪੁੱਤਾਂ-ਧੀਆਂ ਨੂੰ ਕੈਨੇਡਾ ਤੇ ਵਲਾਇਤ ਭੇਜਣ ਵਿੱਚ ਹੀ ਸਭ ਤੋਂ ਵੱਡੀ ਸਮਝਦਾਰੀ ਸਮਝ ਲਈ ਹੈ। ਆਮ ਤੌਰ 'ਤੇ ਪੰਜਾਬ ਦੀ ਇਸ ਬਦਹਾਲੀ ਦਾ ਭਾਂਡਾ 80-90 ਦੇ ਦਹਾਕੇ ਦੇ ਖਾੜਕੂਵਾਦ ਦੇ ਸਿਰ ਭੰਨ ਕੇ ਸਰਕਾਰਾਂ ਆਪਣਾ ਪੱਲਾ ਝਾੜ ਲੈਂਦੀਆਂ ਹਨ, ਪਰ ਅਸਲ ਸੱਚਾਈ ਇਹ ਹੈ ਕਿ ਪੰਜਾਬ ਦੀ ਆਰਥਿਕ ਰੀੜ੍ਹ ਦੀ ਹੱਡੀ ਖਾੜਕੂ ਹਿੰਸਾ ਨੇ ਨਹੀਂ, ਬਲਕਿ ਕਥਿਤ ਸ਼ਾਂਤੀ ਦੇ ਦੌਰ ਵਿੱਚ ਹੋਏ 'ਵਿੱਤੀ ਕੁਪ੍ਰਬੰਧਨ', ਭ੍ਰਿਸ਼ਟਾਚਾਰ, ਮੁਫ਼ਤ ਦੀਆਂ ਸਹੂਲਤਾਂ ਤੇ ਨੀਤੀਗਤ ਨਾਕਾਮੀਆਂ ਨੇ ਤੋੜੀ ਹੈ।

ਅੰਕੜੇ ਇਸ ਗੱਲ ਦੀ ਸਾਫ਼ ਗਵਾਹੀ ਦਿੰਦੇ ਹਨ। ਸਾਲ 1981 ਵਿੱਚ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਪੂਰੇ ਭਾਰਤ ਵਿੱਚ ਨੰਬਰ ਇੱਕ 'ਤੇ ਸੀ। ਕੇਂਦਰ ਦੀਆਂ ਗਲਤ ਪਾਲਸੀਆਂ ਕਾਰਣ ਖਾੜਕੂਵਾਦ ਦਾ ਲੰਮਾ ਸੰਤਾਪ ਹੰਢਾਉਣ ਤੋਂ ਬਾਅਦ ਵੀ, ਸਾਲ 2001 ਵਿੱਚ ਪੰਜਾਬ ਦੇਸ਼ ਵਿੱਚ ਚੌਥੇ ਨੰਬਰ 'ਤੇ ਬਰਕਰਾਰ ਸੀ। ਪਰ ਅਸਲ ਗਿਰਾਵਟ 2001 ਤੋਂ ਬਾਅਦ ਸ਼ੁਰੂ ਹੋਈ ਸੀ, ਜਦੋਂ ਅਮਨ-ਸ਼ਾਂਤੀ ਬਹਾਲ ਹੋਏ ਨੂੰ ਇੱਕ ਦਹਾਕਾ ਬੀਤ ਚੁੱਕਾ ਸੀ। ਅੱਜ ਪੰਜਾਬ ਪਿਛੜ ਕੇ ਦੇਸ਼ ਦੇ ਵੱਡੇ ਰਾਜਾਂ ਵਿੱਚੋਂ 10ਵੇਂ ਨੰਬਰ 'ਤੇ ਪਹੁੰਚ ਗਿਆ ਸੀ। ਦੂਜੇ ਪਾਸੇ, 1966 ਵਿੱਚ ਪੰਜਾਬ ਤੋਂ ਵੱਖ ਹੋਏ ਹਰਿਆਣਾ ਨੇ ਵੀ ਉਹੀ ਮਾੜਾ ਦੌਰ ਦੇਖਿਆ ਸੀ, ਪਰ ਅੱਜ ਹਰਿਆਣਾ ਦੀ ਆਮਦਨ ਰਾਸ਼ਟਰੀ ਔਸਤ ਤੋਂ 180% ਉੱਪਰ ਪਹੁੰਚ ਚੁੱਕੀ ਹੈ, ਜਦਕਿ ਪੰਜਾਬ ਲਗਾਤਾਰ ਹੇਠਾਂ ਡਿੱਗ ਰਿਹਾ ਹੈ।

ਅਰਥਸ਼ਾਸਤਰੀਆਂ ਅਨੁਸਾਰ ਪੰਜਾਬ ਨੂੰ ਇਸ ਤਬਾਹੀ ਦੇ ਮੋੜ 'ਤੇ ਲਿਆਉਣ ਲਈ ਤਿੰਨ ਵੱਡੀਆਂ ਨੀਤੀਗਤ ਨਾਕਾਮੀਆਂ ਜ਼ਿੰਮੇਵਾਰ ਹਨ: ਅਰਥਸ਼ਾਸਤਰ ਦਾ ਨਿਯਮ ਕਹਿੰਦਾ ਹੈ ਕਿ ਕਰਜ਼ਾ ਉਦੋਂ ਤੱਕ ਨਿਯੰਤਰਣ ਵਿੱਚ ਰਹਿੰਦਾ ਹੈ ਜਦੋਂ ਰਾਜ ਦੀ ਵਿਕਾਸ ਦਰ ਕਰਜ਼ੇ ਦੀ ਬਿਆਜ ਦਰ ਨਾਲੋਂ ਵੱਧ ਹੋਵੇ। ਪਰ ਪੰਜਾਬ ਵਿੱਚ ਖਰਚੇ ਵਿਕਾਸ ਨਾਲੋਂ ਤੇਜ਼ੀ ਨਾਲ ਵਧੇ। ਪੰਜਾਬ ਦਾ ਰਾਜਸਵ ਘਾਟਾ 1990-91 ਵਿੱਚ 544 ਕਰੋੜ ਰੁਪਏ ਸੀ, ਜੋ ਅੱਜ ਵਧ ਕੇ 24,000 ਕਰੋੜ ਰੁਪਏ ਤੋਂ ਪਾਰ ਹੋ ਗਿਆ ਹੈ।

ਰਾਜ ਦਾ ਕਰਜ਼ਾ-ਤੋਂ-ਜੀ.ਐੱਸ.ਡੀ.ਪੀ ਅਨੁਪਾਤ 45% ਤੋਂ 47% ਦੇ ਖ਼ਤਰਨਾਕ ਪੱਧਰ 'ਤੇ ਹੈ। ਸਰਕਾਰ ਜੋ ਵੀ ਨਵਾਂ ਉਧਾਰ ਲੈਂਦੀ ਹੈ, ਉਸ ਦਾ 80% ਤੋਂ ਵੱਧ ਹਿੱਸਾ ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨਾਂ, ਸਬਸਿਡੀਆਂ ਅਤੇ ਪੁਰਾਣੇ ਕਰਜ਼ਿਆਂ ਦੇ ਵਿਆਜ ਭਰਨ ਵਿੱਚ ਹੀ ਚਲਾ ਜਾਂਦਾ ਹੈ। ਨਵੇਂ ਉਦਯੋਗ, ਹਸਪਤਾਲ, ਸਕੂਲ ਜਾਂ ਬੁਨਿਆਦੀ ਢਾਂਚਾ ਬਣਾਉਣ ਲਈ ਬਜਟ ਵਿੱਚ ਨਾਮਾਤਰ ਪੈਸਾ ਬਚਦਾ ਹੈ। ਯਾਨੀ ਸਰਕਾਰ ਨਵੇਂ ਆਮਦਨ ਦੇ ਸਾਧਨ ਬਣਾਉਣ ਦੀ ਬਜਾਏ, ਸਿਰਫ਼ ਸਰਕਾਰ ਚਲਾਉਣ ਲਈ ਨਵਾਂ ਕਰਜ਼ਾ ਚੁੱਕ ਰਹੀ ਹੈ।

ਪੰਜਾਬ ਦੀ ਖੇਤੀਬਾੜੀ ਅੱਜ ਇੱਕ ਅਜਿਹੇ ਚੱਕਰਵਿਊ ਵਿੱਚ ਫਸ ਚੁੱਕੀ ਹੈ ਜਿੱਥੋਂ ਨਿਕਲਣਾ ਔਖਾ ਹੋ ਰਿਹਾ ਹੈ। ਕਣਕ ਅਤੇ ਝੋਨੇ 'ਤੇ ਮਿਲਦੀ ਨਿਸ਼ਚਿਤ ਐੱਮ.ਐੱਸ.ਪੀ. ਨੇ ਵੱਖ-ਵੱਖ ਫ਼ਸਲਾਂ ਉਗਾਉਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਹਨ। ਇਸ ਦੇ ਨਾਲ ਹੀ, ਖੇਤੀ ਲਈ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਕਾਰਨ ਜ਼ਮੀਨ ਹੇਠਲੇ ਪਾਣੀ ਦੀ ਦੁਰਵਰਤੋਂ ਹੋਈ। ਪੰਜਾਬ ਆਪਣੇ ਜ਼ਮੀਨ ਹੇਠਲੇ ਪਾਣੀ ਦੇ ਕੁਦਰਤੀ ਤੌਰ 'ਤੇ ਭਰਨ ਦੀ ਸਮਰੱਥਾ ਨਾਲੋਂ 150% ਤੋਂ ਵੀ ਵੱਧ ਪਾਣੀ ਬਾਹਰ ਕੱਢ ਰਿਹਾ ਹੈ। ਸਰਕਾਰ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਬਿਜਲੀ ਸਬਸਿਡੀ 'ਤੇ ਰੋੜ੍ਹ ਰਹੀ ਹੈ, ਜਿਸ ਨਾਲ ਖਜ਼ਾਨਾ ਵੀ ਖਾਲੀ ਹੋ ਰਿਹਾ ਹੈ ਅਤੇ ਪੰਜਾਬ ਦਾ ਕੁਦਰਤੀ ਸਰਮਾਇਆ-ਪਾਣੀ-ਵੀ ਖਤਮ ਹੋ ਰਿਹਾ ਹੈ।

ਆਮ ਤੌਰ 'ਤੇ ਜਦੋਂ ਕਿਸੇ ਰਾਜ ਦੇ ਲੋਕ ਵਿਦੇਸ਼ ਜਾਂਦੇ ਹਨ (ਜਿਵੇਂ ਕੇਰਲ ਦੇ ਲੋਕ ਖਾੜੀ ਦੇਸ਼ਾਂ ਵਿੱਚ ਜਾਂਦੇ ਹਨ), ਤਾਂ ਉਹ ਵਾਪਸ ਆਪਣੇ ਰਾਜ ਵਿੱਚ ਪੈਸਾ ਭੇਜਦੇ ਹਨ, ਜਿਸ ਨਾਲ ਸਥਾਨਕ ਅਰਥ -ਵਿਵਸਥਾ ਮਜ਼ਬੂਤ ਹੁੰਦੀ ਹੈ। ਪਰ ਪੰਜਾਬ ਵਿੱਚ ਇਸ ਦੇ ਉਲਟ ਹੋ ਰਿਹਾ ਹੈ। ਪੰਜਾਬ ਦੇ ਪਰਿਵਾਰ ਆਪਣੇ ਬੱਚਿਆਂ ਨੂੰ ਬਾਹਰ ਭੇਜਣ ਲਈ ਪੰਜਾਬ ਵਿੱਚ ਆਪਣੀਆਂ ਜ਼ਮੀਨਾਂ ਵੇਚ ਰਹੇ ਹਨ ਜਾਂ ਭਾਰੀ ਵਿਆਜ 'ਤੇ ਕਰਜ਼ੇ ਲੈ ਰਹੇ ਹਨ। ਇਹ ਪੈਸਾ ਪੰਜਾਬ ਵਿੱਚ ਨਿਵੇਸ਼ ਹੋਣ ਦੀ ਬਜਾਏ ਵਿਦੇਸ਼ੀ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਫੀਸਾਂ ਵਿੱਚ ਚਲਾ ਜਾਂਦਾ ਹੈ। ਭਾਰਤ ਦੀ ਕੁੱਲ ਆਬਾਦੀ ਦਾ ਸਿਰਫ਼ 2.19% ਹਿੱਸਾ ਹੋਣ ਦੇ ਬਾਵਜੂਦ, ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਵਿੱਚ ਪੰਜਾਬ ਦਾ ਹਿੱਸਾ ਲਗਭਗ 60% ਦੇ ਨੇੜੇ ਰਿਹਾ ਹੈ। ਪੰਜਾਬ ਤੋਂ ਨਾ ਸਿਰਫ਼ ਨੌਜਵਾਨ ਬਾਹਰ ਜਾ ਰਹੇ ਹਨ, ਬਲਕਿ ਉਹ ਆਪਣੇ ਨਾਲ ਰਾਜ ਦੀ ਜਮ੍ਹਾਂ ਪੂੰਜੀ ਵੀ ਹਮੇਸ਼ਾ ਲਈ ਬਾਹਰ ਲੈ ਕੇ ਜਾ ਰਹੇ ਹਨ।

ਪੰਜਾਬ ਦੀ ਮੌਜੂਦਾ ਹਾਲਤ ਕਿਸੇ ਅਚਾਨਕ ਆਈ ਹਿੰਸਾ ਦਾ ਨਤੀਜਾ ਨਹੀਂ, ਬਲਕਿ ਪਿਛਲੇ 30 ਸਾਲਾਂ ਦੇ ਬਿਊਰੋਕਰੇਟਿਕ ਢਾਂਚੇ, ਵੋਟ ਬੈਂਕ ਦੀ ਰਾਜਨੀਤੀ ਲਈ ਵੰਡੀਆਂ ਮੁਫ਼ਤ ਸਹੂਲਤਾਂ ਅਤੇ ਨੀਤੀਗਤ ਸੁਧਾਰ ਨਾ ਕਰਨ ਦਾ ਸਿੱਟਾ ਹੈ। ਹੁਣ ਪੰਜਾਬ ਸਰਕਾਰ ਨੇ ਜੁਲਾਈ ਤੋਂ ਸਤੰਬਰ (ਦੂਜੀ ਤਿਮਾਹੀ) ਦੇ ਦਰਮਿਆਨ ਬਾਜ਼ਾਰ ਤੋਂ 13,000 ਕਰੋੜ ਰੁਪਏ ਦਾ ਹੋਰ ਕਰਜ਼ਾ ਲੈਣ ਦੀ ਯੋਜਨਾ ਬਣਾਈ ਹੈ। ਇਸ ਵਿੱਚੋਂ 5,500 ਕਰੋੜ ਜੁਲਾਈ, 3,500 ਕਰੋੜ ਅਗਸਤ ਅਤੇ 4,000 ਕਰੋੜ ਰੁਪਏ ਸਤੰਬਰ ਮਹੀਨੇ ਵਿੱਚ ਲਏ ਜਾਣਗੇ। ਇਸ ਨਵੇਂ ਉਧਾਰ ਨਾਲ ਚਾਲੂ ਵਿੱਤੀ ਵਰ੍ਹੇ ਦੇ ਪਹਿਲੇ ਛੇ ਮਹੀਨਿਆਂ (ਅਪ੍ਰੈਲ ਤੋਂ ਸਤੰਬਰ) ਵਿੱਚ ਸਰਕਾਰ ਦਾ ਕੁੱਲ ਕਰਜ਼ਾ 18,142 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ (ਜਿਵੇਂ ਮੁਫ਼ਤ ਬਿਜਲੀ, ਬੱਸ ਸਫ਼ਰ ਅਤੇ ਔਰਤਾਂ ਲਈ ਵਿੱਤੀ ਮਦਦ) ਕਾਰਨ ਖਜ਼ਾਨੇ 'ਤੇ ਬੋਝ ਲਗਾਤਾਰ ਵਧ ਰਿਹਾ ਹੈ।

ਨਵੇਂ ਲਏ ਜਾ ਰਹੇ ਕਰਜ਼ੇ ਦਾ ਇੱਕ ਵੱਡਾ ਹਿੱਸਾ ਪੁਰਾਣੇ ਕਰਜ਼ੇ ਦੀਆਂ ਕਿਸ਼ਤਾਂ ਅਤੇ ਵਿਆਜ ਮੋੜਨ ਵਿੱਚ ਹੀ ਚਲਾ ਜਾਂਦਾ ਹੈ। ਇਸ ਸਾਲ ਸਰਕਾਰ ਨੂੰ ਕਰਜ਼ੇ ਦੀ ਭਰਪਾਈ ਅਤੇ ਵਿਆਜ ਲਈ ਲਗਭਗ 42,481 ਕਰੋੜ ਰੁਪਏ ਖਰਚਣੇ ਪੈਣਗੇ। ਸਰਕਾਰ ਦੇ ਵਿੱਤ ਵਿਭਾਗ ਅਨੁਸਾਰ ਇਹ ਉਧਾਰ ਨਿਰਧਾਰਤ ਨਿਯਮਾਂ ਦੇ ਅੰਦਰ ਹੀ ਲਿਆ ਜਾ ਰਹਾ ਹੈ। ਸਰਕਾਰ ਦਾ ਦਾਅਵਾ ਹੈ ਕਿ ਇਸ ਵਾਰ ਵਿਕਾਸ ਕਾਰਜਾਂ ਲਈ 18,380 ਕਰੋੜ ਰੁਪਏ ਰੱਖੇ ਗਏ ਹਨ, ਜੋ ਪਿਛਲੇ ਸਾਲ ਨਾਲੋਂ ਲਗਭਗ 80% ਵੱਧ ਹਨ। ਇਸ ਤੋਂ ਇਲਾਵਾ, ਸਰਕਾਰ ਦਾ ਕਹਿਣਾ ਹੈ ਕਿ ਮੌਜੂਦਾ ਬੋਝ ਪਿਛਲੀਆਂ ਸਰਕਾਰਾਂ ਤੋਂ ਮਿਲੀ ਆਰਥਿਕ ਵਿਰਾਸਤ ਦਾ ਨਤੀਜਾ ਹੈ। ਮਾਹਿਰਾਂ ਅਤੇ ਵਿੱਤੀ ਅਦਾਰਿਆਂ ਦੀਆਂ ਰਿਪੋਰਟਾਂ ਅਨੁਸਾਰ, ਪੰਜਾਬ ਦਾ ਕਰਜ਼ਾ-ਜੀ.ਐੱਸ.ਡੀ.ਪੀ. ਅਨੁਪਾਤ ਦੇਸ਼ ਦੇ ਗੈਰ-ਵਿਸ਼ੇਸ਼ ਰਾਜਾਂ ਵਿੱਚੋਂ ਸਭ ਤੋਂ ਵੱਧ ਹੈ। ਰਾਜ ਦੀ ਕੁੱਲ ਆਮਦਨ ਦਾ ਲਗਭਗ 20 ਤੋਂ 25 ਫੀਸਦੀ ਹਿੱਸਾ ਸਿਰਫ਼ ਵਿਆਜ ਦੇਣ ਵਿੱਚ ਨਿਕਲ ਜਾਂਦਾ ਹੈ। ਵਿਰੋਧੀ ਧਿਰਾਂ ਵੀ ਦੋਸ਼ ਲਗਾ ਰਹੀਆਂ ਹਨ ਕਿ ਬਿਨਾਂ ਆਮਦਨ ਵਧਾਏ ਲਗਾਤਾਰ ਕਰਜ਼ਾ ਲੈਣਾ ਸੂਬੇ ਨੂੰ "ਕਰਜ਼ੇ ਦੇ ਜਾਲ" ਵਿੱਚ ਧੱਕ ਰਿਹਾ ਹੈ।

ਕਰਜ਼ਾ ਲੈ ਕੇ ਵਿਕਾਸ ਕਾਰਜ ਕਰਨਾ ਕੋਈ ਗਲਤ ਨੀਤੀ ਨਹੀਂ ਹੈ, ਪਰ ਜੇਕਰ ਜ਼ਿਆਦਾਤਰ ਪੈਸਾ ਸਿਰਫ਼ ਰੋਜ਼ਾਨਾ ਦੇ ਖਰਚਿਆਂ ਅਤੇ ਪੁਰਾਣੇ ਕਰਜ਼ੇ ਦੇ ਵਿਆਜ ਵਿੱਚ ਚਲਾ ਜਾਵੇ, ਤਾਂ ਇਹ ਚਿੰਤਾਜਨਕ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਸੂਬੇ ਦੀ ਆਪਣੀ ਆਮਦਨ (ਟੈਕਸ ਅਤੇ ਗੈਰ-ਟੈਕਸ) ਵਧਾਉਣ ਦੇ ਠੋਸ ਉਪਾਅ ਕੀਤੇ ਜਾਣ ਫ਼ਾਲਤੂ ਦੇ ਸਰਕਾਰੀ ਖਰਚਿਆਂ 'ਤੇ ਲਗਾਮ ਲਗਾਈ ਜਾਵੇ। ਅਜਿਹੇ ਉਦਯੋਗਿਕ ਅਤੇ ਵਿਕਾਸ ਪ੍ਰੋਜੈਕਟਾਂ 'ਤੇ ਧਿਆਨ ਦਿੱਤਾ ਜਾਵੇ ਜੋ ਭਵਿੱਖ ਵਿੱਚ ਸੂਬੇ ਲਈ ਆਮਦਨ ਦੇ ਨਵੇਂ ਸਾਧਨ ਪੈਦਾ ਕਰ ਸਕਣ। ਸਰਕਾਰ ਨੂੰ ਇੱਕ ਮਜ਼ਬੂਤ ਉਦਯੋਗਿਕ ਨੀਤੀ, ਖੇਤੀਬਾੜੀ ਵਿੱਚ ਢਾਂਚਾਗਤ ਬਦਲਾਅ ਅਤੇ ਅਜਿਹਾ ਵਪਾਰਕ ਮਾਹੌਲ ਸਿਰਜਣਾ ਪਵੇਗਾ ਤਾਂ ਜੋ ਨੌਜਵਾਨਾਂ ਨੂੰ ਆਪਣੇ ਹੀ ਰਾਜ ਵਿੱਚ ਭਵਿੱਖ ਸੁਰੱਖਿਅਤ ਨਜ਼ਰ ਆਵੇ, ਨਾ ਕਿ ਵਿਦੇਸ਼ੀ ਧਰਤੀ 'ਤੇ।

# ਸੋਸ਼ਲ ਮੀਡੀਆ ਤੋਂ ਕ੍ਰਿਪਟੋਕਰੰਸੀ ਤੱਕ: ਨਸ਼ਾ ਤਸਕਰਾਂ ਦਾ ਬਦਲਦਾ ਆਧੁਨਿਕ ਚਿਹਰਾ

**✪ ਰਾਜ ਸਭਾ ਦੇ ਅੰਕੜੇ: ਡਰੋਨ ਤਸਕਰੀ ਦਾ ਸਭ ਤੋਂ ਵੱਡਾ ਸ਼ਿਕਾਰ ਕਿਉਂ ਬਣਿਆ ਪੰਜਾਬ ? ✪ 'ਨਸ਼ਾ ਮੁਕਤ ਪੰਜਾਬ' ਦੇ ਸਰਕਾਰੀ ਦਾਅਵੇ ਜ਼ਮੀਨੀ ਹਕੀਕਤ ਹਨ ਜਾਂ ਮਹਿਜ਼ ਅੰਕੜਿਆਂ ਦੀ ਰਾਜਨੀਤੀ ? ✪ ਅਫੀਮ ਦੀ ਲਤ ਤੋਂ ਅੰਤਰਰਾਸ਼ਟਰੀ ਗੈਂਗਸਟਰ: ਜੋਬਨਜੀਤ 'ਬਿੱਲਾ' ਦੇ ਉਭਾਰ ਅਤੇ ਪਤਨ ਦੀ ਕਹਾਣੀ ✪ ਹਾਈ-ਟੈਕ ਤਸਕਰੀ ਅਤੇ ਵੀਪੀਐੱਨ ਦੀ ਦੁਰਵਰਤੋਂ: ਜਾਂਚ ਏਜੰਸੀਆਂ ਲਈ ਨਵੀਂ ਚੁਣੌਤੀ**

ਪੰਜਾਬ ਅੱਜ ਇੱਕ ਅਜਿਹੇ ਨਾਜ਼ੁਕ ਮੋੜ 'ਤੇ ਖੜ੍ਹਾ ਹੈ ਜਿੱਥੇ ਇਸ ਦੀ ਜਵਾਨੀ, ਅਰਥਵਿਵਸਥਾ ਅਤੇ ਸਮਾਜਿਕ ਤਾਣਾ-ਬਾਣਾ ਸਰਹੱਦ ਪਾਰੋਂ ਆਉਂਦੇ ਨਸ਼ਿਆਂ, ਆਧੁਨਿਕ ਤਕਨਾਲੋਜੀ ਅਤੇ ਫੈਲ ਰਹੇ ਗੈਂਗਸਟਰਵਾਦ ਦੇ ਤਿਕੋਣ ਵਿੱਚ ਉਲਝ ਚੁੱਕਾ ਹੈ। ਭਾਰਤੀ ਰਾਜ ਸਭਾ ਵਿੱਚ ਪੇਸ਼ ਕੀਤੇ ਗਏ ਕੇਂਦਰੀ ਗ੍ਰਹਿ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਅਤੇ ਹਾਲ ਹੀ ਵਿੱਚ ਹੋਈਆਂ ਅੰਤਰਰਾਸ਼ਟਰੀ ਅਪਰਾਧਿਕ ਗ੍ਰਿਫ਼ਤਾਰੀਆਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਮੁਸ਼ਕਲ ਹੁਣ ਸਿਰਫ਼ ਸਥਾਨਕ ਕਾਨੂੰਨ-ਵਿਵਸਥਾ ਦਾ ਮੁੱਦਾ ਨਹੀਂ ਰਹੀ, ਸਗੋਂ ਇੱਕ ਗੁੰਝਲਦਾਰ ਅਤੇ ਅੰਤਰਰਾਸ਼ਟਰੀ ਖ਼ਤਰਾ ਬਣ ਚੁੱਕੀ ਹੈ।

ਬੀਤੇ ਦਿਨੀਂ ਰਾਜ ਸਭਾ ਵਿੱਚ ਹਰਿਆਣਾ ਤੋਂ ਮੈਂਬਰ ਕਾਰਤੀਕੇਯ ਸ਼ਰਮਾ ਅਤੇ ਮੱਧ ਪ੍ਰਦੇਸ਼ ਤੋਂ ਮੈਂਬਰ ਤਰੁਣ ਚੁੱਘ ਵੱਲੋਂ ਪੁੱਛੇ ਗਏ ਸਵਾਲਾਂ ਦੇ ਲਿਖਤੀ ਜਵਾਬ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਇ ਨੇ ਕਈ ਅਹਿਮ ਅਤੇ ਚਿੰਤਾਜਨਕ ਤੱਥ ਉਜਾਗਰ ਕੀਤੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਅਨੁਸਾਰ, ਨਾਰਕੋਟਿਕਸ ਕੰਟਰੋਲ ਬਿਊਰੋ ਦੁਆਰਾ ਮਾਸਿਕ ਮਾਸਟਰ ਰਿਪੋਰਟਾਂ ਦੇ ਆਧਾਰ 'ਤੇ ਇਕੱਠੇ ਕੀਤੇ ਅੰਕੜੇ ਦਰਸਾਉਂਦੇ ਹਨ ਕਿ ਨਸ਼ਾ ਤਸਕਰਾਂ ਨੇ ਸਰਹੱਦ ਪਾਰੋਂ ਮਾਲ ਭੇਜਣ ਅਤੇ ਵੰਡਣ ਲਈ ਪੂਰੀ ਤਰ੍ਹਾਂ ਨਵੀਨਤਮ ਤਕਨਾਲੋਜੀ ਅਪਣਾ ਲਈ ਹੈ। ਸਾਲ 2021 ਤੋਂ ਬਾਅਦ ਡਰੋਨਾਂ ਰਾਹੀਂ ਤਸਕਰੀ ਵਿੱਚ ਬੇਹੱਦ ਵਾਧਾ ਹੋਇਆ ਸੀ। ਸਾਲ 2025 ਦੌਰਾਨ ਦੇਸ਼ ਭਰ ਵਿੱਚ ਡਰੋਨ ਨਾਲ ਜੁੜੀਆਂ ਨਸ਼ਾ ਤਸਕਰੀ ਦੀਆਂ ਕੁੱਲ 305 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ 298 ਘਟਨਾਵਾਂ ਇਕੱਲੇ ਪੰਜਾਬ ਦੀ ਸਰਹੱਦ 'ਤੇ ਵਾਪਰੀਆਂ ਸਨ। ਇਸ ਦੌਰਾਨ 460 ਕਿਲੋਗ੍ਰਾਮ ਨਸ਼ੀਲੇ ਪਦਾਰਥ, ਜਿਸ ਵਿੱਚ 448 ਕਿਲੋਗ੍ਰਾਮ ਹੈਰੋਇਨ, 9 ਕਿਲੋਗ੍ਰਾਮ ਮੇਥਾਮਫੇਟਾਮਾਈਨ ਅਤੇ 3 ਕਿਲੋਗ੍ਰਾਮ ਅਫੀਮ ਸ਼ਾਮਲ ਸੀ, ਬਰਾਮਦ ਕੀਤੇ ਗਏ ਸਨ। ਪੰਜਾਬ ਦੇ ਛੇ ਸਰਹੱਦੀ ਜ਼ਿਲ੍ਹੇ-ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਫ਼ਿਰੋਜ਼ਪੁਰ, ਗੁਰਦਾਸਪੁਰ ਅਤੇ ਫ਼ਾਜ਼ਿਲਕਾ-ਇਸ ਖ਼ਤਰੇ ਦੇ ਸਭ ਤੋਂ ਵੱਡੇ ਕੇਂਦਰ ਬਣੇ ਹੋਏ ਹਨ।

ਇਸ ਤਕਨੀਕੀ ਗਠਜੋੜ ਵਿੱਚ ਸੋਸ਼ਲ ਮੀਡੀਆ ਅਤੇ ਡਿਜੀਟਲ ਵਿੱਤੀ ਪ੍ਰਣਾਲੀ ਦੀ ਭੂਮਿਕਾ ਵੀ ਬਹੁਤ ਖ਼ਤਰਨਾਕ ਸਾਬਤ ਹੋ ਰਹੀ ਹੈ। ਤਸਕਰ ਵਟਸਐਪ, ਟੈਲੀਗ੍ਰਾਮ, ਸਨੈਪਚੈਟ ਵਰਗੇ ਐਨਕ੍ਰਿਪਟਡ ਪਲੇਟਫਾਰਮਾਂ ਅਤੇ ਵੀਪੀਐੱਨ ਦੀ ਵਰਤੋਂ ਕਰਕੇ ਲਾਈਵ ਲੋਕੇਸ਼ਨਾਂ, ਖੇਪਾਂ ਦੀਆਂ ਫੋਟੋਆਂ ਤੇ ਵੀਡੀਓਜ਼ ਸਾਂਝੀਆਂ ਕਰਦੇ ਹਨ ਅਤੇ ਨਵੇਂ ਕੈਰੀਅਰਾਂ ਦੀ ਭਰਤੀ ਕਰਦੇ ਹਨ। ਪੰਜਾਬ ਐਂਟੀ-ਨਾਰਕੋਟਿਕਸ ਟਾਸਕ ਫੋਰਸ ਦੀਆਂ ਰਿਪੋਰਟਾਂ ਮੁਤਾਬਕ, ਨਸ਼ਿਆਂ ਤੋਂ ਹੋਈ ਕਮਾਈ ਦਾ ਲੈਣ-




ਦੇਣ ਲੁਕਾਉਣ ਲਈ ਨਿੱਜਤਾ-ਕੇਂਦਰਿਤ ਕ੍ਰਿਪਟੋ ਕਰੰਸੀਆਂ ਅਤੇ ਵਿਦੇਸ਼ੀ ਡਿਜੀਟਲ ਐਕਸਚੇਂਜਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਨਾਲ ਪੈਸੇ ਦੇ ਅਸਲ ਸਰੋਤ ਤੱਕ ਪਹੁੰਚਣਾ ਜਾਂਚ ਏਜੰਸੀਆਂ ਲਈ ਵੱਡੀ ਚੁਣੌਤੀ ਬਣ ਗਿਆ ਹੈ।

ਦੂਜੇ ਪਾਸੇ, ਸਰਕਾਰੀ ਦਾਅਵਿਆਂ ਅਤੇ ਜ਼ਮੀਨੀ ਹਕੀਕਤ ਵਿੱਚ ਵੱਡਾ ਅੰਤਰ ਦੇਖਣ ਨੂੰ ਮਿਲ ਰਿਹਾ ਹੈ। ਪੰਜਾਬ ਪੁਲਿਸ ਅਨੁਸਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਹਜ਼ਾਰਾਂ ਮਾਮਲੇ ਦਰਜ ਕੀਤੇ ਗਏ ਹਨ, 68,000 ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ ਹਨ ਅਤੇ ਸੈਂਕੜੇ ਵੱਡੇ ਤਸਕਰਾਂ ਨੂੰ ਫੜਿਆ ਗਿਆ ਹੈ। ਕੇਂਦਰ ਸਰਕਾਰ ਨੇ ਵੀ ਸਰਹੱਦਾਂ 'ਤੇ ਐਂਟੀ-ਡਰੋਨ ਸਿਸਟਮ ਅਤੇ ਵਿਸ਼ੇਸ਼ ਫੰਡ ਜਾਰੀ ਕੀਤੇ ਹਨ।

ਪਰ ਮਾਨ ਸਰਕਾਰ ਵੱਲੋਂ ਨਸ਼ਾ ਖ਼ਤਮ ਕਰਨ ਦੇ ਕੀਤੇ ਜਾ ਰਹੇ ਦਾਅਵਿਆਂ 'ਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ। ਆਮ ਧਾਰਨਾ ਇਹ ਹੈ ਕਿ ਜ਼ਿਆਦਾਤਰ ਕਾਰਵਾਈਆਂ ਹੇਠਲੇ ਪੱਧਰ ਦੇ ਨਸ਼ੇੜੀਆਂ ਜਾਂ ਛੋਟੇ ਕੈਰੀਅਰਾਂ ਤੱਕ ਸੀਮਤ ਰਹਿ ਜਾਂਦੀਆਂ ਹਨ, ਜਦਕਿ ਨਸ਼ੇ ਦੀ ਮੁੱਖ ਸਪਲਾਈ ਚੇਨ ਅਜੇ ਵੀ ਸਰਗਰਮ ਹੈ। ਗਲੀ-ਮੁਹੱਲਿਆਂ ਵਿੱਚ ਨਸ਼ਿਆਂ ਦੀ ਆਸਾਨ ਪਹੁੰਚ ਅਤੇ ਨਸ਼ਾ-ਮੁਕਤੀ ਕੇਂਦਰਾਂ ਦੀਆਂ ਦਵਾਈਆਂ ਦੀ ਦੁਰਵਰਤੋਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਮੱਸਿਆ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ।

ਪੰਜਾਬ ਵਿੱਚ ਨਸ਼ੇ ਫੈਲਣ ਦੇ ਕਈ ਮੁੱਖ ਕਾਰਨ ਹਨ। ਸਭ ਤੋਂ ਪਹਿਲਾਂ, ਪਾਕਿਸਤਾਨ ਨਾਲ ਲੱਗਦੀ 553 ਕਿਲੋਮੀਟਰ ਲੰਬੀ ਅੰਤਰਰਾਸ਼ਟਰੀ ਸਰਹੱਦ ਕਾਰਨ ਪੰਜਾਬ 'ਗੋਲਡਨ ਕ੍ਰਿਸੈਂਟ' (ਅਫ਼ਗਾਨਿਸਤਾਨ-ਪਾਕਿਸਤਾਨ-ਈਰਾਨ) ਦੇ ਨਸ਼ਾ ਤਸਕਰੀ ਰੂਟ 'ਤੇ ਸਥਿਤ ਹੈ। ਇਸ ਤੋਂ ਇਲਾਵਾ, ਖੇਤੀਬਾੜੀ ਵਿੱਚ ਖੜੋਤ ਅਤੇ ਢੁਕਵੇਂ ਰੋਜ਼ਗਾਰ ਦੀ ਘਾਟ ਕਾਰਨ ਨੌਜਵਾਨਾਂ ਵਿੱਚ ਆਰਥਿਕ ਨਿਰਾਸ਼ਾ ਵਧੀ ਹੈ, ਜਿਸ ਨਾਲ ਉਹ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਕੇ ਨਸ਼ਿਆਂ ਵੱਲ ਧੱਕੇ ਜਾ ਰਹੇ ਹਨ। ਸਿਆਸੀ-ਪੁਲਿਸ-ਅਪਰਾਧੀ ਗੱਠਜੋੜ ਅਤੇ ਸੁਧਾਰ ਘਰਾਂ ਤੇ ਪੁਨਰਵਾਸ ਕੇਂਦਰਾਂ ਦੀਆਂ ਘਾਟਾਂ ਨੇ ਵੀ ਇਸ ਸੰਕਟ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਨਸ਼ਿਆਂ ਅਤੇ ਅਪਰਾਧ ਦੇ ਇਸ ਜਾਲ ਦੀ ਸਭ ਤੋਂ ਪ੍ਰਤੱਖ ਮਿਸਾਲ ਅੰਮ੍ਰਿਤਸਰ ਦੇ ਅਰਜਨ ਮੰਗਾ ਪਿੰਡ ਦਾ ਰਹਿਣ ਵਾਲਾ ਜੋਬਨਜੀਤ ਸਿੰਘ ਉਰਫ਼ ਬਿੱਲਾ ਹੈ। ਇੱਕ ਸਾਧਾਰਨ ਪਰਿਵਾਰ ਨਾਲ ਸਬੰਧਤ ਬਿੱਲਾ ਪਹਿਲਾਂ ਅਫੀਮ ਅਤੇ ਬਾਅਦ ਵਿੱਚ ਨਸ਼ਾ ਛੁਡਾਊ ਦਵਾਈਆਂ ਦੀ ਲਤ ਦਾ ਸ਼ਿਕਾਰ ਹੋਇਆ। ਅਪਰਾਧ ਦੀ ਦੁਨੀਆ ਵਿੱਚ ਦਾਖਲ ਹੋ ਕੇ ਉਹ ਗੋਪੀ ਘਨਸ਼ਾਮਪੁਰੀਆ ਅਤੇ ਡੋਨੀ ਬਲ ਗੈਂਗ ਨਾਲ ਜੁੜ ਗਿਆ। ਮਈ 2023 ਵਿੱਚ ਗੈਂਗਸਟਰ ਜਰਨੈਲ ਸਿੰਘ ਦੇ ਹੱਤਿਆਕਾਂਡ ਅਤੇ 2024 ਦੀਆਂ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਅੰਮ੍ਰਿਤਸਰ ਵਿੱਚ 'ਆਪ' ਵਰਕਰ ਦੀਪਿੰਦਰ ਸਿੰਘ ਦੀ ਹੱਤਿਆ ਵਿੱਚ ਉਸ ਦਾ ਨਾਂ ਮੁੱਖ ਸਾਜ਼ਿਸ਼ਕਰਤਾ ਵਜੋਂ ਸਾਹਮਣੇ ਆਇਆ। ਬਿੱਲਾ ਨੇ ਲਖਨਊ ਤੋਂ ਬਣਵਾਏ ਫਰਜ਼ੀ ਪਾਸਪੋਰਟ ਰਾਹੀਂ ਭਾਰਤ ਤੋਂ ਭੱਜ ਕੇ ਯੂ.ਏ.ਈ., ਅੰਗੋਲਾ, ਜਾਰਜੀਆ, ਤੁਰਕੀ ਅਤੇ ਇੰਡੋਨੇਸ਼ੀਆ ਵਰਗੇ ਦੇਸ਼ਾਂ ਵਿੱਚ ਅਪਰਾਧਿਕ ਨੈੱਟਵਰਕ ਚਲਾਇਆ ਸੀ। ਬੀਤੇ ਦਿਨੀਂ ਇਸ ਨੂੰ ਆਖਰਕਾਰ ਇੰਡੋਨੇਸ਼ੀਆ ਦੇ ਜਕਾਰਤਾ ਹਵਾਈ ਅੱਡੇ 'ਤੇ ਫੜ ਕੇ ਭਾਰਤ ਲਿਆਂਦਾ ਗਿਆ ਸੀ।

ਇਹ ਸਾਰਾ ਘਟਨਾਕ੍ਰਮ ਸਿੱਧ ਕਰਦਾ ਹੈ ਕਿ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰ ਅਤੇ ਨਸ਼ਾ ਤਸਕਰ ਆਪਸ ਵਿੱਚ ਡੂੰਘੇ ਜੁੜੇ ਹੋਏ ਹਨ। ਗੈਂਗਸਟਰ ਹਥਿਆਰਾਂ ਦੀ ਤਸਕਰੀ, ਜਬਰਨ ਉਗਰਾਹੀ ਅਤੇ ਹੱਤਿਆਵਾਂ ਲਈ ਨਸ਼ੇ ਦੇ ਕਾਰੋਬਾਰ ਤੋਂ ਮਿਲੇ ਵਿੱਤੀ ਸਰੋਤਾਂ ਦੀ ਵਰਤੋਂ ਕਰਦੇ ਹਨ ਅਤੇ ਸਰਹੱਦ ਪਾਰੋਂ ਡਰੋਨਾਂ ਰਾਹੀਂ ਆਉਂਦੀਆਂ ਖੇਪਾਂ ਨੂੰ ਸਥਾਨਕ ਪੱਧਰ 'ਤੇ ਪ੍ਰਾਪਤ ਕਰਨ ਲਈ ਨੈੱਟਵਰਕ ਪ੍ਰਦਾਨ ਕਰਦੇ ਹਨ। ਹਾਲਾਂਕਿ ਐਂਟੀ-ਗੈਂਗਸਟਰ ਟਾਸਕ ਫੋਰਸ ਅਤੇ ਕੇਂਦਰੀ ਏਜੰਸੀਆਂ ਨੇ ਬਿੱਲਾ ਤੋਂ ਇਲਾਵਾ ਲਖਬੀਰ ਲੰਡਾ, ਸਚਿਨ ਥਾਪਨ, ਵਿਕਰਮਜੀਤ ਸਿੰਘ ਵਰਗੇ ਕਈ ਹਾਈ-ਪ੍ਰੋਫਾਈਲ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਪਰ ਵਿਦੇਸ਼ੀ ਧਰਤੀ ਤੋਂ ਚੱਲ ਰਹੇ ਇਨ੍ਹਾਂ ਨੈੱਟਵਰਕਾਂ ਦੀਆਂ ਜੜ੍ਹਾਂ ਪੂਰੀ ਤਰ੍ਹਾਂ ਪੁੱਟਣਾ ਅਜੇ ਵੀ ਇੱਕ ਵੱਡੀ ਚੁਣੌਤੀ ਹੈ।

ਪੰਜਾਬ ਨੂੰ ਨਸ਼ਿਆਂ ਅਤੇ ਗੈਂਗਸਟਰਵਾਦ ਦੇ ਇਸ ਭਿਆਨਕ ਚੱਕਰਵਿਊ ਵਿੱਚੋਂ ਕੱਢਣ ਲਈ ਕੇਵਲ ਬਿਆਨਬਾਜ਼ੀ ਜਾਂ ਅੰਕੜਿਆਂ ਦੀ ਰਾਜਨੀਤੀ ਕਾਫ਼ੀ ਨਹੀਂ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਰਾਜਨੀਤਿਕ ਮਤਭੇਦ ਭੁਲਾ ਕੇ ਇੱਕਜੁੱਟ ਨੀਤੀ ਅਪਣਾਉਣੀ ਪਵੇਗੀ। ਇੱਕ ਪਾਸੇ ਜਿੱਥੇ ਸਰਹੱਦੀ ਸੁਰੱਖਿਆ ਲਈ ਆਧੁਨਿਕ ਤਕਨੀਕੀ ਟੂਲਜ਼ ਅਤੇ ਨੈਸ਼ਨਲ ਇੰਟੈਲੀਜੈਂਸ ਗ੍ਰਿਡ ਵਰਗੀਆਂ ਪ੍ਰਣਾਲੀਆਂ ਦੀ ਵਰਤੋਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ, ਉੱਥੇ ਹੀ ਦੂਜੇ ਪਾਸੇ ਸਮਾਜਿਕ ਪੱਧਰ 'ਤੇ ਜਵਾਨੀ ਨੂੰ ਰੋਜ਼ਗਾਰ, ਖੇਡਾਂ ਅਤੇ ਵਿਗਿਆਨਕ ਪੁਨਰਵਾਸ ਨਾਲ ਜੋੜਨਾ ਲਾਜ਼ਮੀ ਹੈ। ਜਦੋਂ ਤੱਕ ਨਸ਼ੇ ਦੀ ਮੰਗ, ਆਰਥਿਕ ਲਾਚਾਰੀ ਅਤੇ ਅਪਰਾਧੀਆਂ ਦੀ ਸਮਾਜਿਕ ਸਰਪ੍ਰਸਤੀ ਨੂੰ ਜੜ੍ਹੋਂ ਖ਼ਤਮ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇਸ ਸੰਕਟ ਤੋਂ ਪੂਰੀ ਤਰ੍ਹਾਂ ਨਿਜਾਤ ਪਾਉਣਾ ਅਸੰਭਵ ਰਹੇਗਾ।

## ਅੰਮ੍ਰਿਤਪਾਲ ਸਿੰਘ ਦਾ ਸਾਥੀ ਵਿਕਰਮਜੀਤ ਸਿੰਘ ਭਾਰਤ-ਨੇਪਾਲ ਸਰਹੱਦ ਤੋਂ ਗ੍ਰਿਫ਼ਤਾਰ

ਲਖਨਊ-ਉੱਤਰ ਪ੍ਰਦੇਸ਼ ਪੁਲੀਸ ਨੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਦੇ ਨੇੜਲੇ ਸਾਥੀ ਵਿਕਰਮਜੀਤ ਸਿੰਘ ਨੂੰ ਭਾਰਤ-ਨੇਪਾਲ ਸਰਹੱਦ ਤੋਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਫਰਵਰੀ 2023 ਦੇ ਅਜਨਾਲਾ ਥਾਣਾ ਹਮਲੇ ਤੋਂ ਬਾਅਦ ਅਮਰੀਕਾ ਭੱਜ ਗਿਆ ਸੀ, ਜਿਸ ਖ਼ਿਲਾਫ਼ ਲੁੱਕ ਆਊਟ ਸਰਕੂਲਰ ਜਾਰੀ ਸੀ। ਉਹ ਨੇਪਾਲ ਦੇ ਰਸਤੇ ਗ਼ੈਰ-ਕਾਨੂੰਨੀ ਤੌਰ 'ਤੇ ਭਾਰਤ ਵਾਪਸ ਆ ਕੇ ਪੰਜਾਬ ਵੱਲ ਆਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਵਿਕਰਮਜੀਤ ਸਿੰਘ 'ਤੇ ਅਜਨਾਲਾ ਥਾਣੇ 'ਤੇ ਹੋਏ ਹਮਲੇ ਦੌਰਾਨ ਅੰਮ੍ਰਿਤਪਾਲ ਸਿੰਘ ਦੀ ਮਦਦ ਕਰਨ ਦਾ ਦੋਸ਼ ਹੈ, ਜਿਸ ਘਟਨਾ ਵਿਚ ਐਸਪੀ ਜੁਗਰਾਜ ਸਿੰਘ ਸਮੇਤ 6 ਪੁਲੀਸ ਮੁਲਾਜ਼ਮ ਗੰਭੀਰ ਜ਼ਖ਼ਮੀ ਹੋਏ ਸਨ। ਉਸ ਖ਼ਿਲਾਫ਼ ਅੰਮ੍ਰਿਤਸਰ ਦਿਹਾਤੀ ਵਿੱਚ 3 ਕੇਸ ਦਰਜ ਹਨ।

ਅੰਮ੍ਰਿਤਸਰ ਦਿਹਾਤੀ ਦੇ ਐਸਐਸਪੀ ਕਵਲਪ੍ਰੀਤ ਸਿੰਘ ਚਾਹਲ ਅਨੁਸਾਰ, ਮੁਲਜ਼ਮ ਨੂੰ ਪੰਜਾਬ ਲਿਆਉਣ ਲਈ ਪੁਲੀਸ ਟੀਮ ਉੱਤਰ ਪ੍ਰਦੇਸ਼ ਭੇਜ ਦਿੱਤੀ ਗਈ ਹੈ।

## ਖਾਸ ਖਬਰ




ਅੱਜ ਦੇ ਦੌਰ ਵਿੱਚ ਜ਼ਿਆਦਾਤਰ ਭਾਰਤੀ ਵਿਦਿਆਰਥੀਆਂ ਲਈ ਵਿਦੇਸ਼ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨਾ ਜ਼ਿੰਦਗੀ ਨੂੰ ਇੱਕ ਨਵਾਂ ਮੋੜ ਦੇਣ ਵਾਲਾ ਵੱਡਾ ਸੁਪਨਾ ਹੈ। ਮੌਜੂਦਾ ਅੰਕੜਿਆਂ ਮੁਤਾਬਕ, ਭਾਰਤ ਦੁਨੀਆ ਦੇ ਉਨ੍ਹਾਂ ਪ੍ਰਮੁੱਖ ਦੇਸ਼ਾਂ ਵਿੱਚ ਸ਼ਾਮਲ ਹੈ ਜਿੱਥੋਂ ਸਭ ਤੋਂ ਵੱਧ ਵਿਦਿਆਰਥੀ ਪੜ੍ਹਾਈ ਲਈ ਬਾਹਰ ਜਾਂਦੇ ਹਨ ਅਤੇ ਇਸ ਵੇਲੇ ਲਗਭਗ 18 ਲੱਖ ਭਾਰਤੀ ਵਿਦਿਆਰਥੀ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਸਿੱਖਿਆ ਹਾਸਲ ਕਰ ਰਹੇ ਹਨ। ਸਿਰਫ਼ ਕਿਸੇ ਵੱਡੀ ਜਾਂ ਮਸ਼ਹੂਰ ਯੂਨੀਵਰਸਿਟੀ ਦਾ ਟੈਗ (ਨਾਮ) ਲੱਗ ਜਾਣ ਨਾਲ ਕਰੀਅਰ ਵਿੱਚ ਸਫ਼ਲਤਾ ਦੀ ਗਾਰੰਟੀ ਨਹੀਂ ਮਿਲਦੀ। ਅਸਲ ਸਫ਼ਲਤਾ ਤਦ ਮਿਲਦੀ ਹੈ ਜਦੋਂ ਤੁਸੀਂ ਉੱਥੇ ਪੜ੍ਹਾਈ ਦੇ ਨਾਲ-ਨਾਲ ਉਹ ਹੁਨਰ ਅਤੇ ਅਨੁਭਵ ਹਾਸਲ ਕਰਦੇ ਹੋ, ਜਿਸ ਦੀ ਭਵਿੱਖ ਦੀਆਂ ਨੌਕਰੀਆਂ ਵਿੱਚ ਲੋੜ ਹੈ।

ਮਸ਼ਹੂਰ ਯੂਨੀਵਰਸਿਟੀਆਂ ਦੀ ਰੈਂਕਿੰਗ ਅਕਸਰ ਉਨ੍ਹਾਂ ਦੀ ਰਿਸਰਚ (ਅਨੁਸੰਧਾਨ) ਅਤੇ ਪੁਰਾਣੇ ਰਿਕਾਰਡ 'ਤੇ ਆਧਾਰਿਤ ਹੁੰਦੀ ਹੈ। ਪਰ ਅੱਜਕੱਲ੍ਹ ਕੰਪਨੀਆਂ ਇਹ ਨਹੀਂ ਦੇਖਦੀਆਂ ਕਿ ਤੁਸੀਂ ਕਿਸ ਵੱਡੀ ਯੂਨੀਵਰਸਿਟੀ ਤੋਂ ਆਏ ਹੋ, ਸਗੋਂ ਇਹ ਦੇਖਦੀਆਂ ਹਨ ਕਿ ਤੁਹਾਨੂੰ ਕੰਮ ਕੀ ਆਉਂਦਾ ਹੈ। ਜੇਕਰ ਤੁਸੀਂ ਪੜ੍ਹਾਈ ਦੌਰਾਨ ਇੰਡਸਟਰੀ ਦੀਆਂ ਮੌਜੂਦਾ ਲੋੜਾਂ ਨਹੀਂ ਸਿੱਖੀਆਂ, ਤਾਂ ਵੱਡੀ ਤੋਂ ਵੱਡੀ ਡਿਗਰੀ ਵੀ ਨੌਕਰੀ ਦਿਵਾਉਣ ਵਿੱਚ ਅਸਮਰੱਥ ਹੋ ਜਾਂਦੀ ਹੈ। ਜੇਕਰ ਕੋਈ ਵਿਦਿਆਰਥੀ ਸਿਰਫ਼ ਇਹ ਸੋਚ ਕੇ ਕਿਸੇ ਦੇਸ਼ ਜਾਂ ਯੂਨੀਵਰਸਿਟੀ ਚਲਾ ਜਾਂਦਾ ਹੈ ਕਿ "ਇਹ ਟ੍ਰੈਂਡ ਵਿੱਚ ਹੈ", ਪਰ ਉਸ ਨੇ ਇਹ ਯੋਜਨਾ ਨਹੀਂ ਬਣਾਈ ਕਿ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਉਸ ਨੇ ਕਿਸ ਖੇਤਰ ਵਿੱਚ ਜਾਣਾ ਹੈ, ਤਾਂ ਉਸ ਨੂੰ ਨੌਕਰੀ ਲੱਭਣ ਵਿੱਚ ਭਾਰੀ ਦਿੱਕਤ ਆਉਂਦੀ ਹੈ। ਪੜ੍ਹਾਈ ਅਜਿਹੀ ਹੋਣੀ ਚਾਹੀਦੀ ਹੈ ਜੋ ਤੁਹਾਡੇ ਭਵਿੱਖ ਦੇ ਕਰੀਅਰ ਦੇ ਟੀਚੇ ਨਾਲ ਸਿੱਧੀ ਜੁੜਦੀ ਹੋਵੇ। ਯੂਨੀਵਰਸਿਟੀ ਵਿੱਚ ਪੜ੍ਹਦੇ ਹੋਏ ਕੰਪਨੀਆਂ ਨਾਲ ਜੁੜਨਾ, ਪ੍ਰੈਕਟੀਕਲ ਪ੍ਰੋਜੈਕਟ ਕਰਨਾ ਅਤੇ ਇੰਟਰਨਸ਼ਿਪਾਂ ਕਰਨਾ ਬਹੁਤ ਜ਼ਰੂਰੀ ਹੈ। ਜੋ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਇੰਡਸਟਰੀ ਵਿੱਚ ਆਪਣੇ ਸੰਪਰਕ ਬਣਾਉਂਦੇ ਹਨ, ਉਨ੍ਹਾਂ ਨੂੰ ਪੜ੍ਹਾਈ ਖ਼ਤਮ ਹੁੰਦੇ ਹੀ ਆਸਾਨੀ ਨਾਲ ਨੌਕਰੀ ਮਿਲ ਜਾਂਦੀ ਹੈ। ਅੱਜ ਦੇ ਦੌਰ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡਿਜੀਟਲ ਤਕਨਾਲੋਜੀ ਕਾਰਨ ਨੌਕਰੀਆਂ ਦੇ ਸਰੂਪ ਬਦਲ ਰਹੇ ਹਨ। ਅਜਿਹੇ ਵਿੱਚ ਸਿਰਫ਼ ਕਿਤਾਬੀ ਗਿਆਨ ਕਾਫ਼ੀ ਨਹੀਂ ਹੈ। ਵਿਦਿਆਰਥੀ ਨੂੰ ਅਜਿਹੇ ਹੁਨਰ ਸਿੱਖਣੇ ਪੈਣਗੇ ਜੋ ਆਉਣ ਵਾਲੇ 5-10 ਸਾਲਾਂ ਤੱਕ ਮਾਰਕੀਟ ਵਿੱਚ ਪ੍ਰਾਸੰਗਿਕ ਰਹਿਣਗੇ।

ਕੈਨੇਡਾ ਦੇ ਚਿੰਤਕ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਅਨੁਸਾਰ , ਵਿਦਿਆਰਥੀਆਂ ਨੂੰ ਰੈਂਕਿੰਗ ਤੋਂ ਅੱਗੇ ਵਧ ਕੇ ਦੇਖਣਾ ਚਾਹੀਦਾ ਹੈ। ਜ਼ਿਆਦਾਤਰ ਗਲੋਬਲ ਰੈਂਕਿੰਗਾਂ ਸਿਰਫ਼ ਰਿਸਰਚ ਅਤੇ ਪ੍ਰੋਫੈਸਰਾਂ ਦੀ ਪ੍ਰਸਿਧੀ 'ਤੇ ਆਧਾਰਿਤ ਹੁੰਦੀਆਂ ਹਨ, ਜਦੋਂ ਕਿ ਇਹ ਜ਼ਰੂਰੀ ਨਹੀਂ ਕਿ ਉਹ ਰੋਜ਼ਗਾਰ ਦੀ ਗਾਰੰਟੀ ਵੀ ਦੇਣ। ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਚੋਣ ਕਰਦੇ ਸਮੇਂ ਇਹ ਦੇਖਣਾ ਚਾਹੀਦਾ ਹੈ ਕਿ ਉਹ ਸੰਸਥਾ ਆਪਣੇ ਵਿਦਿਆਰਥੀਆਂ ਨੂੰ ਇੰਡਸਟਰੀ (ਉਦਯੋਗ) ਨਾਲ ਕਿੰਨਾ ਜੋੜਦੀ ਹੈ, ਕੋਰਸ ਮਾਰਕੀਟ ਦੀਆਂ ਮੌਜੂਦਾ ਮੰਗਾਂ ਦੇ ਅਨੁਕੂਲ ਹੈ ਜਾਂ ਨਹੀਂ ਅਤੇ ਪੜ੍ਹਾਈ ਤੋਂ ਬਾਅਦ ਕਿੰਨੇ ਵਿਦਿਆਰਥੀਆਂ ਨੂੰ ਨੌਕਰੀਆਂ ਮਿਲ ਰਹੀਆਂ ਹਨ।

### ਵੀਜ਼ਾ ਨੀਤੀਆਂ ਦੀ ਥਾਂ ਆਰਥਿਕਤਾ ਅਤੇ ਹੁਨਰ ਦੀ ਮੰਗ ਨੂੰ ਸਮਝੋ

ਵਿਦਿਆਰਥੀਆਂ ਵੱਲੋਂ ਕੀਤੀ ਜਾਣ ਵਾਲੀ ਇੱਕ ਹੋਰ ਵੱਡੀ ਗ਼ਲਤੀ ਇਹ ਹੈ ਕਿ ਉਹ ਸਿਰਫ਼ ਮੌਜੂਦਾ ਵੀਜ਼ਾ ਨੀਤੀਆਂ ਨੂੰ ਦੇਖ ਕੇ ਦੇਸ਼ ਦੀ ਚੋਣ ਕਰ ਲੈਂਦੇ ਹਨ। ਇਮੀਗ੍ਰੇਸ਼ਨ ਅਤੇ ਪੜ੍ਹਾਈ ਤੋਂ ਬਾਅਦ ਕੰਮ ਕਰਨ ਦੇ ਨਿਯਮ ਬਹੁਤ ਤੇਜ਼ੀ ਨਾਲ ਬਦਲ ਸਕਦੇ ਹਨ। ਇਸ ਲਈ ਕਿਸੇ ਦੇਸ਼ ਦੀ ਚੋਣ ਉੱਥੋਂ ਦੀ ਮਜ਼ਬੂਤ ਆਰਥਿਕਤਾ, ਕੁਸ਼ਲ ਕਰਮਚਾਰੀਆਂ ਦੀ ਮੰਗ ਅਤੇ ਗਲੋਬਲ ਟੇਲੈਂਟ ਨੂੰ ਅੱਗੇ ਵਧਾਉਣ ਦੀ ਪਰੰਪਰਾ ਦੇ ਆਧਾਰ 'ਤੇ ਹੀ ਕੀਤੀ ਜਾਣੀ ਚਾਹੀਦੀ ਹੈ। ਪਹਿਲਾਂ ਦੇਸ਼ ਚੁਣਨਾ ਅਤੇ ਬਾਅਦ ਵਿੱਚ ਕੋਰਸ ਲੱਭਣਾ ਇੱਕ ਅਜਿਹੀ ਭੁੱਲ ਹੈ ਜੋ ਭਵਿੱਖ ਦਾ ਨੁਕਸਾਨ ਕਰ ਸਕਦੀ ਹੈ।

### ਵਿੱਤੀ ਯੋਜਨਾਬੰਦੀ ਵਿੱਚ ਲਾਪਰਵਾਹੀ ਪੈ ਸਕਦੀ ਹੈ ਭਾਰੀ

ਰਹਿਣ-ਸਹਿਣ ਦਾ ਖ਼ਰਚਾ ਕਈ ਵਾਰ ਕੁੱਲ ਬਜਟ ਦਾ 30 ਤੋਂ 50 ਫ਼ੀਸਦੀ ਤੱਕ ਹੋ ਸਕਦਾ ਹੈ। ਸਿਰਫ਼ ਫੀਸ ਹੀ ਨਹੀਂ, ਸਗੋਂ ਰਿਹਾਇਸ਼, ਵੀਜ਼ਾ ਫੀਸ, ਸਿਹਤ ਬੀਮਾ, ਸਫ਼ਰ ਅਤੇ ਵਿਦੇਸ਼ੀ ਮੁਦਰਾ ਦੀਆਂ ਦਰਾਂ ਵਿੱਚ ਆਉਣ ਵਾਲੇ ਬਦਲਾਅ ਵੀ ਵੱਡਾ ਵਿੱਤੀ ਬੋਝ ਪਾ ਸਕਦੇ ਹਨ। ਮਾਹਰਾਂ ਦੀ ਸਲਾਹ ਹੈ ਕਿ ਪਰਿਵਾਰਾਂ ਨੂੰ ਆਪਣੇ ਅੰਦਾਜ਼ਨ ਬਜਟ ਨਾਲੋਂ 10 ਤੋਂ 15 ਫ਼ੀਸਦੀ ਵਾਧੂ ਰਕਮ ਦਾ ਪ੍ਰਬੰਧ ਪਹਿਲਾਂ ਤੋਂ ਹੀ ਰੱਖਣਾ ਚਾਹੀਦਾ ਹੈ ਅਤੇ ਸਕਾਲਰਸ਼ਿਪ, ਅਸਿਸਟੈਂਟਸ਼ਿਪ ਅਤੇ ਪਾਰਟ-ਟਾਈਮ ਕੰਮ ਦੇ ਵਿਕਲਪਾਂ ਦੀ ਪੂਰੀ ਜਾਂਚ ਕਰਨੀ ਚਾਹੀਦੀ ਹੈ।

### ਏਆਈ ਦੇ ਦੌਰ ਵਿੱਚ ਭਵਿੱਖ ਦੇ ਹੁਨਰ 'ਤੇ ਦਿਓ ਜ਼ੋਰ

ਵਰਲਡ ਇਕਨਾਮਿਕ ਫੋਰਮ ਦੀ 'ਫਿਊਚਰ ਆਫ਼ ਜੌਬਸ ਰਿਪੋਰਟ 2025' ਮੁਤਾਬਕ, ਸਾਲ 2030 ਤੱਕ ਦੁਨੀਆ ਭਰ ਵਿੱਚ ਲਗਭਗ 9.2 ਕਰੋੜ ਨੌਕਰੀਆਂ ਖ਼ਤਮ ਹੋਣ ਦਾ ਅੰਦੇਸ਼ਾ ਹੈ, ਜਦੋਂ ਕਿ 17 ਕਰੋੜ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ। ਅਜਿਹੇ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਡਾਟਾ ਲਿਟਰੇਸੀ, ਹੈਲਥਕੇਅਰ ਅਤੇ ਸਸਟੇਨੇਬਿਲਟੀ ਵਰਗੇ ਖੇਤਰ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਵਿਦਿਆਰਥੀਆਂ ਨੂੰ ਸਿਰਫ਼ ਇਹ ਨਹੀਂ ਦੇਖਣਾ ਚਾਹੀਦਾ ਕਿ ਅੱਜ ਕਿਹੜੀ ਨੌਕਰੀ ਚੱਲ ਰਹੀ ਹੈ, ਸਗੋਂ ਇਹ ਸਮਝਣਾ ਪਵੇਗਾ ਕਿ ਆਉਣ ਵਾਲੇ ਦਹਾਕੇ ਵਿੱਚ ਕਿਹੜੇ ਹੁਨਰ ਦੀ ਮੰਗ ਰਹੇਗੀ।

-ਮਾਮਲਾ ਬਰਨਾਲਾ ਵਿਖੇ ਸਫਾਈ ਕਰਮਚਾਰੀਆਂ ਉਪਰ ਤਸ਼ਦਦ ਦਾ-

## ਡੀਐਸਪੀ ਸਤਵੀਰ ਸਿੰਘ ਬੈਂਸ ਮੁਅੱਤਲ



ਬਰਨਾਲਾ-ਬਰਨਾਲਾ ਵਿੱਚ ਸਫ਼ਾਈ ਕਰਮਚਾਰੀਆਂ ਦੇ ਅੰਦੋਲਨ ਦੌਰਾਨ ਹੋਏ ਕਥਿਤ ਪੁਲੀਸ ਬਲ ਪ੍ਰਯੋਗ (ਲਾਠੀਚਾਰਜ) ਦੇ ਮਾਮਲੇ ਵਿੱਚ ਪੰਜਾਬ ਸਰਕਾਰ ਨੇ ਡੀਐਸਪੀ ਸਤਵੀਰ ਸਿੰਘ ਬੈਂਸ ਨੂੰ ਮੁਅੱਤਲ ਕਰ ਦਿੱਤਾ ਹੈ। ਉਸਨੇ ਔਰਤਾਂ ਦੇ ਸਿਰਾਂ ਉਪਰ ਖੁਦ ਲਾਠੀਆਂ ਮਾਰੀਆਂ ਸਨ।

ਰਾਸ਼ਟਰੀ ਕਮਿਸ਼ਨ ਦਾ ਨੋਟਿਸ: ਇਹ ਕਾਰਵਾਈ ਰਾਸ਼ਟਰੀ ਸਫ਼ਾਈ ਕਰਮਚਾਰੀ ਆਯੋਗ ਦੇ ਉਪ ਚੇਅਰਪਰਸਨ ਹਰਦੀਪ ਸਿੰਘ ਗਿੱਲ ਵੱਲੋਂ ਮਾਮਲੇ ਦਾ ਸੂ ਮੋਟੋ ਨੋਟਿਸ ਲੈਣ ਤੋਂ ਬਾਅਦ ਹੋਈ ਹੈ। ਆਯੋਗ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਵਾਉਣ ਅਤੇ ਡੀਜੀਪੀ ਤੋਂ ਵਿਸਥਾਰਪੂਰਵਕ ਰਿਪੋਰਟ ਲੈ ਕੇ 7 ਦਿਨਾਂ ਦੇ ਅੰਦਰ ਭੇਜਣ ਦੇ ਹੁਕਮ ਦਿੱਤੇ ਹਨ।

ਹਰਦੀਪ ਸਿੰਘ ਗਿੱਲ ਨੇ ਕਿਹਾ ਕਿ ਸਫ਼ਾਈ ਕਰਮਚਾਰੀਆਂ ਦੇ ਮਸਲਿਆਂ ਦਾ ਹੱਲ ਬਲ ਪ੍ਰਯੋਗ ਦੀ ਥਾਂ ਸੰਵਾਦ ਨਾਲ ਹੋਣਾ ਚਾਹੀਦਾ ਸੀ ਅਤੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਮਹਿਲਾ ਪੁਲੀਸ ਇੰਸਪੈਕਟਰ ਨੇ ਐਸਐਚਓ 'ਤੇ ਲਗਾਇਆ ਜਬਰ-ਜਨਾਹ ਦਾ ਦੋਸ਼

○ ਮੁਲਜ਼ਮ ਅਧਿਕਾਰੀ ਮੁਅੱਤਲ, ਕੇਸ ਦਰਜ ਹੋਣ ਤੋਂ ਬਾਅਦ ਮੁਲਜ਼ਮ ਅਧਿਕਾਰੀ ਫ਼ਰਾਰ

ਲੁਧਿਆਣਾ-ਲੁਧਿਆਣਾ ਵਿਖੇ ਡੈਪੂਟੇਸ਼ਨ 'ਤੇ ਤਾਇਨਾਤ ਇੱਕ ਮਹਿਲਾ ਪੁਲੀਸ ਇੰਸਪੈਕਟਰ ਨੇ ਸੁਧਾਰ ਥਾਣੇ ਦੇ ਐਸਐਚਓ (ਸਬ-ਇੰਸਪੈਕਟਰ ਸਾਹਿਬਮੀਤ ਸਿੰਘ) 'ਤੇ ਜਬਰ-ਜਨਾਹ ਅਤੇ ਵਿੱਤੀ ਸ਼ੋਸ਼ਣ ਦੇ ਗੰਭੀਰ ਦੋਸ਼ ਲਗਾਏ ਹਨ।

ਸ਼ਿਕਾਇਤ ਅਨੁਸਾਰ, ਮੁਲਜ਼ਮ ਨੇ ਮੁੱਲਾਂਪੁਰ ਦਾਖਾ ਖੇਤਰ ਵਿੱਚ ਮਹਿਲਾ ਅਧਿਕਾਰੀ ਨੂੰ ਕੋਲਡ ਡ੍ਰਿੰਕ ਵਿੱਚ ਨਸ਼ੀਲਾ ਪਦਾਰਥ ਮਿਲਾ ਕੇ ਪਿਲਾਇਆ ਅਤੇ ਬੇਹੋਸ਼ੀ ਦੀ ਹਾਲਤ ਵਿੱਚ ਜਬਰ-ਜਨਾਹ ਕੀਤਾ। ਬਾਅਦ ਵਿੱਚ ਵਿਆਹ ਦਾ ਝਾਂਸਾ ਦੇ ਕੇ ਦੂਰੀ ਬਣਾ ਲਈ ਅਤੇ ਪੈਸੇ ਵੀ ਲਏ। ਲੁਧਿਆਣਾ ਦਿਹਾਤੀ ਪੁਲੀਸ ਨੇ ਮੁੱਲਾਂਪੁਰ ਦਾਖਾ ਥਾਣੇ ਵਿੱਚ ਬੀ.ਐੱਨ.ਐੱਸ. ਦੀਆਂ ਸੰਬੰਧਿਤ ਧਾਰਾਵਾਂ ਤਹਿਤ ਐਫਆਈਆਰ ਦਰਜ ਕਰ ਲਈ ਹੈ।

ਐਸਐਸਪੀ ਅੰਕੁਰ ਗੁਪਤਾ ਅਨੁਸਾਰ ਮੁਲਜ਼ਮ ਅਧਿਕਾਰੀ ਨੂੰ ਐਸਐਚਓ ਦੇ ਅਹੁਦੇ ਤੋਂ ਹਟਾ ਕੇ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਪੁਲੀਸ ਲਾਈਨ ਭੇਜ ਦਿੱਤਾ ਗਿਆ ਹੈ।

ਕੇਸ ਦਰਜ ਹੋਣ ਤੋਂ ਬਾਅਦ ਮੁਲਜ਼ਮ ਅਧਿਕਾਰੀ ਫ਼ਰਾਰ ਹੈ, ਅਤੇ ਪੁਲੀਸ ਉਸ ਦੀ ਭਾਲ ਵਿੱਚ ਲੱਗੀ ਹੋਈ ਹੈ।

# ਭਾਰਤੀ ਨਿਆਂ ਪ੍ਰਣਾਲੀ ਦੀ ਹੌਲੀ ਰਫ਼ਤਾਰ: ਹੇਠਲੀਆਂ ਅਦਾਲਤਾਂ ਵਿਚ 52 ਲੱਖ ਕੇਸ ਪੈਂਡਿੰਗ, ਯੂਪੀ ਸਭ ਤੋਂ ਅੱਗੇ

>> ਨਿਊਜ਼ ਸਰਵੇਖਣ <<

### ✪ ਨਿਆਂ ਦੀ ਉਡੀਕ ਵਿਚ ਭਟਕ ਰਹੇ ਲੋਕ: 10 ਸਾਲਾਂ ਤੋਂ ਲਟਕੇ 52.56 ਲੱਖ ਮਾਮਲੇ
### ✪ ਜੱਜਾਂ ਦੀ ਘਾਟ ਅਤੇ ਕਮਜ਼ੋਰ ਬੁਨਿਆਦੀ ਢਾਂਚਾ ਬਣਿਆ ਨਿਆਂ ਵਿਚ ਦੇਰੀ ਦਾ ਵੱਡਾ ਕਾਰਨ



ਭਾਰਤ ਦੀ ਨਿਆਂ ਪ੍ਰਣਾਲੀ ਵਿਚ ਆਮ ਆਦਮੀ ਦਾ ਭਰੋਸਾ ਇਸ ਗੱਲ 'ਤੇ ਟਿਕਿਆ ਹੁੰਦਾ ਹੈ ਕਿ ਉਸ ਨੂੰ ਸਮੇਂ ਸਿਰ ਅਤੇ ਪਾਰਦਰਸ਼ੀ ਢੰਗ ਨਾਲ ਇਨਸਾਫ਼ ਮਿਲੇਗਾ। ਪ੍ਰੰਤੂ, ਮੌਜੂਦਾ ਅੰਕੜੇ ਇੱਕ ਬਹੁਤ ਹੀ ਕੌੜਾ ਸੱਚ ਬਿਆਨ ਕਰ ਰਹੇ ਹਨ ਕਿ ਦੇਸ਼ ਦੀਆਂ ਅਦਾਲਤਾਂ ਵਿੱਚ ਨਿਆਂ ਦੀ ਪ੍ਰਾਪਤੀ ਲਈ ਪੀੜ੍ਹੀਆਂ ਰੁਲ ਰਹੀਆਂ ਹਨ।

ਕਾਨੂੰਨ ਅਤੇ ਨਿਆਂ ਮੰਤਰਾਲੇ ਦੀ 2 ਅਪ੍ਰੈਲ, 2026 ਦੀ ਰਿਪੋਰਟ (ਜੋ ਕਿ 27 ਮਾਰਚ, 2026 ਤੱਕ ਨੈਸ਼ਨਲ ਜੁਡੀਸ਼ੀਅਲ ਡੇਟਾ ਗ੍ਰਿਡ ਦੇ ਅੰਕੜਿਆਂ 'ਤੇ ਆਧਾਰਿਤ ਹੈ) ਅਨੁਸਾਰ, ਦੇਸ਼ ਦੀਆਂ ਜ਼ਿਲ੍ਹਾ ਅਤੇ ਅਧੀਨ ਅਦਾਲਤਾਂ ਵਿੱਚ 52,56,293 (52 ਲੱਖ ਤੋਂ ਵੱਧ) ਅਜਿਹੇ ਮਾਮਲੇ ਹਨ, ਜੋ ਪਿਛਲੇ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਬਕਾਇਆ ਪਏ ਹਨ। ਇਹ ਸਿਰਫ਼ ਕਾਗਜ਼ੀ ਅੰਕੜੇ ਨਹੀਂ ਹਨ, ਸਗੋਂ ਉਨ੍ਹਾਂ ਲੱਖਾਂ ਪਰਿਵਾਰਾਂ ਦੀ ਤ੍ਰਾਸਦੀ ਹੈ ਜੋ ਦਹਾਕਿਆਂ ਤੋਂ ਅਦਾਲਤਾਂ ਦੇ ਗੇੜੇ ਮਾਰ ਰਹੇ ਹਨ।

ਸੂਬੇ ਵਾਰ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਵੱਡੀ ਅਬਾਦੀ ਵਾਲੇ ਰਾਜਾਂ ਦੀ ਨਿਆਂਇਕ ਪ੍ਰਣਾਲੀ 'ਤੇ ਬਹੁਤ ਜ਼ਿਆਦਾ ਬੋਝ ਹੈ। ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ 22,37,931 ਕੇਸ ਲਟਕ ਰਹੇ ਹਨ, ਜੋ ਕਿ ਦੇਸ਼ ਦੇ ਕੁੱਲ ਬਕਾਇਆ ਮਾਮਲਿਆਂ ਦਾ ਲਗਭਗ ਅੱਧਾ ਹਿੱਸਾ ਹੈ। ਇਸ ਤੋਂ ਬਾਅਦ ਬਿਹਾਰ ਵਿੱਚ 8,62,219 ਕੇਸ, ਪੱਛਮੀ ਬੰਗਾਲ ਵਿੱਚ 7,66,149 ਕੇਸ, ਮਹਾਰਾਸ਼ਟਰ ਵਿੱਚ 5,29,517 ਕੇਸ ਅਤੇ ਓਡੀਸ਼ਾ ਵਿੱਚ 2,95,382 ਮਾਮਲੇ 10 ਸਾਲਾਂ ਤੋਂ ਵੱਧ ਸਮੇਂ ਤੋਂ ਪੈਂਡਿੰਗ ਹਨ। ਇਸ ਦੇ ਉਲਟ, ਸਿੱਕਮ ਵਿੱਚ ਸਿਰਫ਼ 3, ਲੱਦਾਖ ਵਿੱਚ 10, ਲਕਸ਼ਦੀਪ ਵਿੱਚ 26 ਅਤੇ ਮਿਜ਼ੋਰਮ ਵਿੱਚ 30 ਕੇਸ ਹੀ 10 ਸਾਲਾਂ ਤੋਂ ਵੱਧ ਪੁਰਾਣੇ ਹਨ।

ਜੇਕਰ ਪੰਜਾਬ ਅਤੇ ਇਸ ਦੇ ਨਾਲ ਲੱਗਦੇ ਸੂਬਿਆਂ ਦੀ ਗੱਲ ਕੀਤੀ ਜਾਵੇ ਤਾਂ ਸਥਿਤੀ ਹੋਰਨਾਂ ਵੱਡੇ ਰਾਜਾਂ ਦੇ ਮੁਕਾਬਲੇ ਕਾਫ਼ੀ ਬਿਹਤਰ ਹੈ, ਪਰ ਚਿੰਤਾਜਨਕ ਜ਼ਰੂਰ ਹੈ। ਪੰਜਾਬ ਦੀਆਂ ਅਦਾਲਤਾਂ ਵਿੱਚ 10 ਸਾਲਾਂ ਤੋਂ ਵੱਧ ਪੁਰਾਣੇ 3,677 ਮਾਮਲੇ ਲਟਕ ਰਹੇ ਹਨ।

ਇਸ ਦੇ ਗੁਆਂਢੀ ਸੂਬੇ ਹਰਿਆਣਾ ਵਿੱਚ 4,704 ਅਤੇ ਹਿਮਾਚਲ ਪ੍ਰਦੇਸ਼ ਵਿੱਚ 10,024 ਕੇਸ ਬਕਾਇਆ ਪਏ ਹਨ। ਇਹ ਅੰਕੜੇ ਦਰਸਾਉਂਦੇ ਹਨ ਕਿ ਅਬਾਦੀ ਅਤੇ ਨਿਆਂਇਕ ਢਾਂਚੇ ਦੇ ਹਿਸਾਬ ਨਾਲ ਵੱਖ-ਵੱਖ ਰਾਜਾਂ ਵਿੱਚ ਕੇਸਾਂ ਦੇ ਨਿਪਟਾਰੇ ਦੀ ਦਰ ਵੱਖੋ-ਵੱਖਰੀ ਹੈ।

ਭਾਰਤ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਕੇਸਾਂ ਦਾ ਨਿਪਟਾਰਾ ਕਰਨਾ ਨਿਆਂਪਾਲਿਕਾ ਦੇ ਵਿਸ਼ੇਸ਼ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਜਿਸ ਕਰਕੇ ਸਰਕਾਰ ਵੱਲੋਂ 10 ਸਾਲਾਂ ਤੋਂ ਵੱਧ ਪੁਰਾਣੇ ਕੇਸਾਂ ਲਈ ਕੋਈ ਖ਼ਾਸ ਵੱਖਰੇ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਕੀਤੇ ਗਏ। ਹਾਲਾਂਕਿ, ਸਰਕਾਰ ਦਾ ਦਾਅਵਾ ਹੈ ਕਿ ਉਹ ਸੰਵਿਧਾਨ ਦੀ ਧਾਰਾ 21 (ਜੋ ਨਾਗਰਿਕਾਂ ਨੂੰ ਜੀਵਨ ਅਤੇ ਨਿੱਜੀ ਆਜ਼ਾਦੀ ਦੇ ਨਾਲ-ਨਾਲ ਤੇਜ਼ ਨਿਆਂ ਦਾ ਅਧਿਕਾਰ ਦਿੰਦੀ ਹੈ) ਤਹਿਤ ਬੈਕਲਾਗ ਘਟਾਉਣ ਲਈ ਵਚਨਬੱਧ ਹੈ।

ਕੇਸਾਂ ਦੀ ਗਤੀ ਵਧਾਉਣ ਲਈ ਸਰਕਾਰ ਅਤੇ ਸੁਪਰੀਮ ਕੋਰਟ ਵੱਲੋਂ ਤਕਨਾਲੋਜੀ ਦਾ ਸਹਾਰਾ ਲਿਆ ਜਾ ਰਿਹਾ ਹੈ। ਈ-ਕੋਰਟਸ ਮਿਸ਼ਨ ਮੋਡ ਪ੍ਰਾਜੈਕਟ ਤਹਿਤ ਅਦਾਲਤਾਂ ਨੂੰ ਸੂਚਨਾ ਅਤੇ ਸੰਚਾਰ ਤਕਨਾਲੋਜੀ ਨਾਲ ਲੈੱਸ ਕੀਤਾ ਜਾ ਰਿਹਾ ਹੈ। ਸੁਪਰੀਮ ਕੋਰਟ ਨੇ ਆਈ.ਆਈ.ਟੀ. ਮਦਰਾਸ ਦੇ ਸਹਿਯੋਗ ਨਾਲ ਏ.ਆਈ. (ਅੀ) ਅਤੇ ਮਸ਼ੀਨ ਲਰਨਿੰਗ ਟੂਲਜ਼ ਦੀ ਟੈਸਟਿੰਗ ਸ਼ੁਰੂ ਕੀਤੀ ਹੈ, ਜੋ ਦਸਤਾਵੇਜ਼ਾਂ ਦੀਆਂ ਖ਼ਾਮੀਆਂ ਠੀਕ ਕਰਨ ਅਤੇ ਡੇਟਾ ਪ੍ਰਬੰਧਨ ਵਿੱਚ ਮਦਦ ਕਰਦੇ ਹਨ। ਇਸ ਤੋਂ ਇਲਾਵਾ 'ਡਿਜੀਟਲ ਕੋਰਟਸ 2.1' ਨਾਂ ਦਾ ਟੂਲ ਜੱਜਾਂ ਨੂੰ ਪੇਪਰ-ਰਹਿਤ ਤਰੀਕੇ ਨਾਲ ਕੰਮ ਕਰਨ ਲਈ ਸਿੰਗਲ ਵਿੰਡੋ ਪ੍ਰਦਾਨ ਕਰਦਾ ਹੈ, ਜਿਸ ਵਿੱਚ ਵਾਇਸ-ਟੂ-ਟੈਕਸਟ ਲਈ 'ਸ਼ਰੁਤੀ' ਅਤੇ ਅਨੁਵਾਦ ਲਈ 'ਪਾਣਿਨੀ' ਵਰਗੇ ਆਧੁਨਿਕ ਫੀਚਰ ਸ਼ਾਮਲ ਹਨ।

ਤਕਨੀਕੀ ਦਾਅਵਿਆਂ ਦੇ ਬਾਵਜੂਦ ਨੀਤੀਗਤ ਘਾਟਾਂ ਅਤੇ ਜ਼ਮੀਨੀ ਸਮੱਸਿਆਵਾਂ ਬਰਕਰਾਰ ਹਨ। ਏ.ਆਈ. ਟੂਲਜ਼ ਨੂੰ ਅਪਣਾਉਣ ਲਈ ਅਜੇ ਤੱਕ ਕੋਈ ਰਸਮੀ ਕਾਨੂੰਨੀ ਨੀਤੀ ਨਹੀਂ ਹੈ ਅਤੇ ਇਹ ਸਿਰਫ਼ ਪਾਇਲਟ ਪੜਾਅ 'ਚ ਹਨ। ਕਾਨੂੰਨੀ ਮਾਹਿਰਾਂ ਅਤੇ ਸਾਬਕਾ ਜੱਜਾਂ ਅਨੁਸਾਰ, 52.56 ਲੱਖ ਕੇਸਾਂ ਦਾ 10 ਸਾਲਾਂ ਤੱਕ ਲਟਕੇ ਰਹਿਣਾ ਸਾਡੇ ਪ੍ਰਸ਼ਾਸਨਿਕ ਢਾਂਚੇ ਦੀ ਵੱਡੀ ਨਾਕਾਮੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਸਰਕਾਰ ਅਦਾਲਤਾਂ ਵਿੱਚ ਜੱਜਾਂ ਦੀਆਂ ਖ਼ਾਲੀ ਅਸਾਮੀਆਂ ਨਹੀਂ ਭਰਦੀ, ਹੇਠਲੀਆਂ ਅਦਾਲਤਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਨਹੀਂ ਕਰਦੀ ਅਤੇ ਲੋੜੀਂਦੇ ਫੰਡ ਜਾਰੀ ਨਹੀਂ ਕਰਦੀ, ਉਦੋਂ ਤੱਕ ਸਿਰਫ਼ ਡਿਜੀਟਲਾਈਜ਼ੇਸ਼ਨ ਜਾਂ ਏ.ਆਈ. ਦੇ ਸਹਾਰੇ ਇੰਨੇ ਵੱਡੇ ਬੈਕਲਾਗ ਦਾ ਪੂਰਾ ਹੱਲ ਹੋਣਾ ਅਸੰਭਵ ਹੈ।

## 'ਆਪ' ਆਗੂ ਬਲਵਿੰਦਰ ਸਿੰਘ ਕਤਲ ਮਾਮਲਾ : ਸਾਬਕਾ ਪੁਲਿਸ ਅਫਸਰ ਨਾਗਰਾ 'ਤੇ ਕਸਿਆ ਸ਼ਿਕੰਜਾ

### ✪ ਅਮਰੀਕਾ ਵਿਚ 1 ਕਰੋੜ ਰੁਪਏ ਦੀ ਸੁਪਾਰੀ ਦੇ ਕੇ ਰਚੀ ਗਈ ਕਤਲ ਦੀ ਸਾਜ਼ਿਸ਼



ਟਾਂਡਾ-ਟਾਂਡਾ ਦੇ ਪਿੰਡ ਮਿਆਣੀ ਵਿਚ 15 ਜਨਵਰੀ ਨੂੰ 'ਆਪ' ਆਗੂ ਬਲਵਿੰਦਰ ਸਿੰਘ ਦੇ ਕਤਲ ਦੀ ਸਾਜਿਸ਼ ਅਮਰੀਕਾ ਵਿਚ 1 ਕਰੋੜ ਰੁਪਏ ਦੀ ਸੁਪਾਰੀ ਦੇ ਕੇ ਰਚੀ ਗਈ ਸੀ। ਅਮਰੀਕੀ ਜਾਂਚ ਏਜੰਸੀ ਐਫਬੀਆਈ ਹੱਥ ਲੱਗੀ ਗੈਂਗਸਟਰ ਗੁਰਲਾਲ ਦੀ ਚੈਟ ਤੋਂ ਇਹ ਖ਼ੁਲਾਸਾ ਹੋਇਆ ਹੈ। 18 ਜੁਲਾਈ ਨੂੰ ਟਾਂਡਾ ਦੇ ਸਾਬਕਾ ਐਸਐਚਓ ਗੁਰਿੰਦਰਜੀਤ ਸਿੰਘ ਨਾਗਰਾ ਨੂੰ ਜਬਰਨ ਵਸੂਲੀ ਅਤੇ ਰਿਸ਼ਵਤਖੋਰੀ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰਕੇ 14 ਦਿਨਾਂ ਦੀ ਹਿਰਾਸਤ ਵਿਚ ਜੇਲ੍ਹ ਭੇਜਿਆ ਗਿਆ ਹੈ।

ਪੁਲੀਸ ਅਨੁਸਾਰ ਐਸਐਚਓ ਨੇ ਡਰਾ-ਧਮਕਾ ਕੇ 16 ਲੱਖ ਰੁਪਏ ਦੀ ਵਸੂਲੀ ਕੀਤੀ ਸੀ (ਹਾਲਾਂਕਿ ਕੋਈ ਬਰਾਮਦਗੀ ਨਹੀਂ ਹੋਈ)। ਦੂਜੇ ਪਾਸੇ, ਪ੍ਰਵਾਸੀ ਪੰਜਾਬੀ ਚਰਨਜੀਤ ਸਿੰਘ ਦਾ ਦੋਸ਼ ਹੈ ਕਿ ਐਸਐਚਓ ਨੇ ਉਸ ਨੂੰ ਕਤਲ ਕੇਸ ਵਿਚ ਫਸਾਉਣ ਦਾ ਡਰ ਦਿਖਾ ਕੇ 56 ਲੱਖ ਰੁਪਏ ਲਏ ਸਨ।

ਸਾਬਕਾ ਐਸਐਚਓ ਦੇ ਫ਼ੋਨ ਤੋਂ ਗੈਂਗਸਟਰਾਂ ਦੇ ਨੰਬਰ ਮਿਲੇ ਹਨ, ਪਰ ਮਾਮਲੇ ਨਾਲ ਜੁੜੀ ਵਟਸਐਪ ਚੈਟ ਡਿਲੀਟ ਪਾਈ ਗਈ ਹੈ। ਡਾਟਾ ਰਿਕਵਰ ਕਰਨ ਲਈ ਫ਼ੋਨ ਨੂੰ ਸਟੇਟ ਫੋਰੈਂਸਿਕ ਲੈਬ ਭੇਜਿਆ ਜਾ ਰਿਹਾ ਹੈ।

ਐਫਬੀਆਈ ਮੁਤਾਬਕ ਪ੍ਰਵਾਸੀ ਪੰਜਾਬੀ ਚਰਨਜੀਤ ਸਿੰਘ ਇਸ ਮਾਮਲੇ ਵਿਚ ਪੀੜਤ ਹੈ, ਜਦਕਿ ਟਾਂਡਾ ਪੁਲੀਸ ਨੇ ਰਿਟਾਇਰਡ ਸਬ ਇੰਸਪੈਕਟਰ ਪ੍ਰਵਾਸੀ ਪੰਜਾਬੀ ਚਰਨਜੀਤ ਸਿੰਘ ਨੂੰ ਕਤਲ ਦੀ ਸਾਜ਼ਿਸ਼ 'ਵਿਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੋਇਆ ਹੈ।

## ਐਡਮਿੰਟਨ ਵਿੱਚ 23 ਸਾਲਾ ਪੰਜਾਬੀ ਮੁਟਿਆਰ ਦਾ ਕਤਲ



ਐਡਮਿੰਟਨ-ਕੈਨੇਡਾ ਦੇ ਅਲਬਰਟਾ ਸੂਬੇ ਦੇ ਸ਼ਹਿਰ ਐਡਮਿੰਟਨ ਵਿੱਚ 23 ਸਾਲਾ ਪੰਜਾਬੀ ਮੁਟਿਆਰ ਦਮਨਪ੍ਰੀਤ ਕੌਰ ਦਾ ਗਲ਼ਾ ਘੁੱਟ ਕੇ ਕਤਲ ਕਰ ਦਿੱਤਾ ਗਿਆ। ਐਡਮਿੰਟਨ ਪੁਲੀਸ ਨੇ ਇਸ ਮਾਮਲੇ ਵਿੱਚ ਉਸ ਦੇ ਨਜ਼ਦੀਕੀ ਸਾਥੀ ਰਿਤਿਸ਼ ਕੁਮਾਰ (22 ਸਾਲ) ਨੂੰ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਦੂਜੇ ਦਰਜੇ ਦੇ ਕਤਲ ਦਾ ਕੇਸ ਦਰਜ ਕੀਤਾ ਹੈ। 20 ਜੁਲਾਈ ਨੂੰ ਹੋਏ ਪੋਸਟਮਾਰਟਮ ਦੀ ਰਿਪੋਰਟ ਵਿੱਚ ਪੁਸ਼ਟੀ ਹੋਈ ਕਿ ਮੌਤ ਦਾ ਕਾਰਨ ਗਲ਼ਾ ਘੁੱਟਣਾ ਸੀ। ਦਮਨਪ੍ਰੀਤ ਕੌਰ ਦੀ ਮ੍ਰਿਤਕ ਦੇਹ ਨੂੰ ਅੰਤਿਮ ਸਸਕਾਰ ਲਈ ਭਾਰਤ ਭੇਜਣ ਅਤੇ ਪਰਿਵਾਰ ਦੀ ਆਰਥਿਕ ਸਹਾਇਤਾ ਲਈ 'ਗੋਫੰਡਮੀ' ਪਲੇਟਫਾਰਮ 'ਤੇ ਗੁਰਦੀਪ ਸਿੰਘ ਵੱਲੋਂ ਫ਼ੰਡ ਮੁਹਿੰਮ ਸ਼ੁਰੂ ਕੀਤੀ ਗਈ ਹੈ।

## ਪੰਜਾਬ ਕਾਂਗਰਸ ਅਗਲੇ ਮਹੀਨੇ ਬੱਸ ਯਾਤਰਾ ਰਾਹੀਂ ਕਰੇਗੀ ਚੋਣ ਮੁਹਿੰਮ ਦੀ ਸ਼ੁਰੂਆਤ

ਚੰਡੀਗੜ੍ਹ-ਪੰਜਾਬ ਕਾਂਗਰਸ ਵਿੱਚ ਚੱਲ ਰਹੀ ਆਪਸੀ ਨਾਰਾਜ਼ਗੀ ਨੂੰ ਦੂਰ ਕਰਨ ਅਤੇ ਲੋਕਾਂ ਵਿੱਚ ਇਕਜੁੱਟਤਾ ਦਾ ਸੁਨੇਹਾ ਦੇਣ ਲਈ ਪਾਰਟੀ ਅਗਲੇ ਮਹੀਨੇ ਸਾਰੇ ਸੀਨੀਅਰ ਆਗੂਆਂ ਨੂੰ ਇੱਕ ਬੱਸ ਵਿੱਚ ਬਿਠਾ ਕੇ 'ਬੱਸ ਯਾਤਰਾ' ਰਾਹੀਂ ਚੋਣ ਮੁਹਿੰਮ ਦੀ ਸ਼ੁਰੂਆਤ ਕਰਨ 'ਤੇ ਵਿਚਾਰ ਕਰ ਰਹੀ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਮੁੜ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਚੰਨੀ, ਰੰਧਾਵਾ, ਪ੍ਰਗਟ ਸਿੰਘ ਸਮੇਤ ਕਈ ਸੀਨੀਅਰ ਆਗੂਆਂ ਦੀ ਨਾਰਾਜ਼ਗੀ ਨੂੰ ਵੇਖਦਿਆਂ ਪੰਜਾਬ ਇੰਚਾਰਜ ਭੁਪੇਸ਼ ਬਘੇਲ ਨੇ ਖ਼ੁਦ ਸਥਿਤੀ ਨੂੰ ਸੰਭਾਲਿਆ ਹੈ। ਪਾਰਟੀ ਆਗੂ ਚਾਹੁੰਦੇ ਹਨ ਕਿ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਖ਼ੁਦ ਪੰਜਾਬ ਆ ਕੇ ਇਸ ਬੱਸ ਯਾਤਰਾ ਦੀ ਸ਼ੁਰੂਆਤ ਕਰਨ, ਤਾਂ ਜੋ ਸਾਰੇ ਆਗੂਆਂ ਦਾ ਸ਼ਾਮਲ ਹੋਣਾ ਲਾਜ਼ਮੀ ਹੋ ਜਾਵੇ ਅਤੇ ਆਪਸੀ ਖਿੱਚੋਤਾਣ 'ਤੇ ਠੱਲ੍ਹ ਪੈ ਸਕੇ। ਪਾਰਟੀ 15 ਅਗਸਤ (ਆਜ਼ਾਦੀ ਦਿਵਸ) ਤੋਂ ਬਾਅਦ ਸੂਬੇ ਵਿੱਚ ਆਪਣੀਆਂ ਸਿਆਸੀ ਗਤੀਵਿਧੀਆਂ ਨੂੰ ਹੋਰ ਤੇਜ਼ ਕਰੇਗੀ।

# ਕੈਨੇਡਾ ਪੀਆਰ ਅਰਜ਼ੀਆਂ ਲਈ ਵੱਡਾ ਬਦਲਾਅ

## ✪ ਆਈ ਆਰ ਸੀਸੀ ਨੇ ਪਹਿਲੀ ਵਾਰ ਜਾਰੀ ਕੀਤਾ 'ਵੇਟਿੰਗ ਲਿਸਟ' ਦਾ ਸਰਕਾਰੀ ਅੰਕੜਾ




ਓਟਾਵਾ-ਕੈਨੇਡਾ ਦੇ ਆਵਾਸ, ਸ਼ਰਨਾਰਥੀ ਅਤੇ ਨਾਗਰਿਕਤਾ ਵਿਭਾਗ ਨੇ ਪੱਕੀ ਰਿਹਾਇਸ਼ (ਪੀਆਰ) ਦੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਪ੍ਰਣਾਲੀ ਵਿੱਚ ਇੱਕ ਵੱਡਾ ਬਦਲਾਅ ਕੀਤਾ ਹੈ। ਤਾਜ਼ਾ ਜਾਣਕਾਰੀ ਅਨੁਸਾਰ, ਹੁਣ ਇਮੀਗ੍ਰੇਸ਼ਨ ਵਿਭਾਗ ਹਰ ਮਹੀਨੇ ਜਨਤਕ ਤੌਰ 'ਤੇ ਇਹ ਅੰਕੜਾ ਸਾਂਝਾ ਕਰੇਗਾ ਕਿ ਕੁੱਲ ਪੀਆਰ ਅਰਜ਼ੀਆਂ ਵਿੱਚੋਂ ਕਿੰਨੀਆਂ ਅਰਜ਼ੀਆਂ 'ਤੇ ਐਕਟਿਵ ਕੰਮ ਚੱਲ ਰਿਹਾ ਹੈ ਅਤੇ ਕਿੰਨੀਆਂ ਅਰਜ਼ੀਆਂ ਨੂੰ ਕੋਟਾ ਪੂਰਾ ਹੋਣ ਕਰਕੇ 'ਵੇਟਿੰਗ ਲਿਸਟ' ਵਿੱਚ ਰੱਖਿਆ ਗਿਆ ਹੈ। ਕੈਨੇਡਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਫੈਡਰਲ ਸਰਕਾਰ ਨੇ ਪੀਆਰ ਅਰਜ਼ੀਆਂ ਦੇ ਵੇਟਲਿਸਟ ਹੋਣ ਬਾਰੇ ਇੰਨੇ ਖੁੱਲ੍ਹੇ ਰੂਪ ਵਿੱਚ ਜਾਣਕਾਰੀ ਦਿੱਤੀ ਹੈ। ਵਿਭਾਗ ਨੇ ਆਪਣੀ ਵੈੱਬਸਾਈਟ 'ਤੇ 'ਐਪਲੀਕੇਸ਼ਨ ਇਨਵੈਂਟਰੀ' ਦੇ ਪੇਜ ਨੂੰ ਪੂਰੀ ਤਰ੍ਹਾਂ ਅੱਪਡੇਟ ਕਰ ਦਿੱਤਾ ਹੈ, ਜਿਸ ਨਾਲ ਹੁਣ ਆਵਾਸ ਪ੍ਰਣਾਲੀ ਵਿੱਚ ਹੋਰ ਪਾਰਦਰਸ਼ਤਾ ਆਉਣ ਦੀ ਉਮੀਦ ਹੈ।

### ਕਿਉਂ ਬਣਾਈ ਜਾ ਰਹੀ ਹੈ ਵੇਟਿੰਗ ਲਿਸਟ?

ਕੈਨੇਡਾ ਸਰਕਾਰ ਵੱਲੋਂ ਹਰ ਸਾਲ ਆਪਣੀ 2026-2028 ਇਮੀਗ੍ਰੇਸ਼ਨ ਲੈਵਲ ਪਲਾਨ ਦੇ ਤਹਿਤ ਨਵੇਂ ਪੱਕੇ ਨਿਵਾਸੀਆਂ ਨੂੰ ਸ਼ਾਮਲ ਕਰਨ ਦਾ ਇੱਕ ਨਿਸ਼ਚਿਤ ਟੀਚਾ ਜਾਂ ਕੋਟਾ ਮਿਥਿਆ ਜਾਂਦਾ ਹੈ। ਆਈਆਰਸੀਸੀ ਅਨੁਸਾਰ, ਜਦੋਂ ਕਿਸੇ ਇਮੀਗ੍ਰੇਸ਼ਨ ਪ੍ਰੋਗਰਾਮ ਵਿੱਚ ਨਿਰਧਾਰਤ ਕੋਟੇ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ, ਤਾਂ ਸਰਕਾਰ ਕੋਲ ਉਹਨਾਂ ਸਾਰੀਆਂ ਅਰਜ਼ੀਆਂ ਨੂੰ ਉਸੇ ਸਾਲ ਮਨਜ਼ੂਰੀ ਦੇਣ ਲਈ ਢੁਕਵੀਂ ਥਾਂ ਨਹੀਂ ਹੁੰਦੀ। ਅਜਿਹੇ ਹਾਲਾਤ ਵਿੱਚ, ਵਾਧੂ ਅਰਜ਼ੀਆਂ ਦੀ ਪ੍ਰੋਸੈਸਿੰਗ ਨੂੰ ਰੋਕ ਕੇ ਉਹਨਾਂ ਨੂੰ ਅਗਲੇ ਸਾਲਾਂ ਦੇ ਕੋਟੇ ਲਈ 'ਵੇਟਲਿਸਟ' ਵਿੱਚ ਪਾ ਦਿੱਤਾ ਜਾਂਦਾ ਹੈ।

ਆਈਆਰਸੀਸੀ ਨੇ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਸਪੱਸ਼ਟ ਕੀਤਾ ਹੈ ਕਿ ਜਦੋਂ ਵੀ ਕਿਸੇ ਪ੍ਰੋਗਰਾਮ ਲਈ ਲੈਵਲ ਪਲਾਨ ਵਿੱਚ ਉਪਲਬਧ ਸੀਟਾਂ ਨਾਲੋਂ ਵੱਧ ਅਰਜ਼ੀਆਂ ਮਿਲਦੀਆਂ ਹਨ, ਤਾਂ ਕੁਝ ਅਰਜ਼ੀਆਂ ਨੂੰ ਭਵਿੱਖ ਦੇ ਸਾਲਾਂ ਵਿੱਚ ਥਾਂ ਖਾਲੀ ਹੋਣ ਤੱਕ ਉਡੀਕ ਕਰਨੀ ਪੈਂਦੀ ਹੈ। ਜਿੰਨਾ ਸਮਾਂ ਸੀਟਾਂ ਖਾਲੀ ਰਹਿਣਗੀਆਂ, ਅਰਜ਼ੀਆਂ 'ਤੇ ਕੰਮ ਚੱਲਦਾ ਰਹੇਗਾ, ਪਰ ਥਾਂ ਖ਼ਤਮ ਹੁੰਦੇ ਹੀ ਅਰਜ਼ੀਆਂ ਵੇਟਲਿਸਟ ਵਿੱਚ ਚਲੀਆਂ ਜਾਣਗੀਆਂ।

### ਪ੍ਰੋਸੈਸਿੰਗ ਸਮੇਂ 'ਤੇ ਪਵੇਗਾ ਸਿੱਧਾ ਅਸਰ

ਇਸ ਨਵੀਂ ਨੀਤੀ ਦਾ ਸਿੱਧਾ ਅਸਰ ਆਗਾਮੀ ਸਮੇਂ ਵਿੱਚ ਅਪਲਾਈ ਕਰਨ ਵਾਲੇ ਅਤੇ ਪਹਿਲਾਂ ਤੋਂ ਲਾਈਨ ਵਿੱਚ ਲੱਗੇ ਬਿਨੈਕਾਰਾਂ ਦੇ ਪ੍ਰੋਸੈਸਿੰਗ ਟਾਈਮ 'ਤੇ ਪਵੇਗਾ। ਜਿਨ੍ਹਾਂ ਬਿਨੈਕਾਰਾਂ ਦੀਆਂ ਅਰਜ਼ੀਆਂ ਵੇਟਲਿਸਟ ਵਿੱਚ ਜਾਣਗੀਆਂ, ਉਨ੍ਹਾਂ ਦੇ ਫੈਸਲੇ ਆਉਣ ਵਿੱਚ ਪਹਿਲਾਂ ਨਾਲੋਂ ਜ਼ਿਆਦਾ ਸਮਾਂ ਲੱਗ ਸਕਦਾ ਹੈ। ਇਸ ਦੇ ਨਾਲ ਹੀ, ਆਈਆਰਸੀਸੀ ਨੇ ਇੱਕ ਹੋਰ ਵੱਡਾ ਬਦਲਾਅ ਕਰਦਿਆਂ ਇਹ ਐਲਾਨ ਕੀਤਾ ਹੈ ਕਿ ਉਹ ਹੁਣ ਆਪਣੀ ਵੈੱਬਸਾਈਟ 'ਤੇ ਇਹ ਜਾਣਕਾਰੀ ਜਾਰੀ ਨਹੀਂ ਕਰੇਗਾ ਕਿ ਕੁੱਲ ਅਰਜ਼ੀਆਂ ਵਿੱਚੋਂ ਕਿੰਨੇ ਪ੍ਰਤੀਸ਼ਤ ਅਰਜ਼ੀਆਂ ਨੂੰ ਨਿਰਧਾਰਤ 'ਸਰਵਿਸ ਸਟੈਂਡਰਡ' ਦੇ ਅੰਦਰ ਪ੍ਰੋਸੈਸ ਕੀਤਾ ਜਾ ਰਿਹਾ ਹੈ।

### 31 ਮਈ 2026 ਤੱਕ ਦੇ ਤਾਜ਼ਾ ਅੰਕੜੇ

ਆਈਆਰਸੀਸੀ ਵੱਲੋਂ ਜਾਰੀ ਕੀਤੇ ਗਏ ਪਹਿਲੇ ਅੰਕੜਿਆਂ (ਜੋ 31 ਮਈ 2026 ਤੱਕ ਦੇ ਹਨ) ਅਨੁਸਾਰ, ਕੈਨੇਡਾ ਕੋਲ ਕੁੱਲ 7,05,315 ਦੂ ਅਰਜ਼ੀਆਂ ਫੈਸਲੇ ਦੀ ਉਡੀਕ ਵਿੱਚ ਪੈਂਡਿੰਗ ਸਨ। ਵਿਭਾਗ ਨੇ ਇਹਨਾਂ ਅਰਜ਼ੀਆਂ ਨੂੰ ਮੁੱਖ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੈ।

ਪਹਿਲੀ, ਇਕਨਾਮਿਕ ਸ਼੍ਰੇਣੀ ਵਿੱਚ ਕੁੱਲ 2,38,335 ਅਰਜ਼ੀਆਂ ਪੈਂਡਿੰਗ ਸਨ। ਇਹਨਾਂ ਵਿੱਚੋਂ 75% ਅਰਜ਼ੀਆਂ 'ਤੇ ਐਕਟਿਵ ਪ੍ਰੋਸੈਸਿੰਗ ਚੱਲ ਰਹੀ ਹੈ, ਜਦਕਿ 25% ਅਰਜ਼ੀਆਂ ਵੇਟਲਿਸਟ ਵਿੱਚ ਹਨ। ਇਸ ਸ਼੍ਰੇਣੀ ਵਿੱਚ ਐਕਸਪ੍ਰੈਸ ਐਂਟਰੀ, ਫੈਡਰਲ ਬਿਜ਼ਨਸ ਪ੍ਰੋਗਰਾਮ, ਪ੍ਰੋਵਿੰਸ਼ੀਅਲ ਨੋਮੀਨੀ ਪ੍ਰੋਗਰਾਮ , ਅਟਲਾਂਟਿਕ ਇਮੀਗ੍ਰੇਸ਼ਨ ਪ੍ਰੋਗਰਾਮ , ਰੂਰਲ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ, ਅਤੇ ਫ੍ਰੈਂਕੋਫੋਨ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ ਸ਼ਾਮਲ ਹਨ।

ਦੂਜੀ, ਪਰਿਵਾਰਕ ਸ਼੍ਰੇਣੀ ਵਿੱਚ ਕੁੱਲ 1,59,765 ਅਰਜ਼ੀਆਂ ਫੈਸਲੇ ਦੀ ਉਡੀਕ ਵਿੱਚ ਸਨ। ਇਸ ਵਿੱਚੋਂ 60% ਅਰਜ਼ੀਆਂ 'ਤੇ ਐਕਟਿਵ ਕੰਮ ਚੱਲ ਰਿਹਾ ਹੈ ਅਤੇ 40% ਅਰਜ਼ੀਆਂ ਨੂੰ ਵੇਟਲਿਸਟ ਕੀਤਾ ਗਿਆ ਹੈ। ਇਸ ਸ਼੍ਰੇਣੀ ਵਿੱਚ ਜੀਵਨ ਸਾਥ, ਨਿਰਭਰ ਬੱਚੇ, ਮਾਤਾ-ਪਿਤਾ/ਦਾਦਾ-ਦਾਦੀ ਸਪਾਂਸਰਸ਼ਿਪ, ਅਤੇ ਅੰਤਰਰਾਸ਼ਟਰੀ ਗੋਦ ਲੈਣ ਦੀਆਂ ਅਰਜ਼ੀਆਂ ਆਉਂਦੀਆਂ ਹਨ।

ਤੀਜੀ, ਪ੍ਰੋਟੈਕਸ਼ਨ ਅਤੇ ਰਿਫਿਊਜੀ ਸ਼੍ਰੇਣੀ ਵਿੱਚ ਕੁੱਲ 3,07,215 ਅਰਜ਼ੀਆਂ ਪੈਂਡਿੰਗ ਸਨ। ਇਹਨਾਂ ਵਿੱਚੋਂ 54% ਅਰਜ਼ੀਆਂ 'ਤੇ ਐਕਟਿਵ ਪ੍ਰੋਸੈਸਿੰਗ ਹੋ ਰਹੀ ਹੈ, ਜਦਕਿ 46% ਵੇਟਲਿਸਟ ਵਿੱਚ ਰੱਖੀਆਂ ਗਈਆਂ ਹਨ। ਇਸ ਵਿੱਚ ਕੈਨੇਡਾ ਦੇ ਅੰਦਰ ਸੁਰੱਖਿਅਤ ਵਿਅਕਤੀ, ਸਰਕਾਰ ਵੱਲੋਂ ਮਦਦ ਪ੍ਰਾਪਤ ਸ਼ਰਨਾਰਥੀ, ਪ੍ਰਾਈਵੇਟ ਸਪਾਂਸਰਡ ਸ਼ਰਨਾਰਥੀ, ਅਤੇ ਮਨੁੱਖੀ ਤੇ ਹਮਦਰਦੀ ਆਧਾਰ 'ਤੇ ਲਗਾਈਆਂ ਅਰਜ਼ੀਆਂ ਸ਼ਾਮਲ ਹਨ।


### ਸਾਲ 2026 ਲਈ ਕੈਨੇਡਾ ਦਾ ਪੀਆਰ ਅਡਮਿਸ਼ਨ ਟੀਚਾ

ਸਾਲ 2026 ਦੌਰਾਨ ਕੈਨੇਡਾ ਦੀ ਫੈਡਰਲ ਸਰਕਾਰ ਨੇ ਕਿਊਬੈਕ ਸੂਬੇ ਤੋਂ ਬਾਹਰ ਕੁੱਲ 3,80,000 ਨਵੇਂ ਪੱਕੇ ਨਿਵਾਸੀਆਂ ਨੂੰ ਵਸਾਉਣ ਦਾ ਨਿਸ਼ਾਨਾ ਰੱਖਿਆ ਹੈ। ਇਸ ਵਿੱਚੋਂ ਇਕਨਾਮਿਕ ਸ਼੍ਰੇਣੀ ਲਈ 2,39,800, ਪਰਿਵਾਰਕ ਮੇਲ-ਜੋਲ ਲਈ 84,000, ਸ਼ਰਨਾਰਥੀ ਤੇ ਪ੍ਰੋਟੈਕਟਡ ਸ਼੍ਰੇਣੀ ਲਈ 49,300, ਅਤੇ ਮਨੁੱਖੀ ਆਧਾਰ 'ਤੇ 6,900 ਸੀਟਾਂ ਨਿਰਧਾਰਤ ਕੀਤੀਆਂ ਗਈਆਂ ਹਨ।

### ਸਾਲ ਦੇ ਪਹਿਲੇ 5 ਮਹੀਨਿਆਂ ਦੀ ਪ੍ਰਗਤੀ ਅਤੇ ਅਗਲਾ ਅੱਪਡੇਟ

ਆਈਆਰਸੀਸੀ ਨੇ ਦੱਸਿਆ ਹੈ ਕਿ 1 ਜਨਵਰੀ ਤੋਂ 31 ਮਈ 2026 ਤੱਕ, ਵਿਭਾਗ ਨੇ ਸਾਰੀਆਂ ਸ਼੍ਰੇਣੀਆਂ ਵਿੱਚ ਕੁੱਲ 1,98,700 ਪੱਕੀ ਰਿਹਾਇਸ਼ ਦੀਆਂ ਅਰਜ਼ੀਆਂ ਦਾ ਨਿਪਟਾਰਾ ਕੀਤਾ ਸੀ, ਜਿਸ ਵਿੱਚ ਮਨਜ਼ੂਰ ਅਤੇ ਰੱਦ ਕੀਤੀਆਂ ਗਈਆਂ ਦੋਵੇਂ ਅਰਜ਼ੀਆਂ ਸ਼ਾਮਲ ਸਨ। ਇਮੀਗ੍ਰੇਸ਼ਨ ਵਿਭਾਗ ਅਨੁਸਾਰ, ਅਰਜ਼ੀਆਂ ਦੀ ਇਨਵੈਂਟਰੀ ਦਾ ਅਗਲਾ ਮਹੀਨਾਵਾਰ ਅੱਪਡੇਟ ਅਗਸਤ ਦੇ ਮੱਧ ਤੋਂ ਆਖਰ ਤੱਕ ਜਾਰੀ ਕੀਤਾ ਜਾਵੇਗਾ, ਜਿਸ ਵਿੱਚ 30 ਜੂਨ 2026 ਤੱਕ ਦੇ ਤਾਜ਼ਾ ਅੰਕੜੇ ਸ਼ਾਮਲ ਹੋਣਗੇ। ਇਸ ਨਵੇਂ ਕਦਮ ਨਾਲ ਕੈਨੇਡਾ ਪੀਆਰ ਲਈ ਅਪਲਾਈ ਕਰਨ ਵਾਲੇ ਲੱਖਾਂ ਬਿਨੈਕਾਰਾਂ ਨੂੰ ਆਪਣੀ ਅਰਜ਼ੀ ਦੀ ਸਥਿਤੀ ਬਾਰੇ ਜ਼ਿਆਦਾ ਸਪੱਸ਼ਟਤਾ ਮਿਲੇਗੀ।

## ਰਿਪੁਦਮਨ ਸਿੰਘ ਮਲਿਕ ਦੇ ਕਾਤਲ ਟੈਨਰ ਫੌਕਸ ਨੂੰ ਇੱਕ ਹੋਰ ਮਾਮਲੇ ਵਿਚ 15 ਸਾਲ ਦੀ ਸਜ਼ਾ



ਸਰੀ-ਰਿਪੁਦਮਨ ਸਿੰਘ ਮਲਿਕ ਦੇ ਕਤਲ ਦੇ ਦੋਸ਼ ਵਿੱਚ ਪਹਿਲਾਂ ਹੀ ਉਮਰ ਕੈਦ ਕੱਟ ਰਹੇ 25 ਸਾਲਾ ਟੈਨਰ ਫੌਕਸ ਨੂੰ ਕੈਨੇਡਾ ਦੀ ਅਦਾਲਤ ਨੇ ਮਾਰਚ 2022 ਵਿੱਚ ਇੱਕ ਹੋਰ ਵਿਅਕਤੀ (ਚੈਡ ਕੋਲੀਵਾਸ) ਦੇ ਕਤਲ ਮਾਮਲੇ 'ਚ 15 ਸਾਲ ਦੀ ਵਾਧੂ ਸਜ਼ਾ ਸੁਣਾਈ ਹੈ।

21 ਮਾਰਚ 2022 ਨੂੰ ਫੌਕਸ ਨੇ ਐਬਟਸਫੋਰਡ ਸਥਿਤ ਇੱਕ ਘਰ ਵਿੱਚ ਜ਼ਬਰਦਸਤੀ ਦਾਖਲ ਹੋ ਕੇ 41 ਸਾਲਾ ਨਿਹੱਥੇ ਚੈਡ ਕੋਲੀਵਾਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਘਟਨਾ ਦਾ ਕਿਸੇ ਗੈਂਗਵਾਰ ਨਾਲ ਸਬੰਧ ਨਹੀਂ ਸੀ।

ਫੌਕਸ ਨੇ ਗੈਰ-ਇਰਾਦਤਨ ਹੱਤਿਆ ਦਾ ਗੁਨਾਹ ਕਬੂਲ ਕੀਤਾ, ਜਿਸ ਤੋਂ ਬਾਅਦ ਅਦਾਲਤ ਨੇ ਉਸ 'ਤੇ ਉਮਰ ਭਰ ਲਈ ਹਥਿਆਰ ਰੱਖਣ 'ਤੇ ਪਾਬੰਦੀ ਅਤੇ ਡੀਐਨਏ ਸੈਂਪਲ ਦੇਣ ਦੇ ਹੁਕਮ ਵੀ ਜਾਰੀ ਕੀਤੇ। ਇਸ ਮਾਮਲੇ 'ਚ ਉਸ ਦੀ ਸਾਥੀ ਲੈਟੀਸ਼ੀਆ ਅਸੇਰਾ (30) ਨੂੰ ਘਰ 'ਚ ਗੈਰ-ਕਾਨੂੰਨੀ ਤੌਰ 'ਤੇ ਘੁਸਣ ਦਾ ਦੋਸ਼ ਕਬੂਲਣ ਤੋਂ ਬਾਅਦ ਅਪ੍ਰੈਲ 2025 ਵਿਚ 4 ਸਾਲ ਦੀ ਸਜ਼ਾ ਸੁਣਾਈ ਗਈ ਸੀ।

# ਜੈਨ-ਜ਼ੀ ਦੇ 'ਅੰਦੋਲਨ' ਅਗੇ ਮੋਦੀ ਸਰਕਾਰ ਝੁਕੀ

## ✪ ਸਿੱਖਿਆ ਮੰਤਰੀ ਪ੍ਰਧਾਨ ਨੂੰ ਦੇਣਾ ਪਿਆ ਅਸਤੀਫ਼ਾ ✪ ਕੇਸ ਵਾਪਸ ਲੈਣ ਅਤੇ ਮੁਆਵਜ਼ੇ 'ਤੇ ਬਣੀ ਸਹਿਮਤੀ ✪ ਯੂ.ਐੱਨ.ਓ. ਤੱਕ ਗੂੰਜ ਪਈ ਅੰਦੋਲਨ ਦੀ ✪ ਸੀਜੇਪੀ ਅੰਦੋਲਨ ਨੇ ਹਿਲਾਈਆਂ ਕੇਂਦਰ ਸਰਕਾਰ ਦੀਆਂ ਜੜ੍ਹਾਂ

### ਨਿਊਜ਼ ਵਿਸ਼ਲੇਸ਼ਣ

ਭਾਰਤੀ ਲੋਕਤੰਤਰ ਅਤੇ ਵਿਦਿਆਰਥੀ ਰਾਜਨੀਤੀ ਦੇ ਇਤਿਹਾਸ ਵਿੱਚ 20 ਜੂਨ ਤੋਂ 25 ਜੁਲਾਈ 2026 ਤੱਕ ਦਾ ਸਮਾਂ ਇੱਕ ਨਵੇਂ, ਅਭੁੱਲ ਅਤੇ ਇਤਿਹਾਸਕ ਅਧਿਆਇ ਵਜੋਂ ਦਰਜ ਹੋ ਚੁੱਕਾ ਹੈ। ਨੀਟ ਪੇਪਰ ਲੀਕ ਦੀਆਂ ਲਗਾਤਾਰ ਵਾਪਰੀਆਂ ਘਟਨਾਵਾਂ, ਸਰਕਾਰੀ ਪ੍ਰੀਖਿਆ ਪ੍ਰਣਾਲੀ ਦੇ ਨਿਕੰਮੇਪਣ ਅਤੇ ਸਿੱਖਿਆ ਦੇ ਵਪਾਰੀਕਰਨ ਵਿਰੁੱਧ ਦਿੱਲੀ ਦੇ ਜੰਤਰ-ਮੰਤਰ ਤੋਂ ਸ਼ੁਰੂ ਹੋਏ 'ਕਾਕਰੋਚ ਜਨਤਾ ਪਾਰਟੀ' ਦੇ ਅੰਦੋਲਨ ਨੇ ਆਖ਼ਰਕਾਰ ਕੇਂਦਰ ਦੀ ਸ਼ਕਤੀਸ਼ਾਲੀ ਸਰਕਾਰ ਨੂੰ ਆਪਣੇ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ। ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ, ਅੰਦੋਲਨਕਾਰੀ ਵਿਦਿਆਰਥੀਆਂ 'ਤੇ ਦਰਜ ਸਾਰੀਆਂ ਐਫ.ਆਈ.ਆਰ. ਅਤੇ ਪੁਲਿਸ ਕੇਸ ਵਾਪਸ ਲੈਣ ਦਾ ਭਰੋਸਾ, ਅਤੇ ਪੇਪਰ ਲੀਕ ਕਾਰਨ ਮਾਨਸਿਕ ਤਣਾਅ ਵਿੱਚ ਆ ਕੇ ਖ਼ੁਦਕੁਸ਼ੀ ਕਰਨ ਵਾਲੇ ਪੀੜਤ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਸਹਿਮਤੀ-ਇਹ ਸਭ ਦੇਸ਼ ਦੀ 'ਜੈਨ-ਜ਼ੀ' ਪੀੜ੍ਹੀ ਦੀ ਇੱਕ ਅਪ੍ਰਤੱਖ ਅਤੇ ਬੇਮਿਸਾਲ ਜਿੱਤ ਸੀ। ਇਸ ਅੰਦੋਲਨ ਨੇ ਦਰਸਾ ਦਿੱਤਾ ਕਿ ਜਦੋਂ ਨੌਜਵਾਨਾਂ ਦਾ ਭਵਿੱਖ ਦਾਅ 'ਤੇ ਲੱਗਦਾ ਹੈ, ਤਾਂ ਸੱਤਾ ਦੇ ਵੱਡੇ ਤੋਂ ਵੱਡੇ ਬੈਰੀਕੇਡ ਵੀ ਉਨ੍ਹਾਂ ਦੇ ਸਾਹਮਣੇ ਢਹਿ-ਢੇਰੀ ਹੋ ਜਾਂਦੇ ਹਨ।

### ਯੂ.ਐੱਨ.ਓ. ਵਿਚ ਗੂੰਜ, ਅੰਤਰਰਾਸ਼ਟਰੀ ਦਬਾਅ ਤੇ ਮਨੁੱਖੀ ਅਧਿਕਾਰ

ਇਸ ਵਿਦਿਆਰਥੀ ਅੰਦੋਲਨ ਦੀ ਗੂੰਜ ਸੰਯੁਕਤ ਰਾਸ਼ਟਰ ਦੇ ਗਲਿਆਰਿਆਂ ਤੱਕ ਪਹੁੰਚ ਗਈ। ਜਦੋਂ ਦਿੱਲੀ ਦੀਆਂ ਸੜਕਾਂ 'ਤੇ ਸ਼ਾਂਤੀਪੂਰਨ ਮਾਰਚ ਕਰ ਰਹੇ ਨਿਹੱਥੇ ਵਿਦਿਆਰਥੀਆਂ 'ਤੇ ਪੁਲਿਸ ਵਲੋਂ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ, ਅੱਥਰੂ ਗੈਸ ਦੇ ਗੋਲੇ ਛੱਡੇ ਗਏ ਅਤੇ ਪੈਲੇਟ ਗੰਨਾਂ ਵਰਗੇ ਖ਼ਤਰਨਾਕ ਹਥਿਆਰਾਂ ਦੀ ਵਰਤੋਂ ਕੀਤੀ ਗਈ, ਤਾਂ ਅੰਤਰਰਾਸ਼ਟਰੀ ਭਾਈਚਾਰਾ ਚਿੰਤਤ ਹੋ ਉੱਠਿਆ। ਯੂ.ਐੱਨ. ਦੇ ਪ੍ਰਵੱਕਤਾ ਸਟੀਫਨ ਦੁਜਾਰਿਕ ਨੇ ਨਿਊਯਾਰਕ ਤੋਂ ਸਪੱਸ਼ਟ ਸ਼ਬਦਾਂ ਵਿੱਚ ਬਿਆਨ ਜਾਰੀ ਕਰਦਿਆਂ ਕਿਹਾ ਕਿ "ਸ਼ਾਂਤੀਪੂਰਨ ਤਰੀਕੇ ਨਾਲ ਪ੍ਰਦਰਸ਼ਨ ਕਰਨਾ ਨਾਗਰਿਕਾਂ ਦਾ ਬੁਨਿਆਦੀ ਲੋਕਤੰਤਰਿਕ ਅਧਿਕਾਰ ਹੈ ਅਤੇ ਸੁਰੱਖਿਆ ਏਜੰਸੀਆਂ ਦੀ ਇਹ ਪਹਿਲੀ ਜ਼ਿੰਮੇਵਾਰੀ ਹੈ ਕਿ ਉਹ ਬਿਨਾਂ ਕਿਸੇ ਗ੍ਰਿਫ਼ਤਾਰੀ ਦੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰੇ।" ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਲੈ ਕੇ ਉੱਠੀਆਂ ਇਹਨਾਂ ਆਵਾਜ਼ਾਂ ਨੇ ਮੋਦੀ ਸਰਕਾਰ 'ਤੇ ਭਾਰੀ ਕੂਟਨੀਤਕ, ਰਾਜਨੀਤਿਕ ਅਤੇ ਨੈਤਿਕ ਦਬਾਅ ਬਣਾਇਆ, ਜਿਸ ਨਾਲ ਸਰਕਾਰ ਦਾ ਇਹ ਦਾਅਵਾ ਖਾਰਜ ਹੋ ਗਿਆ ਕਿ ਇਹ ਸਿਰਫ਼ ਦਿੱਲੀ ਦੀ ਇੱਕ ਸਥਾਨਕ ਕਾਨੂੰਨ-ਵਿਵਸਥਾ ਦਾ ਮੁੱਦਾ ਸੀ।




### ਸਰਕਾਰ ਦਾ ਅਹੰਕਾਰ ਢਹਿ ਢੇਰੀ, ਸੋਨਮ ਵਾਂਗਚੁਕ ਅਤੇ 20 ਜੁਲਾਈ ਦਾ ਸੰਸਦ ਮਾਰਚ

ਸਰਕਾਰ ਦੇ ਸ਼ੁਰੂਆਤੀ ਰਵੱਈਏ ਤੋਂ ਸਪੱਸ਼ਟ ਸੀ ਕਿ ਉਹ ਇਸ ਅੰਦੋਲਨ ਨੂੰ ਵੀ ਪਹਿਲਾਂ ਵਾਲੇ ਪ੍ਰਦਰਸ਼ਨਾਂ ਵਾਂਗ ਨਜ਼ਰਅੰਦਾਜ਼ ਕਰਕੇ, ਥਕਾ ਕੇ ਜਾਂ ਪੁਲਿਸ ਜਬਰ ਨਾਲ ਕੁਚਲ ਦੇਵੇਗੀ। ਪਰ ਸਰਕਾਰ ਇਹ ਭੁੱਲ ਗਈ ਕਿ ਇਸ ਵਾਰ ਉਸ ਦਾ ਸਾਹਮਣਾ ਉਸ ਪੀੜ੍ਹੀ ਨਾਲ ਸੀ ਜੋ ਇੰਟਰਨੈੱਟ, ਸੋਸ਼ਲ ਮੀਡੀਆ ਅਤੇ ਡਿਜੀਟਲ ਦੁਨੀਆ ਵਿੱਚ ਵੱਡੀ ਹੋਈ ਹੈ। ਲੱਦਾਖ ਦੇ ਮਸ਼ਹੂਰ ਵਾਤਾਵਰਨ ਪ੍ਰੇਮੀ ਅਤੇ ਸਿੱਖਿਆ ਸ਼ਾਸਤਰੀ ਸੋਨਮ ਵਾਂਗਚੁਕ ਦੀ 26 ਦਿਨਾਂ ਦੀ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਨੇ ਅੰਦੋਲਨ ਨੂੰ ਇੱਕ ਡੂੰਘੀ ਨੈਤਿਕ ਊਰਜਾ ਦਿੱਤੀ। ਜਦੋਂ ਵਾਂਗਚੁਕ ਦੀ ਤਬੀਅਤ ਵਿਗੜਨ 'ਤੇ ਪੁਲਿਸ ਨੇ ਉਨ੍ਹਾਂ ਨੂੰ ਜਬਰਦਸਤੀ ਚੁੱਕ ਕੇ ਹਸਪਤਾਲ ਦਾਖ਼ਲ ਕਰਵਾਇਆ, ਤਾਂ ਵਿਦਿਆਰਥੀਆਂ ਦਾ ਗੁੱਸਾ ਹੋਰ ਭੜਕ ਗਿਆ। 20 ਜੁਲਾਈ ਨੂੰ ਜਦੋਂ ਸੀਜੇਪੀ ਨੇ 'ਸੰਸਦ ਮਾਰਚ' ਦਾ ਸੱਦਾ ਦਿੱਤਾ ਸੀ। ਮੈਟਰੋ ਸਟੇਸ਼ਨ ਬੰਦ ਕਰਨ ਅਤੇ ਰਸਤੇ ਰੋਕਣ ਦੇ ਬਾਵਜੂਦ 1 ਲੱਖ ਤੋਂ ਵੱਧ ਵਿਦਿਆਰਥੀ ਦਿੱਲੀ ਦੀਆਂ ਸੜਕਾਂ 'ਤੇ ਉੱਤਰ ਆਏ। ਸੁਰੱਖਿਆ ਦਲਾਂ ਨੂੰ ਸੰਸਦ ਦੇ ਗੇਟ ਤੁਰੰਤ ਬੰਦ ਕਰਨੇ ਪਏ, ਜਿਸ ਨਾਲ ਸਰਕਾਰ ਦੇ ਹੱਥ-ਪੈਰ ਫੁੱਲ ਗਏ।

### ਮੀਮਜ਼, ਵਿਅੰਗ ਅਤੇ ਡਿਜੀਟਲ ਰਾਜਨੀਤੀ ਦਾ ਨਵਾਂ ਮਾਡਲ

ਇਸ ਅੰਦੋਲਨ ਦੀ ਸਭ ਤੋਂ ਵੱਡੀ ਵਿਲੱਖਣਤਾ ਇਸ ਦੀ ਰਾਜਨੀਤਿਕ ਭਾਸ਼ਾ ਸੀ, ਜੋ ਕਿਸੇ ਪੁਰਾਣੇ ਘੋਸ਼ਣਾ-ਪੱਤਰਾਂ ਜਾਂ ਲੰਮੇ ਭਾਸ਼ਣਾਂ 'ਤੇ ਅਧਾਰਿਤ ਨਹੀਂ ਸੀ। ਪਿਛਲੇ ਇੱਕ ਦਹਾਕੇ ਤੋਂ ਭਾਜਪਾ ਨੇ ਜਿਸ ਡਿਜੀਟਲ ਅਤੇ ਸੋਸ਼ਲ ਮੀਡੀਆ ਦੇ ਮੈਦਾਨ 'ਤੇ ਏਕਛਤਰ ਰਾਜ ਕੀਤਾ ਸੀ, ਜੈਨ-ਜੇ ਨੇ ਸਰਕਾਰ ਨੂੰ ਉਸੇ ਦੇ ਮੈਦਾਨ ਵਿੱਚ ਮਾਤ ਦਿੱਤੀ। 'ਕਾਕਰੋਚ' ਵਰਗੇ ਨਫ਼ਰਤੀ ਸ਼ਬਦ ਨੂੰ ਆਪਣੇ ਅੰਦੋਲਨ ਦਾ ਪ੍ਰਤੀਕ ਬਣਾ ਕੇ ਨੌਜਵਾਨਾਂ ਨੇ ਹਾਸੇ, ਵਿਅੰਗ, ਰੀਲਾਂ, ਮੀਮਜ਼ ਅਤੇ ਬਾਲੀਵੁੱਡ ਗਾਣਿਆਂ ਦੇ ਰੀਮਿਕਸਾਂ ਨੂੰ ਸੱਤਾ ਵਿਰੁੱਧ ਸਭ ਤੋਂ ਤਿੱਖਾ ਹਥਿਆਰ ਬਣਾਇਆ। ਪੁਲਿਸ ਦੀਆਂ ਲਾਠੀਆਂ ਅਤੇ ਬੈਰੀਕੇਡਾਂ ਦੇ ਵੀਡੀਓਜ਼ ਹਾਸੋਹੀਣੇ ਤਰੀਕੇ ਨਾਲ ਵਾਇਰਲ ਕਰਕੇ ਸਰਕਾਰ ਦੇ ਡਰ ਨੂੰ ਖ਼ਤਮ ਕਰ ਦਿੱਤਾ ਗਿਆ।

### ਪੁਲਿਸ ਬਰਬਰਤਾ, ਪੈਲੇਟ ਗੰਨਾਂ ਅਤੇ 2018 ਤੋਂ ਬਾਅਦ ਪਹਿਲਾ ਵੱਡਾ ਅਸਤੀਫ਼ਾ

20 ਜੁਲਾਈ ਨੂੰ ਜੰਤਰ-ਮੰਤਰ ਤੋਂ ਸੰਸਦ ਤੱਕ ਹੋਏ ਮਾਰਚ ਦੌਰਾਨ ਪੁਲਿਸ ਵਲੋਂ ਵਰਤੀ ਗਈ ਬਰਬਰਤਾ ਨੇ ਦੇਸ਼ ਦੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ। ਵਿਦਿਆਰਥੀਆਂ 'ਤੇ ਕਰੰਟ ਵਾਲੀਆਂ ਰਾਡਾਂ, ਮੇਖਾਂ ਲੱਗੀਆਂ ਲਾਠੀਆਂ ਅਤੇ ਪੈਲੇਟ ਗੰਨਾਂ ਨਾਲ ਹਮਲੇ ਕੀਤੇ ਗਏ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ 'ਸਾਹਿਲ' ਨਾਮਕ ਇੱਕ ਪੀੜਤ ਵਿਦਿਆਰਥੀ ਨੂੰ ਪ੍ਰੈੱਸ ਕਾਨਫ਼ਰੰਸ ਵਿੱਚ ਪੇਸ਼ ਕਰਦਿਆਂ ਦੋਸ਼ ਲਗਾਇਆ ਕਿ ਪੈਲੇਟ ਗੰਨਾਂ ਦੇ ਛੱਰੇ ਲੱਗਣ ਨਾਲ ਉਸ ਦੀ ਅੱਖ ਦੀ ਰੋਸ਼ਨੀ ਚਲੀ ਗਈ ਹੈ। ਇਸ ਪੁਲਿਸ ਕਾਰਵਾਈ ਨੇ ਜੰਮੂ-ਕਸ਼ਮੀਰ ਅਤੇ ਮਨੀਪੁਰ ਦੇ ਜਬਰ ਦੀ ਯਾਦ ਦਿੱਲੀ ਵਿੱਚ ਤਾਜ਼ਾ ਕਰ ਦਿੱਤੀ। ਸਰਕਾਰ ਦੇ ਇਸ ਖ਼ੂਨੀ ਜਬਰ ਨੇ ਦੇਸ਼ ਵਿਆਪੀ ਗੁੱਸੇ ਨੂੰ ਜਨਮ ਦਿੱਤਾ। ਇਸ ਦਾ ਨਤੀਜਾ ਇਹ ਹੋਇਆ ਕਿ ਪਹਿਲੀ ਵਾਰ ਮੋਦੀ ਸਰਕਾਰ ਦੇ ਕਿਸੇ ਸੀਨੀਅਰ ਕੇਂਦਰੀ ਮੰਤਰੀ (ਧਰਮੇਂਦਰ ਪ੍ਰਧਾਨ) ਨੂੰ ਜਨਤਕ ਦਬਾਅ ਅੱਗੇ ਝੁਕ ਕੇ ਅਸਤੀਫ਼ਾ ਦੇਣਾ ਪਿਆ।

### ਮੋਦੀ ਰਾਜ ਲਈ ਆਉਣ ਵਾਲੀਆਂ ਨਵੀਆਂ ਸਮੱਸਿਆਵਾਂ ਅਤੇ ਅਗਲੇ ਨਿਸ਼ਾਨੇ

ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਮੋਦੀ ਸਰਕਾਰ ਦੇ ਸੰਕਟ ਦਾ ਅੰਤ ਨਹੀਂ ਬਲਕਿ ਨਵੇਂ ਸੰਕਟਾਂ ਦੀ ਨਵੀਂ ਸ਼ੁਰੂਆਤ ਹੈ। ਇਸ ਅੰਦੋਲਨ ਨਾਲ 'ਇੰਡੀਆ' ਗਠਜੋੜ ਅਤੇ ਜਨ-ਸੰਗਠਨਾਂ ਦੇ ਹੌਸਲੇ ਹੋਰ ਬੁਲੰਦ ਹੋ ਗਏ ਹਨ। ਦਿੱਲੀ ਪੁਲਿਸ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਆਉਂਦੀ ਹੈ, ਇਸ ਲਈ ਰਾਹੁਲ ਗਾਂਧੀ ਅਤੇ ਵਿਰੋਧੀ ਧਿਰ ਨੇ ਪੁਲਿਸ ਬਰਬਰਤਾ ਅਤੇ ਪੈਲੇਟ ਗੰਨਾਂ ਦੀ ਵਰਤੋਂ ਲਈ ਸਿੱਧੇ ਤੌਰ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਜਵਾਬਦੇਹੀ ਅਤੇ ਅਸਤੀਫ਼ੇ ਦੀ ਮੰਗ ਕੀਤੀ ਹੈ। ਸੰਸਦ ਦੇ ਮਾਨਸੂਨ ਇਜਲਾਸ ਵਿੱਚ ਇਹ ਮੁੱਦਾ ਭਾਰੂ ਰਹਿਣ ਵਾਲਾ ਹੈ।

'ਜੈਨ ਜੇ' ਅਤੇ ਗੱਡੀਆਂ ਦੇ ਮਾਲਕਾਂ ਨੇ ਹੁਣ 20% ਏਥੇਨੌਲ-ਮਿਸ਼ਰਤ ਪੈਟਰੋਲ (ਈ20) ਦੀ ਨੀਤੀ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਗੱਡੀਆਂ ਦੇ ਇੰਜਣ ਖਰਾਬ ਹੋਣ ਅਤੇ ਘਟਦੀ ਮਾਈਲੇਜ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਨਿਤਿਨ ਗਡਕਰੀ ਅਤੇ ਹਰਦੀਪ ਸਿੰਘ ਪੁਰੀ ਵਿਰੁੱਧ ਮੁਹਿੰਮ ਚੱਲ ਰਹੀ ਹੈ ਅਤੇ 31 ਜੁਲਾਈ ਨੂੰ ਦਿੱਲੀ ਵਿੱਚ ਵਿਸ਼ਾਲ ਪ੍ਰਦਰਸ਼ਨ ਦਾ ਐਲਾਨ ਕੀਤਾ ਗਿਆ ਹੈ।

### ਨਫ਼ਰਤੀ ਨੈਰੇਟਿਵ ਦੀ ਹਾਰ ਅਤੇ 'ਹਿੰਦੂ ਰਾਸ਼ਟਰਵਾਦ' ਨੂੰ ਵੱਡੀ ਢਾਹ

ਇਸ ਅੰਦੋਲਨ ਦੀ ਸਭ ਤੋਂ ਮਹੱਤਵਪੂਰਨ ਸਮਾਜਿਕ ਅਤੇ ਰਾਜਨੀਤਿਕ ਪ੍ਰਾਪਤੀ ਇਹ ਰਹੀ ਹੈ ਕਿ ਇਸ ਨੇ ਸੱਤਾਧਾਰੀ ਧਿਰ ਦੁਆਰਾ ਪਿਛਲੇ ਇੱਕ ਦਹਾਕੇ ਤੋਂ ਚਲਾਏ ਜਾ ਰਹੇ ਮੰਦਿਰ-ਮਸਜਿਦ, ਹਿੰਦੂ-ਮੁਸਲਿਮ ਅਤੇ ਨਫ਼ਰਤੀ ਨੈਰੇਟਿਵ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਜਦੋਂ ਦਿੱਲੀ ਦੇ ਕੌਨੋਟ ਪਲੇਸ ਵਿੱਚ ਪੁਲਿਸ ਦੀਆਂ ਲਾਠੀਆਂ ਤੋਂ ਬਚਣ ਲਈ ਭੱਜ ਰਹੇ ਵਿਦਿਆਰਥੀਆਂ ਲਈ ਨੇੜਲੇ ਮੰਦਿਰਾਂ ਦੇ ਦਰਵਾਜ਼ੇ ਬੰਦ ਹੋ ਗਏ, ਤਾਂ ਉੱਥੋਂ ਦੇ ਬੰਗਲਾ ਸਾਹਿਬ ਗੁਰਦੁਆਰੇ ਨੇ ਵਿਦਿਆਰਥੀਆਂ ਦੀ ਰੱਖਿਆ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਲੰਗਰ-ਪਾਣੀ ਦਾ ਪ੍ਰਬੰਧ ਕੀਤਾ। ਰਵਾਇਤੀ ਹਥਿਆਰਾਂ ਨਾਲ ਲੈਸ ਸਿੱਖਾਂ ਨੇ ਮੁਖ ਦਰਵਾਜ਼ੇ ਉਪਰ ਪੁਲੀਸ ਨੂੰ ਰੋਕ ਦਿੱਤਾ। ਨੌਜਵਾਨਾਂ ਨੇ ਸੜਕਾਂ 'ਤੇ ਨਾਅਰੇ ਲਾਏ-"ਜਬ-ਜਬ ਮੋਦੀ ਡਰਤਾ ਹੈ, ਹਿੰਦੂ-ਮੁਸਲਿਮ ਕਰਤਾ ਹੈ!" ਇਸ ਘਟਨਾਕ੍ਰਮ ਨੇ ਸਾਬਤ ਕਰ ਦਿੱਤਾ ਕਿ ਜਦੋਂ ਰੋਜ਼ਗਾਰ, ਸਿੱਖਿਆ ਅਤੇ ਭਵਿੱਖ ਦਾ ਅਸਲ ਸਵਾਲ ਸਾਹਮਣੇ ਆਉਂਦਾ ਹੈ, ਤਾਂ ਧਰਮ ਦੇ ਨਾਂ 'ਤੇ ਵੰਡਣ ਵਾਲੀ ਹਿੰਦੂ ਰਾਸ਼ਟਰਵਾਦ ਦੀ ਰਾਜਨੀਤੀ ਠੁਸ ਹੋ ਜਾਂਦੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਸੀ ਕਿ 'ਕਾਕਰੋਚ ਜਨਤਾ ਪਾਰਟੀ' ਦਾ ਇਹ ਸੰਘਰਸ਼ ਸਿਰਫ਼ ਨੀਟ ਪੇਪਰ ਲੀਕ ਤੱਕ ਸੀਮਤ ਨਹੀਂ ਸੀ। ਇਹ ਭਾਰਤ ਦੇ ਕਮਜ਼ੋਰ ਹੋ ਰਹੇ ਲੋਕਤੰਤਰ ਨੂੰ ਮੁੜ ਸੁਰਜੀਤ ਕਰਨ ਦੀ ਨੌਜਵਾਨੀ ਦੀ ਲਹਿਰ ਸੀ। ਸੱਤਾਧਾਰੀ ਧਿਰ ਨੇ ਨੌਜਵਾਨਾਂ ਨੂੰ 'ਕਾਕਰੋਚ' ਜਾਂ 'ਮੋਬਾਈਲ 'ਤੇ ਡਾਟਾ ਖ਼ਰਚਣ ਵਾਲੀ ਸੁਆਰਥੀ ਪੀੜ੍ਹੀ' ਸਮਝ ਕੇ ਹਲਕੇ ਵਿੱਚ ਲੈਣ ਦੀ ਭੁੱਲ ਕੀਤੀ ਸੀ, ਪਰ ਉਸੇ ਪੀੜ੍ਹੀ ਨੇ ਇਹ ਸਾਬਤ ਕਰ ਦਿੱਤਾ ਕਿ ਜਦੋਂ ਸੰਵਿਧਾਨਕ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਲੜਨੀ ਹੋਵੇ, ਤਾਂ ਅਹਿੰਸਕ ਏਕਤਾ, ਵਿਅੰਗ ਅਤੇ ਤਰਕ ਸਭ ਤੋਂ ਵੱਡੇ ਹਥਿਆਰ ਬਣ ਜਾਂਦੇ ਹਨ। ਸਰਕਾਰ ਨੇ ਭਾਵੇਂ ਕੇਸ ਵਾਪਸ ਲੈ ਕੇ ਅਤੇ ਅਸਤੀਫ਼ਾ ਮੰਨ ਕੇ ਅੰਦੋਲਨ ਖ਼ਤਮ ਕਰਵਾ ਲਿਆ ਹੈ, ਪਰ ਇਸ ਅੰਦੋਲਨ ਨੇ ਦੇਸ਼ ਦੀ ਰਾਜਨੀਤੀ ਵਿੱਚ ਇਹ ਸਦਾ ਲਈ ਲਿਖ ਦਿੱਤਾ ਹੈ-"ਝੁਕਦੀ ਹੈ ਦੁਨੀਆ, ਝੁਕਾਉਣ ਵਾਲਾ ਚਾਹੀਦਾ ਹੈ!"

# ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਇਕੱਲਿਆਂ ਲੜਨ ਦਾ ਐਲਾਨ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਹੋਈ ਮੀਟਿੰਗ ਦੌਰਾਨ ਪਾਰਟੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਇਕੱਲਿਆਂ ਲੜਨ ਦਾ ਫ਼ੈਸਲਾ ਕੀਤਾ ਹੈ।

ਪਾਰਟੀ ਦੇ ਮੁੱਖ ਬੁਲਾਰੇ ਗੋਪਾਲ ਸਿੰਘ ਸਿੱਧੂ ਅਨੁਸਾਰ, ਪਾਰਟੀ ਨੇ ਪੰਥਕ ਏਕਤਾ ਲਈ ਕਾਫ਼ੀ ਯਤਨ ਕੀਤੇ ਸਨ, ਪਰ ਹੋਰਨਾਂ ਧਿਰਾਂ ਨੇ ਨਿੱਜੀ ਹਿੱਤਾਂ ਕਾਰਨ ਕੋਈ ਹੁੰਗਾਰਾ ਨਹੀਂ ਭਰਿਆ। ਪਾਰਟੀ ਜਲਦ ਹੀ ਆਪਣੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰੇਗੀ। ਪਾਰਟੀ ਪੰਜਾਬ ਅਤੇ ਪੰਥ ਦੇ ਮੁੱਦਿਆਂ 'ਤੇ ਚੋਣ ਲੜੇਗੀ ਅਤੇ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਡਟ ਕੇ ਵਿਰੋਧ ਕਰੇਗੀ। ਨਾਲ ਹੀ, ਹੋਰਨਾਂ ਪੰਥਕ ਧਿਰਾਂ ਲਈ ਪਾਰਟੀ ਦੇ ਦਰਵਾਜ਼ੇ ਅਜੇ ਵੀ ਖੁੱਲ੍ਹੇ ਰਹਿਣਗੇ।

ਪ੍ਰਮੁੱਖ ਹਾਜ਼ਰੀ: ਮੀਟਿੰਗ ਵਿੱਚ ਈਮਾਨ ਸਿੰਘ ਮਾਨ, ਪ੍ਰੋ. ਮਹਿੰਦਰਪਾਲ ਸਿੰਘ, ਕੁਸ਼ਲਪਾਲ ਸਿੰਘ, ਕਰਨੈਲ ਸਿੰਘ ਨਾਰੀਕੇ ਅਤੇ ਹੋਰ ਪ੍ਰਮੁੱਖ ਆਗੂ ਸ਼ਾਮਲ ਸਨ।

# ਕੈਨੇਡਾ 'ਚ 139 ਮਿਲੀਅਨ ਡਾਲਰ ਦੇ ਨਸ਼ੀਲੇ ਪਦਾਰਥ ਜ਼ਬਤ

## ✪ ਭਾਰਤੀ ਮੂਲ ਦੇ ਟਰੱਕ ਡਰਾਈਵਰਾਂ ਸਮੇਤ 19 ਗ੍ਰਿਫ਼ਤਾਰ



ਟਰਾਂਟੋ-ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਅਤੇ ਪੁਲਿਸ ਨੇ ਓਨਟਾਰੀਓ ਵਿੱਚ 'ਪ੍ਰੋਜੈਕਟ ਬੇ' ਤਹਿਤ 22 ਥਾਵਾਂ (ਬ੍ਰੈਂਪਟਨ, ਵਿੰਡਸਰ, ਕੈਲੇਡਨ ਆਦਿ) 'ਤੇ ਛਾਪੇਮਾਰੀ ਕਰਕੇ 139 ਮਿਲੀਅਨ ਡਾਲਰ (ਲਗਭਗ 1.7 ਟਨ) ਦੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਇਸ ਮਾਮਲੇ ਵਿਚ ਕੁੱਲ 19 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਗਗਨਦੀਪ ਥਿੰਦਲ, ਸਿਮਰਨਜੀਤ ਸਿੰਘ, ਕੰਵਰਪਾਲ ਕੁਲਾਰ, ਜਤਿੰਦਰਪਾਲ ਸਿੰਘ, ਜਸਵਿੰਦਰ ਸੋਹੀ ਸਮੇਤ ਭਾਰਤੀ ਮੂਲ ਦੇ 11 ਟਰੱਕ ਡਰਾਈਵਰ/ਵਿਅਕਤੀ ਸ਼ਾਮਲ ਹਨ। ਪੁਲਿਸ ਨੇ 973 ਕਿਲੋ ਕੋਕੀਨ, 660 ਕਿਲੋ ਮੇਥਾਮਫੇਟਾਮਾਈਨ, 49 ਕਿਲੋ ਅਫੀਮ, 230 ਆਕਸੀਕੋਡੋਨ ਗੋਲੀਆਂ, 17 ਹਥਿਆਰ (ਇੱਕ ਐਂਟੀ-ਟੈਂਕ ਰਾਈਫਲ ਸਮੇਤ), ਨਕਦੀ, ਗਹਿਣੇ, 43 ਮੋਬਾਈਲ ਅਤੇ 6 ਲੈਪਟਾਪ ਜ਼ਬਤ ਕੀਤੇ ਹਨ। ਜਨਵਰੀ 2025 'ਚ ਸ਼ੁਰੂ ਹੋਈ ਜਾਂਚ ਤੋਂ ਪਤਾ ਲੱਗਾ ਕਿ ਇਹ ਗਿਰੋਹ ਕੈਨੇਡਾ ਅਤੇ ਅਮਰੀਕਾ ਵਿਚਕਾਰ ਚੱਲਣ ਵਾਲੇ ਵਪਾਰਕ ਟਰੱਕਾਂ ਦੀ ਵਰਤੋਂ ਕਰਕੇ ਸਰਹੱਦ ਪਾਰ ਨਸ਼ਿਆਂ ਦੀ ਤਸਕਰੀ ਕਰ ਰਿਹਾ ਸੀ।

# ਅਕਾਲੀ ਦਲ (ਪੁਨਰ ਸੁਰਜੀਤ) ਵਿਚ ਵੱਡੀ ਬਗਾਵਤ

## ✪ ਸੀਨੀਅਰ ਆਗੂਆਂ ਵੱਲੋਂ ਸਮੂਹਿਕ ਅਸਤੀਫ਼ੇ

ਗੁਰਦੁਆਰਾ ਰੇਰੂ ਸਾਹਿਬ (ਸਾਹਨੇਵਾਲ) ਵਿਖੇ ਜਥੇਦਾਰ ਸੰਤਾ ਸਿੰਘ ਉਮੈਦਪੁਰ ਦੀ ਸਰਪ੍ਰਸਤੀ ਹੇਠ ਹੋਈ ਮੀਟਿੰਗ ਤੋਂ ਬਾਅਦ ਅਕਾਲੀ ਦਲ (ਪੁਨਰ ਸੁਰਜੀਤ) ਦੇ ਕਈ ਪ੍ਰਮੁੱਖ ਆਗੂਆਂ ਨੇ ਆਪਣੇ ਅਹੁਦਿਆਂ ਤੋਂ ਸਮੂਹਿਕ ਅਸਤੀਫ਼ੇ ਦੇ ਦਿੱਤੇ ਹਨ।

ਅਸਤੀਫ਼ੇ ਦਾ ਕਾਰਨ: ਆਗੂਆਂ ਨੇ ਦੋਸ਼ ਲਾਇਆ ਕਿ ਨਿੱਜੀ ਲਾਲਸਾਵਾਂ ਕਾਰਨ ਅਕਾਲੀ ਸਿਆਸਤ ਪੰਥ ਅਤੇ ਪੰਜਾਬ ਦੇ ਅਸਲ ਏਜੰਡੇ ਤੋਂ ਭਟਕ ਚੁੱਕੀ ਹੈ, ਜਿਸ ਦੇ ਰੋਸ ਵਜੋਂ ਉਨ੍ਹਾਂ ਨੇ ਇਹ ਕਦਮ ਚੁੱਕਿਆ ਹੈ।ਆਗੂਆਂ ਨੇ ਆਪਣੇ ਅਸਤੀਫ਼ੇ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੂੰ ਭੇਜ ਦਿੱਤੇ ਹਨ।

ਅਸਤੀਫ਼ਾ ਦੇਣ ਵਾਲਿਆਂ 'ਚ ਜਥੇਦਾਰ ਸੰਤਾ ਸਿੰਘ ਉਮੈਦਪੁਰ, ਸਾਬਕਾ ਵਿਧਾਇਕ ਮਾਸਟਰ ਜੌਹਰ ਸਿੰਘ, ਜਨਰਲ ਸਕੱਤਰ ਜਸਵੀਰ ਸਿੰਘ ਘੁੰਮਣ, ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ, ਅਮਰੀਕ ਸਿੰਘ ਸ਼ਾਹਪੁਰ ਸਮੇਤ ਕਈ ਹੋਰ ਆਗੂ ਸ਼ਾਮਲ ਹਨ।

# ਜਲੰਧਰ ਪੁਲਿਸ ਵੱਲੋਂ ਬੱਬਰ ਖ਼ਾਲਸਾ ਦਾ ਸਹਿਯੋਗੀ 1.3 ਕਿੱਲੋ ਆਈਈਡੀ ਸਮੇਤ ਗ੍ਰਿਫ਼ਤਾਰ

ਜਲੰਧਰ-ਕਾਊਂਟਰ ਇੰਟੈਲੀਜੈਂਸ ਜਲੰਧਰ ਅਤੇ ਦਿਹਾਤੀ ਪੁਲਿਸ ਨੇ ਇੱਕ ਸਾਂਝੇ ਅਪ੍ਰੇਸ਼ਨ ਦੌਰਾਨ ਵਿਦੇਸ਼ੀ ਹੈਂਡਲਰਾਂ ਅਤੇ ਆਈਐਸ ਆਈ ਸਮਰਥਿਤ ਬੱਬਰ ਖ਼ਾਲਸਾ ਮਾਡਿਊਲ ਦਾ ਪਰਦਾਫਾਸ਼ ਕਰਕੇ ਵੱਡੀ ਹਿੰਸਕ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਪੁਲਿਸ ਨੇ ਪਿੰਡ ਢੰਡੋਰ (ਥਾਣਾ ਪਤਾਰਾ) ਦੇ ਨਾਕੇ ਤੋਂ ਆਦਮਪੁਰ ਦੇ ਪਿੰਡ ਪਧਿਆਣਾ ਦੇ ਰਹਿਣ ਵਾਲੇ ਸਤਬੀਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਕੋਲੋਂ 1.3 ਕਿੱਲੋ ਉੱਚ ਵਿਸਫੋਟਕ ਸਮਰੱਥਾ ਵਾਲਾ ਆਈ.ਈ.ਡੀ.) ਅਤੇ ਇੱਕ ਪਲਾਟੀਨਾ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ।

# ਰਾਸ਼ਟਰਮੰਡਲ ਖੇਡਾਂ ਵਿਚ ਮੀਰਾਬਾਈ ਚਾਨੂ ਨੇ ਜਿੱਤਿਆ ਸੋਨ ਤਗਮਾ; ਬਣਾਈ ਹੈਟ੍ਰਿਕ



ਦਿੱਲੀ-ਮੀਰਾਬਾਈ ਚਾਨੂ ਨੇ ਔਰਤਾਂ ਦੇ 48 ਕਿਲੋਗ੍ਰਾਮ ਵੇਟਲਿਫਟਿੰਗ ਮੁਕਾਬਲੇ 'ਚ ਕੁੱਲ 190 ਕਿਲੋਗ੍ਰਾਮ (85 ਕਿਲੋਗ੍ਰਾਮ ਸਨੈਚ + 105 ਕਿਲੋਗ੍ਰਾਮ ਕਲੀਨ ਐਂਡ ਜਰਕ) ਭਾਰ ਚੁੱਕ ਕੇ ਭਾਰਤ ਲਈ ਪਹਿਲਾ ਸੋਨ ਤਗਮਾ ਜਿੱਤਿਆ। ਸਨੈਚ ਸ਼੍ਰੇਣੀ ਵਿੱਚ 85 ਕਿਲੋਗ੍ਰਾਮ ਭਾਰ ਚੁੱਕ ਕੇ ਉਨ੍ਹਾਂ ਨੇ ਨਵਾਂ ਰਾਸ਼ਟਰਮੰਡਲ ਰਿਕਾਰਡ ਵੀ ਬਣਾਇਆ। ਇਹ ਮੀਰਾਬਾਈ ਚਾਨੂ ਦਾ ਰਾਸ਼ਟਰਮੰਡਲ ਖੇਡਾਂ ਵਿੱਚ ਲਗਾਤਾਰ ਤੀਜਾ ਸੋਨ ਤਗਮਾ (2018, 2022, ਅਤੇ ਹੁਣ) ਹੈ ਅਤੇ ਕੁੱਲ ਚੌਥਾ ਤਗਮਾ (2014 ਵਿਚ ਚਾਂਦੀ) ਹੈ। ਮਨੀਪੁਰ ਦੇ ਹੀ ਖਿਡਾਰੀ ਰਿਸ਼ੀਕਾਂਤਾ ਸਿੰਘ ਨੇ ਪੁਰਸ਼ਾਂ ਦੇ 60 ਕਿਲੋਗ੍ਰਾਮ ਵਰਗ 'ਚ ਕੁੱਲ 264 ਕਿਲੋਗ੍ਰਾਮ ਭਾਰ ਚੁੱਕ ਕੇ ਚਾਂਦੀ ਦਾ ਤਗਮਾ ਜਿੱਤਿਆ। ਭਾਰਤ ਕੋਲ ਹੁਣ ਤੱਕ ਕੁੱਲ 3 ਤਗਮੇ (1 ਸੋਨ, 1 ਚਾਂਦੀ, 1 ਕਾਂਸੀ) ਹਨ ਅਤੇ ਤਗਮਾ ਸੂਚੀ ਵਿੱਚ ਭਾਰਤ 7ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਅਤੇ ਖੇਡ ਮੰਤਰੀ ਮਨਸੁਖ ਮੰਡਾਵੀਆ ਨੇ ਮੀਰਾਬਾਈ ਚਾਨੂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ।


# ਐੱਮ.ਪੀ. ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਦੇ ਮੌਨਸੂਨ ਸੈਸ਼ਨ 'ਚ ਸ਼ਾਮਲ ਹੋਣ ਲਈ ਮੰਗੀ ਇਜਾਜ਼ਤ



ਅੰਮ੍ਰਿਤਸਰ-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਸਪੀਕਰ ਨੂੰ ਪੱਤਰ ਲਿਖ ਕੇ 20 ਜੁਲਾਈ ਤੋਂ 13 ਅਗਸਤ, 2026 ਤੱਕ ਚੱਲ ਰਹੇ ਮੌਨਸੂਨ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਮੰਗੀ ਹੈ। ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇਹ ਚਿੱਠੀ ਜਨਤਕ ਕਰਦਿਆਂ ਦੱਸਿਆ ਕਿ ਲੋਕਾਂ ਦਾ ਚੁਣਿਆ ਨੁਮਾਇੰਦਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਸੰਸਦੀ ਫਰਜ਼ ਨਿਭਾਉਣ ਤੋਂ ਰੋਕਿਆ ਜਾ ਰਿਹਾ ਹੈ।

ਤਰਸੇਮ ਸਿੰਘ ਮੁਤਾਬਕ ਐੱਨ. ਐੱਸ. ਏ. ਹਟਾਏ ਜਾਣ ਦੇ ਬਾਵਜੂਦ ਅੰਮ੍ਰਿਤਪਾਲ ਸਿੰਘ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਹੀ ਕੈਦ ਹਨ।

# ਪ੍ਰੀਖਿਆ ਸੁਧਾਰਾਂ ਲਈ ਪ੍ਰਧਾਨ ਮੰਤਰੀ ਵੱਲੋਂ ਉੱਚ-ਪੱਧਰੀ ਟਾਸਕ ਫੋਰਸ ਦਾ ਐਲਾਨ



ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਕਰਵਾਈਆਂ ਜਾਂਦੀਆਂ ਪ੍ਰੀਖਿਆਵਾਂ ਵਿੱਚ ਸੁਧਾਰ ਲਈ ਇੱਕ ਉੱਚ-ਪੱਧਰੀ ਟਾਸਕ ਫੋਰਸ ਦੇ ਗਠਨ ਦਾ ਐਲਾਨ ਕੀਤਾ ਹੈ।

ਅਗਵਾਈ: ਇਸ ਟਾਸਕ ਫੋਰਸ ਦੀ ਅਗਵਾਈ ਇਨਫੋਸਿਸ ਦੇ ਸਹਿ-ਸੰਸਥਾਪਕ ਨੰਦਨ ਨਿਲੇਕਨੀ ਕਰਨਗੇ। ਕਮੇਟੀ ਵਿੱਚ ਇਸਰੋ ਦੇ ਸਾਬਕਾ ਚੇਅਰਮੈਨ ਐੱਸ. ਸੋਮਨਾਥ, ਆਈਬੀ ਦੇ ਸਾਬਕਾ ਡਾਇਰੈਕਟਰ ਤਪਨ ਡੇਕਾ, ਆਈਆਈਟੀ ਚੇਨਈ ਦੇ ਡਾਇਰੈਕਟਰ ਵੀ. ਕਾਮਾਕੋਟੀ, ਸਾਬਕਾ ਸਿੱਖਿਆ ਸਕੱਤਰ ਅਨੀਤਾ ਕਰਵਾਲ ਅਤੇ ਅਮ੍ਰਿਤ ਲਾਲ ਮੀਨਾ ਵਰਗੇ ਮਾਹਿਰ ਸ਼ਾਮਲ ਹਨ। ਤਕਨਾਲੋਜੀ ਦੇ ਵੱਧ ਤੋਂ ਵੱਧ ਉਪਯੋਗ ਨਾਲ ਪ੍ਰੀਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ, ਪਾਰਦਰਸ਼ੀ ਅਤੇ ਭਰੋਸੇਯੋਗ ਬਣਾਉਣਾ।

ਇਹ ਐਲਾਨ ਕਾਕਰੋਚ ਜਨਤਾ ਪਾਰਟੀ ਦੇ 36 ਦਿਨਾਂ ਦੇ ਅੰਦੋਲਨ ਅਤੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਤੋਂ ਬਾਅਦ ਸਾਹਮਣੇ ਆਇਆ ਹੈ।

# ਕੀ ਬਿਨਾਂ-ਨੇਤਾ ਵਾਲੇ ਵਿਦਰੋਹਾਂ ਦਾ ਦੌਰ ਸ਼ੁਰੂ ਹੋ ਗਿਆ ਹੈ ?

ਸ. ਦਲਵਿੰਦਰ ਸਿੰਘ ਘੁੰਮਣ ਪੈਰਿਸ
dalsinghghuman@gmail.com





Verisk Maplecroft ਇੱਕ ਗਲੋਬਲ ਰਿਸਕ risk analytics (ਖਤਰਿਆਂ ਨੂੰ ਭਾਪਣ ਵਾਲੀ ਸਰਵੇ) ਕੰਪਨੀ ਹੈ ਜੋ 198 ਦੇਸ਼ਾਂ ਬਾਰੇ ਡਾਟਾ ਇਕੱਠਾ ਕਰਦੀ ਹੈ ਅਤੇ ਵੱਖ-ਵੱਖ ਰਿਸਕ ਨਿਦਿਰਸ਼ ਬਣਾਉਂਦੀ ਹੈ। ਜਿਸ ਵਿੱਚ ਦੁਨਿਆਂ ਦੇ ਪਹਿਲੇ 10 ਖਤਰੇ ਵਾਲੇ ਮੁਲਕਾਂ ਵਿੱਚ ਭਾਰਤ ਦਾ ਨਾਂ ਆਉਦਾ ਹੈ। ਜਿਥੇ Gen Z revolution ਦੇ ਖਤਰੇ ਵੱਧ ਹਨ। ਇਸ ਵਿੱਚ ਅਮਰੀਕਾ ਸਮੇਤ ਜਰਮਨੀ, ਫਰਾਂਸ, ਸਪੇਨ, ਇਟਲੀ, UK ਆਦਿ ਦੇਸ਼ ਵੀ ਆਉਦੇ ਹਨ। ਇਹ ਹਰ ਦੇਸ਼ ਦੀ ਅਸਲ ਸਥਿਤੀ ਨੂੰ ਇਕ ਸਾਲ ਪਹਿਲਾ ਹੀ ਬਹੁਪੱਖੀ ਖਤਰਿਆਂ ਦੇ ਸਰਵੇ (ਇੰਡੇਕਸ) ਬਣਾ ਕੇ ਇੰਨਸ਼ੋਰੰਸ ਕੰਪਨੀਆਂ, ਅੰਤਰਰਾਸ਼ਟਰੀ ਕੰਪਨੀਆਂ ਅਤੇ ਨਿਵੇਸ਼ ਵਾਲੀਆਂ ਕੰਪਨੀਆਂ ਨੂੰ ਸੇਵਾਵਾਂ ਦਿੰਦੀ ਹੈ। ਜੋ ਵੱਡੇ ਕਾਰਪੋਰੇਟ ਨੂੰ ਆਪਣੇ ਕਾਰੋਬਾਰ ਦੇ ਭਵਿੱਖ ਲਈ ਪਹਿਲਾਂ ਹੀ ਫੈਸਲੇ ਲੈਣ ਵਿੱਚ ਮਦਦ ਮਿਲਦੀ ਹੈ। ਤਾਂ ਕਿ ਪਤਾ ਲੱਗ ਸਕੇ ਕਿ ਆਉਣਾ ਵਾਲਾ ਸਮਾਂ ਵਿਉਪਾਰ ਲਈ ਕਿਸ ਕਰਵਟ ਵੱਲ ਮੋੜ ਲੈ ਸਕਦਾ ਹੈ।

ਭਾਰਤ ਵਿੱਚ ਰਾਜਨੀਤਕ ਤਾਕਤ ਨਾਲ ਅਸਲ ਮੁੱਦਿਆਂ ਨੂੰ ਦਬਾਇਆ ਜਾ ਰਿਹਾ। ਪਰ ਸਥਿਤੀ ਗੰਭੀਰਤਾ ਨਾਲ ਲੱਥਪੱਥ ਹੈ। ਇਹੀ ਕਾਰਨ ਹੈ ਕਿ ਭਾਰਤ ਵਿੱਚੋ ਪਿਛਲੇ ਸਾਲਾਂ ਵਿੱਚ ਦੁਨਿਆਂ ਦੀਆਂ ਅੰਤਰਰਾਸ਼ਟਰੀ ਕੰਪਨੀਆਂ ਨੇ ਵੱਡਾ ਨਿਵੇਸ਼ ਭਾਰਤ ਤੋ ਬਾਹਰ ਕੱਢ ਲਿਆ ਹੈ। ਭਾਰਤ ਵਿੱਚ ਬੇਰੁਜਗਾਰੀ, ਭਿਸ਼ਟਾਚਾਰ, ਅਸਮਾਨਤਾ ਦੇ ਕਾਰਨ Gen G revolution ਹੋਣ ਦੀਆਂ ਸੰਭਾਵਨਾਂ ਵੱਧ ਗਈਆਂ ਹਨ। 2024 ਵਿੱਚ ਬੰਗਲਾਦੇਸ਼, ਕੀਨੀਆ, ਅਤੇ ਸਰਬੀਆ ਵਿੱਚ ਵੱਡੇ anti-government ਪ੍ਰਦਰਸ਼ਨ ਹੋਏ। 2025 ਇੰਡੋਨੇਸ਼ੀਆ, ਮੈਡਾਗਾਸਕਰ, ਮੈਕਸੀਕੋ, ਮੋਰੱਕੋ, ਨੇਪਾਲ, ਪੇਰੂ, ਫਿਲਿਪੀਨਜ਼, ਅਤੇ ਟਿਮੋਰ-ਲੇਸਟੇ ਸਮੇਤ ਕੁੱਲ 11ਦੇਸ਼ਾਂ ਵਿੱਚ leaderless uprisings (ਬਿਨਾਂ-ਨੇਤਾ ਵਾਲੇ ਵਿਦਰੋਹ) ਨੇ ਸਰਕਾਰਾਂ ਨੂੰ ਹਿਲਾ ਦਿੱਤਾ। ਜਿਥੇ ਜਾਂ ਤਾਂ ਸਰਕਾਰਾਂ ਨੂੰ ਰਾਤੋ ਰਾਤ ਭੱਜਣਾ ਪਿਆ, ਜਾਂ ਸਹਿਮਤੀ ਬਣਾ ਕੇ ਅਸਲ ਮੁੱਦਿਆਂ ਵੱਲ ਮੂੰਹ ਕਰਕੇ ਨਿਜੱਠੇ ਜਾਣ ਲੱਗੇ।

ਇਸ ਦੀ ਸ਼ੁਰੂਆਤ ਸਾਨੂੰ ਫਰਾਂਸ ਵਿੱਚ ਹੋਏ Gilets Jaunes (ਪੀਲੀ ਜੈਕਟ) ਪ੍ਰਦਰਸ਼ਨਾਂ ਨੂੰ ਮੰਨਣਾ ਪਵੇਗਾ। 17 ਨਵੰਬਰ 2018 ਨੂੰ ਜਦੋਂ ਪਹਿਲੀ ਵਾਰ ਦੇਸ਼ ਭਰ ਵਿੱਚ 2,000 ਤੋਂ ਵੱਧ ਥਾਵਾਂ 'ਤੇ ਲੋਕ ਸੜਕਾਂ, roundabouts, ਅਤੇ toll booths 'ਤੇ ਇਕੱਠੇ ਹੋਏ। ਇਹ ਲਹਿਰ ਕਈ ਮਹੀਨੇ 2018 , 2019 ਵਿੱਚ ਅਤੇ ਕੁਝ ਹੱਦ ਤੱਕ 2020 ਤੱਕ ਹਰ ਸ਼ਨੀਵਾਰ ਨੂੰ ਜਾਰੀ ਰਹੀ। ਫਰਾਂਸ ਰਾਸ਼ਟਰਪਤੀ Emmanuel Macron ਦੀ ਸਰਕਾਰ ਨੇ diesel ਅਤੇ petrol 'ਤੇ ਵਾਤਾਵਰਣ (carbon) ਟੈਕਸ ਵਧਾਉਣ ਦਾ ਐਲਾਨ ਕੀਤਾ ਸੀ। ਫਰਾਂਸ ਵਿੱਚ ਹਰ ਵਹੀਕਲ ਵਿੱਚ ਕਾਨੂੰਨੀ ਤੌਰ 'ਤੇ ਇੱਕ ਪੀਲੀ safety vest (high-visibility jacket) ਰੱਖਣੀ ਲਾਜ਼ਮੀ ਹੈ emergency ਵੇਲੇ ਪਾਉਣ ਲਈ ਹੁੰਦੀ ਹੈ ਪਰ ਪ੍ਰਦਰਸ਼ਨਕਾਰੀਆਂ ਨੇ ਇਹੀ ਵੈਸਟ ਪ੍ਰਤੀਕ ਵਜੋਂ ਪਾਈ, ਜੋ ਹਰ ਆਮ ਫਰਾਂਸੀਸੀ ਦੀ ਪਹੁੰਚ ਵਿੱਚ ਸੀ। ਇਵੇ ਹੀ ਸੀ ਜਿਵੇ ਕੋਕਰੋਜ ਜਨਤਾ ਪਾਰਟੀ ਦੇ ਜੰਤਰ ਮੰਤਰ ਤੇ ਪਹਿਲੇ ਪ੍ਰਦਰਸ਼ਨ ਵਿੱਚ ਲੋਕਾਂ ਨੇ ਆਪਣੇ ਮੂੰਹ ਤੇ ਕੋਕਰੋਜ ਦੇ ਮਾਸਕ ਪਾ ਕੇ ਪ੍ਰਦਰਸ਼ਨ ਕੀਤਾ ਸੀ।

ਭਾਰਤ ਵਿੱਚ NEET ਦੀਆਂ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਣ ਤੇ ਲੱਖਾਂ ਲੋਕਾਂ ਦੀਆਂ ਭਵਿੱਖੀ ਆਸਾਂ ਨੂੰ ਵੱਡੀ ਸੱਟ ਵੱਜੀ ਹੈ। ਮਾਪਿਆਂ ਦੀ ਕਰਜ਼ਿਆਂ ਨਾਲ ਬੱਚਿਆਂ ਦੀ ਪੜਾਈ ਕਰਕੇ ਨਿਕਲੀ ਮਿੱਝ ਨੂੰ ਵੇਖ ਅਨੇਕਾਂ ਵਿਦਿਆਰਥੀਆਂ ਨੇ ਖੁਦਕਸ਼ੀਆਂ ਕੀਤੀਆਂ ਹਨ।

ਵਿਗਿਆਰਥੀਆਂ ਦੇ ਭਵਿੱਖ ਲਈ ਕੋਈ ਯੋਗ ਉਦਮ ਨਹੀ ਕੀਤੀ ਗਏ। ਇਥੇ ਸ਼ਾਜਿਸ ਕਰਤਾ ਲੋਕਾਂ ਨਾਲ ਸਰਕਾਰਾਂ ਦੀ ਮਿਲੀ ਭੁਗਤ ਸਾਹਮਣੇ ਵਿਖਾਈ ਦਿੰਦੀ ਹੈ। ਪਿਛਲੇ ਸਾਲਾਂ ਤੋ ਲਗਾਤਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਵਿਧਾਨਿਕ ਕਾਨੂੰਨ ਹੁੰਦੇ ਹੋਏ ਦੋਸ਼ੀਆਂ ਉਪਰ ਕਾਰਵਾਈਆਂ ਬਿਲਕੁਲ ਨਾਂਹ ਬਰਾਬਰ ਹਨ। ਸਗੋ ਜੁਆਬ ਦੇਹੀ ਲਈ ਸਬੰਧਿਤ ਮੰਤਰੀਆਂ ਨੂੰ ਦੋਸ਼ ਮੁਕਤ ਕਰਕੇ ਉਹਨਾਂ ਦੇ ਅਹੁਦੇ ਬਰਕਾਰਾਰ ਰੱਖੇ ਹੋਏ ਹਨ।

Cockroach Janta Party (CJP) ਅਮਰੀਕਾ ਵਿਖੇ ਰਹਿੰਦੇ ਭਾਰਤੀ ਵਿਦਿਆਰਥੀ Abhijeet Dipke ਨੇ ਬਣਾਈ ਹੈ। ਜਿਸ ਦੀ ਬੁਨਿਆਦ ਭਾਰਤ ਦੀ ਸੁਪਰੀਮ ਕੋਰਟ ਦੇ Chief Justice Surya Kant ਦੇ ਉਸ ਬਿਆਨ ਜਿਸ ਵਿੱਚ ਉਹਨਾਂ ਨੇ ਬੇਰੁਜ਼ਗਾਰ ਨੌਜਵਾਨਾਂ/ਕਾਰਕੁਨਾਂ ਦੀ ਤੁਲਨਾ "cockroaches" ਨਾਲ ਕੀਤੀ ਗਈ ਸੀ।

ਸ਼ੋਸਲ ਮੀਡੀਏ ਦੀ ਵਰਤੋ ਕਰਕੇ ਕੋਕਰੋਜ ਜਨਤਾ ਪਾਰਟੀ ਬਣਾਈ ਗਈ ਹੈ ਭਾਵੇ ਕਿ ਇਸ ਦੇ ਪਿਛੇ ਲੁਕੇ ਭੇਤਾਂ ਦੀ ਅਜ਼ੇ ਕੋਈ ਉਘ ਸੁੱਘ ਨਹੀ। ਇਸ ਨੇ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਜੰਤਰ ਮੰਤਰ ਤੇ ਇਕ ਲੰਮਾਂ ਸ਼ੰਘਰਸ਼ ਸੁਰੂ ਕੀਤਾ ਹੈ। ਜਿਸ ਦੀ ਪ੍ਰਮੁੱਖ ਮੰਗ ਕੇਂਦਰ ਵਿੱਚ ਮੋਦੀ ਸਰਕਾਰ ਦੇ ਸਬੰਧਿਤ ਸਿੱਖਿਆ ਮੰਤਰੀ ਨੂੰ ਆਹੁਦੇ ਤੋ ਹਟਾਉਣਾ। ਖੁਦਕਸ਼ੀਆਂ ਕਰ ਗਏ ਵਿਦਿਆਰਥੀਆਂ ਲਈ ਢੁੱਕਵਾਂ ਮੁਆਵਜ਼ਾ ਦੇਣਾ, ਪ੍ਰੀਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰ ਕਰਨਾ ਸ਼ਾਮਲ ਹੈ। 20 ਜੁਲਾਈ ਨੂੰ ਪੁਲਿਸ ਵੱਲੋ ਧਰਨੇ ਵਿੱਚ ਤਸ਼ਦੱਤ ਕਰਨ ਅਤੇ ਧਰਨਾਕਾਰੀਆਂ ਤੇ ਦਰਜ਼ ਕੀਤੇ ਕੇਸਾਂ ਨੂੰ ਖਤਮ ਕਰਨਾ। ਇਕ ਅਸਰਦਾਰ ਕਾਨੂੰਨ ਦੀ ਜਰੂਰੀ ਮੰਗ ਨੂੰ ਪੂਰਾ ਕਰਨਾ ਹੈ। ਅੱਜ 25 ਜੁਲਾਈ ਨੂੰ ਭਾਰਤੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਅਸਤੀਫਾ ਹੋ ਗਿਆ ਹੈ। Gen G ਦੇ ਭੈਅ ਵਿੱਚ ਆਈ ਸਰਕਾਰ ਹੋਰ ਵੀ ਸਾਰੀਆਂ ਮੰਗਾਂ ਮੰਨ ਸਕਦੀ ਹੈ।

ਹੁਣ ਆਉਣ ਵੇਲੇ ਸਮੇ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫੇ ਲੈਣ ਵੱਲ ਵੱਧਣ ਦੇ ਅਸਾਰ ਪੈਦਾ ਹੋ ਗਏ ਹਨ। ਵਿਰੋਧੀ ਧਿਰ ਦਾ ਰੋਲ ਦੁਨਿਆਂ ਨੂੰ ਇਹ ਦੱਸਣ ਵਿੱਚ ਕਾਮਯਾਬ ਹੋਇਆ ਹੈ ਕਿ ਨਰਿੰਦਰ ਮੋਦੀ ਦੀ ਨਫਰਤੀ ਰਾਜਨੀਤੀ ਨੇ ਭਾਰਤ ਦੀ ਸਥਿਤੀ ਨੂੰ ਕਮਜੋਰ ਕੀਤਾ ਹੈ। ਰਾਹੁਲ ਗਾਂਧੀ ਦੀ ਭਵਿਖਬਾਣੀ ਹੈ ਕਿ ਨਰਿੰਦਰ ਮੋਦੀ ਆਪਣੀ ਪ੍ਰਧਾਨ ਮੰਤਰੀ ਦੀ ਪਦਵੀ ਛੱਡ ਕੇ ਭੱਜੇਗਾ ! ਪਿਛਲੇ 12 ਸਾਲਾਂ ਦੀ ਰਾਜਨੀਤੀ ਵਿੱਚ ਮੋਦੀ ਸਰਕਾਰ ਦੀ ਦਿੱਲੀ ਦੇ ਕਿਸਾਨ ਧਰਨੇ ਤੋ ਬਾਅਦ ਇਹ ਦੂਜੀ ਵੱਡੀ ਹਾਰ ਹੈ। ਜੋ ਭਾਰਤ ਜਨਤਾ ਪਾਰਟੀ ਲਈ ਖਤਰੇ ਦਾ ਮੁੱਢ ਬਣ ਸਕਦੀ ਹੈ।

ਇਹ ਦੁਨਿਆਂ ਵਿੱਚ ਨਵੀ ਤਵੱਕੋ ਦੀ ਸਿਆਸਤ ਵਿੱਚ ਸਰਕਾਰਾਂ ਦੀ ਜੁਆਬਦੇਹੀ ਨੂੰ ਨੌਜਵਾਨ ਪੀੜੀ ਨੇ Gen Z revolution ਨਾਲ ਪੁਖਤਾ ਕੀਤਾ ਹੈ। ਸਰਕਾਰਾਂ ਦੀ ਬਹੁਮਤ ਦੇ ਅੰਕੜੇ ਵੀ ਬੇ-ਮਾਇਨਾ ਹਨ। ਅਗਰ ਦੇਸ਼ ਅਤੇ ਲੋਕਾਂ ਦੇ ਭਵਿੱਖ ਲਈ ਸਹੀ ਫੈਸਲੇ ਅਤੇ ਯੋਜਨਾਵਾਂ ਨਹੀ ਬਨਣਗੀਆਂ।

ਸਵਾਲ ਹੈ ਕਿ ਬਿਨਾਂ-ਨੇਤਾ ਵਾਲੇ ਵਿਦਰੋਹਾਂ ਦਾ ਦੌਰ ਸ਼ੁਰੂ ਹੋ ਗਿਆ ਹੈ? CSIS (Center for Strategic and International Studies) ਇੱਕ ਅਮਰੀਕੀ ਟਹਿਨਕ ਟਓਨਕ (ਖੋਜ ਸੰਸਥਾ) ਹੈ ਦੇ ਵਿਸ਼ਲੇਸ਼ਕ ਇਸ ਨੂੰ "Age of Leaderless Revolution" ਕਹਿੰਦੇ ਹਨ - ਲੇਬਨਾਨ ਅਤੇ ਇਰਾਕ ਦੇ ਪ੍ਰਧਾਨ ਮੰਤਰੀਆਂ ਦੇ ਅਸਤੀਫ਼ੇ ਤੋਂ ਲੈ ਕੇ ਚਿਲੀ, ਹਾਂਗਕਾਂਗ, ਸਪੇਨ, ਬੋਲੀਵੀਆ, ਇਕਵਾਡੋਰ ਤੱਕ ਇਹ ਦੱਸਦੇ ਹਨ ਕਿ ਦੁਨੀਆ "global political awakening" ਦੇ ਦੌਰ ਵਿੱਚ ਹੈ। ਸੋ Gen Z revolution ਇਹਨਾਂ ਲਹਿਰਾਂ ਦੇ ਇੰਜਣ ਬਣ ਰਹੇ ਹਨ, ਅਤੇ ਸੋਸ਼ਲ ਮੀਡੀਆ ਇਹਨਾਂ ਨੂੰ ਤੇਜ਼ ਕਰ ਰਿਹਾ ਹੈ।

ਇਹ ਵਰਤਾਰਾ ਵੀ ਦੋ-ਧਾਰੀ ਤਲਵਾਰਾਂ ਵਾਂਗ ਹੈ। ਹਾਲਾਂਕਿ ਕੋਈ ਇੱਕ ਬੰਦਾ "ਵਿਕ" ਨਹੀਂਸਕਦਾ ਪਰ ਜਿੱਥੇ ਹਰ ਕੋਈ ਜ਼ਿੰਮੇਵਾਰ ਹੁੰਦਾ ਹੈ ਜਾਂ ਹਜੂਮ ਦੀ ਸ਼ਕਲ ਹੁੰਦੀ ਹੈ। ਉੱਥੇ ਅਸਲ ਵਿੱਚ ਕੋਈ ਵੀ ਲੰਬੀ-ਮਿਆਦ ਦੀ ਰਣਨੀਤੀ ਬਣਾਉਣ ਦੀ ਸਥਿਤੀ ਵਿੱਚ ਨਹੀਂ ਹੁੰਦਾ। ਡਰ, ਦੰਗੇ ਫਸਾਦਾਂ ਦਾ ਖਤਰਾ ਵੀ ਵੱਡਾ ਅਤੇ ਲੰਮੇ ਮਾੜੇ ਅਸਰ ਦੇਣ ਵਾਲਾ ਹੋ ਸਕਦਾ ਹੈ। ਸੋ ਦੁਨਿਆਂ ਨੇ ਇਕ ਨਵੇ ਨਿਵੇਕਲੇ ਅੰਦੋਲਨ ਦੌਰ ਵਿੱਚ ਪਰਵੇਸ਼ ਲਿਆ ਹੈ। ਬਹੁਤ ਚੰਗੀਆਂ ਸੰਭਾਵਨਾਵਾਂ ਲਈ ਆਸਵੰਦ ਰਹਿਣਾ ਚਾਹਿਦਾ ਹੈ।

* * * * * *

**ਲੜੀਵਾਰ ਨਾਵਲ**


ਲੇਖਕ
ਗੁਰਨਾਮ ਬਾਵਾ
ਮ +91 83073 6430



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-18

# ਬੰਦੂਕ ਤੋਂ ਕਲਮ ਤੱਕ

**ਨਿਰਮਲ ਦੀ ਇਹ ਗੱਲ ਸੁਣ ਕੇ ਹਰੀਸ਼ ਬੋਲਿਆ, ਹਾਂ ! ਇਹ ਵੀ ਸੱਚ ਹੈ ਪਰ ਪੰਜੇ ਉਂਗਲਾਂ ਇਕ ਬਰਾਬਰ ਨਹੀਂ ਹੰਦੀਆਂ । ਤੁਸੀਂ ਕੀ ਕਹਿਣਾ ਚਾਹੁੰਦੇ ਹੋ ? ਖੁੱਲ੍ਹ ਕੇ ਕਹੋ । ਮੈਂ ਤੁਹਾਨੂੰ ਵਿਸ਼ਵਾਸ਼ ਦਿਵਾਉਂਦਾ ਹਾਂ ਜੇਕਰ ਤੁਸੀਂ ਕਿਸੇ ਆਪਣੇ ਨੂੰ ਪੇਸ਼ ਕਰਵਾਉਣਾ ਚਾਹੁੰਦੇ ਹੋ ਤਾਂ ਉਸ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ । ਸਾਡੇ ਅੱਜ ਕੱਲ੍ਹ ਜੋ ਡੀ ਜੀ ਪੀ ਸਾਹਿਬ ਨੇ ਬਹੁਤ ਹੀ ਨੇਕ ਇਨਸਾਨ ਹਨ । ਉਨ੍ਹਾਂ ਨੇ ਹੁਣ ਤੱਕ ਕਈ ਇਹੋ ਜਿਹੇ ਮੁੰਡਿਆਂ ਦੀ ਮਦਦ ਕਰਕੇ ਦੁਬਾਰਾ ਪੈਰਾਂ ਸਿਰ ਕੀਤੇ ਹਨ । ਜੋ ਮੈਂ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਾ ਹਾਂ । ਉਹ ਆਪਣੀ ਸੋਹਣੀ ਜ਼ਿੰਦਗੀ ਜੀਅ ਰਹੇ ਹਨ, ਬਾਕੀ ਤੁਹਾਡੀ ਮਰਜ਼ੀ ਹੈ ।**




## ਭਾਗ 21

ਨਿਰਮਲ ਰਸਤੇ ਵਿੱਚ ਆਉਂਦਾ ਸੋਚ ਰਿਹਾ ਸੀ ਕਿ ਯਾਰ ਸਮਾਂ ਬੰਦੇ ਨੂੰ ਕੀ ਦਾ ਕੀ ਬਣਾ ਦੇਂਦਾ ਹੈ। ਉਹ ਵੀ ਸਮਾਂ ਸੀ। ਇਹ ਸੋਨੂੰ ਮਰਨ-ਮਾਰਨ ਨੂੰ ਹੀ ਆਪਣਾ ਧਰਮ ਸਮਝਦਾ ਸੀ ਪਰ ਅੱਜ ਤਾਂ ਇਹ ਜੀਓ ਤੇ ਜਿਉਣ ਦੀਆਂ ਗੱਲਾਂ ਕਰਨ ਲੱਗ ਪਿਆ। ਵਾਕਿਆ ਹੀ ਇਸ਼ਕ ਵਿੱਚ ਐਨੀਂ ਤਾਕਤ ਹੁੰਦੀ ਹੈ ਕਿ ਬੁਰੇ ਬੰਦੇ ਨੂੰ ਉਹ ਚੰਗਾ ਬੰਦਾ ਬਣਾ ਦੇਂਦਾ ਹੈ। ਇਕ ਉਹ ਕੁੜੀ ਜਿਸ ਨੇ ਇਸ ਨਾਲ ਪਿਆਰ ਕੀਤਾ, ਉਸ ਦਾ ਮਨ ਕਿੰਨਾ ਪਵਿੱਤਰ ਤੇ ਨਿਰਮਲ ਹੋਏਗਾ। ਜਿਸ ਨੇ ਸੋਨੂੰ ਨੂੰ ਬਦਲ ਕੇ ਰੱਖ ਦਿੱਤਾ। ਜਿਸ ਸਿਸਟਮ ਤੋਂ ਇਹ ਬਚਦਾ ਫਿਰਦਾ ਸੀ। ਅੱਜ ਉਸ ਕੋਲ ਆਪਣਾ ਆਤਮ-ਸਮਰਪਣ ਕਰਨ ਨੂੰ ਤਿਆਰ ਹੋਇਆ ਬੈਠਾ ਹੈ। ਚਲੋ, ਦੇਖਦੇ ਹਾਂ ਕੀ ਹੁੰਦਾ ਹੈ।

ਇਹੋ ਜਿਹੀਆਂ ਸੋਚਾਂ ਸੋਚਦਾ ਨਿਰਮਲ ਆਪਣੇ ਕਮਰੇ ਵਿੱਚ ਆ ਗਿਆ। ਕੱਲ੍ਹ ਉਸ ਨੇ ਗੇੜਾ ਵੀ ਲੈ ਕੇ ਜਾਣਾ ਸੀ ਪਰ ਹੁਣ ਜੇਕਰ ਉਹ ਜਾਂਦਾ ਹੈ ਤਾਂ ਹਫ਼ਤਾ ਭਰ ਮੁੜ ਕੇ ਨਹੀਂ ਆ ਹੋਣਾ। ਜੋ ਵਾਅਦਾ ਸੋਨੂੰ ਨਾਲ ਕਰ ਕੇ ਆਇਆ ਹੈ, ਉਹ ਕੰਮ ਤਾਂ ਵਿਚਾਲੇ ਰਹਿ ਜਾਣਾ, ਉਸ ਤੋਂ ਪਹਿਲਾਂ ਜੇਕਰ ਕਿਸੇ ਹੋਰ ਨੂੰ ਜਾਂ ਪੁਲਸ ਨੂੰ ਇਸ ਬਾਰੇ ਪਤਾ ਚੱਲ ਗਿਆ ਤਾਂ ਉਸ ਨਾਲ ਕੀ ਹੋਵੇਗਾ ? ਇਨ੍ਹਾਂ ਸੋਚਾਂ ਵਿੱਚ ਨਿਰਮਲ ਪਿਆ ਹੀ ਹੋਇਆ ਸੀ ਤਾਂ ਅੱਜ ਅਚਾਨਕ ਉਸ ਦਾ ਮਕਾਨ-ਮਾਲਕ ਹਰੀਸ਼ ਉਸ ਦੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ ਦੇਖ ਅੰਦਰ ਆਉਂਦਾ ਬੋਲਿਆ, ਹਾਂ ਜੀ, ਸਰਦਾਰ ਜੀ, ਅੱਜ ਗਏ ਨਹੀਂ ਲੱਗਦਾ ਕਿਧਰੇ ਗੇੜਾ ਲਾਉਣ।

ਨਿਰਮਲ ਨੇ ਮੰਜੀ ਤੋਂ ਖੜ੍ਹੇ ਹੁੰਦੇ ਕਿਹਾ, ਬਸ ਜੀ ਕੱਲ੍ਹ ਜਾਣਾ ਹੈ।

ਹਰੀਸ਼ ਨੇ ਨਿਰਮਲ ਦਾ ਉਦਾਸ ਚਿਹਰਾ ਪੜ੍ਹਦਿਆਂ ਪੁੱਛਿਆ, ਕੀ ਗੱਲ ਸਿਹਤ ਤਾਂ ਠੀਕ ਹੈ ? ਬੜੇ ਉਦਾਸ ਜਿਹੇ ਲੱਗ ਰਹੇ ਹੋ? ਮੇਰੇ ਲਾਇਕ ਕੋਈ ਸੇਵਾ ਹੈ, ਤਾਂ ਦੱਸੋ?

ਨਿਰਮਲ ਨੇ ਉਸ ਦੇ ਹੋਰ ਨੇੜੇ ਹੁੰਦਿਆਂ ਕਿਹਾ, ਮੈਂ ਤੁਹਾਡੇ ਤੋਂ ਇਕ ਸਲਾਹ ਲੈਣੀ ਹੈ।

ਹਰੀਸ਼ ਨੇ ਉਸ ਵੱਲ ਬੜੇ ਗੌਰ ਨਾਲ ਦੇਖਿਆ ਤੇ ਕਿਹਾ, ਬੋਲੋ ਸਰਦਾਰ ਜੀ।

ਨਿਰਮਲ ਨੇ ਠੰਢਾ ਹਉਕਾ ਭਰ ਕੇ ਕਿਹਾ, ਤੁਸੀਂ ਪੁਲਸ ਵਿੱਚ ਹੋ, ਤੁਸੀਂ ਮੈਨੂੰ ਇਕ ਗੱਲ ਦੱਸੋ, ਜੇਕਰ ਕੋਈ ਨਾਮੀ ਵੱਡਾ ਖਾੜਕੂ ਆਪ ਪੁਲਸ ਸਾਹਮਣੇ ਪੇਸ਼ ਹੋਣਾ ਚਾਹੁੰਦਾ ਹੋਵੇ ਤਾਂ ਵੀ ਪੁਲਸ ਉਸ ਨੂੰ ਮਾਰਦੀ-ਕੁੱਟਦੀ ਹੈ ਜਾਂ ਉਸ ਨੂੰ ਦੁਬਾਰਾ ਨਵੀਂ ਜ਼ਿੰਦਗੀ ਜਿਉਣ ਦੇਣ ਵਿੱਚ ਉਸ ਦੀ ਮਦਦ ਕਰਦੀ ਹੈ ?

ਹਰੀਸ਼ ਨਿਰਮਲ ਦੀ ਗੱਲ ਸੁਣ ਕੇ, ਸਾਵਧਾਨ ਹੋ ਕੇ ਬੈਠਦਾ ਬੋਲਿਆ, ਜੇਕਰ ਉਹ ਬੰਦਾ ਵਾਕਿਆ ਹੀ ਆਪਣੇ ਕੀਤੇ ਮਾੜੇ ਕੰਮਾਂ 'ਤੇ ਪਛਤਾਵਾ ਕਰਦਾ ਹੈ ਤੇ ਅੱਗੇ ਤੋਂ ਉਸ ਰਾਹ 'ਤੇ ਨਾ ਚੱਲਣ ਦਾ ਪ੍ਰਣ ਕਰਦਾ ਹੈ ਤਾਂ ਪੁਲਸ ਉਸ ਦਾ ਸਾਥ ਜ਼ਰੂਰ ਦਿੰਦੀ ਹੈ ਤੇ ਕਈਆਂ ਦਾ ਦਿੱਤਾ ਵੀ ਹੈ। ਉਹ ਲੋਕ ਹੁਣ ਆਪਣੀ ਆਰਾਮ ਦੀ ਜ਼ਿੰਦਗੀ ਜੀਉ ਰਹੇ ਹਨ। ਪੁਲਸ ਨੂੰ ਸ਼ੌਕ ਥੋੜ੍ਹੀ ਹੈ, ਉਹ ਐਵੇਂ ਲੋਕਾਂ ਨੂੰ ਮਾਰਦੀ ਫਿਰੇ।

ਨਿਰਮਲ ਨੇ ਕਿਹਾ, ਪਰ ਇਹ ਵੀ ਤਾਂ ਸੱਚ ਹੈ, ਪਿਛਲੇ ਸਮੇਂ ਵਿੱਚ ਕਈ ਪੁਲਸ ਅਫ਼ਸਰਾਂ ਨੇ ਧੱਕਾ ਕਰਕੇ ਕਈ ਮੁੰਡੇ ਆਪ ਇਸ ਰਾਹ ਤੋਰੇ ਹਨ ਤੇ ਕਈ ਬੇਕਸੂਰ ਝੂਠੇ ਪੁਲਸ ਮੁਕਾਬਲਿਆਂ ਵਿੱਚ ਮਾਰੇ ਵੀ ਹਨ।

ਨਿਰਮਲ ਦੀ ਇਹ ਗੱਲ ਸੁਣ ਕੇ ਹਰੀਸ਼ ਬੋਲਿਆ, ਹਾਂ! ਇਹ ਵੀ ਸੱਚ ਹੈ ਪਰ ਪੰਜੇ ਉਂਗਲਾਂ ਇਕ ਬਰਾਬਰ ਨਹੀਂ ਹੰਦੀਆਂ। ਤੁਸੀਂ ਕੀ ਕਹਿਣਾ ਚਾਹੁੰਦੇ ਹੋ ? ਖੁੱਲ੍ਹ ਕੇ ਕਹੋ। ਮੈਂ ਤੁਹਾਨੂੰ ਵਿਸ਼ਵਾਸ਼ ਦਿਵਾਉਂਦਾ ਹਾਂ ਜੇਕਰ ਤੁਸੀਂ ਕਿਸੇ ਆਪਣੇ ਨੂੰ ਪੇਸ਼ ਕਰਵਾਉਣਾ ਚਾਹੁੰਦੇ ਹੋ ਤਾਂ ਉਸ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ। ਸਾਡੇ ਅੱਜ ਕੱਲ੍ਹ ਜੋ ਡੀ.ਜੀ.ਪੀ. ਸਾਹਿਬ ਨੇ ਬਹੁਤ ਹੀ ਨੇਕ ਇਨਸਾਨ ਹਨ। ਉਨ੍ਹਾਂ ਨੇ ਹੁਣ ਤੱਕ ਕਈ ਇਹੋ ਜਿਹੇ ਮੁੰਡਿਆਂ ਦੀ ਮਦਦ ਕਰਕੇ ਦੁਬਾਰਾ ਪੈਰਾਂ ਸਿਰ ਕੀਤੇ ਹਨ। ਜੋ ਮੈਂ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਾ ਹਾਂ। ਉਹ ਆਪਣੀ ਸੋਹਣੀ ਜ਼ਿੰਦਗੀ ਜੀਅ ਰਹੇ ਹਨ, ਬਾਕੀ ਤੁਹਾਡੀ ਮਰਜ਼ੀ ਹੈ।

ਨਿਰਮਲ ਨੂੰ ਉਸ ਦੀਆਂ ਦਲੀਲਾਂ ਜੱਚ ਗਈਆਂ, ਉਹ ਹੁਣ ਖੁੱਲ੍ਹ ਕੇ ਗੱਲ ਕਰਨ ਨੂੰ ਤਿਆਰ ਹੋ ਗਿਆ ਤੇ ਹਰੀਸ਼ ਵੱਲ ਦੇਖਦਾ ਬੋਲਿਆ, ਚਲੋ ਠੀਕ ਹੈ, ਮੈਂ ਤੁਹਾਨੂੰ ਬੰਦੇ ਦਾ ਨਾਮ ਦੱਸਾਂ ?

ਹਰੀਸ਼ ਬੋਲਿਆ, ਹਾਂ ਦੱਸੋ।

ਨਿਰਮਲ ਨੇ ਥੋੜ੍ਹਾ ਝਿਜਕ ਕੇ ਕਿਹਾ, ਤੁਸੀਂ ਨਾਮ ਤਾਂ ਸੁਣਿਆ ਹੋਣਾ, ਕਮਲਜੀਤ ਸਿੰਘ ਉਰਫ਼ ਕੰਵਲ ਦਾ।

ਹਰੀਸ਼ ਇਹ ਸੁਣਦੇ ਹੀ ਚੌਕਸ ਹੋ ਕੇ ਬੋਲਿਆ, ਤੁਸੀਂ ਉਸ ਨੂੰ ਕਿਵੇਂ ਜਾਣਦੇ ਹੋ?

ਨਿਰਮਲ ਨੇ ਜਵਾਬ ਦਿੰਦੇ ਕਿਹਾ, ਤੁਸੀਂ ਇਹ ਛੱਡੋ, ਮੈਂ ਕਿਵੇਂ ਜਾਣਦਾ ਹਾਂ, ਤੁਸੀਂ ਆਪਣੀ ਸਲਾਹ ਦਿਉ, ਜੇਕਰ ਉਹ ਪੇਸ਼ ਹੁੰਦਾ ਹੈ ਤਾਂ ਕੀ ਕਰੋਗੇ ਉਸ ਨਾਲ ?

ਹਰੀਸ਼ ਨੇ ਠੰਢਾ ਹਉਕਾ ਭਰਦਿਆਂ ਕਿਹਾ, ਸਰਦਾਰ ਜੀ, ਉਸ ਦੀ ਭਾਲ ਤਾਂ ਅੱਜ ਵੀ ਹੋ ਰਹੀ ਹੈ, ਤੁਸੀਂ ਮੇਰੇ ਤੋਂ ਗਰੰਟੀ ਲਿਖ ਕੇ ਲੈ ਲਵੋ, ਅਸੀਂ ਉਸ ਦਾ ਵਾਲ ਵੀ ਵਿੰਗਾ ਨਹੀਂ ਹੋਣ ਦੇਵਾਂਗੇ। ਪਰ ਉਹ ਅੱਗੇ ਤੋਂ ਇਸ ਪਾਸੇ ਤੁਰਨ ਬਾਰੇ ਨਾ ਸੋਚੇ। ਮੇਰੀ ਇਕ ਸਲਾਹ ਤੁਹਾਨੂੰ ਵੀ ਹੈ, ਉਸ ਬਾਰੇ ਕਿਸੇ ਹੋਰ ਨਾਲ ਗੱਲ ਨਾ ਕਰ ਬੈਠਣਾ। ਮੇਰੀ ਥਾਂ ਕੋਈ ਹੋਰ ਹੁੰਦਾ ਤਾਂ ਤੁਹਾਨੂੰ ਵੀ ਫੜਵਾ ਸਕਦਾ ਹੈ। ਤੁਸੀਂ ਮੇਰਾ ਸੁਨੇਹਾ ਉਸ ਨੂੰ ਦੇ ਦਿਉ ਕਿ ਉਹ ਇਕ ਵਾਰ ਮੈਨੂੰ ਮਿਲ ਲਵੇ ਫਿਰ ਮੈਂ ਉਪਰ ਗੱਲ ਕਰ ਸਕਦਾ ਹਾਂ।

ਨਿਰਮਲ ਨੇ ਥੋੜ੍ਹਾ ਝਿਜਕ ਕੇ ਪੁੱਛਿਆ, ਮੈਂ ਉਸ ਨੂੰ ਤੁਹਾਡੇ ਨਾਲ ਕਿਥੇ ਮਿਲਾਵਾਂ? ਤੁਹਾਡੇ ਬਾਰੇ ਉਸ ਨੂੰ ਕੀ ਕਹਿ ਕੇ ਭਰੋਸਾ ਦੇਵਾਂ ਕਿ ਤੁਸੀਂ ਉਸ ਨੂੰ ਸਹੀ ਸਲਾਮਤ ਪੇਸ਼ ਕਰਵਾਉਗੇ ?

ਹਰੀਸ਼ ਨੇ ਹੱਸਦੇ ਕਿਹਾ, ਉਸ ਨੂੰ ਕਹਿ ਦਿਉ, ਤੁਸੀਂ ਹਰੀਸ਼ ਸੀ. ਆਈ. ਡੀ. ਵਾਲੇ ਡੀ. ਐਸ. ਪੀ. ਨੂੰ ਮਿਲ ਕੇ ਆਏ ਹੋ, ਉਹ ਮੇਰੇ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ ਤੇ ਮੈਂ ਵੀ ਉਸ ਨੂੰ।

ਨਿਰਮਲ ਇਹ ਗੱਲ ਸੁਣ ਕੇ ਹੈਰਾਨ ਹੋ ਗਿਆ। ਨਿਰਮਲ ਨੇ ਪੁੱਛ ਹੀ ਲਿਆ, ਤੁਸੀਂ ਕਿਵੇਂ ਇਕ ਦੂਜੇ ਨੂੰ ਜਾਣਦੇ ਹੋ ?

ਹਰੀਸ਼ ਨੇ ਕਿਹਾ, ਇਕ ਵਾਰ ਸਾਡਾ ਆਹਮਣਾ-ਸਾਹਮਣਾ ਹੋ ਚੁੱਕਾ ਹੈ। ਮੈਂ ਉਸ ਵੇਲੇ ਵੀ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਵੇਲੇ ਉਸ ਉਪਰ ਹੋਰ ਹੀ ਜਨੂੰਨ ਸਵਾਰ ਸੀ।

ਹਰੀਸ਼ ਨੇ ਨਿਰਮਲ ਨੂੰ ਕਿਹਾ, ਮੈਂ ਕੱਲ੍ਹ ਵੀ ਘਰ ਹੀ ਹਾਂ। ਜੇਕਰ ਉਹ ਮੰਨੇ ਤਾਂ ਉਸ ਨੂੰ ਐਥੇ ਲੈ ਆਵੀਂ ਬਾਕੀ ਉਸ ਨਾਲ ਗੱਲਬਾਤ ਕਰ ਕੇ ਦੇਖਦੇ ਹਾਂ। ਇਹ ਕਹਿ ਕੇ ਜਾਣ ਲੱਗਾ ਤਾਂ ਨਿਰਮਲ ਨੇ ਉਸ ਦਾ ਹੱਥ ਫੜ ਕੇ ਰੋਕਦੇ ਪੁੱਛਿਆ, ਪਰ ਜੇਕਰ ਉਹ ਵਾਪਸ ਜਾਣਾ ਚਾਹੁੰਦੇ ਹੋਵੇ, ਤੁਸੀਂ ਰੋਕੋਗੇ ਨਹੀਂ ?

ਹਰੀਸ਼ ਨੇ ਹੱਥ ਘੁੱਟਦਿਆਂ ਕਿਹਾ, ਤੁਸੀਂ ਬੇਫ਼ਿਕਰ ਹੋ ਜਾਉ।

ਹਰੀਸ਼ ਦੇ ਜਾਣ ਮਗਰੋਂ ਨਿਰਮਲ ਸੋਚਣ ਲੱਗ ਪਿਆ। ਇਹ ਹੈ ਤਾਂ ਪੁਲਸ ਵਾਲਾ ਹੀ, ਕਿਧਰੇ ਹੋਰ ਹੀ ਨਾ ਕੋਈ ਚਾਲ ਚੱਲ ਜਾਵੇ। ਫਿਰ ਬਹੁਤ ਦੇਰ ਸੋਚ ਕੇ ਆਪਣੇ ਆਪ ਨੂੰ ਤਸੱਲੀ ਦਿੰਦਾ ਬੋਲਿਆ, ਚਲ ਨਿਰਮਲ ਸਿੰਹਾਂ। ਸੋਨੂੰ ਕੋਲ ਚੱਲਦੇ ਹਾਂ, ਕੁਲਵਿੰਦਰ ਵੀ ਆ ਗਿਆ ਹੋਣਾ, ਉਸ ਦੀ ਵੀ ਸਲਾਹ ਮਿਲ ਜਾਊ।

ਨਿਰਮਲ ਪਹਿਲਾਂ ਟਰਾਂਸਪੋਰਟ ਵੱਲ ਗਿਆ ਤਾਂ ਉਥੇ ਥੋੜ੍ਹੀ ਦੇਰ ਰੁਕ ਕੇ ਕੁਲਵਿੰਦਰ ਦੇ ਘਰ ਵੱਲ ਚੱਲ ਪਿਆ। ਨਿਰਮਲ ਨੂੰ ਸਮਝ ਨਹੀਂ ਆਈ ਕਿ ਉਸ ਨੇ ਇਸ ਤਰ੍ਹਾਂ ਕਿਉਂ ਕੀਤਾ ਜਾਂ ਉਸ ਨੂੰ ਹਰੀਸ਼ 'ਤੇ ਸ਼ੱਕ ਹੋ ਗਿਆ। ਕਿਧਰੇ ਅੱਜ ਤੋਂ ਉਹ ਮੇਰਾ ਪਿੱਛਾ ਹੀ ਨਾ ਕਰਨ ਲੱਗ ਜਾਵੇ।

ਚਲਦਾ......

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ !
-ਸੰਪਾਦਕ

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।**

**ਫ਼ੋਨ ਨੰਬਰ: 01332 372851**

## ਗੁਰਪੁਰਬ 'ਤੇ ਵਿਸ਼ੇਸ਼




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# 5 ਅਗਸਤ ਨੂੰ ਬਰਸੀ 'ਤੇ ਵਿਸ਼ੇਸ਼
# ਮਾਨਵਤਾ ਦਾ ਅਮਰ ਪੁਜਾਰੀ-ਭਗਤ ਪੂਰਨ ਸਿੰਘ ਪਿੰਗਲਵਾੜਾ

ਸਮੁੱਚੀ ਮਨੁੱਖਤਾ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਪਿਆਰ ਕਰਨ ਵਾਲੇ ਅਤੇ ਮਨੁੱਖੀ ਦਰਦ ਨਾਲ ਓਤ-ਪ੍ਰੋਤ ਭਗਤ ਪੂਰਨ ਸਿੰਘ ਅਤੇ ਪਿੰਗਲਵਾੜਾ ਦੋਵੇਂ ਸ਼ਬਦ ਆਪਸ ਵਿੱਚ ਰਲਗੱਡ ਹੋ ਚੁੱਕੇ ਹਨ। ਜਦੋਂ ਪਿੰਗਲਵਾੜਾ ਸ਼ਬਦ ਸਹਿਜ-ਸੁਭਾਅ ਹੀ ਜ਼ਿਹਨ ਵਿੱਚ ਆਉਂਦਾ ਹੈ ਤਾਂ ਭਗਤ ਪੂਰਨ ਸਿੰਘ ਦਾ ਸਰੂਪ ਧਿਆਨ ਗੋਚਰੇ ਆ ਜਾਂਦਾ ਹੈ। ਉਨ੍ਹਾਂ 88 ਵਰ੍ਹੇ ਆਪਣਾ ਘਰ ਨਹੀਂ ਵਸਾਇਆ, ਬਿਨਾਂ ਕਿਸੇ ਜਾਤ, ਮਜ਼੍ਹਬ, ਨਸਲੀ ਵਿਤਕਰੇ ਤੋਂ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਕਰ ਦਿੱਤੇ। ਸਾਰੀ ਜ਼ਿੰਦਗੀ ਲੋਕ-ਭਲੇ ਦੇ ਦਰਦ ਨੂੰ ਹੰਢਾਉਂਦੇ ਸਨੇਹ ਤੇ ਪਿਆਰ ਦੀ ਖੁਸ਼ਬੂ ਵੰਡਦੇ ਰਹੇ। ਅੱਜ ਸਮੁੱਚੀ ਲੋਕਾਈ ਲਈ ਮੂੰਹ ਅੱਡੀ ਖੜ੍ਹੀਆਂ ਸਮੱਸਿਆਵਾਂ ਪ੍ਰਤੀ ਸੁਚੇਤ ਹੋ ਕੇ ਅੱਜ ਤੋਂ 60-65 ਸਾਲ ਪਹਿਲਾਂ ਸਮਾਜ ਨੂੰ ਜਾਗ੍ਰਿਤ ਕਰਨਾ ਸ਼ੁਰੂ ਕੀਤਾ। ਅੱਜ ਅਸੀਂ ਘੱਟ ਰਹੇ ਪਾਣੀ ਦੇ ਪੱਧਰ, ਪ੍ਰਦੂਸ਼ਣ, ਵੱਧ ਰਹੀ ਅਬਾਦੀ, ਦਰਖੱਤਾਂ ਤੋਂ ਸੱਖਣੀ ਧਰਤੀ ਦੀਆਂ ਗੰਭੀਰ ਸਮੱਸਿਆਵਾਂ ਦੇ ਖਤਰਿਆਂ ਤੋਂ ਆਪਣੀ ਆਉਣ ਵਾਲੀ ਨਸਲ ਨੂੰ ਸੁਚੇਤ ਕਰਦਿਆਂ ਭਗਤ ਜੀ ਨੂੰ ਯਾਦ ਕਰ ਰਹੇ ਹਾਂ। ਉਨ੍ਹਾਂ ਇਸ ਕਾਰਜ ਨੂੰ ਪੁਸਤਕ-ਟ੍ਰੈਕਟ ਅਤੇ ਲੇਖ ਆਦਿ ਲਿਖ ਕੇ ਤਾਂ ਕਾਰਜ ਕਰਨਾ ਹੀ ਸੀ, ਸਗੋਂ ਦੇਸ਼ ਭਰ ਦੇ ਸਕੂਲਾਂ, ਕਾਲਜਾਂ ਵਿੱਚ ਸਮਾਜ ਦੇ ਬੁੱਧੀਜੀਵੀ ਅਤੇ ਵਿੱਦਿਆਰਥੀ ਵਰਗ ਤੱਕ ਪੈਦਲ ਚੱਲ ਕੇ ਲਹਿਰ ਦਾ ਸੁਪਨਾ ਸਾਕਾਰ ਕਰਨ ਦੇ ਯਤਨ ਕੀਤੇ। ਭਗਤ ਜੀ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਾਜੇਵਾਲ ਰੋਹਣੇ ਦੇ ਇਕ ਹਿੰਦੂ ਪਰਿਵਾਰ ਦੇ ਲਾਲਾ ਸਿੱਬੂ ਮੱਲ ਖੱਤਰੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖ ਤੋਂ 4 ਜੂਨ, 1904 ਈ: ਨੂੰ ਹੋਇਆ। ਪਿਤਾ ਜੀ ਸ਼ਾਹੂਕਾਰੇ ਦਾ ਧੰਦਾ ਕਰਦੇ ਸਨ। ਭਗਤ ਜੀ ਦਾ ਮੁੱਢਲਾ ਨਾਂਅ ਰਾਮਜੀ ਦਾਸ ਸੀ। 1914 ਈ: ਦੇ ਭਿਆਨਕ ਦਿਲ-ਕੰਬਾਊ ਕਾਲ ਨੇ ਭਗਤ ਜੀ ਦੇ ਪਰਿਵਾਰ ਨੂੰ ਬਰਬਾਦ ਕਰ ਦਿੱਤਾ। ਸਾਰਾ ਪਰਿਵਾਰ ਦਰ-ਦਰ ਭਟਕਣ ਲਈ ਮਜਬੂਰ ਹੋ ਗਿਆ। ਕੁਝ ਸਮਾਂ ਖੰਨਾ ਸ਼ਹਿਰ ਵਿੱਚ ਵੀ ਸਿੱਖਿਆ ਹਾਸਲ ਕੀਤੀ।

ਭਗਤ ਜੀ ਜ਼ਿਕਰ ਕਰਦੇ ਹੋਏ ਕਹਿੰਦੇ ਹੁੰਦੇ ਸਨ, ਇਕ ਵਾਰ ਉਨ੍ਹਾਂ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿੱਚ ਪਟਿਆਲਾ ਦੇ ਮਹਾਰਾਜਾ ਸ. ਭੁਪਿੰਦਰ ਸਿੰਘ ਨੂੰ ਗੁਰ-ਦੁਆਰਾ ਸਾਹਿਬ ਵਿਖੇ ਸਾਹਿਬਜ਼ਾਦਿਆਂ ਨੂੰ ਨਤਮਸਤਕ ਹੁੰਦਿਆਂ ਤੱਕਿਆ। ਉਨ੍ਹਾਂ ਦੇ ਸੁੰਦਰ ਸਰੂਪ, ਸ਼ਾਹੀ ਸਜ-ਧਜ ਨੂੰ ਦੇਖ ਕੇ ਅਤੇ ਉਨ੍ਹਾਂ ਦੇ ਨਾਲ ਆਏ ਸ਼ਾਹੀ ਅਹਿਲਕਾਰਾਂ ਦੇ ਸਿੱਖੀ ਸਰੂਪ ਨੂੰ ਦੇਖ ਕੇ ਮੇਰੇ ਬਾਲ-ਮਨ ਉਪਰ ਡੂੰਘਾ ਅਸਰ ਹੋਇਆ। ਹੁਣ ਉਨ੍ਹਾਂ ਦੇ ਮਨ ਹੀ ਮਨ ਅੰਦਰ ਸਿੱਖੀ ਸਰੂਪ ਧਾਰਨ ਕਰਨ ਲਈ ਚਾਅ ਪੈਦਾ ਹੋ ਗਿਆ। ਆਪ ਜੀ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਨੂੰ ਸਿੱਖੀ ਮਾਰਗ ਵੱਲ ਪ੍ਰੇਰਿਤ ਕਰਨ ਵਾਲਿਆਂ ਵਿੱਚ ਸ. ਤੇਜਾ ਸਿੰਘ ਸਮੁੰਦਰੀ, ਸ. ਬ. ਮਹਿਤਾਬ ਸਿੰਘ ਅਤੇ ਸ. ਤੇਜਾ ਸਿੰਘ ਚੂਹੜਕਾਣਾ ਵਰਗੀਆਂ ਸ਼ਖ਼ਸੀਅਤਾਂ ਦਾ ਵੀ ਯੋਗਦਾਨ ਹੈ। ਰਾਮਜੀ ਦਾਸ ਤੋਂ ਅੰਮ੍ਰਿਤ ਛੱਕ ਕੇ ਬਣੇ ਭਗਤ ਪੂਰਨ ਸਿੰਘ। ਬਚਪਨ ਵਿੱਚ ਪ੍ਰਭੂ ਦੀ ਪ੍ਰਾਪਤੀ ਦੀ ਇੱਛਾ ਵਿੱਚੋਂ ਹੀ ਮਨੁੱਖਤਾ ਦੀ ਸੇਵਾ ਦਾ ਅੰਕੁਰ ਪ੍ਰਗਟ ਹੋਇਆ। ਇਹ ਸੇਵਾ ਕਾਰਜ ਪੂਰਨ ਰੂਪ ਵਿੱਚ 1924 ਈ: ਵਿੱਚ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਤੋਂ ਆਰੰਭ ਹੋਇਆ। ਆਪ ਜੀ ਦਾ ਵਿਸ਼ਵਾਸ ਸੀ ਕਿ ਗੁਰਦੁਆਰਾ ਸਾਹਿਬਾਨ ਸੰਸਾਰ ਵਿੱਚ ਸਭ ਤੋਂ ਵੱਡੇ ਸਮਾਜਿਕ ਅਤੇ ਅਧਿਆਤਮਕ ਕੇਂਦਰ ਹਨ। ਪਿੰਗਲਿਆਂ, ਅਪਾਹਜਾਂ ਦੀ ਸੇਵਾ ਕਰਨ ਦੀ ਲਗਨ ਇਕ ਚਾਰ ਸਾਲਾ ਦੇ ਬੇਸਹਾਰਾ ਅਪਾਹਜ ਬਾਲਕ ਨੂੰ ਲਾਵਾਰਸ ਹਾਲਤ ਵਿੱਚ ਮਿਲਣ ਤੋਂ ਬਾਅਦ ਸ਼ੁਰੂ ਹੋਈ। ਇਹ ਬੱਚਾ ਗੁਰਦੁਆਰਾ ਡੇਹਰਾ ਸਾਹਿਬ ਤੋਂ ਲਾਵਾਰਸ ਹਾਲਤ ਵਿੱਚ ਮਿਲਿਆ। ਭਗਤ ਜੀ ਨੇ ਇਸ ਬੱਚੇ ਦਾ ਨਾਂਅ ਪਿਆਰਾ ਰੱਖਿਆ ਅਤੇ ਲਗਾਤਾਰ 14 ਸਾਲ ਉਸ ਨੂੰ ਮੋਢਿਆਂ 'ਤੇ ਚੁੱਕ ਕੇ ਪਾਲਿਆ ਅਤੇ ਵੱਡਾ ਕੀਤਾ। ਇਸ ਬਾਲਕ ਨੂੰ ਸੰਭਾਲਣ ਲਈ ਕੋਈ ਟਿਕਾਣਾ ਜਾਂ ਥਾਂ ਨਹੀਂ ਸੀ। ਦੇਸ਼ ਦੀ ਵੰਡ ਤੋਂ ਬਾਅਦ ਅੰਮ੍ਰਿਤਸਰ ਵਿਖੇ ਪੂਰਨ



ਰੂਪ ਵਿੱਚ ਲੋਕ ਸੇਵਾ ਨੂੰ ਸਮਰਪਿਤ ਹੋ ਗਏ।

ਅੱਜ ਇਹੋ ਭਗਤ ਜੀ ਵੱਲੋਂ ਸਥਾਪਿਤ ਪਿੰਗਲਵਾੜਾ ਬੋਹੜ ਦੇ ਦਰੱਖਤ ਦਾ ਵਿਸ਼ਾਲ ਰੂਪ ਧਾਰਨ ਕਰ ਚੁੱਕਾ ਹੈ। ਭਗਤ ਜੀ ਵੱਲੋਂ ਕੀਤੇ ਇਨ੍ਹਾਂ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਪਦਮਸ਼੍ਰੀ ਐਵਾਰਡ, ਹਾਰਮਨੀ ਐਵਾਰਡ, ਲੋਕ ਰਤਨ ਐਵਾਰਡ, ਭਾਈ ਘਨੱਈਆ ਐਵਾਰਡ ਆਦਿ ਪ੍ਰਾਪਤ ਹੋਏ। 1984 ਈ: ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਫੌਜੀ ਹਮਲੇ ਸਮੇਂ ਭਗਤ ਜੀ ਨੇ ਪਦਮਸ਼੍ਰੀ ਐਵਾਰਡ ਭਾਰਤ ਸਰਕਾਰ ਨੂੰ ਵਾਪਸ ਕਰ ਦਿੱਤਾ। ਭਗਤ ਜੀ 5 ਅਗਸਤ, 1992 ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਆਪਣੀ ਹਯਾਤੀ ਦੌਰਾਨ ਪਿੰਗਲਵਾੜੇ ਦੀ ਸੇਵਾ ਡਾ: ਇੰਦਰਜੀਤ ਕੌਰ ਨੂੰ ਸੰਭਾਲ ਦਿੱਤੀ। ਅੱਜ ਡਾ: ਬੀਬੀ ਇੰਦਰਜੀਤ ਪਿੰਗਲਵਾੜਾ ਸੰਸਥਾ ਦੇ ਸਮੂਹ ਟਰੱਸਟੀਜ਼ ਦੇ ਸਹਿਯੋਗ ਨਾਲ ਪਿੰਗਲਵਾੜਾ ਸੰਸਥਾ ਨੂੰ ਵਿਸ਼ਾਲ ਸੰਸਥਾ ਦਾ ਰੂਪ ਦੇ ਚੁੱਕੇ ਹਨ। ਅੱਜ ਪਿੰਗਲਵਾੜਾ ਅੰਮ੍ਰਿਤਸਰ ਵੱਲੋਂ ਸੰਗਰੂਰ, ਪਲਸੌਰ (ਚੰਡੀਗੜ੍ਹ) ਗੋਇੰਦਵਾਲ ਸਾਹਿਬ, ਜਲੰਧਰ, ਪੰਡੋਰੀ ਵੜੈਚ ਵਿਖੇ ਸਾਰੀਆਂ ਬਰਾਂਚਾਂ ਵਿੱਚ ਬੇਸਹਾਰਾ ਲੋਕਾਂ ਨੂੰ ਸੰਭਾਲਿਆ ਜਾ ਰਿਹਾ ਹੈ। ਮਾਨਾਂਵਾਲਾ ਜੀ.ਟੀ. ਰੋਡ (ਅੰਮ੍ਰਿਤਸਰ) ਵਿਖੇ ਆਧੁਨਿਕ ਇਮਾਰਤਾਂ ਵਿੱਚ ਫਿਜ਼ਿਉਥੈਰੇਪੀ, ਬਨਾਵਟੀ ਅੰਗ ਕੇਂਦਰ, ਭਗਤ ਪੂਰਨ ਸਿੰਘ ਆਦਰਸ਼ ਸਕੂਲ, ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮੰਦ ਬੁੱਧੀ ਬੱਚਿਆਂ ਦਾ ਕੇਂਦਰ, ਗਊਸ਼ਾਲਾ, ਵਿਸ਼ਾਲ ਨਰਸਰੀ ਕਾਰਜਸ਼ੀਲ ਹਨ। ਪਿੰਗਲਵਾੜਾ ਅੰਮ੍ਰਿਤਸਰ ਵਿਖੇ ਡਿਸਪੈਂਸਰੀ, ਮਾਤਾ ਮਹਿਤਾਬ ਕੌਰ, ਭਾਈ ਪਿਆਰਾ ਸਿੰਘ ਵਾਰਡਾਂ, ਟਰੋਮਾ ਵੈਨ ਦੀ ਸਹੂਲਤ, ਲਾਵਾਰਸ, ਅਪਾਹਜ, ਮੰਦਬੁੱਧੀ ਰੋਗੀਆਂ ਦੀ ਸੇਵਾ ਨਿਭਾਈ ਜਾ ਰਹੀ ਹੈ। ਇਨ੍ਹਾਂ ਸਾਰੀਆਂ ਬਰਾਂਚਾਂ ਵਿੱਚ ਹਜ਼ਾਰਾਂ ਲੋੜਵੰਦ ਰੋਗੀਆਂ ਦੀ ਸੇਵਾ ਲਈ ਵੱਡੀ ਗਿਣਤੀ ਵਿੱਚ ਸਟਾਫ ਡਾ: ਬੀਬੀ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਸੇਵਾ ਨਿਭਾਅ ਰਿਹਾ ਹੈ। ਭਗਤ ਜੀ ਦੀ ਯਾਦ ਵਿੱਚ ਲਗਾਤਾਰ ਵੱਖ-ਵੱਖ ਸਮਾਗਮ ਰਚੇ ਜਾ ਰਹੇ ਹਨ। 5 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਤੇ ਸ਼ਰਧਾਂਜਲੀ ਸਮਾਗਮ ਹੋਵੇਗਾ।

******

# ਗਲਾਸਗੋ ਵਿੱਚ ਇਮੀਗ੍ਰੇਸ਼ਨ ਵਿਰੋਧੀ ਪ੍ਰਦਰਸ਼ਨ ਦੌਰਾਨ ਹਿੰਸਾ, ਪੁਲਿਸ 'ਤੇ ਬੋਤਲਾਂ ਤੇ ਹੋਰ ਵਸਤੂਆਂ ਸੁੱਟੀਆਂ




ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਸ਼ਨੀਵਾਰ ਨੂੰ ਗਲਾਸਗੋ ਗ੍ਰੀਨ ਪਾਰਕ ਵਿਖੇ ਹੋਏ ਇਮੀਗ੍ਰੇਸ਼ਨ ਵਿਰੋਧੀ ਪ੍ਰਦਰਸ਼ਨ ਦੌਰਾਨ ਹਿੰਸਕ ਝੜਪਾਂ ਹੋਈਆਂ, ਜਿੱਥੇ ਪ੍ਰਦਰਸ਼ਨਕਾਰੀਆਂ ਅਤੇ ਵਿਰੋਧੀ ਪ੍ਰਦਰਸ਼ਨਕਾਰੀਆਂ ਵਿਚਾਲੇ ਤਣਾਅ ਵਧਣ ਤੋਂ ਬਾਅਦ ਪੁਲਿਸ ਨੂੰ ਦਖ਼ਲ ਦੇਣਾ ਪਿਆ। ਇਸ ਦੌਰਾਨ ਕੁਝ ਉਪਦਰਵੀਆਂ ਵੱਲੋਂ ਪੁਲਿਸ ਅਧਿਕਾਰੀਆਂ 'ਤੇ ਬੋਤਲਾਂ ਅਤੇ ਹੋਰ ਚੀਜ਼ਾਂ ਸੁੱਟੀਆਂ ਗਈਆਂ, ਜਿਸ ਕਾਰਨ ਇਲਾਕੇ ਵਿੱਚ ਅਫ਼ਰਾਤਫ਼ਰੀ ਦਾ ਮਾਹੌਲ ਬਣ ਗਿਆ। ਗਲਾਸਗੋ ਵਿੱਚ "ਯੂਨਾਈਟ ਦ ਕਲੈਨਜ਼" ਦੇ ਬੈਨਰ ਹੇਠ ਇਕ ਇਮੀਗ੍ਰੇਸ਼ਨ ਵਿਰੋਧੀ ਰੈਲੀ ਕੱਢੀ ਜਾ ਰਹੀ ਸੀ, ਜਦਕਿ "ਸਟੈਂਡ ਅਪ ਟੂ ਰੇਸਿਜ਼ਮ" ਸਮੇਤ ਹੋਰ ਸੰਗਠਨਾਂ ਨੇ ਇਸ ਦੇ ਵਿਰੋਧ ਵਿੱਚ ਵੱਖਰਾ ਪ੍ਰਦਰਸ਼ਨ ਕੀਤਾ।ਜਦੋਂ ਦੋਵੇਂ ਧਿਰਾਂ ਆਹਮੋ-ਸਾਹਮਣੇ ਆਈਆਂ ਤਾਂ ਮਾਹੌਲ ਤਣਾਅਪੂਰਨ ਹੋ ਗਿਆ। ਕੁਝ ਪ੍ਰਦਰਸ਼ਨਕਾਰੀ ਬੈਰੀਕੇਡ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਨ ਲੱਗੇ, ਜਿਸ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਨੂੰ ਪਿੱਛੇ ਧੱਕਿਆ ਅਤੇ ਦੋਵੇਂ ਧਿਰਾਂ ਨੂੰ ਵੱਖ ਕਰਨ ਲਈ ਘੋੜਸਵਾਰ ਪੁਲਿਸ ਅਤੇ ਵੱਡੀ ਗਿਣਤੀ ਵਿੱਚ ਅਧਿਕਾਰੀ ਤਾਇਨਾਤ ਕੀਤੇ। ਘਟਨਾ ਦੌਰਾਨ ਕੁਝ ਲੋਕਾਂ ਵੱਲੋਂ ਪ੍ਰੋਜੈਕਟਾਈਲ ਅਤੇ ਹੋਰ ਵਸਤੂਆਂ ਸੁੱਟੀਆਂ ਗਈਆਂ, ਜਦਕਿ ਹੈਲੀਕਾਪਟਰ ਰਾਹੀਂ ਵੀ ਸਥਿਤੀ 'ਤੇ ਨਜ਼ਰ ਰੱਖੀ ਗਈ। ਪੁਲਿਸ ਨੇ ਤੁਰੰਤ ਕਾਰਵਾਈ ਕਰਕੇ ਹਾਲਾਤ ਨੂੰ ਕਾਬੂ ਵਿੱਚ ਲਿਆ ਅਤੇ ਦੋਵੇਂ ਧਿਰਾਂ ਨੂੰ ਇੱਕ-ਦੂਜੇ ਤੋਂ ਦੂਰ ਕੀਤਾ।ਪੁਲਿਸ ਸਕਾਟਲੈਂਡ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਅਤੇ ਕਾਨੂੰਨ ਆਪਣੇ ਹੱਥ ਵਿੱਚ ਨਾ ਲੈਣ ਦੀ ਅਪੀਲ ਕੀਤੀ ਹੈ। ਘਟਨਾ ਸਬੰਧੀ ਜਾਂਚ ਜਾਰੀ ਹੈ ਅਤੇ ਅਧਿਕਾਰੀਆਂ ਨੇ ਕਿਹਾ ਹੈ ਕਿ ਹਿੰਸਾ ਜਾਂ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਬੂਤਾਂ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ।

# ਗੁਰੁ ਬੈਠਾ ਅਮਰੁ ਸਰੂਪ ਹੋਇ

- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



**ਕਿਸ਼ਤ-48**




ਮਰਵਾਹਨ ਕੋ ਪ੍ਰੋਧਾ ਜਾਨੋ।
ਉਸ ਜੋਗੀ ਕੋ ਮਿਤ੍ਰ ਸਮਾਨੋ।
ਜਾਂ ਕਉ ਸ੍ਰੀ ਗੁਰ ਅਮਰ ਪ੍ਰਕਾਸ਼।
ਮੱਧ ਖਡੂਰ ਦੰਡ ਦਯੋ ਰਾਸ।4॥

ਅਜਿਹੀਆਂ ਚਾਲਾਂ ਨਾਲ ਭਾਵੇਂ ਅਜੇ ਤੱਕ ਇਹ ਗੁਰੂ-ਘਰ ਦਾ ਤਾਂ ਕੋਈ ਨੁਕਸਾਨ ਨਾ ਕਰ ਸੱਕਿਆ ਪਰ, ਲਗਾਤਾਰ ਈਰਖਾ ਕਰਦਾ ਰਹਿਣ ਕਰ ਕੇ ਗੁਰੂ ਕਾ ਪੱਕਾ ਨਿੰਦਕ ਬਣ ਗਿਆ ਸੀ। ਗੋਇੰਦਵਾਲ ਦੇ ਚਲਨੇ-ਸਿਰ ਲੋਕ ਭਾਵ ਪੰਚ ਆਦਿਕ ਇਸ ਦੇ ਇਸ ਵਤੀਰੇ ਤੋਂ ਚੰਗੀ ਤਰਹ ਵਾਕਿਫ਼ ਸਨ ਪਰ, ਤਪਾ ਹੋਣ ਅਤੇ ਇਸ ਦੀ ਚਲਦੀ ਹੋਣ ਕਾਰਨ ਬਹੁਤਾ ਵਿਰੋਧ ਨਹੀਂ ਸਨ ਕਰਦੇ। ਇਸ ਸਭ ਕੁਝ ਦੇ ਨਾਲ ਜੇ ਉਸ ਦੇ ਨਿਜੀ ਜੀਵਨ ਵੱਲ ਤੱਕਿਆ ਜਾਏ ਤਾਂ ਉਹ ਕਹਿਣ-ਸੁਣਨ ਨੂੰ ਹੀ ਤਪਾ ਸੀ ਪਰ, ਗ੍ਰਿਹਸਤੀ ਅਤੇ ਬੱਚਿਆਂ ਵਾਲਾ ਸੀ ਜੋ ਬਣੀ ਹੋਈ ਸਨਾਤਨੀ ਧਾਰਨਾ ਦੇ ਅਨੁਕੂਲ ਨਹੀਂ ਸੀ। ਇਸ ਸਭ ਕੁਝ ਦੇ ਨਾਲ ਉਹ ਪੁੱਜ ਕੇ ਲਾਲਚੀ ਅਤੇ ਬਦਚਲਣ ਵੀ ਸੀ।

ਕਰਤਾਰ ਦੇ ਰੰਗ! ਭਾਵੇਂ ਅਜੇ ਬਾਉਲੀ ਦਾ ਕੰਮ ਚੱਲ ਰਿਹਾ ਸੀ ਪਰ, ਇਸ ਦੀ ਵਰਤੋਂ ਸ਼ੁਰੂ ਹੋ ਗਈ ਸੀ। ਗੁਰੂ ਪਾਤਸ਼ਾਹ ਜੀ ਨੇ ਬਾਉਲੀ ਦੀ ਰਚਨਾ ਦੀ ਖ਼ੁਸ਼ੀ ਸਭਨਾਂ ਨਾਲ ਸਾਂਝੀ ਕਰਨ ਹਿੱਤ ਨਿਕਟਵਰਤੀ ਭਾਈ ਬੱਲੂ, ਭਾਈ ਪਾਰੋ, ਭਾਈ ਬੁੱਢਾ, ਭਾਈ ਲਾਲੂ ਅਤੇ ਸ੍ਰੀ (ਗੁਰੂ) ਰਾਮਦਾਸ ਆਦਿ ਪਿਆਰਿਆਂ ਦੀ ਸਲਾਹ ਨਾਲ ਵਿਸ਼ੇਸ਼ ਜੋੜ-ਮੇਲ ਕਰਨ ਦਾ ਫ਼ੈਸਲਾ ਲਿਆ। ਇਸ ਮਕਸਦ ਨੂੰ ਮੁਖ ਰਖਦਿਆਂ ਦੂਰ-ਦੁਰਾਡੇ ਸਿੱਖਾਂ ਨੂੰ ਸੁਨਹੇ ਭੇਜੇ ਗਏ ਅਰ ਸਮਾਂ ਆਉਣ 'ਤੇ ਨੇੜੇ ਦੇ ਪਿੰਡਾਂ ਅਤੇ ਗੋਇੰਦਵਾਲ ਸਾਹਿਬ ਦੇ ਚੌਧਰੀਆਂ, ਪੰਚਾਂ ਅਤੇ ਧਾਰਮਕ ਮੁਖੀਆਂ ਬ੍ਰਾਹਮਣਾਂ ਆਦਿ ਨੂੰ ਵੀ ਸੱਦੇ ਦਿੱਤੇ ਗਏ। ਸੰਗਤ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ, ਇਸ ਦੀ ਸੰਭਾਵਨਾ ਨੂੰ ਮੁਖ ਰੱਖਦਿਆਂ ਗੁਰੂ ਸਾਹਿਬ ਜੀ ਨੇ ਸ੍ਰੀ (ਗੁਰੂ) ਰਾਮਦਾਸ ਜੀ ਦੀ ਅਗਵਾਈ ਵਿਚ ਲੰਗਰ ਵਿਚ ਕਈ ਪਕਵਾਨ ਤਿਆਰ ਕਰਵਾਏ। ਇਹ ਸਭ ਕਰਦਿਆਂ ਗੁਰੂ ਪਾਤਸ਼ਾਹ ਜੀ ਵੱਲੋਂ ਵਿਸ਼ੇਸ਼ ਦਿਨ 'ਤੇ ਖ਼ੁਸ਼ੀਆਂ ਵਿਚ ਸ਼ਾਮਲ ਹੋਇਆਂ ਨੂੰ ਲੰਗਰ ਛਕਣ ਦੇ ਨਾਲ-ਨਾਲ ਕੁਝ ਮਾਇਆ ਵੀ ਵਰਤਾਈ ਗਈ।

ਤਪੇ ਹਰੀ ਰਾਮ ਨੂੰ ਵੀ ਸੱਦਾ ਮਿਲਿਆ ਸੀ ਪਰ, ਇਹ ਕਿਸੇ ਅਹਿਲਕਾਰ ਵਲੋਂ ਪਹਿਲਾਂ ਨਿਮੰਤ੍ਰਿਤ ਹੋਣ ਕਰ ਕੇ ਏਧਰੋਂ ਬੇ-ਪਰਵਾਹ ਹੋ ਕੇ ਓਧਰ ਚਲਾ ਗਿਆ। ਜਦੋਂ ਮੁੜ ਕੇ ਆਇਆ ਤਾਂ ਪਤਾ ਲੱਗਾ ਕਿ ਅੱਜ ਰੌਣਕ ਬੜੀ ਹੈ ਅਤੇ ਪਕਵਾਨ ਬਹੁਤ ਵਰਤਾਏ ਜਾ ਰਹੇ ਹਨ ਅਰ ਖ਼ਾਸ ਗੱਲ ਇਹ ਕਿ ਪੰਗਤ ਵਿਚ ਬੈਠ ਕੇ ਲੰਗਰ ਛਕਣ ਵਾਲੇ ਬ੍ਰਾਹਮਣਾਂ ਨੂੰ ਗੁਰੂ ਅਮਰਦਾਸ 5-5 ਰੁਪਈਏ ਦੱਛਣਾ ਵੀ ਦੇ ਰਹੇ ਹਨ। ਸੁਣ ਕੇ ਅੰਦਰੋਂ ਲੋਭ ਨੇ ਉਛਾਲਾ ਮਾਰਿਆ ਕਿ ਜੇ ਪਹਿਲਾਂ ਇਸ ਗੱਲ ਦਾ ਪਤਾ ਹੁੰਦਾ ਤਾਂ ਮੈਂ ਓਧਰ ਜਾਂਦਾ ਹੀ ਨਾ ਜਿਸ ਨੇ 1 ਰੁਪਈਆ ਦੱਛਣਾ ਦਿੱਤੀ ਹੈ ਪਰ, ਹੁਣ ਕੀ ਕੀਤਾ ਜਾਵੇ? ਜਦੋਂ ਪਤਾ ਲੱਗਾ ਕਿ ਅਜੇ ਵੇਲਾ ਹੈਗਾ ਹੈ, ਹੋਰ ਪੰਗਤਾਂ ਲੱਗ ਰਹੀਆਂ ਹਨ ਤਾਂ ਇਸ ਦਾ ਫ਼ਾਇਦਾ ਲੈਣ ਵਾਸਤੇ ਤਪੇ ਨੇ ਆਪਣੇ ਪੁੱਤਰ ਨੂੰ ਆਖਿਆ ਕਿ ਉਹ ਛੇਤੀ-ਛੇਤੀ ਤਿਆਰ ਹੋ ਕੇ ਜੱਗ (?) ਵਿਚ ਜਾ ਆਵੇ ਤੇ ਗੁਰੂ ਸਾਹਿਬ ਕੋਲੋਂ ਉਸ ਦੇ ਹਿੱਸੇ ਦੀ ਦੱਛਣਾ ਵੀ ਲੈ ਆਵੇ। ਬਾਪ ਦੇ ਪ੍ਰੇਰਿਆਂ ਬੇਟਾ ਚਲਾ ਗਿਆ ਪਰ, ਲੋਕਾਂ ਦੀ ਨਜ਼ਰ ਤੋਂ ਬਚਣ ਲਈ ਦਰਵਾਜ਼ੇ ਤੋਂ ਜਾਣ ਦੀ ਬਜਾਏ ਇਸ ਨੂੰ ਪਿਛਲੀ ਕੰਧ 'ਤੇ ਚੜਾਅ ਦਿੱਤਾ। ਜਦੋਂ ਅੰਦਰ ਛਾਲ ਮਾਰੀ ਤਾਂ ਮੰਦੇ ਭਾਗੀਂ ਇਸ ਦੀ ਲੱਤ ਟੁੱਟ ਗਈ।

ਦੁਆਰੇ ਦੁਆਰ ਪ੍ਰਵੇਸ਼ ਨ ਪਾਯੋ।
ਪਕੜ ਭੀਤ ਪਰ ਪੂਤ ਚਢਾਯੋ।
ਸੋ ਗਿਰ ਪਰਯੋ ਭੀਤ ਤੇ ਤਰੇ।
ਟੂਟੀ ਟਾਂਗ ਰੁਦਨ ਬਹੁ ਕਰੇ।15॥

ਜਦੋਂ ਲੋਕਾਂ ਨੇ ਤਪੇ ਦੇ ਮੁੰਡੇ ਨੂੰ ਡਿੱਗਣ ਕਰ ਕੇ ਪੀੜ ਨਾਲ ਕਰਾਹੁੰਦੇ ਸੁਣਿਆਂ ਤਾਂ ਨਾ ਚਾਹੁੰਦਿਆਂ ਵੀ ਹਾਸਾ ਪੈ ਗਿਆ। ਪੰਗਤ ਵਿਚ ਬੈਠੇ ਪੰਚ ਕਹਿਣ ਲੱਗੇ,

'ਵੇਖੋ! ਲਾਲਚ ਕਿੰਨਾ ਬੁਰਾ ਹੈ, ਜਿਹੜਾ ਤਪਾ ਅੱਜ ਤੱਕ ਗੁਰੂ ਕੀ ਨਿੰਦਾ ਕਰਦਾ ਕਦੀ ਨਹੀਂ ਸੀ ਥੱਕਦਾ, ਹੁਣ ਆਪ ਤਾਂ ਭਾਵੇਂ ਏਥੇ ਨਹੀਂ ਵੜਿਆ ਪਰ 5 ਰੁਪਈਆਂ ਦੇ ਲਾਲਚ ਵਿਚ ਮੁੰਡੇ ਦੀ ਲੱਤ ਤੁੜਵਾ ਲਈ ਸੂ'।

ਨੀਚ ਊਚ ਮਹਿ ਉਘਰਯੋ ਪਾਜਾ।
ਲੋਭ ਤਪੇ ਕਉ ਦੀਨੀ ਲਾਜਾ।

ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਪਾਵਨ ਬਚਨ ਹਨ ਕਿ ਤਪਾ ਉਹ ਹੈ ਜਿਹੜਾ ਤਪ ਕਰੇ, ਜਿਹੜਾ ਨਿੰਦਾ, ਝੂਠ, ਬਖੀਲੀ ਤਿਆਗੇ ਅਤੇ ਜਿਹੜਾ ਦੁਖ ਸੁਖ ਸਮ ਕਰ ਜਾਣੈ। ਜਿਹੜਾ ਇਕ ਕਪਟੀ ਤੇ ਵਿਭਚਾਰੀ ਆਦਮੀ ਤਪਾ ਬਣਨ ਦਾ ਪਾਖੰਡ ਕਰਦਾ ਹੈ ਤਾਂ ਉਸ ਦਾ ਝੂਠਾ ਪਾਜ ਛੇਤੀ ਹੀ ਉਘੜ ਜਾਂਦਾ ਹੈ। ਇਸ ਲਈ ਚੰਗਾ ਹੈ ਕਿ ਕੁਕਰਮਾਂ, ਝੂਠ ਅਤੇ ਪਾਖੰਡਾਂ ਨੂੰ ਤਿਆਗ ਦਿੱਤਾ ਜਾਵੇ।

ਸਲੋਕੁ ਮ: 3॥
ਮਨ ਕਾ ਝੂਠਾ ਝੂਠੁ ਕਮਾਵੈ॥
ਮਾਇਆ ਨੋ ਫਿਰੈ ਤਪਾ ਸਦਾਵੈ॥
ਭਰਮੇ ਭੂਲਾ ਸਭਿ ਤੀਰਥ ਗਹੈ॥
ਓਹੁ ਤਪਾ ਕੈਸੇ ਪਰਮਗਤਿ ਲਹੈ॥
ਗੁਰਪਰਸਾਦੀ ਕੋ ਸਚੁ ਕਮਾਵੈ॥
ਨਾਨਕ ਸੋ ਤਪਾ ਮੋਖੰਤਰੁ ਪਾਵੈ॥1॥
ਮ:3॥ ਸੋ ਤਪਾ ਜਿ ਇਹੁ ਘਾਲੇ॥
ਸਤਿਗੁਰ ਨੋ ਮਿਲੈ ਸਬਦੁ ਸਮਾਲੇ॥
ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ॥
ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ॥2॥
ਗੁ.ਗ੍ਰੰ.ਸਾ. ਪੰਨਾ 948

ਇਸ ਸਾਰੇ ਵਾਕਿਆ ਦੇ ਚਸ਼ਮਦੀਦ ਸ੍ਰੀ (ਗੁਰੂ) ਰਾਮਦਾਸ ਸਾਹਿਬ ਜੀ ਨੇ ਸਮੇਂ ਬਾਦ ਇਸ ਘਟਨਾ ਬਾਰੇ ਇਉਂ ਵਰਨਨ ਕੀਤਾ ਹੈ: ਤਿਸ ਅਉਸਰ ਗੁਰ ਅੰਤਰਜਾਮੀ। ਸ੍ਰੀ ਗੁਰ ਰਾਮਦਾਸ ਪ੍ਰਭੁ ਸੁਆਮੀ।
ਭੋਜਨ ਸਭਿਨਿ ਕਰਾਵਤ ਖਰੇ।
ਸੁਨਾ ਬ੍ਰਿਤਾਂਤ ਬਚਨ ਸੁ ਕਰੇ।17॥60॥
ਰਾਸ 1

ਸਲੋਕ ਮਹਲਾ 4॥
ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥ ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥
ਪੰਚ ਲੋਗ ਸਭਿ ਹਸਣ ਲਗੇ
ਤਪਾ ਲੋਭਿ ਲਹਰਿ ਹੈ ਗਾਲਿਆ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ
ਬਹਿ ਸਾਧ ਜਨਾ ਵੀਚਾਰਿਆ॥
ਸਤ ਪੁਰਖ ਕੀ ਤਪਾ ਨਿੰਦਾ ਕਰੈ
ਸੰਸਾਰੈ ਕੀ ਉਸਤਤੀ ਵਿਚਿ ਹੋਵੈ
ਏਸੁ ਦੋਖੈ ਤਪਾ ਦਯਿ ਮਾਰਿਆ॥
ਮਹਾ ਪੁਰਖਾਂ ਕੀ ਨਿੰਦਾ ਕਾ
ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥
ਅੰਦਰਿ ਬਹੈ ਤਪਾ ਪਾਪ ਕਮਾਏ॥
ਹਰਿ ਅੰਦਰਲਾ ਪਾਪੁ ਪੰਚਾ ਨੋ
ਉਘਾ ਕਰਿ ਵੇਖਾਲਿਆ॥
ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ
ਜਿਥੈ ਮਹਾ ਮਹਾਂ ਹਤਿਆਰਿਆ॥
ਫਿਰਿ ਏਸੁ ਤਪੈ ਦੈ ਮੁਹਿ ਕੋਈ ਲਗਹੁ ਨਾਹੀ
ਏਹੁ ਸਤਿਗੁਰਿ ਹੈ ਫਿਟਕਾਰਿਆ॥
ਹਰਿ ਕੈ ਦਰਿ ਵਰਤਿਆ
ਸੁ ਨਾਨਕੁ ਆਖਿ ਸੁਣਾਇਆ॥
ਸੋ ਬੂਝੈ ਜੁ ਦਯਿ ਸਵਾਰਿਆ॥1॥
ਮ:4॥ ਹਰਿ ਭਗਤਾਂ ਹਰਿ
ਆਰਾਧਿਆ ਹਰਿ ਕੀ ਵਡਿਆਈ॥
ਹਰਿ ਕੀਰਤਨੁ ਭਗਤ ਨਿਤ ਗਾਂਵਦੇ
ਹਰਿ ਨਾਮੁ ਸੁਖਦਾਈ॥
ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ
ਬਖਸੀਅਨੁ ਨਿਤ ਚੜੈ ਸਵਾਈ॥
ਹਰਿ ਭਗਤਾਂ ਨੋ ਥਿਰੁ ਘਰੀ
ਬਹਾਲਿਅਨੁ ਅਪਣੀ ਪੈਜ ਰਖਾਈ॥
ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ
ਬਹੁ ਦੇਇ ਸਜਾਈ॥
ਜੇਹਾ ਨਿੰਦਕ ਅਪਣੈ ਜੀਇ ਕਮਾਵਦੇ
ਤੇਹੋ ਫਲੁ ਪਾਈ॥
ਅੰਦਰਿ ਕਮਾਣਾ ਸਰਪਰ ਉਘੜੈ
ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥
ਜਨ ਨਾਨਕੁ ਦੇਖਿ ਵਿਗਸਿਆ
ਹਰਿ ਸਚੇ ਕੀ ਵਡਿਆਈ॥2॥
ਗੁ.ਗ੍ਰੰ.ਸਾ. ਪੰਨਾ 315

ਪੰਚਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਇਸ ਇਤਿਹ-ਾਸਕ ਵਾਕ ਨੂੰ ਗਉੜੀ ਵਾਰ ਵਿਚ ਆਪਣੀ ਉਚਾਰਿਤ ਪਉੜੀ ਦੀ ਵਿਆਖਿਆ ਰੂਪ ਦਰਜ ਕੀਤਾ:

ਪਉੜੀ ਮ: 5॥
ਭਗਤ ਜਨਾ ਕਾ ਰਾਖਾ ਹਰਿ ਆਪਿ ਹੈ
ਕਿਆ ਪਾਪੀ ਕਰੀਐ॥
ਗੁਮਾਨੁ ਕਰਹਿ ਮੂੜ ਗੁਮਾਨੀਆ
ਵਿਸੁ ਖਾਧੀ ਮਰੀਐ॥
ਆਇ ਲਗੇ ਨੀ ਦਿਹ ਥੋੜੜੇ
ਜਿਉ ਪਕਾ ਖੇਤੁ ਲੁਣੀਐ॥
ਜੇਹੇ ਕਰਮ ਕਮਾਵਦੇ ਤੇਵੇਹੋ ਭਣੀਐ॥
ਜਨ ਨਾਨਕ ਕਾ ਖਸਮੁ ਵਡਾ ਹੈ
ਸਭਨਾ ਦਾ ਧਣੀਐ॥30॥
ਗੁ.ਗ੍ਰੰ.ਸਾ. ਪੰਨਾ 316

## ਅੰਦਰਲਾ ਪਾਪੁ

ਇਸ ਅੰਦਰਲਾ ਪਾਪੁ ਜਾਂ ਅੰਦਰਿ ਕਮਾਣਾ ਦੇ ਬਾਰੇ ਮਿਸਟਰ ਮੈਕਾਲਿਫ਼ 'ਸਿਖ ਇਤਿਹਾਸ' ਵਿਚ ਇਉਂ ਭੇਦ ਖੋਲ੍ਹਦੇ ਹਨ:

(ਕੁਝ ਦਿਨਾਂ ਬਾਦ ਹੀ) ਚੌਧਰੀਆਂ ਨੇ ਆਪਸ ਵਿਚ ਸਲਾਹ ਕਰ ਕੇ ਕਿਹਾ ਕਿ ਚਲੋ ਤਪੇ ਨੂੰ ਮਿਲੀਏ ਤੇ ਵੇਖੀਏ ਕਿ ਉਹ ਕਿਸ ਤਰਾਂ ਆਪਣਾ ਸਮਾਂ ਬਤੀਤ ਕਰਦਾ ਹੈ। ਉਹ ਪਹਿਲਾਂ ਖ਼ਬਰ ਕੀਤੇ ਬਿਨਾਂ ਹੀ ਤਪੇ ਦੇ ਅੰਦਰ ਜਾ ਵੜੇ ਅਤੇ ਉਸ ਨੂੰ ਇਕ ਜ਼ਿਮੀਦਾਰ ਦੀ ਪਤਨੀ ਨਾਲ ਵਿਭਚਾਰ ਕਰਦਿਆਂ ਜਾ ਫੜਿਆ। ਚੌਧਰੀ ਉਸ ਨੂੰ ਪਕੜ ਕੇ ਜ਼ਿਮੀਦਾਰ ਪਾਸ ਲੈ ਗਏ। ਹੁਣ ਜ਼ਿਮੀਦਾਰ ਦੀ ਵਾਰੀ ਸੀ ਕਿ ਉਹ ਅਪਣੀ ਪਤਨੀ ਦਾ ਬਦਲਾ ਲਵੇ। ਇਹੋ ਜਿਹੇ ਅਪਰਾਧਾਂ ਦੀ ਉਸ ਸਮੇਂ ਅਜਿਹੀ ਕਰੜੀ ਸਜ਼ਾ ਦਿਤੀ ਜਾਂਦੀ ਸੀ ਕਿ ਹੋਰਨਾਂ ਨੂੰ ਵੀ ਨਸੀਹਤ ਆਵੇ। ਤਪੇ ਨੂੰ ਬਹੁਤ ਕਸ਼ਟ ਦੇ ਕੇ ਮਾਰ ਦਿਤਾ ਗਿਆ। ਪੰਨਾ 262

ਚਲਦਾ.....

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 27'ਤੇ ਪੜ੍ਹੋ

**727. ਚੰਚਲ ਮਨ ਨੂੰ ਅਚਲ ਕਿੱਦਾਂ ਬਣਾਈਏ/ਕਿੱਦਾਂ ਟਿਕਾਈਏ?**

"ਮਨੂਆ ਚਲੈ ਚਲੈ ਬਹੁ ਬਹੁ ਬਿਧਿ ਮਿਲਿ ਸਾਧੂ ਵਸਗਤਿ ਕਰਿਆ ॥ ਜਿਉਂ ਜਲ ਤੰਤੁ ਪਸਾਰਿਓ ਬਧਕਿ ਗ੍ਰਸਿ ਮੀਨਾ ਵਸਗਤਿ ਖਰਿਆ ॥2॥ ਅੰਗ 1294"। ਮਨਮੁਖ ਤੇ ਮਾਇਆ ਮੋਹ (ਦੂਜਾ ਭਾਉ) ਹਾਵੀ ਹੁੰਦਾ ਹੈ; ਦੂਜੇ ਭਾਉ (ਮਾਇਆ ਮੋਹ) 'ਚ ਉਹਦਾ ਮਨ ਅਚਲ ਨਹੀਂ ਹੁੰਦਾ। "ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ ॥ ਅੰਗ 652"। ਜਿਹੜਾ ਤੀਰਥ ਇਸ਼ਨਾਨ ਕਰਦਾ ਹੈ, ਫਿਰ ਵਰਤ ਰੱਖਦਾ ਹੈ, ਉਸਦਾ ਮਨ ਆਪਣੇ ਵੱਸ ਵਿਚ ਨਹੀਂ ਹੁੰਦਾ: ਭਾਵ ਤੀਰਥ ਇਸ਼ਨਾਨ ਤੇ ਵਰਤ ਰਾਹੀਂ ਮਨ ਵੱਸ ਵਿਚ ਨਹੀਂ ਆਉਂਦਾ। "ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥ ਅੰਗ 831"। ਗ੍ਰਿਹਸਥ ਜੀਵਨ ਛੱਡ ਕੇ ਜਿਹੜਾ ਬਨਾਂ 'ਚ ਵਾਸਾ ਕਰ ਲੈਂਦਾ ਹੈ, ਉਸਦਾ ਮਨ ਇਕ ਖਿਨ ਵਾਸਤੇ ਵੀ ਨਹੀਂ ਟਿਕਦਾ। "ਤਜੈ ਗਿਰਸਤੁ ਭਇਆ ਬਨਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥ ਅੰਗ 835"। ਗੁਰੂ ਤੋਂ ਬਿਨਾਂ ਮਨ ਬਹੁਤ ਡੋਲਦਾ ਹੈ (ਅਚਲ ਨਹੀਂ ਹੁੰਦਾ!)।"ਬਿਨੁ ਗੁਰ ਮਨੂਆ ਅਤਿ ਡੋਲਾਇ ॥ ਅੰਗ 942"। ਤਪ ਕਰ ਕੇ ਦੇਹੀ ਸਾਧੀ, ਫਿਰ ਵੀ ਮਨ ਦਸਾਂ ਦਿਸ਼ਾਵਾਂ 'ਚ ਭੱਜਦਾ ਹੈ; ਭਾਵ ਤਪ ਕਰਨ ਨਾਲ਼ ਮਨ ਅਚਲ/ਸਥਿਰ ਨਹੀਂ ਹੁੰਦਾ। "ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥ ਅੰਗ 1002"। ਕੋਈ ਸਿਰ ਮੁਨਾ ਲੈਂਦਾ ਹੈ, ਕੋਈ ਜਟਾਂ ਦਾ ਜੂੜਾ ਬੰਨ੍ਹ ਲੈਂਦਾ ਹੈ, ਤੇ ਮੋਨ ਧਾਰ ਕੇ ਬੈਠ ਜਾਂਦਾ ਹੈ ਤੇ (ਇਸ ਸਾਰੇ ਭੇਖ ਦਾ) ਹੰਕਾਰ ਕਰਦਾ ਹੈ। ਪਰ ਆਤਮਿਕ (ਪਰਮਾਰਥ ਦੇ) ਗਿਆਨ ਵਿਚ ਰੰਗੇ ਜਾਣ ਤੋਂ ਬਿਨਾ ਉਸ ਦਾ ਮਨ ਡੋਲਦਾ ਰਹਿੰਦਾ ਹੈ, ਤੇ ਦਸੀਂ ਪਾਸੀਂ (ਮਾਇਆ ਪਿੱਛੇ) ਦੌੜਦਾ ਫਿਰਦਾ ਹੈ। "ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥ ਮਨੂਆ ਡੋਲੈ ਦਹਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥ ਅੰਗ 1013"। ਆਪਣੇ ਮਨ ਦੇ ਪਿੱਛੇ ਤੁਰਨ ਵਾਲ਼ੇ ਮਨੁੱਖ ਦੀ ਬੁੱਧੀ ਹੋਛੀ ਹੁੰਦੀ ਹੈ, ਉਸ ਦਾ ਮਨ ਡੋਲਦਾ ਰਹਿੰਦਾ ਹੈ, ਉਹ ਕਦੇ ਅਕੱਥ ਪ੍ਰਭੂ ਦੀ ਸਿਫ਼ਤਿ-ਸਾਲਾਹ ਨਹੀਂ ਕਰਦਾ। "ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ ॥ ਅੰਗ 1233"।

**728. ਮਨ ਵੱਸ ਵਿਚ ਕਿੱਦਾਂ ਆਉਂਦਾ ਹੈ?**

ਹੇ ਨਾਨਕ! ਪ੍ਰਭੂ ਦੀ ਕਿਰਪਾ ਨਾਲ਼ ਜਿਹਨਾਂ ਦਾ ਮਨ ਵੱਸ ਵਿਚ ਆ ਗਇਆ, ਉਹ ਗੁਰੂ ਅਨੁਸਾਰੀ ਮਾਇਆ ਤੋਂ ਪਾਰ ਹੋ ਗਏ। "ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥ ਨਾਨਕ ਗੁਰਮੁਖਿ ਤਰੀ ਤਿਨਿ ਮਾਇਆ॥4॥ ਅੰਗ 385"। ਹੇ ਨਾਨਕ! ਜੇ ਪ੍ਰਭੂ ਦੀ ਪੂਰਨ ਕਿਰਪਾ ਹੋਵੇ ਤਾਂ ਮਨ ਵੱਸ ਵਿਚ ਆਉਂਦਾ ਹੈ। "ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥10॥ ਅੰਗ 298"।

**729. ਵੱਡਾ ਪੁੰਨ ਕੀ ਹੈ?**

ਸਾਧੂ (ਗੁਰੂ) ਅੱਗੇ ਹੱਥ ਜੋੜ ਕੇ ਨਮਸਕਾਰ ਕਰ, ਇਹ ਵੱਡਾ ਪੁੰਨ ਕਰਮ ਹੈ। ਗੁਰੂ ਅੱਗੇ ਡੰਡਉਤ ਕਰ, ਇਹ ਵੱਡਾ ਪੁੰਨ ਕਰਮ ਹੈ। "ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ॥1॥ ਰਹਾਉ ॥ ਅੰਗ 13 ਅਤੇ 171"। ਸਤਿਗੁਰ ਬਚਨ ਹੈ ਕਿ ਕਲਿਜੁਗ ਵਿਚ ਇਹੋ ਹੀ ਪੁੰਨ ਹੈ ਕਿ ਸ੍ਰਿਸ਼ਟੀ ਦੇ ਜਾਨਣਹਾਰ ਪ੍ਰਭੂ ਦੇ ਗੁਣ ਗਾਏ ਜਾਣ। "ਕਲਿ ਮਹਿ ਏਹੋ ਪੁੰਨੁ ਗੁਣ ਗੋਬਿੰਦ ਗਾਹਿ॥ ਅੰਗ 961"।

**730. ਭਰਮ ਕੀ ਹੁੰਦਾ ਹੈ ਜਾਂ ਕਿੱਦਾਂ ਹੁੰਦਾ ਹੈ?**

ਹੇ ਮਾਇਆ ਪਤੀ ਪ੍ਰਭੂ ਕੀ ਕਹੀਏ ਭਰਮ ਐਸਾ, ਜਿੱਦਾਂ ਮੰਨੀਏ ਓਦਾਂ ਹੁੰਦਾ ਨਹੀਂ। "ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥1॥ ਰਹਾਉ॥ ਅੰਗ 657"। ਮਿਸਾਲ ਵਜੋਂ ਜੇ ਕੋਈ ਕਹੇ ਕਿ ਇਹ ਘਰ ਮੇਰਾ ਹੈ ਤਾਂ ਦੁਨਿਆਵੀ ਤੌਰ ਤੇ ਤਾਂ ਉਹ ਸਹੀ ਹੁੰਦਾ ਹੈ ਪਰ ਪਰਮਾਰਥ ਦੇ ਤੌਰ ਤੇ ਉਹ ਸਹੀ ਨਹੀਂ ਹੁੰਦਾ, ਕਿਉਂਕਿ ਮਰਨ ਉਪਰੰਤ ਉਹ ਘਰ ਉਸਦਾ ਨਹੀਂ ਹੁੰਦਾ! ਭਰਮ/ਡਰ ਮਾਇਆ/ਹਉਮੈ (ਮੈਂ ਮੇਰੀ) ਤੋਂ ਪੈਦਾ ਹੁੰਦਾ ਹੈ। ਜਦੋਂ ਹਉਮੈ ਮਾਰ ਲਈ ਤਾਂ ਭਰਮ ਤੇ ਭਉ ਕੱਟ (ਖਤਮ) ਕਰ ਕੇ ਬੰਦਾ ਨਿਰਮਲ ਹੋ ਜਾਂਦਾ ਹੈ। "ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥ ਅੰਗ 207"। ਮੈਂ ਹੋਰ ਹਾਂ ਦੂਸਰਾ ਕੋਈ ਹੋਰ ਹੈ, ਜਦ ਕਿ ਸਾਰਿਆਂ 'ਚ ਰੱਬ ਦਾ ਵਾਸਾ ਹੋਣ ਕਰਕੇ ਸਾਰੇ ਰੱਬ ਰੂਪ ਹਨ ਤੇ ਸਾਰੇ ਇਕ ਹਨ। ਸਤਿਗੁਰ ਬਚਨ ਹਨ ਕਿ ਉਸ ਪਰਮਾਤਮਾ ਤੋਂ ਬਿਨਾ ਹੋਰ ਕੋਈ ਨਹੀਂ ਹੈ, ਇਸ ਕਰਕੇ ਡਰ ਨਾ; ਆਪਣਾ ਭਰਮ ਤੇ ਡਰ ਦੂਰ ਕਰ। "ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ ਭਉ ਦੂਰਿ ਕਰਿ ॥ ਅੰਗ 83"।

**731. ਭਰਮ ਤੇ ਭਉ ਕਿੱਦਾਂ ਦੂਰ ਹੁੰਦਾ ਹੈ?**

ਹੇ ਨਾਨਕ ! ਜਿਹੜਾ ਮਨੁੱਖ ਨਾਮ ਸਿਮਰ ਸਿਮਰ ਕੇ ਜੀਵਨ ਗੁਜ਼ਾਰਦਾ ਹੈ ਉਸ ਦੇ ਢੀਠ ਭਰਮ ਤੇ ਡਰ ਨਾਸ ਹੋ ਜਾਂਦੇ ਹਨ ਜੀ। "ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ॥4॥ ॥42॥49॥ ਅੰਗ 108"। ਅਤੇ, "ਨਾਮ ਜਪਤ ਸਭੁ ਭ੍ਰਮੁ ਭਉ ਖੋਤ॥5॥ ਅੰਗ 914"। ਸਤਿਗੁਰੂ ਦੇ ਡਰ-ਅਦਬ ਵਿਚ ਭਰਮ ਤੇ ਭਉ (ਡਰ) ਦੂਰ ਹੋ ਜਾਂਦਾ ਹੈ। ਜਿਹੜਾ ਮਨੁੱਖ (ਸਤਿਗੁਰੂ ਦੇ) ਡਰ-ਅਦਬ ਵਿਚ ਰਚ ਜਾਂਦਾ ਹੈ ਉਹ ਸਦਾ-ਥਿਰ ਪ੍ਰਭੂ ਦੇ ਪ੍ਰੇਮ ਵਿਚ ਸਮਾਇਆ ਰਹਿੰਦਾ ਹੈ। "ਸਤਿਗੁਰ ਕੈ ਭਇ ਭ੍ਰਮੁ ਭਉ ਜਾਇ ॥ ਭੈ ਰਾਚੈ ਸਚ ਰੰਗਿ ਸਮਾਇ ॥1॥ ਰਹਾਉ ॥ ਅੰਗ 157"। ਮੈਂ ਗੁਰੂ ਨੂੰ ਆਪਣਾ ਮਨ ਆਪਣਾ ਤਨ ਕੱਟ ਕੇ ਦੇ ਦਿਆਂ ਤਾਂ ਕਿ ਮੇਰਾ ਮਾਇਆ ਦਾ ਭਰਮ ਤੇ (ਦੁਨਿਆਵੀ ਤੇ ਮੌਤ ਦਾ) ਡਰ ਗੁਰੂ ਦੇ ਬਚਨਾਂ ਰਾਹੀਂ ਦੂਰ ਹੋ ਜਾਵੇ। "ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥2॥ ਅੰਗ 172"। ਹੇ ਪ੍ਰਭੂ ਤੇਰੀ ਕਿਰਪਾ ਨਾਲ ਤੇ ਤੇਰੇ ਸੰਗ ਰਚਣ ਨਾਲ ਭਰਮ ਤੇ ਭਉ ਦੂਰ ਭੱਜ ਜਾਂਦੇ ਹਨ।

ਚਲਦਾ...

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.............................................................................
ADDRESS.......................................................................
...................................................POST CODE...............................
TEL.................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*

VACANCY FOR RELIGIOUS WORKER

ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਧਾਰਮਿਕ ਸੇਵਾਦਾਰ ਦੀ ਲੋੜ ਹੈ

*Job Title:* Religious Worker (Sikh Faith), *Location*: Derby, UK

We are seeking a dedicated and knowledgeable individual to serve as a Religious Worker within the Sikh faith. This role involves supporting the spiritual, cultural, and community needs of the local Sikh congregation and promoting Sikh teachings and values.

*Key Responsibilities:*
* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

*Person Specification:*
* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

*How to Apply:* To apply, please submit your application detailing your experience and motivation for this role.

Deadline for Applications: Applications must be submit before 21-8-2026
Applications should be sent to Email: info@sgssderby.com
or delivered to the Gurdwara Sahib's Address below:

SRI GURU SINGH SABHA GURDWARA
1 Princes Street, Normanton, Derby. DE23 8NT. TEL: 01332 773010
FOR MORE INFORMATION, PLEASE CONTACT: AJIT SINGH 07533 362911

# ਗੋਦੀ ਮੀਡੀਆ ਨੂੰ ਲਤਾੜ ਗਿਆ ਕਾਕਰੋਚ ਅੰਦੋਲਨ

ਗੁਰਮੀਤ ਸਿੰਘ ਪਲਾਹੀ
-9815802070



ਨੌਜਵਾਨਾਂ ਦੀ 'ਕਾਕਰੋਚ ਕ੍ਰਾਂਤੀ' ਅੱਗੇ ਕੁਝ ਹੀ ਦਿਨਾਂ ਵਿੱਚ ਨਾ ਸਿਰਫ਼ ਇਸ ਰਾਸ਼ਟਰ ਦੇ ਉਸ ਪ੍ਰਮੁੱਖ ਨੂੰ ਝੁਕਣਾ ਪਿਆ, ਜਿਹੜਾ ਸਿਰਫ਼ ਆਪਣੇ 'ਮਨ ਦੀ ਗੱਲ' ਕਰਨੀ ਜਾਣਦਾ ਹੈ ਅਤੇ ਦੂਜਿਆਂ ਦੇ ਮਨ ਦੀ ਗੱਲ ਸੁਣਨ ਤੋਂ ਮੁਨਕਰ ਰਿਹਾ ਹੈ; ਸਗੋਂ ਇਸ ਇਤਿਹਾਸਕ ਅੰਦੋਲਨ ਨੇ ਗੋਦੀ ਮੀਡੀਆ ਦਾ ਵੀ ਲੱਕ ਤੋੜ ਕੇ ਰੱਖ ਦਿੱਤਾ। ਕੀ ਇਹ ਇਹ ਉਹੀ ਮੀਡੀਆ ਨਹੀਂ ਹੈ, ਜੋ ਮੁੱਠੀ ਭਰ ਸਰਮਾਏਦਾਰਾਂ ਅਤੇ ਸਰਕਾਰ ਦਾ ਪਿੱਠੂ ਬਣ ਕੇ ਲੋਕਤੰਤਰ ਦੇ ਚੌਥੇ ਥੰਮ੍ਹ ਦੀ ਪ੍ਰਮਾਣਿਕਤਾ ਨੂੰ ਲਗਾਤਾਰ ਦਾਗ਼ਦਾਰ ਕਰ ਰਿਹਾ ਸੀ?

ਕਿਸਾਨ ਅੰਦੋਲਨ ਵੇਲੇ ਵੀ ਅਤੇ ਮੌਜੂਦਾ ਕੇਂਦਰ ਸਰਕਾਰ ਦੇ ਪਿਛਲੇ 12 ਸਾਲਾਂ ਦੇ ਕਾਰਜਕਾਲ ਦੌਰਾਨ ਹੋਏ ਹੋਰਨਾਂ ਜਨ-ਸੰਘਰਸ਼ਾਂ ਦੌਰਾਨ ਵੀ, ਗੋਦੀ ਮੀਡੀਆ ਦੀ ਭੂਮਿਕਾ ਉੱਨੀ ਹੀ ਨਿੰਦਣਯੋਗ ਅਤੇ ਪੱਖਪਾਤੀ ਰਹੀ ਜਿੰਨੀ ਮੌਜੂਦਾ ਹਕੂਮਤ ਦੀ। ਪਰ ਇਸ ਨੌਜਵਾਨ ਅੰਦੋਲਨ ਦੇ ਅਟੱਲ ਸਿਰੜ ਅੱਗੇ ਗੋਦੀ ਮੀਡੀਆ ਦੇ ਓਹਲੇ ਰਾਜ ਕਰਨ ਵਾਲੀ ਹਕੂਮਤ ਨੂੰ ਇੱਕ ਵਾਰ ਫਿਰ ਮੂੰਹ ਦੀ ਖਾਣੀ ਪਈ। ਨੌਜਵਾਨਾਂ ਦੇ ਭਾਰੇ ਰੋਸ ਅੱਗੇ ਪ੍ਰਧਾਨ ਮੰਤਰੀ ਨੂੰ ਝੁਕਣਾ ਪਿਆ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕਰਨੀਆਂ ਪਈਆਂ।

ਦੇਸ਼ ਦੇ ਕੋਨੇ-ਕੋਨੇ ਤੋਂ ਪਹੁੰਚੇ ਇਹ ਨੌਜਵਾਨ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ, ਸਿੱਖਿਆ ਢਾਂਚੇ ਵਿੱਚ ਪਾਰਦਰਸ਼ਤਾ, ਪੇਪਰ ਲੀਕ ਮਾਫ਼ੀਆ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਤੇ ਭਰਤੀ ਪ੍ਰੀਖਿਆਵਾਂ ਵਿੱਚ ਜਵਾਬਦੇਹੀ ਦੀ ਮੰਗ ਕਰ ਰਹੇ ਸਨ। ਇਹ ਰੋਸ ਕਿਸੇ ਇੱਕ ਵਿਅਕਤੀ, ਸੰਗਠਨ ਜਾਂ ਸਿਆਸੀ ਧਿਰ ਤੱਕ ਸੀਮਤ ਨਹੀਂ ਸੀ, ਬਲਕਿ ਇਹ ਦੇਸ਼ ਦੇ ਲੱਖਾਂ ਬੇਰੋਜ਼ਗਾਰ ਅਤੇ ਪੀੜਤ ਨੌਜਵਾਨਾਂ ਦੇ ਮਨਾਂ ਵਿੱਚ ਸਾਲਾਂ ਤੋਂ ਪਣਪ ਰਹੇ ਵਿਆਪਕ ਅੰਦਰੂਨੀ ਉਬਾਲ ਦਾ ਪ੍ਰਗਟਾਵਾ ਸੀ।

ਇਸ ਸੰਘਰਸ਼ ਵਿੱਚ ਜਨਤਕ ਅਤੇ ਬੁਨਿਆਦੀ ਮੁੱਦੇ ਏਨੇ ਹਾਵੀ ਹੋ ਗਏ ਕਿ ਰਵਾਇਤੀ ਨੇਤਾਵਾਂ ਦੀ ਪ੍ਰਸੰਗਿਕਤਾ ਹੀ ਖ਼ਤਮ ਹੋ ਗਈ-ਠੀਕ ਉਵੇਂ ਹੀ ਜਿਵੇਂ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਦੇਖਣ ਨੂੰ ਮਿਲਿਆ ਸੀ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੂੰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਇਹ ਪੜ੍ਹੇ-ਲਿਖੇ ਨੌਜਵਾਨ ਵੀ 'ਦੇਸ਼ ਨੂੰ ਤੋੜਨ ਵਾਲੀਆਂ ਵਿਦੇਸ਼ੀ ਤਾਕਤਾਂ' ਦੇ ਮੋਹਰੇ ਹੀ ਜਾਪੇ।

ਇਸ ਵਿਕੇ ਹੋਏ ਮੀਡੀਆ ਨੇ ਪ੍ਰਸਿੱਧ ਵਾਤਾਵਰਨ ਪ੍ਰੇਮੀ ਸੋਨਮ ਵਾਂਗਚੁਕ ਦੇ ਮਰਨ ਵਰਤ ਦਾ ਮਜ਼ਾਕ ਉਡਾਇਆ। ਟੀਵੀ ਸਕਰੀਨਾਂ 'ਤੇ ਬੈਠੇ ਕੁਝ ਕਥਿਤ ਬੁੱਧੀਜੀਵੀ ਹਰ ਰੋਜ਼ ਹਕੂਮਤ ਦੀ ਭਗਤੀ ਕਰਦੇ ਅਤੇ 'ਕਾਕਰੋਚ ਅੰਦੋਲਨ' ਦੇ ਆਗੂ ਅਭਿਜੀਤ ਦਿਪਕੇ 'ਤੇ ਤੀਰ ਛੱਡਦੇ ਦਿਖਾਈ ਦਿੱਤੇ। ਗੋਦੀ ਮੀਡੀਆ ਨੇ ਇਹ ਸਾਬਤ ਕਰਨ ਲਈ ਪੂਰਾ ਤਾਣ ਲਗਾਇਆ ਕਿ ਇਹ ਪ੍ਰਦਰਸ਼ਨਕਾਰੀ ਉਹੀ 'ਰਾਸ਼ਟਰ-ਵਿਰੋਧੀ' ਹਨ, ਜਿਨ੍ਹਾਂ ਨੂੰ ਸ਼ਾਹੀਨ ਬਾਗ਼ ਜਾਂ ਕਿਸਾਨ ਅੰਦੋਲਨ 'ਚ ਦੇਖਿਆ ਗਿਆ ਸੀ-ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ 'ਅੰਦੋਲਨਜੀਵੀ' ਆਖ ਕੇ ਭੰਡਿਆ ਸੀ। ਪਰ ਗੋਦੀ ਮੀਡੀਆ ਨੇ ਜਾਣਬੁੱਝ ਕੇ ਇਹ ਸੱਚ ਛੁਪਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਮੁਹਿੰਮ ਦੀ ਚੰਗਿਆੜੀ ਸੁਪਰੀਮ ਕੋਰਟ ਦੀ ਉਸ ਅਫ਼ਸੋਸਜਨਕ ਟਿੱਪਣੀ ਤੋਂ ਭੜਕੀ ਸੀ, ਜਿਸ 'ਚ ਵਿਦਿਆਰਥੀਆਂ ਦੇ ਰੋਸ ਨੂੰ ਵਿਅੰਗ ਨਾਲ 'ਕਾਕਰੋਚ' ਵਾਂਗ ਦੇਖਿਆ ਗਿਆ। ਨੀਟ ਪੇਪਰ ਲੀਕ ਦੇ ਧੱਕੇਸ਼ਾਂਹੀ ਭਰੇ ਫ਼ੈਸਲਿਆਂ ਨੇ ਨੌਜਵਾਨਾਂ ਦੇ ਮਨਾਂ 'ਚ ਗੁੱਸਾ ਭਰ ਦਿੱਤਾ। ਸੋਸ਼ਲ ਮੀਡੀਆ 'ਤੇ ਸ਼ੁਰੂ ਹੋਈ ਵਿਅੰਗਾਤਮਕ ਮੁਹਿੰਮ ਨੇ ਅਜਿਹਾ ਜਨ-ਅੰਦੋਲਨ ਖੜ੍ਹਾ ਕੀਤਾ ਜਿਸ ਨੇ ਸਿਰਫ਼ 70 ਦਿਨਾਂ ਦੇ ਅੰਦਰ-ਅੰਦਰ ਕੇਂਦਰੀ ਸਿੱਖਿਆ ਮੰਤਰੀ ਨੂੰ ਕੁਰਸੀ ਛੱਡਣ ਲਈ ਮਜਬੂਰ ਕਰ ਦਿੱਤਾ।

ਇਸ ਅੰਦੋਲਨ ਦਾ ਕੋਈ ਪਰੰਪਰਾਗਤ ਸਿਆਸੀ ਰਹਿਬਰ ਨਹੀਂ ਸੀ, ਬਲਕਿ ਇੰਸਟਾਗ੍ਰਾਮ ਅਤੇ 'ਐਕਸ' ਵਰਗੇ ਡਿਜੀਟਲ ਪਲੇਟਫਾਰਮਾਂ 'ਤੇ ਬਣੇ ਨੈੱਟਵਰਕ ਨੇ ਇਸ ਦੀ ਨੀਂਹ ਰੱਖੀ। ਵਿਦਿਆਰਥੀਆਂ ਨੇ ਬੜੀ ਸੂਝ-ਬੂਝ ਨਾਲ ਸੋਸ਼ਲ ਮੀਡੀਆ 'ਤੇ 15-15 ਜਾਂ 30-30 ਸੈਕਿੰਡਾਂ ਦੀਆਂ ਛੋਟੀਆਂ-ਛੋਟੀਆਂ ਵੀਡੀਓਜ਼ ਪਾ ਕੇ ਆਪਣੇ ਅੰਦੋਲਨ ਨੂੰ ਇੰਨਾ ਮਜ਼ਬੂਤ ਕਰ ਦਿੱਤਾ ਕਿ ਇਸ ਦਾ ਸੁਨੇਹਾ ਦੇਸ਼ ਦੇ ਹਰ ਕੋਨੇ ਤੱਕ ਪਹੁੰਚ ਗਿਆ। ਬਿਨਾਂ ਕਿਸੇ ਵੱਡੇ ਦਾਅਵੇ ਜਾਂ ਫੋਕੀ ਬਿਆਨਬਾਜ਼ੀ ਦੇ, ਉਹ ਬਹੁਤ ਹੀ ਸੁਚੇਤ ਰੂਪ ਵਿੱਚ ਆਪਣੇ ਨਿਸ਼ਾਨੇ 'ਤੇ ਕੰਮ ਕਰਦੇ ਨਜ਼ਰ ਆਏ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖਿਆ ਦੇ ਖੇਤਰ 'ਚ ਹੋਈਆਂ ਧਾਂਦਲੀਆਂ ਅਤੇ ਇਸ ਨਾਲ ਜੁੜੇ ਬੇਰੋਜ਼ਗਾਰੀ ਦੇ ਗੰਭੀਰ ਮੁੱਦੇ ਤੱਕ ਹੀ ਕੇਂਦਰਿਤ ਰੱਖਿਆ।

ਇਹ ਆਵਾਜ਼ ਦਿੱਲੀ ਦੇ ਜੰਤਰ-ਮੰਤਰ ਤੋਂ ਹੁੰਦੀ ਹੋਈ ਦੇਸ਼ ਦੀਆਂ ਤਮਾਮ ਯੂਨੀਵਰਸਿਟੀਆਂ ਦੇ ਗਲਿਆਰਿਆਂ ਤੱਕ ਗੂੰਜ ਉੱਠੀ। ਇਸ ਮੁਹਿੰਮ ਨੇ ਜਿੱਥੇ ਗੋਦੀ ਮੀਡੀਆ ਦੇ ਪੱਖਪਾਤੀ ਚਿਹਰੇ ਨੂੰ ਬੇਨਕਾਬ ਕੀਤਾ, ਉੱਥੇ ਹੀ ਨੌਜਵਾਨਾਂ ਨੂੰ ਆਪਣੇ ਹੱਕਾਂ ਲਈ ਆਰ-ਪਾਰ ਦੀ ਲੜਾਈ ਲੜਨ ਦਾ ਰਾਹ ਵੀ ਦਿਖਾਇਆ।

ਇਹ ਸਮਝਣਾ ਜ਼ਰੂਰੀ ਹੈ ਕਿ ਇਹ ਲੜਾਈ ਸਿਰਫ਼ ਨੀਟ ਪ੍ਰੀਖਿਆ ਤੱਕ ਸੀਮਤ ਨਹੀਂ ਸੀ; ਇਹ ਖ਼ਰਾਬ ਪ੍ਰੀਖਿਆ ਪ੍ਰਣਾਲੀ, ਬੇਰੋਜ਼ਗਾਰੀ ਅਤੇ ਨੌਜਵਾਨਾਂ ਦੇ ਰੁਲਦੇ ਭਵਿੱਖ ਪ੍ਰਤੀ ਫੈਲੀ ਵਿਆਪਕ ਬੇਚੈਨੀ ਦਾ ਵਿਸਫ਼ੋਟ ਸੀ, ਜੋ ਇੱਕ ਕ੍ਰਾਂਤੀ ਵਿੱਚ ਬਦਲ ਗਿਆ।

ਜੇਕਰ ਇਤਿਹਾਸ 'ਤੇ ਝਾਤ ਮਾਰੀਏ ਤਾਂ ਵਿਦਿਆਰਥੀ ਅੰਦੋਲਨਾਂ ਨੇ ਹਮੇਸ਼ਾ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਹੈ: 1906 ਵਿੱਚ ਡਾ. ਰਾਜੇਂਦਰ ਪ੍ਰਸਾਦ ਦੀ ਅਗਵਾਈ ਹੇਠ 'ਬਿਹਾਰੀ ਸਟੂਡੈਂਟਸ ਸੈਂਟਰਲ ਐਸੋਸੀਏਸ਼ਨ' ਨੇ ਆਜ਼ਾਦੀ ਸੰਗ੍ਰਾਮ 'ਚ ਅਹਿਮ ਭੂਮਿਕਾ ਨਿਭਾਈ। 11 ਅਗਸਤ 1942 ਨੂੰ ਪਟਨਾ ਵਿਧਾਨ ਸਭਾ 'ਤੇ ਝੰਡਾ ਲਹਿਰਾਉਂਦਿਆਂ 7 ਵਿਦਿਆਰਥੀ ਸ਼ਹੀਦ ਹੋਏ। 1955 ਵਿੱਚ ਬਿਹਾਰ 'ਚ ਬੱਸ ਕਿਰਾਇਆ ਵਾਧੇ ਵਿਰੁੱਧ ਹੋਏ ਵਿਦਿਆਰਥੀ ਅੰਦੋਲਨ ਕਾਰਨ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ ਸੀ। 1973-74 ਦਾ ਗੁਜਰਾਤ ਦਾ 'ਨਵਨਿਰਮਾਣ ਅੰਦੋਲਨ' ਵਿਦਿਆਰਥੀਆਂ ਦੀ ਤਾਕਤ ਸੀ, ਜਿਸ ਨੇ ਚਿਮਨਭਾਈ ਪਟੇਲ ਦੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ। 1974 ਦਾ ਇਤਿਹਾਸਕ 'ਜੇ. ਪੀ. ਅੰਦੋਲਨ' ਵੀ ਵਿਦਿਆਰਥੀਆਂ ਦੇ ਰੋਸ ਤੋਂ ਸ਼ੁਰੂ ਹੋਇਆ, ਜਿਸ ਦੇ ਸਿੱਟੇ ਵਜੋਂ ਦੇਸ਼ 'ਚ ਇਮਰਜੈਂਸੀ ਲੱਗੀ ਅਤੇ ਕਾਂਗਰਸ ਸੱਤਾ ਤੋਂ ਬਾਹਰ ਹੋਈ। 1979-1985 ਤੱਕ ਅਸਾਮ ਦੇ ਵਿਦਿਆਰਥੀ ਅੰਦੋਲਨ ਨੇ ਕੇਂਦਰ ਸਰਕਾਰ ਨੂੰ 'ਅਸਾਮ ਸਮਝੌਤਾ' ਕਰਨ ਲਈ ਮਜਬੂਰ ਕੀਤਾ। 1990 ਦਾ ਮੰਡਲ ਕਮਿਸ਼ਨ ਵਿਰੋਧੀ ਅੰਦੋਲਨ ਹੋਵੇ ਜਾਂ 2016 ਵਿੱਚ ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੀ ਸੰਸਥਾਗਤ ਹੱਤਿਆ ਵਿਰੁੱਧ ਉੱਠਿਆ ਰੋਸ-ਵਿਦਿਆਰਥੀਆਂ ਨੇ ਹਮੇਸ਼ਾ ਹਕੂਮਤਾਂ ਦੀਆਂ ਨੀਂਦਾਂ ਉਡਾਈਆਂ ਹਨ।

2017 ਵਿੱਚ ਪੰਜਾਬ ਯੂਨੀਵਰਸਿਟੀ (ਪੀਯੂ) ਚੰਡੀਗੜ੍ਹ ਵਿਖੇ ਫ਼ੀਸਾਂ ਦੇ ਭਾਰੀ ਵਾਧੇ ਵਿਰੁੱਧ ਵਿਦਿਆਰਥੀਆਂ ਦਾ ਇਤਿਹਾਸਕ ਸੰਘਰਸ਼, 2019 ਵਿੱਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਦਾ ਫੀਸ ਵਾਧਾ ਵਿਰੋਧੀ ਅੰਦੋਲਨ, ਅਤੇ ਹਾਲ ਹੀ ਵਿੱਚ 2025 ਵਿੱਚ ਪੰਜਾਬ ਯੂਨੀਵਰਸਿਟੀ ਦੇ ਲੋਕਤੰਤਰ ਤੇ ਸੈਨੇਟ ਨੂੰ ਬਚਾਉਣ ਲਈ ਲੜਿਆ ਗਿਆ ਅੰਦੋਲਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਨੌਜਵਾਨ ਚੁੱਪ ਨਹੀਂ ਬੈਠ ਸਕਦੇ।

ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੇ ਹਮੇਸ਼ਾ ਇਨ੍ਹਾਂ ਇਤਿਹਾਸਕ ਅੰਦੋਲਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਇਸ 'ਕਾਕਰੋਚ ਅੰਦੋਲਨ' ਵੇਲੇ ਵੀ ਮੀਡੀਆ ਨੇ ਪ੍ਰਦਰਸ਼ਨਕਾਰੀਆਂ ਨੂੰ ਗੁਮਰਾਹਕੁੰਨ ਅਤੇ ਦੇਸ਼-ਵਿਰੋਧੀ ਗਰਦਾਨਣ 'ਚ ਕੋਈ ਕਸਰ ਨਹੀਂ ਛੱਡੀ।

ਅੰਕੜੇ ਗਵਾਹ ਹਨ ਕਿ ਪਿਛਲੇ 10 ਸਾਲਾਂ ਵਿੱਚ 99 ਤੋਂ ਵੱਧ ਪ੍ਰਮੁੱਖ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਏ, ਜਿਸ ਨਾਲ ਸਾਢੇ ਛੇ ਕਰੋੜ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਿਆ। ਪੇਪਰ ਮਾਫ਼ੀਆ ਦਾ ਜਾਲ 19 ਸੂਬਿਆਂ ਵਿੱਚ ਫੈਲਿਆ ਹੋਇਆ ਹੈ। ਪਰ ਹਕੂਮਤ ਦੀ ਖ਼ਾਮੋਸ਼ੀ ਅਤੇ ਗੋਦੀ ਮੀਡੀਆ ਦੀ ਅੰਨ੍ਹੀ ਵਫ਼ਾਦਾਰੀ ਸ਼ਰਮਨਾਕ ਰਹੀ। ਜਦੋਂ ਨੀਟ ਪ੍ਰੀਖਿਆ ਦੇ ਧਾਂਦਲੇਪਣ ਕਾਰਨ 22 ਦੇ ਲਗਭਗ ਮਾਸੂਮ ਵਿਦਿਆਰਥੀਆਂ ਨੇ ਨਿਰਾਸ਼ਾ ਵਿੱਚ ਆਤਮਹੱਤਿਆ ਕੀਤੀ, ਤਾਂ ਕਿਸੇ ਟੀਵੀ ਚੈਨਲ ਨੇ ਉਨ੍ਹਾਂ ਦੇ ਪਰਿਵਾਰਾਂ ਦਾ ਦਰਦ ਨਹੀਂ ਦਿਖਾਇਆ।

ਕਾਹਨ ਪਟੇਲ ਨਾਮ ਦੇ ਵਿਦਿਆਰਥੀ ਦੇ ਪਿਤਾ ਪ੍ਰਸ਼ਾਂਤ ਪਟੇਲ ਦੇ ਇਹ ਸ਼ਬਦ ਸਿਸਟਮ ਦੇ ਮੂੰਹ 'ਤੇ ਚਪੇੜ ਹਨ: "ਮੇਰੇ ਪੁੱਤ ਨੇ ਡਾਕਟਰ ਬਣਨ ਲਈ ਖੇਡਣਾ, ਘੁੰਮਣਾ, ਗਿਟਾਰ ਵਜਾਉਣਾ ਸਭ ਛੱਡ ਦਿੱਤਾ ਸੀ। ਪਰ ਪੇਪਰ ਲੀਕ ਦੀ ਖ਼ਬਰ ਨੇ ਉਸ ਦਾ ਵਿਸ਼ਵਾਸ ਤੋੜ ਦਿੱਤਾ। ਮੇਰਾ ਬੇਟਾ ਆਪ ਨਹੀਂ ਹਾਰਿਆ, ਇਸ ਭ੍ਰਿਸ਼ਟ ਸਿਸਟਮ ਨੇ ਉਸ ਦਾ ਕਤਲ ਕੀਤਾ ਹੈ।"

ਪਰ ਗੋਦੀ ਮੀਡੀਆ ਨੂੰ ਇਹ ਦਰਦ ਨਜ਼ਰ ਨਹੀਂ ਆਉਂਦਾ, ਕਿਉਂਕਿ ਉਹ ਸਿਰਫ਼ ਤਾਕਤ ਦੇ ਸੋਹਲੇ ਗਾਉਣਾ ਜਾਣਦਾ ਹੈ। ਜੰਤਰ-ਮੰਤਰ 'ਤੇ ਜਦੋਂ ਦੇਸ਼ ਦੇ ਭਵਿੱਖ ਉੱਤੇ ਲਾਠੀਆਂ ਅਤੇ ਅੱਥਰੂ ਗੈਸ ਦੇ ਗੋਲੇ ਬਰਸਾਏ ਜਾ ਰਹੇ ਸਨ, ਉਦੋਂ ਮੀਡੀਏ ਦੇ ਕੈਮਰੇ ਬੰਦ ਸਨ। ਹੱਦ ਤਾਂ ਉਦੋਂ ਹੋ ਗਈ ਜਦੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੀਆਂ ਨੌਜਵਾਨ ਧੀਆਂ-ਭੈਣਾਂ ਅਤੇ ਲੜਕੀਆਂ ਨਾਲ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਬੇਰਹਿਮੀ ਅਤੇ ਬਦਸਲੂਕੀ ਕੀਤੀ ਗਈ। ਉਨ੍ਹਾਂ ਨੂੰ ਧੱਕੇ ਮਾਰੇ ਗਏ, ਘੜੀਸਿਆ ਗਿਆ, ਪਰ ਸਰਕਾਰੀ ਸ਼ਹਿ ਪ੍ਰਾਪਤ ਮੀਡੀਆ ਨੇ ਇਸ ਸ਼ਰਮਨਾਕ ਰਵੱਈਏ ਨੂੰ ਦਿਖਾਉਣ ਦੀ ਥਾਂ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਰੱਖੀ।

ਇਸ ਅੰਦੋਲਨ ਦੀ ਸਭ ਤੋਂ ਵੱਡੀ ਖ਼ਾਸੀਅਤ ਅਤੇ ਖ਼ੂਬਸੂਰਤੀ ਇਹ ਰਹੀ ਕਿ ਇਸ ਨੇ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਜਾਂ ਫ਼ਿਰਕੂ ਰੂਪ ਅਖ਼ਤਿਆਰ ਨਹੀਂ ਕੀਤਾ। ਹਕੂਮਤ ਅਤੇ ਗੋਦੀ ਮੀਡੀਆ ਨੇ ਇਸ ਨੂੰ ਧਰਮ ਜਾਂ ਜਾਤ ਦੀਆਂ ਵੰਡੀਆਂ 'ਚ ਉਲਝਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਇਹ ਨੌਜਵਾਨ ਕਿਸੇ ਜਾਲ 'ਚ ਨਹੀਂ ਫਸੇ। ਉਹ ਇੱਕ ਸਹੀ, ਨਿਰਪੱਖ ਅਤੇ ਅਗਾਂਹਵਧੂ ਸੋਚ ਨਾਲ ਅੱਗੇ ਵਧੇ, ਜਿੱਥੇ ਉਨ੍ਹਾਂ ਦਾ ਇਕਲੌਤਾ ਧਰਮ- ਇਨਸਾਫ਼, ਸਿੱਖਿਆ ਅਤੇ ਰੋਜ਼ਗਾਰ ਸੀ।

ਇਸ ਦੇ ਨਾਲ ਹੀ ਇੱਕ ਹੋਰ ਬਹੁਤ ਹੀ ਮਹੱਤਵਪੂਰਨ ਪਹਿਲੂ ਇਹ ਰਿਹਾ ਕਿ ਵਿਦਿਆਰਥੀ ਪ੍ਰਬੰਧਕਾਂ ਨੇ ਇਸ ਅੰਦੋਲਨ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਦੀ 'ਕੱਠਪੁਤਲੀ' ਨਹੀਂ ਬਣਨ ਦਿੱਤਾ। ਭਾਵੇਂ ਕਿ ਲਗਭਗ ਸਾਰੀਆਂ ਵਿਰੋਧੀ ਧਿਰਾਂ ਨੇ ਇਸ ਸੰਘਰਸ਼ ਦਾ ਸਮਰਥਨ ਕੀਤਾ ਅਤੇ ਅਨੇਕਾਂ ਸਮਾਜਿਕ ਜਥੇਬੰਦੀਆਂ ਵੀ ਵਿਦਿਆਰਥੀਆਂ ਦੇ ਹੱਕ ਵਿੱਚ ਨਿੱਤਰ ਕੇ ਸਾਹਮਣੇ ਆਈਆਂ, ਪਰ ਅੰਦੋਲਨ ਦੇ ਪ੍ਰਬੰਧਕਾਂ ਨੇ ਸਮਝਦਾਰੀ ਦਿਖਾਉਂਦਿਆਂ ਕਿਸੇ ਵੀ ਸਿਆਸੀ ਧਿਰ ਨੂੰ ਇਸ ਮੰਚ ਨੂੰ ਹਥਿਆਉਣ ਨਹੀਂ ਦਿੱਤਾ। ਨੌਜਵਾਨ ਇਸ ਸੋਚ ਨਾਲ ਅੱਗੇ ਵਧੇ ਕਿ ਇਹ ਅੰਦੋਲਨ ਕਿਸੇ ਪਾਰਟੀ ਦਾ ਮੁਫ਼ਤ ਦਾ ਸਿਆਸੀ ਹਥਿਆਰ ਬਣਨ ਦੀ ਥਾਂ, ਇੱਕ ਅਜਿਹਾ ਸੁਚੇਤ ਜਨ-ਅੰਦੋਲਨ ਬਣੇ ਜੋ ਦੇਸ਼ ਦੇ ਭਵਿੱਖ ਅਤੇ ਆਉਣ ਵਾਲੀ ਰਾਜਨੀਤੀ ਨੂੰ ਇੱਕ ਹਾਂ-ਪੱਖੀ ਤੇ ਨਵੀਂ ਦਿਸ਼ਾ ਦੇਣ ਵਿੱਚ ਇਤਿਹਾਸਕ ਭੂਮਿਕਾ ਨਿਭਾ ਸਕੇ। ਨੌਜਵਾਨਾਂ ਨੇ ਇਹ ਵੀ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਇਹ ਸੰਘਰਸ਼ ਹੁਣੇ ਖ਼ਤਮ ਹੋਣ ਵਾਲਾ ਨਹੀਂ ਹੈ। ਜੇਕਰ ਸਰਕਾਰ ਪ੍ਰਵਾਨ ਕੀਤੀਆਂ ਮੰਗਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਤੋਂ ਪਿੱਛੇ ਹਟਦੀ ਹੈ ਜਾਂ ਆਪਣੇ ਵਾਅਦਿਆਂ ਤੋਂ ਮੁਨਕਰ ਹੁੰਦੀ ਹੈ, ਤਾਂ ਇਹ ਅੰਦੋਲਨ ਅਗਲੇ ਚਰਨ ਵਿੱਚ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਤੱਕ ਦੀ ਮੰਗ ਵੱਲ ਵਧ ਸਕਦਾ ਹੈ।

ਇਹ ਸੱਚਾਈ ਹੈ ਕਿ ਦੇਸ਼ ਦੀ 1.42 ਅਰਬ ਆਬਾਦੀ ਵਿੱਚੋਂ ਅੱਧੇ ਨਾਲੋਂ ਵੱਧ ਹਿੱਸਾ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦਾ ਹੈ। ਜਦੋਂ ਇਹ ਚੇਤਨ ਸ਼ਕਤੀ ਆਪਣੇ ਹੱਕਾਂ ਲਈ ਸੜਕਾਂ 'ਤੇ ਉੱਤਰਦੀ ਹੈ, ਤਾਂ ਵੱਡੇ ਤੋਂ ਵੱਡੇ ਹੰਕਾਰੀ ਸ਼ਾਸਕਾਂ ਦੇ ਤਖ਼ਤ ਹਿੱਲ ਸਕਦੇ ਹਨ।ਇਸ ਅੰਦੋਲਨ ਦਰਮਿਆਨ ਪ੍ਰਧਾਨ ਮੰਤਰੀ ਦੀ ਲੰਮੀ ਖ਼ਾਮੋਸ਼ੀ ਅਤੇ ਮੀਡੀਆ ਦਾ ਪ੍ਰੋਪੇਗੰਡਾ ਨੌਜਵਾਨਾਂ ਦੇ ਡਿਜੀਟਲ ਅਤੇ ਸੜਕੀ ਸੰਘਰਸ਼ ਦੇ ਸੁਮੇਲ ਅੱਗੇ ਬੇਅਸਰ ਹੋ ਗਿਆ।

'ਕਾਕਰੋਚ ਅੰਦੋਲਨ' ਸਿਰਫ਼ ਵਿਦਿਆਰਥੀਆਂ ਦੀ ਇੱਕ ਆਰਜ਼ੀ ਜਿੱਤ ਨਹੀਂ ਹੈ, ਸਗੋਂ ਇਹ ਗੋਦੀ ਮੀਡੀਆ ਦੀ ਗੁਲਾਮ ਮਾਨਸਿਕਤਾ ਅਤੇ ਸੱਤਾ ਦੇ ਹੰਕਾਰ ਲਈ ਇੱਕ ਬਹੁਤ ਵੱਡਾ ਇਤਿਹਾਸਕ ਸਬਕ ਹੈ। ਨੌਜਵਾਨਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਦੋਂ ਲੋਕਤੰਤਰ ਦਾ ਚੌਥਾ ਥੰਮ੍ਹ (ਮੀਡੀਆ) ਆਪਣਾ ਇਖ਼ਲਾਕ ਵੇਚ ਕੇ ਸੱਤਾ ਦਾ ਗੁਲਾਮ ਬਣ ਜਾਵੇ, ਤਾਂ ਦੇਸ਼ ਦਾ ਨੌਜਵਾਨ ਖ਼ੁਦ ਸੜਕਾਂ 'ਤੇ ਉੱਤਰ ਕੇ ਲੋਕਤੰਤਰ ਦੀ ਰਾਖੀ ਕਰਨ ਅਤੇ ਨਵੇਂ ਇਤਿਹਾਸ ਦੇ ਪੰਨੇ ਲਿਖਣ ਦੀ ਸਮਰੱਥਾ ਰੱਖਦਾ ਹੈ। ਗੋਦੀ ਮੀਡੀਆ ਦੀਆਂ ਸਮੁੱਚੀਆਂ ਚਾਲਾਂ ਨੂੰ ਮਾਤ ਦੇ ਕੇ ਇਨ੍ਹਾਂ 'ਕਾਕਰੋਚਾਂ' ਨੇ ਸ਼ਾਸਕਾਂ ਨੂੰ ਲਤਾੜ ਕੇ ਇੱਕ ਨਵੀਂ ਕ੍ਰਾਂਤੀ ਦਾ ਆਗਾਜ਼ ਕਰ ਦਿੱਤਾ ਹੈ।

# ਆ ਗਈ ਰੋਡਵੇਜ਼ ਦੀ ਲਾਰੀ

(ਵਿਅੰਗ)

ਨਿਰਮਲ ਸਿੰਘ ਕੰਧਾਲਵੀ



ਪੰਜਾਬ ਦਾ ਸ਼ਾਇਦ ਹੀ ਐਸਾ ਕੋਈ ਸ਼ਖ਼ਸ ਹੋਵੇਗਾ ਜਿਸ ਦਾ ਬੱਸਾਂ ਦੇ ਸਫ਼ਰ ਦਾ ਕੋਈ ਮਿੱਠਾ-ਕੌੜਾ ਤਜਰਬਾ ਨਾ ਹੋਵੇ। ਕੌੜਾ ਵਧੇਰੇ ਅਤੇ ਮਿੱਠਾ ਘੱਟ। ਬਜ਼ੁਰਗਾਂ ਵਾਸਤੇ ਤੇ ਬਿਮਾਰ ਲੋਕਾਂ ਲਈ ਤਾਂ ਬੱਸ ਦਾ ਸਫ਼ਰ ਭਵ-ਸਾਗਰ ਪਾਰ ਕਰਨ ਵਾਂਗ ਹੀ ਹੈ। ਬੱਸ ਦੀਆਂ ਉੱਚੀਆਂ ਪੌੜੀਆਂ ਚੜ੍ਹਨੀਆਂ ਚੁਬਾਰੇ ਉੱਤੇ ਚੜ੍ਹਨ ਵਾਂਗ ਹੈ। ਪੱਛਮੀ ਦੇਸ਼ਾਂ ਵਰਗੀਆਂ ਸਹੂਲਤਾਂ ਅਜੇ ਨਸੀਬ ਨਹੀਂ ਹੋਈਆਂ ਉੱਥੇ, ਜਿੱਥੇ ਬੱਸ ਨੂੰ ਹਾਈਡ੍ਰਾਲਿਕ ਸਿਸਟਮ ਨਾਲ ਫੁੱਟਪਾਥ ਦੇ ਲੈਵਲ 'ਤੇ ਕਰ ਦਿਤਾ ਜਾਂਦਾ ਹੈ। ਵ੍ਹੀਲਚੇਅਰ ਵੀ ਬੱਸ ਦੇ ਅੰਦਰ ਜਾ ਸਕਦੀ ਹੈ। ਅਸੀਂ ਆਪ ਵੀ ਅਜੇ ਕਤਾਰ 'ਚ ਖੜ੍ਹੇ ਹੋ ਕੇ ਆਪਣੀ ਵਾਰੀ ਦੀ ਉਡੀਕ ਕਰਨੀ ਨਹੀਂ ਸਿੱਖੀ। ਧੱਕੋ-ਮੁੱਕੀ ਨੂੰ ਹੀ ਪਰਮੋ- ਧਰਮਾ ਸਮਝਦੇ ਹਾਂ। ਅਸੀਂ ਤਾਂ ਹਵਾਈ ਜਹਾਜ਼ ਤੇ ਚੜ੍ਹਨ ਲੱਗਿਆਂ ਵੀ ਇਕ ਦੂਜੇ ਦੀਆਂ ਖੁੱਚਾਂ ਵੱਢਣੋਂ ਨਹੀਂ ਹਟਦੇ ਹਾਲਾਂ ਕਿ ਪਤਾ ਹੈ ਕਿ ਜਹਾਜ਼ ਨੇ ਸਭ ਨੂੰ ਹੀ ਲੈ ਕੇ ਜਾਣਾ ਹੈ।

ਗੀਤਕਾਰਾਂ ਨੇ ਵੀ ਇਹਨਾਂ ਤਜਰਬਿਆਂ ਨੂੰ ਆਪਣੇ ਸ਼ਬਦਾਂ 'ਚ ਖ਼ੂਬ ਬੰਨ੍ਹਿਆਂ ਹੈ। ਉੱਪਰਲਾ ਗੀਤ ਕਿ 'ਆ ਗਈ ਰੋਡਵੇਜ਼ ਦੀ ਲਾਰੀ, ਨਾ ਕੋਈ ਸ਼ੀਸ਼ਾ ਨਾ ਕੋਈ ਬਾਰੀ' ਬੜਾ ਮਕਬੂਲ ਹੋਇਆ ਸੀ। ਮੈਂ ਜਦੋਂ ਵੀ ਪੰਜਾਬ ਜਾਂਦਾ ਹਾਂ ਤਾਂ ਥੋੜ੍ਹਾ ਬਹੁਤ ਬੱਸ ਦਾ ਸਫ਼ਰ ਜ਼ਰੂਰ ਕਰਦਾ ਹਾਂ, ਇਕ ਤਾਂ ਮੈਨੂੰ ਆਪਣਾ ਕਾਲਜ ਦਾ ਉਹ ਜ਼ਮਾਨਾ ਯਾਦ ਆ ਜਾਂਦਾ ਹੈ ਜਦੋਂ ਅਸੀਂ ਵੀ ਇਨ੍ਹਾਂ ਵਰਤਾਰਿਆਂ 'ਚ ਸ਼ਾਮਲ ਹੁੰਦੇ ਸਾਂ ਤੇ ਦੂਸਰਾ ਤੁਹਾਨੂੰ ਆਲ਼ੇ ਦੁਆਲੇ ਬੈਠੇ ਲੋਕਾਂ ਦੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ ਤੇ ਉਨ੍ਹਾਂ ਦੀ ਗੱਲਬਾਤ ਤੋਂ ਸਮਾਜਿਕ ਵਰਤਾਰੇ ਬਾਰੇ ਪਤਾ ਲਗਦਾ ਹੈ।

ਕੰਡਕਟਰਾਂ ਤੇ ਸਵਾਰੀਆਂ ਦੀ ਬਹੁਤੀ ਤੂੰ ਤੂੰ ਮੈਂ ਮੈਂ ਟੁੱਟੇ ਹੋਏ ਪੈਸਿਆਂ ਤੋਂ ਹੀ ਹੁੰਦੀ ਹੈ। ਦੋਵੇਂ ਧਿਰਾਂ ਇਸ ਦੀ ਜ਼ਿੰਮੇਵਾਰੀ ਇਕ ਦੂਜੇ 'ਤੇ ਸੁੱਟਦੀਆਂ ਹਨ। ਕੰਡਕਟਰ ਦੀ ਦਲੀਲ ਕਿ ਸਵਾਰੀ ਘਰੋਂ ਹੀ ਟੁੱਟੇ ਹੋਏ ਪੈਸੇ ਲੈ ਕੇ ਤੁਰੇ ਤੇ ਸਵਾਰੀ ਦੀ ਦਲੀਲ ਕਿ ਕੰਡਕਟਰ ਕੋਲ ਭਾਨ ਹੋਣੀ ਚਾਹੀਦੀ ਹੈ। ਕਈ ਵਾਰੀ ਛੋਟੇ ਬੱਚਿਆਂ ਦੀ ਉਮਰ ਬਾਰੇ ਵੀ ਝਗੜਾ ਖੜ੍ਹਾ ਹੋ ਜਾਂਦਾ ਹੈ। ਮਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਬੱਚੇ ਦੀ ਉਮਰ ਘੱਟ ਦੱਸੀ ਜਾਵੇ ਜਿਸ ਨਾਲ ਟਿਕਟ ਨਾ ਲੱਗੇ ਜਾਂ ਅੱਧੀ ਲੱਗੇ। ਬੱਸਾਂ ਦੇ ਸਫ਼ਰ ਨੂੰ ਲੈ ਕੇ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਹੜਤਾਲਾਂ ਕਿਸ ਨੂੰ ਯਾਦ ਨਹੀਂ! ਆਮ ਲੋਕ ਖੱਜਲ ਖੁਆਰ ਹੁੰਦੇ, ਉਹ ਕਦੇ ਵਿਦਿਆਰਥੀਆਂ ਨੂੰ ਤੇ ਕਦੇ ਬੱਸਾਂ ਵਾਲਿਆਂ ਨੂੰ ਬੁਰਾ ਭਲਾ ਬੋਲਦੇ।

ਕੈ.ਅਮਰਿੰਦਰ ਸਿੰਘ ਦੀ ਸਰਕਾਰ ਨੇ ਬੀਬੀਆਂ ਲਈ ਬੱਸਾਂ 'ਚ ਸਫ਼ਰ ਮੁਫ਼ਤ ਕਰ ਦਿਤਾ। ਬੀਬੀਆਂ ਦੀਆਂ ਵੋਟਾਂ ਪੱਕੀਆਂ, ਪਰ ਇਸ ਨੇ ਵੀ ਬੜੇ ਪੁਆੜੇ ਪਾਏ। ਨਿਤ ਦਿਨ ਕੰਡਕਟਰਾਂ ਦੀ ਬੀਬੀਆਂ ਨਾਲ ਹੁੰਦੀ ਤੂੰ ਤੂੰ ਮੈਂ ਮੈਂ ਅਖ਼ਬਾਰਾਂ ਤੇ ਸੋਸ਼ਲ ਮੀਡੀਆ



ਦਾ ਸ਼ਿੰਗਾਰ ਬਣਦੀ ਹੈ। ਜੇ ਬੀਬੀਆਂ ਕਿਸੇ ਸਟਾਪ 'ਤੇ ਜ਼ਿਆਦਾ ਖੜ੍ਹੀਆਂ ਹਨ ਤਾਂ ਡਰਾਈਵਰ ਬੱਸ ਨੂੰ ਜਾਂ ਤਾਂ ਪਿੱਛੇ ਹੀ ਰੋਕ ਲੈਂਦੇ ਹਨ ਜਾਂ ਅਗਾਂਹ ਜਾ ਕੇ ਰੁਕਦੇ ਹਨ ਤਾਂ ਕਿ ਬੀਬੀਆਂ ਨੂੰ ਚੜ੍ਹਾਉਣਾ ਨਾ ਪਵੇ। ਬਹੁਤ ਲੋਕ ਇਸ ਗੱਲ ਦਾ ਵੀ ਇਤਰਾਜ਼ ਕਰਦੇ ਹਨ ਕਿ ਜਿਹੜੀਆਂ ਬੀਬੀਆਂ ਨੌਕਰੀ ਕਰਦੀਆਂ ਤੇ ਮੋਟੀਆਂ ਤਨਖ਼ਾਹਾਂ ਲੈਂਦੀਆਂ ਹਨ ਜਾਂ ਉਂਜ ਘਰੋਂ ਰੱਜੀਆਂ ਪੁੱਜੀਆਂ ਹਨ ਉਨ੍ਹਾਂ ਨੂੰ ਇਹ ਸਹੂਲਤ ਕਿਉਂ? ਪਰ ਮਸਲਾ ਤਾਂ ਵੋਟਾਂ ਨਾਲ ਜੁੜਿਆ ਹੋਇਆ ਹੈ। ਜੇ ਕੇਂਦਰ ਸਰਕਾਰ ਇੰਜ ਵੋਟਾਂ ਬਟੋਰਦੀ ਹੈ ਤਾਂ ਸੂਬੇ ਕਿਉਂ ਪਿੱਛੇ ਰਹਿਣ? ਤਾਏ ਦੀ ਚੱਲੀ ਤਾਂ ਮੈਂ ਕਿਉਂ ਰਹਾਂ ਇਕੱਲੀ।

ਉੱਪਰਲੇ ਗੀਤ ਨਾਲ਼ ਸਬੰਧਤ ਇਕ ਬੜੀ ਰੌਚਕ ਘਟਨਾ ਪੇਸ਼ ਹੈ। ਮੇਰੇ ਮਹਿਕਮੇ ਨੇ ਮੇਰੀ ਬਦਲੀ ਅਚਾਨਕ ਹੀ ਕੋਟਕਪੂਰੇ ਦੀ ਕਰ ਦਿਤੀ। ਉੱਥੇ ਮੇਰਾ ਸਹਾਇਕ ਬਹੁਤ ਹੀ ਹਾਜ਼ਰ ਜਵਾਬ ਤੇ ਟਿਚਕਰਬਾਜ਼ੀ 'ਚ ਬੜਾ ਮਾਹਰ ਬੰਦਾ ਸੀ। ਇਕ ਦਿਨ ਅਸੀਂ ਦੋਵਾਂ ਨੇ ਕਿਸੇ ਸਰਕਾਰੀ ਕੰਮ ਲਈ ਫ਼ਰੀਦਕੋਟ ਜਾਣਾ ਸੀ। ਪੰਜਾਬ ਰੋਡਵੇਜ਼ ਦੀ ਜਿਸ ਬੱਸ 'ਚ ਚੜ੍ਹੇ ਉਸ ਦੀ ਬੜੀ ਖ਼ਸਤਾ ਹਾਲਤ ਸੀ। ਖਿੜਕੀਆਂ ਦਾ ਟਾਂਵਾਂ ਟਾਂਵਾਂ ਸ਼ੀਸ਼ਾ ਹੀ ਸਾਬਤ ਸੀ ਤੇ ਉੱਪਰੋਂ ਕਹਿਰ ਦੀ ਸਰਦੀ। ਠੰਢੀ-ਸੀਤ ਹਵਾ ਹੱਡਾਂ ਨੂੰ ਚੀਰਦੀ ਜਾਂਦੀ ਸੀ। ਕੰਡਕਟਰ ਜਦੋਂ ਟਿਕਟਾਂ ਕੱਟਦਾ ਹੋਇਆ ਸਾਡੇ ਕੋਲ ਆਇਆ ਤਾਂ ਮੇਰੇ ਸਹਾਇਕ ਨੇ ਉਸ ਨੂੰ ਅਜੀਬੋ-ਗਰੀਬ ਜਿਹਾ ਸਵਾਲ ਕਰ ਦਿਤਾ, "ਬਾਈ, ਐਹ ਬੱਸ ਵੇਚਣੀ ਐ ਤੁਸੀਂ?" ਵਿਚਾਰਾ ਕੰਡਕਟਰ ਇਕ ਵਾਰੀ ਤਾਂ ਭਮੰਤਰ ਗਿਆ ਸਵਾਲ ਸੁਣ ਕੇ ਪਰ ਫੇਰ ਵੀ ਉਸ ਨੇ ਜਵਾਬੀ ਸਵਾਲ ਕੀਤਾ, " ਬਾਈ, ਤੁਸੀਂ ਕੀ ਕਰਨੀ ਐ?"

"ਯਾਰ, ਮੈਂ ਮੁਰਗੀਖਾਨਾ ਖੋਲ੍ਹਣਾ, ਬਸ ਇਹਨੂੰ ਤਾਂ ਜਾਲ਼ੀ ਹੀ ਲਾਉਣੀ ਪੈਣੀ ਆਂ ਆਲ਼ੇ ਦੁਆਲੇ, ਬਾਕੀ ਤਾਂ ਇਹ ਬਣਿਆ ਬਣਾਇਆ ਈ ਮੁਰਗੀ ਖਾਨਾ ਐ, ਨਾਲੇ ਮੁਰਗੀਆਂ ਸੀਟਾਂ 'ਤੇ ਬੈਠ ਕੇ ਆਂਡੇ ਦਿਆ ਕਰਨਗੀਆਂ।" ਸਾਰੀਆਂ ਸਵਾਰੀਆਂ ਖਿੜ ਖਿੜਾ ਕੇ ਹੱਸ ਪਈਆਂ ਤੇ

ਕੰਡਕਟਰ ਵਿਚਾਰਾ ਸ਼ਰਮਿੰਦਾ ਹੋਇਆ ਕੁਝ ਨਾ ਬੋਲ ਸਕਿਆ ਤੇ ਹੀਂ ਹੀਂ ਕਰਦਾ ਅਗਾਂਹ ਹੋਇਆ।

ਕਈ ਵਾਰੀ ਕੰਡਕਟਰ ਮੁਸਾਫ਼ਰਾਂ ਦਾ ਬਕਾਇਆ ਟਿਕਟ ਦੇ ਪਿੱਛੇ ਲਿਖ ਦਿੰਦੇ ਹਨ। ਜੇ ਉਹ ਵਿਚਾਰਾ ਵਾਰ ਵਾਰ ਮੰਗ ਲਵੇ ਤਾਂ ਕਈ ਕੰਡਕਟਰ ਆਪੇ ਤੋਂ ਬਾਹਰ ਹੋ ਜਾਂਦੇ ਹਨ। ਮੈਨੂੰ 1991 'ਚ ਅਚਾਨਕ ਪੰਜਾਬ ਜਾਣਾ ਪਿਆ। ਪੰਜਾਬ 'ਚ ਉਸ ਵੇਲੇ ਜੁਗ- ਗ਼ਰਦੀ ਚਲ ਰਹੀ ਸੀ। ਮੈਂ ਭੋਗ ਪੁਰ ਰਿਸ਼ਤੇਦਾਰੀ 'ਚ ਜਾਣਾ ਸੀ। ਮੈਨੂੰ ਸਲਾਹ ਦਿਤੀ ਗਈ ਕਿ ਬੱਸ 'ਚ ਜਾਣਾ ਠੀਕ ਰਹੇਗਾ ਕਿਉਂਕਿ ਪ੍ਰਾਈਵੇਟ ਵਾਹਨਾਂ ਦੀ ਚੈਕਿੰਗ ਬਹੁਤ ਹੁੰਦੀ ਸੀ, ਚੈਕਿੰਗ ਭਾਵ ਕੋਈ ਪੰਗਾ। ਟਾਂਡਾ ਉੜਮੁੜ ਪਹੁੰਚ ਕੇ ਮੈਨੂੰ ਜੇ. ਐਂਡ ਕੇ. ਦੀ ਜੰਮੂ ਤੋਂ ਦਿੱਲੀ ਵਾਲੀ ਬੱਸ ਮਿਲ ਗਈ। ਟਾਂਡੇ ਤੋਂ ਭੋਗ ਪੁਰ ਦਾ ਕਿਰਾਇਆ ਢਾਈ ਰੁਪਏ ਸੀ ਉਸ ਵੇਲੇ। ਮੈਂ ਕੰਡਕਟਰ ਨੂੰ ਪੰਜ ਰੁਪਏ ਦਾ ਨੋਟ ਦਿਤਾ। ਟੁੱਟੇ ਹੋਏ ਪੈਸੇ ਨਹੀਂ ਸਨ ਮੇਰੇ ਕੋਲ। ਉਸ ਨੇ ਬਕਾਇਆ ਟਿਕਟ ਦੇ ਪਿੱਛੇ ਲਿਖ ਦਿਤਾ।

ਦੋ ਤਿੰਨ ਵਾਰੀ ਕੰਡਕਟਰ ਮੇਰੇ ਕੋਲੋਂ ਦੀ ਲੰਘਿਆ, ਮੈਂ ਬਕਾਇਆ ਮੰਗਿਆ। ਉਹ ਘੇਸਲ ਮਾਰ ਕੇ ਲੰਘ ਜਾਂਦਾ ਰਿਹਾ। ਜਦ ਭੋਗ ਪੁਰ ਦਾ ਪੈਂਡਾ ਥੋੜ੍ਹਾ ਹੀ ਰਹਿ ਗਿਆ ਤਾਂ ਮੈਂ ਕੰਡਕਟਰ ਤੋਂ ਫਿਰ ਬਕਾਇਆ ਮੰਗਿਆ ਤਾਂ ਉਹ ਗਰਜ ਕੇ ਬੋਲਿਆ, "ਮਾਰ ਲਿਆ ਯਾਰ ਤੇਰੇ ਬਕਾਏ ਨੇ, ਮੈਂ ਕੋਠੀ ਤਾਂ ਨਹੀਂ ਪਾ ਲਈ ਤੇਰੇ ਬਕਾਏ ਨਾਲ, ਐਹ ਲੀਡਰ ਤੇ ਵੱਡੇ ਅਫ਼ਸਰ ਸਭ ਕੁਝ ਲੁੱਟ ਲੁੱਟ ਖਾਈ ਜਾਂਦੇ ਐ, ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ।"

"ਭਾਈ ਸਾਬ ਏਸ ਗੱਲ ਦਾ ਮੇਰੇ ਬਕਾਏ ਨਾਲ ਕੀ ਸਬੰਧ ਐ, ਅਸੂਲ ਦੇ ਮੁਤਾਬਕ ਤੈਨੂੰ ਸਵਾਰੀਆਂ ਦਾ ਬਕਾਇਆ ਆਪ ਹੀ ਮੋੜ ਦੇਣਾ ਚਾਹੀਦੈ," ਮੈਂ ਕਿਹਾ।

"ਬਾਹਰੋਂ ਆਇਆ ਲਗਦੈਂ," ਮੱਥੇ ਤਿਉੜੀ ਪਾ ਕੇ ਉਹ ਬੋਲਿਆ

"ਇੰਜ ਹੀ ਸਮਝ ਲੈ," ਮੈਂ ਵੀ ਰੋਅਬ ਨਾਲ ਕਿਹਾ

"ਤਾਂ ਹੀ ਤੀਂਘੜਦੈਂ ਤੇ ਅਸੂਲ ਸਮਝਾਉਨੈਂ ਮੈਨੂੰ, ਬਾਹਰ ਦੇ ਅਸੂਲ ਬਾਹਰ ਹੀ ਰੱਖ ਕੇ ਆਇਆ ਕਰੋ, ਜਿੱਦਾਂ ਅਸੀਂ ਏਥੇ ਰਹਿੰਨੇ ਆਂ ਇੰਜ ਹੀ ਰਿਹਾ ਕਰੋ ਜਿਹੜੇ ਚਾਰ ਦਿਨ ਰਹਿਣਾ ਹੁੰਦੈ। ਔਹ ਪਿੱਛੇ ਬੈਠੇ ਦੋ ਸਿਪਾਹੀ ਦੇਖੇ ਐ ਗੰਨਾਂ ਵਾਲੇ ਜਲੰਧਰ ਜਾ ਕੇ ਇਨ੍ਹਾਂ ਨੇ ਪੱਤੀ ਵਾਲਾ ਦੁੱਧ ਪੀਣੈ ਮੇਰੇ ਕੋਲੋਂ, ਮੈਂ ਆਪਣੀ ਤਨਖ਼ਾਹ 'ਚੋਂ ਪਿਆਵਾਂ?" ਉਹ ਗੁੱਸੇ ਨਾਲ ਬੋਲਿਆ। ਉਨ੍ਹਾਂ ਦਿਨਾਂ 'ਚ ਮੁਸਾਫ਼ਰਾਂ ਦੀ ਸੁਰੱਖਿਆ ਲਈ ਲੰਬੇ ਰੂਟ ਦੀਆਂ ਬੱਸਾਂ ਨਾਲ ਦੋ ਦੋ ਗੰਨਮੈਨ ਤਾਇਨਾਤ ਕੀਤੇ ਹੁੰਦੇ ਸਨ।

"ਜੇ ਇਨ੍ਹਾਂ ਨੂੰ ਪੱਤੀ ਵਾਲਾ ਦੁੱਧ ਪੀਣ ਦਾ ਸ਼ੌਕ ਐ ਤਾਂ ਆਪਣੇ ਪੈਸਿਆਂ ਦਾ ਪੀਣ, ਕੀ ਇਨ੍ਹਾਂ ਨੂੰ ਤਨਖ਼ਾਹਾਂ ਨਹੀਂ ਮਿਲਦੀਆਂ?" ਮੈਂ ਸਿਪਾਹੀਆਂ ਵਲ ਦੇਖ ਕੇ ਕਿਹਾ।

ਏਨੀ ਦੇਰ ਨੂੰ ਭੋਗ ਪੁਰ ਦਾ ਅੱਡਾ ਆ ਗਿਆ। ਦੋਨਾਂ ਦਰਵਾਜ਼ਿਆਂ 'ਚ ਧੱਕਾ-ਮੁੱਕੀ ਸ਼ੁਰੂ ਹੋ ਗਈ। ਬਾਹਰ ਵਾਲੇ ਅੰਦਰ ਆਉਣ ਲਈ ਤੇ ਅੰਦਰ ਵਾਲੇ ਬਾਹਰ ਜਾਣ ਲਈ ਜ਼ੋਰ ਆਜ਼ਮਾਈ ਲੱਗੇ ਕਰਨ। ਹੁਣ ਮੈਨੂੰ ਬਕਾਇਆ ਭੁੱਲ ਗਿਆ ਤੇ ਬਾਹਰ ਨਿਕਲਣ ਦੀ ਮੁਸੀਬਤ ਨਾਲ ਲੱਗਾ ਜੂਝਣ। ਡਰਾਈਵਰ ਰੇਸ 'ਤੇ ਪੈਰ ਮਾਰ ਮਾਰ ਕੇ ਬੱਸ ਦੀਆਂ ਚੀਕਾਂ ਕਢਾਈ ਜਾ ਰਿਹਾ ਸੀ, ਮਤਲਬ ਕਿ ਜਲਦੀ ਕਰੋ ਦਾ ਇਸ਼ਾਰਾ ਦੇ ਰਿਹਾ ਸੀ। ਖ਼ੈਰ, ਕਾਫ਼ੀ ਖਿੱਚਾਧੂਈ ਤੋਂ ਬਾਅਦ ਮੈਂ ਬਾਹਰ ਨਿਕਲਿਆ। ਮੈਨੂੰ ਇੰਜ ਲੱਗਿਆ ਜਿਵੇਂ ਮੈਂ ਪਟਕੇ ਦਾ ਘੋਲ ਜਿੱਤਿਆ ਹੋਵੇ। ਇਕ ਉੱਚੇ ਲੰਮੇ ਬਜ਼ੁਰਗ ਨੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਬੋਲਿਆ, "ਕਾਕਾ ਜੀ, ਤੁਸੀਂ ਕੰਡਕਟਰ ਨਾਲ ਬਹਿਸ ਕਰ ਕੇ ਚੰਗਾ ਨਹੀਂ ਕੀਤਾ, ਤੁਹਾਨੂੰ ਪਤੈ ਕਿ ਪੰਜਾਬ 'ਚ ਜੰਗਲ ਰਾਜ ਐ ਅੱਜ ਕਲ। ਤੁਹਾਡੀ ਕਿਸਮਤ ਚੰਗੀ ਸੀ ਕਿ ਗੱਲ ਅਗਾਂਹ ਨਹੀਂ ਵਧੀ, ਨਹੀਂ ਤਾਂ ਸਰਕਾਰੀ ਕੰਮ 'ਚ ਦਖ਼ਲ ਦੇਣ 'ਚ ਤੁਹਾਨੂੰ ਫ਼ਸਾਇਆ ਜਾ ਸਕਦਾ ਸੀ। ਅੱਤਵਾਦੀ ਕਹਿ ਕੇ ਤੁਹਾਡੇ 'ਤੇ ਅਸਲਾ ਵੀ ਪਾਇਆ ਜਾ ਸਕਦੈ। ਨਕਦ ਇਨਾਮਾਂ ਤੇ ਮੋਢਿਆਂ ਉੱਤੇ ਫ਼ੀਤੀਆਂ ਲੁਆਉਣ ਲਈ ਫਰਜ਼ੀ ਮੁਕਾਬਲੇ ਵੀ ਬਣਾਏ ਜਾਂਦੇ ਐ। ਬਾਕੀ ਤੁਸੀਂ ਸਿਆਣੇ ਹੋ, ਮੈਨੂੰ ਨਹੀਂ ਪਤਾ ਤੁਸੀਂ ਕਿਹੜੇ ਮੁਲਕ 'ਚ ਰਹਿੰਦੇ ਹੋ ਪਰ ਇੱਥੇ ਦੀਆਂ ਖ਼ਬਰਾਂ ਤਾਂ ਥੋੜ੍ਹੀਆਂ ਬਹੁਤ ਪਹੁੰਚਦੀਆਂ ਹੀ ਹੋਣਗੀਆਂ ਤੁਹਾਡੇ ਕੋਲ ਵੀ। ਅਗਾਂਹ ਤੋਂ ਅਜਿਹੀ ਗ਼ਲਤੀ ਨਾ ਕਰਿਉ, ਚੰਗਾ ਜੀ ਸਤਿ ਸ੍ਰੀ ਅਕਾਲ।"

ਏਨੀ ਗੱਲ ਕਹਿ ਕੇ ਬਜ਼ੁਰਗ ਤਾਂ ਇਕ ਦੁਕਾਨ 'ਚ ਵੜ ਗਿਆ ਤੇ ਮੇਰੀਆਂ ਅੱਖਾਂ ਅੱਗੇ ਇੰਗਲੈਂਡ ਦੀਆਂ ਅਖ਼ਬਾਰਾਂ 'ਚ ਪੁਲਿਸ ਦੇ ਝੂਠੇ ਮੁਕਾਬਲਿਆਂ ਤੇ ਹੋਰ ਅੱਤਿਆਚਾਰਾਂ ਦੀਆਂ ਛਪੀਆਂ ਖ਼ਬਰਾਂ ਆਉਣ ਲੱਗੀਆਂ ਤੇ ਸਰਦੀ ਦਾ ਮੌਸਮ ਹੋਣ ਦੇ ਬਾਵਜੂਦ ਵੀ ਮੈਂ ਪਸੀਨੋ-ਪਸੀਨੀ ਹੋਇਆ ਪਿਆ ਸਾਂ।

ਬਹੁਤੇ ਕੰਡਕਟਰਾਂ ਦੇ ਵਤੀਰੇ ਬਾਰੇ ਤੇ ਉਨ੍ਹਾਂ ਵਲੋਂ ਵਰਤੀ ਜਾਂਦੀ ਭਾਸ਼ਾ ਬਾਰੇ ਕੌਣ ਨਹੀਂ ਜਾਣਦਾ?


ਇਸੇ ਸਬੰਧੀ ਇਕ ਘਟਨਾ ਯਾਦ ਆ ਗਈ। ਮੇਰੇ ਸਮੇਤ ਕੁਝ ਸਵਾਰੀਆਂ ਪੰਜਾਬ ਰੋਡਵੇਜ਼ ਦੀ ਬੱਸ 'ਚ ਚੜ੍ਹੀਆਂ। ਥੋੜ੍ਹੀ ਥੋੜ੍ਹੀ ਬਾਰਸ਼ ਹੋ ਰਹੀ ਸੀ। ਬੱਸ ਪਹਿਲਾਂ ਹੀ ਮੁਰੱਬੇ ਵਾਲੇ ਮਰਤਬਾਨ ਵਾਂਗ ਠੁਸੀ ਪਈ ਸੀ। ਖ਼ੈਰ, ਸਭ ਨੂੰ ਖੜ੍ਹੇ ਹੋਣ ਲਈ ਜਗ੍ਹਾ ਮਿਲ ਗਈ। ਇਕ ਮਾਈ ਵਿਚਾਰੀ ਜਿੱਥੇ ਖੜ੍ਹੀ ਸੀ, ਛੱਤ 'ਚੋਂ ਪਾਣੀ ਚੋ ਕੇ ਸਿੱਧਾ ਉਸ ਦੇ ਸਿਰ 'ਚ ਪੈ ਰਿਹਾ ਸੀ। ਮਾਈ ਨੇ ਸ਼ਿਕਾਇਤ ਕੀਤੀ ਤਾਂ ਕੰਡਕਟਰ ਗਰਜਿਆ, " ਮਾਈ ਤੈਨੂੰ ਹੁਣ ਮੈਂ ਬਾਲਕੋਨੀ 'ਚ ਬਿਠਾ ਦਿਆਂ, ਖੜ੍ਹੀ ਰਹਿ ਰਮਾਨ ਨਾਲ, ਬਾਹਰੋਂ ਕਿਹੜਾ ਸੁੱਕੀ ਆਈ ਐਂ ਤੂੰ।

**ਬਾਕੀ ਹਿਸਾ ਸਫਾ 33 ਤੇ ਪੜ੍ਹੋ**

# ਪੰਜਾਬ ਦੀ ਧਰਤੀ ਤੋਂ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾਉਣ ਦਾ ਦਾਅਵਾ ਕਰਨ ਵਾਲਾ ਜ਼ਕਰੀਆ ਖ਼ਾਨ ਸਿਦਕੀ ਸਿੱਖ ਦੀਆਂ ਜੁੱਤੀਆਂ ਖਾ ਕੇ ਮਰਿਆ

## ਸਣੇ ਕੇਸਾਂ ਖੋਪਰੀ ਲੁਹਾ ਕੇ ਤਾਰੂ ਸਿੰਘ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾ ਗਿਆ


ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



**(ਲੜੀ ਜੋੜਨ ਲਈ ਵੇਖੋ ਪਿਛਲੇ ਹਫ਼ਤੇ ਦਾ ਪੰਜਾਬ ਟਾਈਮਜ਼ ਅੰਕ 3140)**

ਅਸੀਂ ਪਿਛਲੇ ਅੰਕ ਵਿੱਚ ਜ਼ਿਕਰ ਕਰ ਆਏ ਹਾਂ ਕਿ 1740 ਈ: ਨੂੰ ਹੋਏ ਮੱਸੇ ਰੰਘੜ ਦੇ ਕਾਤਲਾਂ ਨੂੰ ਫੜਾਉਣ ਲਈ ਜ਼ਕਰੀਆ ਖ਼ਾਨ ਨੇ ਮੁਖ਼ਬਰਾਂ ਤੇ ਚੌਧਰੀਆਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਅਤੇ ਹਦਾਇਤਾਂ ਦਾ ਨਾ ਪਾਲਣ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦੇਣ ਦਾ ਐਲਾਨ ਕੀਤਾ। ਸਜ਼ਾਵਾਂ ਤੋਂ ਡਰਦਿਆਂ ਚੌਧਰੀਆਂ ਤੇ ਮੁਖ਼ਬਰਾਂ ਨੇ ਮੱਸੇ ਰੰਘੜ ਦੇ ਕਾਤਲਾਂ ਨੂੰ ਲੱਭਣ ਲਈ ਦਿਨ ਰਾਤ ਇਕ ਕਰ ਦਿੱਤਾ। ਅੰਤ ਵਿੱਚ ਹਰ ਭਗਤ ਨਿਰੰਜਨੀਏ ਨੇ ਮੱਸੇ ਦੇ ਕਾਤਲਾਂ ਦੀ ਸੂਹ ਕੱਢ ਲਈ, ਉਸ ਨੇ ਜ਼ਕਰੀਆ ਖ਼ਾਨ ਨੂੰ ਦੱਸਿਆ ਕਿ ਮੱਸੇ ਰੰਘੜ ਦਾ ਸਿਰ ਵੱਢ ਕੇ ਲਿਜਾਣ ਵਾਲੇ ਮਹਿਤਾਬ ਸਿੰਘ ਮੀਰਾਂ ਕੋਟੀਆ ਤੇ ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਹਨ ਤੇ ਇਸ ਦੀ ਚੁਗਲੀ 'ਤੇ ਹੀ ਮਹਿਤਾਬ ਸਿੰਘ ਦੀ ਗ੍ਰਿਫ਼ਤਾਰੀ ਹੋਈ ਸੀ। ਤੇ ਹੁਣ ਚਾਰ ਸਾਲ ਬਾਅਦ ਭਾਈ ਤਾਰੂ ਸਿੰਘ ਦੀ ਚੁਗਲੀ ਕਰਨ ਲਈ ਫਿਰ ਹਰ ਭਗਤ ਨਿਰੰਜਨੀਆ ਲਾਹੌਰ ਜ਼ਕਰੀਆ ਖ਼ਾਨ ਕੋਲ ਜਾ ਪਹੁੰਚਾ। ਝੂਠ ਸੱਚ ਗੰਢ ਕੇ ਹਰ ਭਗਤ ਨਿਰੰਜਨੀਏ ਨੇ ਜ਼ਕਰੀਆ ਖ਼ਾਨ ਨੂੰ ਕਿਹਾ; ਹਜ਼ੂਰ ਤੁਹਾਡੀਆਂ ਅੱਖਾਂ ਥੱਲੇ ਲਾਹੌਰ ਦੀਆਂ ਕੰਧਾਂ ਨਾਲ ਸਰਕਾਰ ਦਾ ਬੜਾ ਵੱਡਾ ਵਿਦਰੋਹੀ ਬੈਠਾ ਹੈ ਤੇ ਕਿਸੇ ਨੂੰ ਚਿਤ ਚੇਤਾ ਹੀ ਨਹੀਂ ਕਿ ਉਹ ਸਰਕਾਰ ਦੇ ਬਾਗੀਆਂ ਦੀ ਬਿਨਾਂ ਕਿਸੇ ਡਰ ਭੈਅ ਤੋਂ ਮਦਦ ਕਰ ਰਿਹਾ ਹੈ ਅਤੇ ਸਰਕਾਰ ਉਸ ਵੱਲੋਂ ਅਵੇਸਲੀ ਹੋਈ ਬੈਠੀ ਹੈ, ਪਰ ਮੈਂ ਸਰਕਾਰ ਦਾ ਪੁਰਾਣਾ ਨਮਕ-ਖ਼ਾਰ ਹੋ ਕੇ ਅੱਖਾਂ ਕਿਵੇਂ ਮੀਟ ਸਕਦਾ ਹਾਂ। ਜਦ ਦਾ ਇਸ ਸਰਕਾਰ ਦੇ ਵਿਦਰੋਹੀ ਦਾ ਪਤਾ ਲੱਗਾ ਹੈ, ਖ਼ਾਦਮ ਦੀ ਤਾਂ ਨੀਂਦ ਹੀ ਉਡ ਪੁੱਡ ਗਈ ਹੈ। ਜਦ ਨਿਰੰਜਨੀਏ ਨੇ ਵੇਖਿਆ ਕਿ ਜ਼ਕਰੀਆ ਖ਼ਾਨ ਉਸ ਦੀਆਂ ਗੱਲਾਂ ਨਾਲ ਉਤੇਜਿਤ ਹੋ ਗਿਆ ਹੈ ਤਾਂ ਉਸ ਨੇ (ਨਿਰੰਜਨੀਏ) ਕਿਹਾ ਕਿ ਸਰਕਾਰ ਦਾ ਵਿਦਰੋਹੀ ਪੂਹਲੇ ਪਿੰਡ ਦਾ ਭਾਈ ਤਾਰੂ ਸਿੰਘ ਹੈ। ਉਤੋਂ ਵੇਖਣ ਨੂੰ ਬੜਾ ਭੋਲਾ-ਭਾਲਾ, ਬੜਾ ਭਲਾ ਮਾਣਸ, ਮਿੱਠਬੋਲੜਾ ਤੇ ਸਾਰਿਆਂ ਦਾ ਸਾਂਝਾ ਬਣਿਆ ਬੈਠਾ ਹੈ, ਪਰ ਵਿੱਚੋਂ ਬਹੁਤ ਹੀ ਖ਼ਤਰਨਾਕ ਹੈ।

ਇਸ ਨੇ ਆਪਣੇ ਘਰ ਨੂੰ ਹੀ ਪਾਪੀਆਂ ਦੇ ਰਾਤ ਰਹਿਣ ਲਈ ਸਰਾਂ ਦਾ ਰੂਪ ਦੇ ਕੇ ਆਪਣੀ ਮਕਾਰੀ ਦਾ ਤਕੜਾ ਜਾਲ ਫੈਲਾਇਆ ਹੋਇਆ ਹੈ, ਪੂਹਲੇ ਪਿੰਡ ਦੇ ਵਾਸੀ ਇਸ ਨੂੰ ਸੰਤ ਸਮਝ ਕੇ ਇਸ ਦਾ ਬਹੁਤ ਸਤਿਕਾਰ ਕਰਦੇ ਹਨ। ਇਸ ਦੇ ਪਾਸ ਸਰਕਾਰ ਦੇ ਵਿਦਰੋਹੀ ਸਿੰਘ ਅਕਸਰ ਇਸ ਪਾਸ ਆਉਂਦੇ ਰਹਿੰਦੇ ਹਨ। ਇਹ ਵਿਦਰੋਹੀ ਸਿੰਘ ਇਸ ਦੇ ਖੇਤਾਂ ਦੇ ਨਾਲ ਲੱਗਦੀ ਸੰਘਣੀ ਝਿੜੀ ਵਿੱਚ ਰਾਤਾਂ ਕੱਟਦੇ ਹਨ ਅਤੇ ਇਹ ਉਨ੍ਹਾਂ ਨੂੰ ਝਿੜੀ ਵਿੱਚ ਘਰੋਂ ਲੰਗਰ ਲਿਜਾ ਕੇ ਖੁਆਉਂਦਾ ਹੈ। ਇਹ ਸਰਕਾਰ ਦੇ ਬਾਗੀ ਇਸ ਪਾਸੋਂ ਇਲਾਕੇ ਦੀ ਸੂਹ ਲੈਂਦੇ ਹਨ ਅਤੇ ਸ਼ਾਹ-ਰਾਹਾਂ ਉੱਤੇ ਵਾਰਦਾਤਾਂ ਕਰਦੇ ਹਨ। ਪਿੰਡ ਵਿੱਚ ਵੱਸਣ ਵਾਲੀ ਤੁਹਾਡੀ ਪਰਜਾ ਦੇ ਖਾਂਦੇ ਪੀਂਦੇ ਸਾਊ ਲੋਕਾਂ ਦੇ ਘਰ-ਘਾਟ ਲੁੱਟਦੇ ਹਨ। ਕਈ ਵਾਰ ਦਿਨ-ਦੀਵੀਂ ਹੀ ਧਾੜੇ ਮਾਰਦੇ ਹਨ। ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਦਿਨੇ ਹੱਲ ਵਾਹੁੰਦਾ ਹੈ, ਪਰ ਰਾਤ ਨੂੰ ਸੰਨ੍ਹਾਂ ਲਾ ਕੇ ਲੋਕਾਂ ਦੇ ਝੁੱਗੇ ਫੋਲ ਲੈਂਦਾ ਹੈ, ਸੰਨ੍ਹ ਲਾਉਣ ਦਾ ਬੜਾ ਮਾਹਿਰ ਹੈ। ਆਪ ਭੁੱਜੇ ਛੋਲੇ ਹੀ ਖਾ ਕੇ ਗੁਜ਼ਾਰਾ ਕਰ ਲੈਂਦਾ ਹੈ ਪਰ ਬਾਗੀ ਸਿੰਘਾਂ ਨੂੰ ਵਧੀਆ ਅੰਨ-ਪਾਣੀ ਖਆਉਂਦਾ ਹੈ। ਲੀੜਾ ਕੱਪੜਾ ਅਤੇ ਖਰਚ ਆਦਿ ਵੀ ਦਿੰਦਾ ਹੈ। ਮਾਝੇ ਦੇ ਬੜੇ-ਬੜੇ ਧਾੜਵੀ ਇਸ ਦੇ ਯਾਰ ਹਨ। ਧਾੜਿਆਂ ਲੁੱਟਾਂ ਤੇ ਚੋਰੀ ਦੇ ਮਾਲ ਵਿੱਚੋਂ ਇਸ ਨੂੰ ਹਿੱਸਾ ਦਿੰਦੇ ਹਨ ਅਤੇ ਇਹ ਉਨ੍ਹਾਂ ਦੀ ਸੇਵਾ ਕਰਦਾ ਹੈ। ਚੌਧਰੀ ਮੱਸੇ ਦੇ ਕਾਤਲ ਅਤੇ ਇਸ ਕਿਸਮ ਦੇ ਹੋਰ ਖ਼ਤਰਨਾਕ ਸਿੰਘ ਇਸ ਪਾਸ ਠਹਿਰਦੇ ਹਨ। ਇਨ੍ਹਾਂ ਵਿੱਚੋਂ ਮਹਿਤਾਬ ਸਿੰਘ ਭਾਵੇਂ ਗ੍ਰਿਫ਼ਤਾਰ ਹੋ ਚੁੱਕਾ ਹੈ ਪਰ ਮਾੜੀ ਕੰਬੋਕੀ ਵਾਲਾ ਸੁੱਖਾ ਸਿੰਘ ਅੱਜ ਤੱਕ ਕਾਬੂ ਨਹੀਂ ਆਇਆ। ਤੇ ਹੁਣ ਜ਼ਾਫ਼ਰ ਬੇਗ-ਪੱਟੀ ਵਾਲੇ ਦਾ ਕਤਲ ਵੀ ਇਸੇ ਤਾਰੂ ਸਿੰਘ ਨੇ ਬਾਗੀ ਸਿੰਘਾਂ ਕੋਲੋਂ ਕਰਵਾਇਆ ਹੈ। ਹਜ਼ੂਰ ਜ਼ਾਫ਼ਰ ਬੇਗ ਤੁਹਾਡਾ ਵਫ਼ਾਦਾਰ ਰਿਸ਼ਤੇਦਾਰ ਵੀ ਸੀ ਅਤੇ ਉਹ ਰਹੀਮ ਬਖ਼ਸ਼ ਦੀ ਧੀ ਸਲਮਾ ਨਾਲ ਨਿਕਾਹ ਕਰਾਉਣਾ ਚਾਹੁੰਦਾ ਸੀ, ਪਰ ਤਾਰੂ ਸਿੰਘ ਅਤੇ ਉਸ ਦੇ ਸਾਥੀ ਬਾਗੀ ਸਿੰਘਾਂ ਨੇ ਜ਼ਾਫ਼ਰ ਬੇਗ ਦਾ ਕਤਲ ਕਰਕੇ ਸਲਮਾ ਨੂੰ ਉਸ ਦੇ ਘਰੋਂ ਚੁੱਕ ਲਿਆਂਦਾ ਤੇ ਉਸ ਨੂੰ ਰਹੀਮ ਬਖ਼ਸ਼ ਦੇ ਸਪੁਰਦ ਕਰ ਦਿੱਤਾ। ਇਥੇ ਹੀ ਬੱਸ ਨਹੀਂ, ਇਨ੍ਹਾਂ ਨੇ ਰਹੀਮ ਬਖ਼ਸ਼ ਤੇ ਉਸ ਦੀ ਧੀ ਸਲਮਾ ਨੂੰ ਕੋਲੋਂ ਘੜਾ ਤੇ ਖਰਚ ਦੇ ਕੇ ਤੁਹਾਡੀਆਂ ਨਜ਼ਰਾਂ ਤੋਂ ਦੂਰ ਕਿਸੇ ਥਾਂ ਭੇਜ ਦਿੱਤਾ। ਜ਼ਕਰੀਆ ਖ਼ਾਨ ਹਰ ਭਗਤ ਨਿਰੰਜਨੀਏ ਦਾ ਏਨਾ ਲੰਮਾ ਬਿਆਨ ਸੁਣ ਕੇ ਪੂਰਾ ਭੱਖ ਉਠਿਆ, ਉਸ ਨੇ ਨਿਰੰਜਨੀਏ ਨੂੰ ਸਰਕਾਰ ਦਾ ਭਰੋਸੇਯੋਗ ਮੁਖ਼ਬਰ ਸਮਝ ਕੇ ਸ਼ਾਬਾਸ਼ ਦਿੱਤੀ ਤੇ ਨਾਲ ਹੀ ਮੋਮਨ ਖ਼ਾਨ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਮਾਝੇ ਵਿੱਚ ਭੜਾਣੇ ਪਿੰਡ ਲਾਗੇ ਪੂਹਲਾ ਪਿੰਡ ਹੈ। ਉਥੋਂ ਦਾ ਇਕ ਜ਼ਿਮੀਦਾਰ ਤਾਰੂ ਸਿੰਘ ਹੈ, ਜਿਸ ਨੇ ਬਾਗੀ ਸਿੰਘਾਂ ਨਾਲ ਮਿਲਕੇ ਪੱਟੀ ਵਾਲੇ ਜ਼ਾਫ਼ਰ ਬੇਗ ਦਾ ਕਤਲ ਕੀਤਾ ਹੈ। ਉਸ ਨੂੰ ਛੇਤੀ ਤੋਂ ਛੇਤੀ ਬੰਦੀ ਬਣਾ ਕੇ ਮੇਰੀ ਕਚਹਿਰੀ ਵਿੱਚ ਪੇਸ਼ ਕੀਤਾ ਜਾਵੇ। ਮੋਮਨ ਖਾਨ ਦੂਜੇ ਦਿਨ ਆਪਣੇ ਸਿਪਾਹੀਆਂ ਸਮੇਤ ਪਿੰਡ ਪੂਹਲੇ ਜਾ ਪਹੁੰਚਾ। ਜਦੋਂ ਪਿੰਡ ਪੂਹਲਾ ਵਾਲਿਆਂ ਨੂੰ ਪਤਾ ਲੱਗਾ ਕਿ ਮੋਮਨ ਖਾਨ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਨ ਆਇਆ ਹੈ ਤਾਂ ਉਨ੍ਹਾਂ ਨੇ ਮੋਮਨ ਖਾਨ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਭਾਈ ਤਾਰੂ ਸਿੰਘ ਤਾਂ ਬਿਨਾਂ ਕਿਸੇ ਭੇਦ-ਭਾਵ ਦੇ ਲੋੜਵੰਦਾਂ ਦੀ ਸੇਵਾ ਕਰਦਾ ਹੈ ਅਤੇ ਇਹ ਬੇਕਸੂਰ ਹੈ, ਬਿਨਾਂ ਕਿਸੇ ਕਸੂਰ ਦੇ ਇਸ ਨੂੰ ਗ੍ਰਿਫ਼ਤਾਰ ਨਾ ਕੀਤਾ ਜਾਵੇ। ਪਰ ਮੋਮਨ ਖਾਨ ਨੇ ਕਿਸੇ ਦੀ ਨਹੀਂ ਸੁਣੀ ਤੇ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਨੂੰ ਲੈ ਤੁਰਿਆ। ਰਾਤ ਉਹ ਪਿੰਡ ਭੜਾਣੇ ਰਿਹਾ। ਪਿੰਡ ਭੜਾਣੇ ਦੇ ਲੋਕਾਂ ਨੇ ਸਲਾਹ ਕੀਤੀ ਕਿ ਭਾਈ ਤਾਰੂ ਸਿੰਘ ਨੂੰ ਛੁੱਡਵਾ ਲਈਏ ਕਿਉਂਕਿ ਮੋਮਨ ਨਾਲ ਥੋੜ੍ਹੇ ਜਿਹੇ ਸਿਪਾਹੀ ਹਨ ਤੇ ਆਪਾਂ ਸਾਰਾ ਪਿੰਡ ਇਕੱਠਾ ਹੋ ਕੇ ਸੌਖਿਆਂ ਹੀ ਇਨ੍ਹਾਂ ਥੋੜ੍ਹੇ ਸਿਪਾਹੀਆਂ ਕੋਲੋਂ ਭਾਈ ਸਾਹਿਬ ਨੂੰ ਛੁਡਾ ਸਕਦੇ ਹਾਂ। ਪਿੰਡ ਦੇ ਇਕ ਬਜ਼ੁਰਗ ਨੇ ਸਲਾਹ ਦਿੱਤੀ ਕਿ ਇਸ ਸਕੀਮ ਬਾਰੇ ਭਾਈ ਤਾਰੂ ਸਿੰਘ ਨੂੰ ਪੁੱਛ ਲਿਆ ਜਾਵੇ, ਪਰ ਉਹ ਨਾ ਮੰਨੇ ਤੇ ਸਖ਼ਤੀ ਨਾਲ ਮਨ੍ਹਾਂ ਕਰ ਦਿੱਤਾ ਤੇ ਕਿਹਾ ਇਸ ਤਰ੍ਹਾਂ ਕਰਨ ਨਾਲ ਭੜਾਵੀਏ ਸਿੱਖਾਂ ਦੇ ਸਿਰਾਂ ਉੱਤੇ ਸਰਕਾਰ ਦਾ ਕਹਿਰ ਟੁੱਟ ਪੈਣਾ ਹੈ। ਮੈਂ ਆਪਣੀ ਜਾਨ ਬਚਾਉਣ ਵਾਸਤੇ ਸਾਰੇ ਪਿੰਡ ਨੂੰ ਮੁਸੀਬਤ ਵਿੱਚ ਨਹੀਂ ਪਾ ਸਕਦਾ। ਉਸ ਨੇ ਸਭ ਨੂੰ ਚੜ੍ਹਦੀ ਕਲਾ ਵਾਲਾ ਦਿਲਾਸਾ ਤੇ ਭਾਣਾ ਮੰਨਣ ਦਾ ਉਪਦੇਸ਼ ਦੇ ਕੇ ਵਾਪਸ ਘਰਾਂ ਨੂੰ ਮੋੜ ਦਿੱਤਾ। (ਨੋਟ-ਪਿੰਡ ਵਾਲਿਆਂ ਨੇ ਸਿਪਾਹੀਆਂ ਨੂੰ ਵੱਢੀ ਦੇ ਕੇ ਪ੍ਰਸ਼ਾਦਾ ਛਕਾਉਣ ਦੇ ਪੱਜ ਭਾਈ ਤਾਰੂ ਸਿੰਘ ਨੂੰ ਇਕੱਲਿਆਂ ਮਿਲਣ ਦਾ ਪ੍ਰਬੰਧ ਕਰ ਲਿਆ ਸੀ ਤੇ ਉਸ ਨੂੰ ਜਬਰਦਸਤੀ ਛੁਡਵਾਉਣ ਦੀ ਉਕਤ ਵਾਰਤਾ ਦਾ ਸਿਪਾਹੀਆਂ ਨੂੰ ਨਹੀਂ ਸੀ ਪਤਾ ਲੱਗਣ ਦਿੱਤਾ। ਪਰ ਤਾਰੂ ਸਿੰਘ ਨੇ ਪਿੰਡ ਵਾਲਿਆਂ ਦੀ ਉਕਤ ਕਾਰਨਾਂ ਕਰਕੇ ਉਸ ਨੂੰ ਜਬਰਦਸਤੀ ਪੁਲਸ ਕੋਲੋਂ ਛੁਡਵਾਉਣ ਦੀ ਸਲਾਹ ਨਾ ਮੰਨੀ)। ਭੜਾਣੇ ਰਾਤ ਕੱਟਣ ਬਾਅਦ ਦੂਸਰੇ ਦਿਨ ਭਾਈ ਤਾਰੂ ਸਿੰਘ ਨੂੰ ਲਾਹੌਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ।



ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਖੋਪਰੀ ਲੁਹਾ ਲਈ ਪਰ ਕੇਸ ਨਹੀਂ ਕੱਟਣ ਦਿੱਤੇ



ਭਾਈ ਸਾਹਿਬ ਦੇ ਸ਼ਹੀਦੀ ਸਥਾਨ ਤੇ ਉਹਨਾਂ ਦੀ ਯਾਦ 'ਚ ਲਾਹੌਰ ਵਿਖੇ ਬਣਿਆ ਸਥਾਨ

ਕਚਹਿਰੀ ਵਿੱਚ ਪਹੁੰਚਦਿਆਂ ਹੀ ਭਾਈ ਤਾਰੂ ਸਿੰਘ ਨੇ ਕਚਹਿਰੀ ਵਿੱਚ ਜ਼ਕਰੀਆ ਖ਼ਾਨ ਸਮੇਤ ਸਾਰੇ ਮੌਜੂਦ ਅਹਿਲਕਾਰਾਂ ਨੂੰ ਸੰਬੋਧਨ ਹੋ ਕੇ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਗੱਜਕੇ ਬੁਲਾਈ। ਦਰਬਾਰੀ ਅਮੀਰਾਂ ਤੇ ਸਲਾਹਕਾਰਾਂ ਨੇ ਵੀ ਵੱਟ ਖਾਧਾ ਪਰ ਸ਼ਾਹੀ ਕਾਜ਼ੀ ਨੇ ਉੱਚੀ ਅਵਾਜ਼ ਵਿੱਚ ਕਿਹਾ, ਤਾਰੂ ਸਿੰਘਾ ਇਹ ਤੇਰੇ ਗੁਰੂ ਦਾ ਦਰਬਾਰ ਨਹੀਂ, ਲਾਹੌਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਦੀ ਕਚਹਿਰੀ ਹੈ ਇਥੇ ਤੈਨੂੰ ਝੁੱਕ ਕੇ ਸਲਾਮ ਕਰਨਾ ਪਵੇਗਾ। ਅੱਗੋਂ ਭਾਈ ਤਾਰੂ ਸਿੰਘ ਨੇ ਗਰਜਵੀਂ ਅਵਾਜ਼ ਵਿੱਚ ਕਾਜ਼ੀ ਨੂੰ ਕਿਹਾ, ਐ ਕਾਜ਼ੀ ਦਰਬਾਰ ਲਾਹੌਰ ਦਾ ਹੋਵੇ ਜਾਂ ਦਿੱਲੀ ਦਾ ਹੋਵੇ ਖ਼ਾਲਸਾ ਕਦੇ ਝੁੱਕ ਕੇ ਸਲਾਮ ਨਹੀਂ ਕਰਦਾ, ਗੁਰੂ ਦੀ ਬਖ਼ਸ਼ੀ ਹੋਈ ਫ਼ਤਹਿ ਹੀ ਗਜਾਉਂਦਾ ਹੈ। ਇਹ ਜੁਆਬ ਸੁਣਕੇ ਕਾਜ਼ੀ ਲੋਹਾ ਲਾਖਾ ਹੋ ਗਿਆ ਤੇ ਉਸ ਨੇ ਜ਼ਕਰੀਆ ਖ਼ਾਨ ਨੂੰ ਭੜਕਾਇਆ ਕਿ ਖ਼ਾਨ ਬਹਾਦਰ ਸਾਹਿਬ ਝੁੱਕ ਕੇ ਸਲਾਮ ਕਰਨ ਦੀ ਥਾਂ ਫ਼ਤਹਿ ਬੁਲਾਉਣੀ ਇਹ ਸਿੱਧਾ ਬਗ਼ਾਵਤ ਦਾ ਨਾਅਰਾ ਹੈ। ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੂੰ ਕਾਜ਼ੀ ਦੀ ਇਹ ਗੱਲ ਸੁਣ ਕੇ ਕਰੋਧ ਆਇਆ ਤੇ ਬੋਲਿਆ, ਤਾਰੂ ਸਿੰਘਾ ਤੇਰੇ ਜ਼ੁਲਮਾਂ ਦੀ ਪੰਡ ਪਹਿਲਾਂ ਹੀ ਬਹੁਤ ਭਾਰੀ ਹੋ ਚੁੱਕੀ ਹੈ ਫ਼ਤਹਿ ਬੁਲਾਉਣ ਵਾਲੇ ਕੁਫ਼ਰ ਅਤੇ ਬਗ਼ਾਵਤ ਦੇ ਬੋਲ ਬੋਲਕੇ ਇਸ ਨੂੰ ਹੋਰ ਭਾਰਾ ਕਰਨ ਦੀ ਲੋੜ ਨਹੀਂ।

**ਬਾਕੀ ਹਿਸਾ 33 ਸਫ਼ੇ ਤੇ ਪੜ੍ਹੋ**

## ਸ਼ਹੀਦ ਭਾਈ ਤਾਰੂ ਸਿੰਘ ਜੀ

32 ਸਫ਼ੇ ਦੀ ਬਾਕੀ

ਕਾਫ਼ਿਰ ਤੇ ਸਰਕਾਰ ਦੇ ਬਾਗੀਆਂ ਦਾ ਮਦਦਗਾਰ ਤੇ ਪੱਟੀ ਦੇ ਫੌਜਦਾਰ ਦਾ ਕਾਤਿਲ ਤਾਰੂ ਸਿੰਘ ਤੇ ਬੁਲਾਵੇ ਲਾਹੌਰ ਦਰਬਾਰ ਵਿੱਚ ਫ਼ਤਹਿ, ਤੂੰ ਜੁਰਮ ਤੇ ਜੁਰਮ ਕਰਦਾ ਜਾ ਰਿਹਾ ਹੈ। ਇਸ ਜੁਰਮ ਦੀ ਸਜ਼ਾ ਮੌਤ ਹੈ ਤੇ ਮੌਤ ਤੋਂ ਬੱਚ ਨਿਕਲਣ ਦਾ ਤੇਰੇ ਪਾਸ ਇਕੋ ਇਕ ਰਾਹ ਹੈ ਕਿ ਤੂੰ ਇਸਲਾਮ ਕਬੂਲ ਕਰ ਲੈ। ਤਾਰੂ ਸਿੰਘ ਨੇ ਕਿਹਾ ਮੈਨੂੰ ਮੌਤ ਮਨਜ਼ੂਰ ਹੈ ਪਰ ਮੈਂ ਇਸਲਾਮ ਨਹੀਂ ਕਬੂਲ ਕਰਾਂਗਾ। ਭਾਈ ਤਾਰੂ ਸਿੰਘ ਦਾ ਦਲੇਰੀ ਭਰਿਆ ਜੁਆਬ ਸੁਣਕੇ, ਮੌਤ ਤੋਂ ਪਹਿਲਾਂ ਉਸ ਦਾ ਸਿਦਕ ਡੁਲਾਉਣ ਲਈ ਤਾਰੂ ਸਿੰਘ ਨੂੰ ਚਰਖੜੀ 'ਤੇ ਚਾੜ੍ਹ ਕੇ ਤਸੀਹੇ ਦੇਣ ਦਾ ਹੁਕਮ ਜ਼ਕਰੀਆ ਖ਼ਾਨ ਨੇ ਸੁਣਾ ਦਿੱਤਾ। ਜ਼ਕਰੀਆ ਖ਼ਾਨ ਦੇ ਹੁਕਮ ਸੁਣਾਉਣ ਦੀ ਦੇਰ ਸੀ ਕਿ ਤਾਰੂ ਸਿੰਘ ਨੂੰ ਚਰਖੀ 'ਤੇ ਚੜ੍ਹਾ ਕੇ ਲਹੂ ਲੁਹਾਨ ਕਰ ਦਿੱਤਾ ਗਿਆ। ਪਰ ਸਿਦਕੀ ਸਿੰਘ ਆਪਣੇ ਆਪਣੀ ਸਿੱਖੀ ਕੇਸਾਂ ਸਵਾਸਾਂ ਤੱਕ ਨਿਭਾਉਣ ਵਾਲੇ ਧਰਮ 'ਤੇ ਅਟਲ ਰਿਹਾ। ਚਰਖੜੀ 'ਤੇ ਚਾੜ੍ਹਕੇ ਤਸੀਹੇ ਦੇਣ ਤੋਂ ਬਾਅਦ ਉਸ ਨੂੰ ਅਗਲੀ ਪੇਸ਼ੀ ਤੱਕ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਜੇਲ੍ਹ ਵਿੱਚ ਭਾਈ ਤਾਰੂ ਸਿੰਘ ਨੂੰ ਬਹੁਤ ਲਾਲਚ ਦਿੱਤੇ ਗਏ ਕਿ ਜੇ ਉਹ ਇਸਲਾਮ ਕਬੂਲ ਕਰਕੇ ਪੱਟੀ ਦੇ ਫੌਜਦਾਰ ਦੇ ਕਾਤਲ ਆਪਣੇ ਸਾਥੀਆਂ ਦਾ ਪਤਾ ਟਿਕਾਣਾ ਦੱਸ ਦੇਵੇ ਤਾਂ ਉਸ ਦੀ ਮੌਤ ਦੀ ਸਜ਼ਾ ਵੀ ਮੁਆਫ਼ ਕਰ ਦਿੱਤੀ ਜਾਵੇਗੀ ਤੇ ਉਸ ਨੂੰ ਹਰ ਕਿਸਮ ਦੀਆਂ ਦੁਨੀਆਵੀ ਸੁੱਖ ਸਹੂਲਤਾਂ ਵੀ ਦਿੱਤੀਆਂ ਜਾਣਗੀਆਂ। ਪਰ ਭਾਈ ਤਾਰੂ ਸਿੰਘ ਅੱਗੋਂ ਇਕੋ ਹੀ ਜੁਆਬ ਦਿੰਦੇ ਰਹੇ ਕਿ ਮੈਨੂੰ ਇਸਲਾਮ ਨਹੀਂ, ਮੌਤ ਮਨਜ਼ੂਰ ਹੈ। ਪਰ ਹਰ ਵਾਰ ਤਾਰੂ ਸਿੰਘ ਜ਼ਕਰੀਆ ਖ਼ਾਨ ਦੇ ਲਾਲਚ ਦੇਣ ਵਾਲੇ ਸ਼ਾਹੀ ਕਾਜ਼ੀ ਨੂੰ ਏਹੀ ਜੁਆਬ ਦਿੰਦੇ ਰਹੇ ਕਿ ਤੁਸੀਂ ਚਰਖੜੀ 'ਤੇ ਚਾੜਨ ਤੋਂ ਬਿਨਾਂ ਹੋਰ ਵੀ ਜਿੰਨੇ ਮਰਜ਼ੀ ਤਸੀਹੇ ਦੇ ਕੇ ਵੇਖ ਲਉ, ਖ਼ਾਲਸਾ ਆਪਣੇ ਸਿਦਕ ਤੋਂ ਨਹੀਂ ਡੋਲੇਗਾ ਅਤੇ ਮੇਰੀ ਸਿੱਖੀ ਕੇਸਾਂ ਸੁਆਸਾਂ ਨਾਲ ਹੀ ਨਿਭੇਗੀ। ਕੁਝ ਦਿਨ ਜੇਲ੍ਹ ਵਿੱਚ ਲਾਲਚ ਤੇ ਡਰਾਵੇ ਦੇਣ ਤੋਂ ਬਾਅਦ ਤਾਰੂ ਸਿੰਘ ਨੂੰ ਫਿਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਇਸ ਪੇਸ਼ੀ ਦੌਰਾਨ ਫਿਰ ਤਾਰੂ ਸਿੰਘ ਨੇ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ, ਪਰ ਇਸ ਵਾਰੀ ਜ਼ਕਰੀਆ ਖ਼ਾਨ ਨੇ ਕੋੜ ਨਹੀਂ ਮਚਾਈ, ਸਗੋਂ ਆਪਣਾ ਅੰਦਾਜ਼ ਬਦਲਕੇ ਭਾਈ ਤਾਰੂ ਸਿੰਘ ਨੂੰ ਮੌਤ ਦਾ ਡਰਾਵਾ ਦੇਣ ਦੀ ਬਜਾਏ ਸਗੋਂ ਜੇਲ੍ਹ ਵਾਲੇ ਕਾਜ਼ੀ ਵਾਂਗ ਨਰਮੀ ਵਰਤਕੇ ਲਾਲਚ ਦੇਣੇ ਸ਼ੁਰੂ ਕੀਤੇ। ਕਈ ਕਿਸਮ ਦੇ ਲਾਲਚ ਦੇਣ ਦੀ ਪੇਸ਼ਕਸ਼ ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਨੂੰ ਕੀਤੀ। ਪਰ ਤਾਰੂ ਸਿੰਘ ਚਟਾਨ ਵਾਂਗ ਅਟਲ ਰਿਹਾ ਅਤੇ ਵਾਰ-ਵਾਰ ਇਕੋ ਹੀ ਜੁਆਬ ਦਿੰਦਾ ਰਿਹਾ ਕਿ ਮੇਰੀ ਸਿੱਖੀ ਕੇਸਾਂ ਸੁਆਸਾਂ ਸੰਗ ਨਿਭੇਗੀ। ਜ਼ਕਰੀਆ ਖ਼ਾਨ ਤਾਰੂ ਸਿੰਘ ਦਾ ਵਾਰ-ਵਾਰ ਉਹੀ ਜੁਆਬ ਕਿ ਸਿੱਖੀ ਕੇਸਾਂ ਸੰਗ ਨਿਭੇਗੀ ਸੁਣਕੇ ਅੱਕ ਗਿਆ ਤੇ ਗਰਮ ਹੋ ਕੇ ਬੋਲਿਆ, ਤਾਰੂ ਸਿੰਘਾ ਮੈਂ ਤੇਰੀ, ਸਿੱਖੀ ਕੇਸਾਂ ਸੰਗ ਨਿਭੇਗੀ ਦੀ ਰੱਟ ਬਹੁਤ ਸੁਣ ਲਈ ਹੈ। ਤੂੰ ਜਿਸ ਸਿੱਖੀ ਤੇ ਕੇਸਾਂ 'ਤੇ ਏਨਾ ਮਾਣ ਕਰਦੈਂ ਮੈਂ ਤੇਰੇ ਕੇਸ ਜੁੱਤੀਆਂ ਨਾਲ ਉਡਾ ਦਿਆਂਗਾ। ਅੱਗੋਂ ਭਾਈ ਤਾਰੂ ਸਿੰਘ ਨੇ ਗਰਜ ਕੇ ਉੱਤਰ ਦਿੱਤਾ ਕਿ ਐ ਖ਼ਾਨ ਬਹਾਦਰ ਤੂੰ ਮੇਰੇ ਸਿੱਖੀ ਸਿਦਕ ਨੂੰ ਚੈਲਿੰਜ ਕੀਤਾ ਪਰ ਯਾਦ ਰੱਖ ਮੇਰੀ ਸਿੱਖੀ ਤਾਂ ਕੇਸਾਂ ਸੁਆਸਾਂ ਤੱਕ ਨਿਭ ਹੀ ਜਾਏਗੀ ਪਰ ਤੈਨੂੰ ਖ਼ਾਲਸੇ ਦੀ ਜੁੱਤੀ ਅੱਗੇ ਲੱਗਕੇ ਚਲਣਾ ਪਵੇਗਾ। ਭਾਈ ਤਾਰੂ ਸਿੰਘ ਦਾ ਇਹ ਜੁਆਬ ਸੁਣ ਕੇ ਜ਼ਕਰੀਆ ਖ਼ਾਨ ਨੂੰ ਸੱਤੀ ਕੱਪੜੀਂ ਅੱਗ ਲੱਗੀ ਤੇ ਉਸ ਨੇ ਕ੍ਰੋਧਵਾਨ ਹੋ ਕੇ ਕਿਹਾ ਮੈਂ ਸਣੇ ਕੇਸਾਂ ਤੇਰੀ ਖੋਪਰੀ ਉਤਾਰ ਦੇਵਾਂਗਾ ਤਾਂ ਕਿ ਤੇਰੇ ਕੇਸ ਮੁੜਕੇ ਉੱਗ ਹੀ ਨਾ ਸਕਣ। ਉਸ ਨੇ ਉਸੇ ਵੇਲੇ ਹੀ ਮੋਚੀ ਸੱਦ ਕੇ ਭਾਈ ਤਾਰੂ ਸਿੰਘ ਦੀ ਸਣੇ ਕੇਸਾਂ ਖੋਪਰੀ ਲੁਹਾ ਕੇ ਉਸ ਨੂੰ ਬਾਹਰ ਕਚਹਿਰੀ ਨਾਲ ਲੱਗਦੀ ਖਾਈ ਵਿੱਚ ਸੁੱਟਵਾ ਦਿੱਤਾ। ਭਾਈ ਤਾਰੂ ਸਿੰਘ ਦੀ ਜੀਉਂਦੇ ਦੀ ਖੋਪਰੀ ਲੁਹਾ ਕੇ ਜੋ ਉਸ ਉੱਤੇ ਅਸਹਿ ਜ਼ੁਲਮ ਢਾਹਿਆ ਗਿਆ, ਇਸ ਨੂੰ ਵੇਖ ਸੁਣਕੇ ਲਾਹੌਰ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ। ਨੇਕ ਦਿਲ ਮੁਸਲਮਾਨ ਵੀ ਤ੍ਰਾਹ ਤ੍ਰਾਹ ਕਰ ਉੱਠੇ, ਇਥੋਂ ਤੱਕ ਜ਼ਕਰੀਆ ਖ਼ਾਨ ਆਪ ਵੀ ਏਨਾ ਘਾਬਰ ਗਿਆ ਕਿ ਉਹ ਕਚਹਿਰੀ ਬਰਖ਼ਾਸਤ ਕਰਕੇ ਘਰ ਨੂੰ ਚੱਲਿਆ ਗਿਆ। ਦਰਬਾਰੀ ਅਮੀਰ ਤੇ ਛੋਟੇ ਅਹਿਲਕਾਰ ਵੀ ਗਹਿਰੀ ਚੁੱਪ ਵਿੱਚ ਡੁੱਬੇ ਘਰਾਂ ਨੂੰ ਤੁਰ ਗਏ। ਲਾਹੌਰ ਦੇ ਸਿੱਖਾਂ ਨੂੰ ਜਦੋਂ ਇਸ ਦੁੱਖਦਾਈ ਖ਼ਬਰ ਦਾ ਪਤਾ ਲੱਗਾ ਤਾਂ ਉਹ ਆਪਣੇ ਕਿਸੇ ਵਸੀਲੇ ਰਾਹੀਂ ਸਰਕਾਰੀ ਆਗਿਆ ਨਾਲ ਭਾਈ ਸਾਹਿਬ ਨੂੰ ਚੁੱਕ ਕੇ ਇਕ ਧਰਮਸ਼ਾਲਾ ਵਿੱਚ ਲੈ ਗਏ। ਮੁਸਲਮਾਨ ਹਕੀਮਾਂ ਦੀ ਮਦਦ ਲੈਣੀ ਚਾਹੀ ਪਰ ਉਹ ਜ਼ਕਰੀਆ ਖ਼ਾਨ ਤੋਂ ਡਰਦੇ ਭਾਈ ਸਾਹਿਬ ਦਾ ਇਲਾਜ ਕਰਨ ਲਈ ਨਾ ਮੰਨੇ। ਇਕ ਦੇਸੀ ਦਵਾਈਆਂ ਬਣਾਉਣ ਵਾਲੇ ਸਿੱਖ ਹਕੀਮ ਨੂੰ ਲਿਆਂਦਾ ਗਿਆ। ਉਸਨੇ ਨਿੰਮ ਦੇ ਕੋਸੇ ਪਾਣੀ ਨਾਲ ਪਹਿਲਾਂ ਸਾਰੇ ਸਿਰ ਨੂੰ, ਜੋ ਇਕ ਵੱਡੇ ਜ਼ਖ਼ਮ ਵਾਂਗ ਬਣ ਚੁੱਕਿਆ ਸੀ ਉਸ ਨੂੰ ਧੋਤਾ ਤੇ ਫਿਰ ਦੇਸੀ ਦਵਾਈਆਂ ਦਾ ਕਰਾਹ ਬਣਾ ਕੇ ਭਾਈ ਸਾਹਿਬ ਦੇ ਸਿਰ 'ਤੇ ਬੰਨਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਭਾਈ ਸਾਹਿਬ ਹੋਸ਼ ਵਿੱਚ ਆਏ ਤੇ ਫਿਰ ਆਹਿਸਤਾ-ਆਹਿਸ-ਤਾ ਕਾਇਮ ਹੋਣ ਲੱਗ ਪਏ ਤੇ ਏਸੇ ਹਾਲਤ ਵਿੱਚ ਉਸੇ ਧਰਮਸ਼ਾਲਾ ਵਿੱਚ ਜ਼ਕਰੀਆ ਖ਼ਾਨ ਨੂੰ ਖ਼ਾਲਸੇ ਦੀ ਜੁੱਤੀ ਅੱਗੇ ਲਾਕੇ ਤੋਰਨ ਵਾਲਾ ਵਾਅਦਾ ਨਿਭਾਉਣ ਲਈ 22 ਦਿਨ ਤੱਕ ਜਿੰਦਾ ਰਹੇ ਅਤੇ ਗੁਰਬਾਣੀ ਦਾ ਜਾਪ ਕਰਦੇ ਰਹੇ। ਸਿਦਕੀ ਸਿੱਖ ਦੇ ਮੂੰਹੋਂ ਨਿਕਲਿਆ ਆਖ਼ਰੀ ਬਚਨ ਪੂਰਾ ਹੋਣਾ ਹੀ ਸੀ। ਭਾਈ ਤਾਰੂ ਸਿੰਘ ਉੱਤੇ ਵਰਤਾਏ ਗਏ ਅਕਹਿ ਜ਼ੁਲਮ ਤੋਂ ਥੋੜ੍ਹੇ ਬਾਅਦ ਹੀ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ। ਸ਼ਾਹੀ ਹਕੀਮਾਂ ਵੈਦਾਂ ਬੜਾ ਇਲਾਜ ਕੀਤਾ ਪਰ ਆਰਾਮ ਨਾ ਆਇਆ। ਮੌਲਵੀ, ਮੌਲਾਣੇ ਪੀਰ ਫ਼ਕੀਰ ਬੁਲਾਏ ਗਏ, ਦੁਆਵਾਂ ਕੀਤੀਆਂ ਗਈਆਂ, ਕੁਰਾਨ ਦੇ ਕਲਾਮ ਪੜ੍ਹਕੇ ਤਵੀਤ ਬਣਾ ਕੇ ਖ਼ਾਨ ਬਹਾਦਰ ਦੇ ਗਲ ਵਿੱਚ ਪਾਏ ਗਏ। ਪਰ ਕੋਈ ਅਸਰ ਨਾ ਹੋਇਆ, ਸਗੋਂ ਤਕਲੀਫ ਹੋਰ ਵੱਧਦੀ ਗਈ। ਦਰਦ ਨਾਲ ਕਰਾਹ ਰਹੇ ਜ਼ਕਰੀਆ ਖ਼ਾਨ ਦੀ ਦੁਹਾਈ ਮਹਲਾਂ ਤੋਂ ਬਾਹਰ ਤੱਕ ਸੁਣਦੀ ਸੀ। ਖੋਪਰੀ ਤੋਂ ਬਿਨਾਂ ਲਹੂ ਨਾਲ ਲੱਥ ਪੱਥ ਭਾਈ ਤਾਰੂ ਸਿੰਘ ਦੀ ਤਸਵੀਰ ਉਸ ਦੀਆਂ ਅੱਖਾਂ ਅੱਗੇ ਘੁੰਮਦੀ ਸੀ ਤੇ ਜ਼ਕਰੀਆ ਖ਼ਾਨ ਨੂੰ ਉਸ ਦਰਵੇਸ਼ ਦੇ ਕਹੇ ਬੋਲ ਚੇਤੇ ਆ ਰਹੇ ਸਨ ਕਿ ਮੇਰੀ ਸਿੱਖੀ ਤਾਂ ਕੇਸਾਂ ਸੁਆਸਾਂ ਨਾਲ ਨਿਭ ਜਾਵੇਗੀ, ਪਰ ਯਾਦ ਰੱਖ ਤੈਨੂੰ ਖ਼ਾਲਸੇ ਦੀ ਜੁੱਤੀ ਅੱਗੇ ਲੱਗਕੇ ਚਲਣਾ ਪਵੇਗਾ ਤੇ ਹੁਣ ਉਹ ਵੇਲਾ ਆ ਗਿਆ ਸੀ। ਹਕੀਮਾਂ ਫ਼ਕੀਰਾਂ ਤੇ ਦਰਬਾਰ ਦੇ ਵੱਡੇ ਅਮੀਰਾਂ ਕਾਜ਼ੀਆਂ ਨੂੰ ਵੀ ਭਾਈ ਸਾਹਿਬ ਦੇ ਬੋਲ ਯਾਦ ਸਨ ਤੇ ਆਖ਼ਰ ਸਾਰਿਆਂ ਨੇ ਸਾਂਝਾ ਫੈਸਲਾ ਲਿਆ ਅਤੇ ਜ਼ਕਰੀਆ ਖ਼ਾਨ ਦਾ ਪਿਸ਼ਾਬ ਦਾ ਬੰਨ੍ਹ ਤੋੜਨ ਲਈ ਭਾਈ ਤਾਰੂ ਸਿੰਘ ਦੀ ਜੁੱਤੀ ਲਿਆ ਕੇ ਖ਼ਾਨ ਦੇ ਸਿਰ ਉੱਤੇ ਮਾਰੀ ਜਾਵੇ। ਇੰਜ ਹੀ ਕੀਤਾ ਗਿਆ, ਸਿਰ ਜੁੱਤੀਆਂ ਵੱਜਣ ਨਾਲ ਪਿਸ਼ਾਬ ਖੁੱਲ੍ਹ ਕੇ ਆਉਂਦਾ ਸੀ ਤੇ ਦਰਦ ਘੱਟਦਾ ਜਾਂਦਾ ਸੀ। ਖ਼ਾਨ ਬਹਾਦਰ ਦੇ ਸਿਰ ਉੱਤੇ ਰੋਜ਼ ਭਾਈ ਸਾਹਿਬ ਦੀਆਂ ਜੁੱਤੀਆਂ ਦੀ ਬੁਛਾੜ ਹੁੰਦੀ ਰਹੀ ਤੇ ਅੰਤ ਕਈ ਦਿਨ ਕੀਤੇ ਕੁਕਰਮਾਂ ਦਾ ਫਲ ਭੋਗ ਕੇ ਜ਼ਕਰੀਆ ਖ਼ਾਨ ਜੋ ਦਿੱਲੀ ਦੇ ਤਖ਼ਤ ਪਾਸੋਂ ਪੰਜਾਬ ਦੀ ਸੂਬੇਦਾਰੀ ਇਸ ਵਾਅਦੇ 'ਤੇ ਲੈ ਕੇ ਆਇਆ ਸੀ ਕਿ ਉਹ ਪੰਜਾਬ ਦੀ ਧਰਤੀ ਤੋਂ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਕੇ ਰੱਖ ਦੇਵੇਗਾ, ਪਰ ਉਲਟਾ ਸਿਦਕੀ ਸਿੱਖ ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਖਾਂਦਾ ਮਰਿਆ। ਉਸ ਦੀ ਮੌਤ ਜੁਲਾਈ 1745 ਈਸਵੀ ਨੂੰ ਹੋਈ। ਜ਼ਕਰੀਆ ਖ਼ਾਨ ਦੇ ਮਰਨ ਦੀ ਖ਼ਬਰ ਜਦੋਂ ਧਰਮਸ਼ਾਲਾ (ਜਿਥੇ ਉਹ 22 ਦਿਨ ਜੀਉਂਦੇ ਰਹੇ) ਦੇ ਸਿੱਖਾਂ ਨੇ ਭਾਈ ਤਾਰੂ ਸਿੰਘ ਨੂੰ ਦਿੱਤੀ ਤਾਂ ਭਾਈ ਤਾਰੂ ਸਿੰਘ ਵੀ ਜਪੁਜੀ ਦਾ ਪਾਠ ਕਰਕੇ ਸੰਸਾਰ ਨੂੰ ਫ਼ਤਹਿ ਗਜਾ ਕੇ ਗੁਰੂ ਦੀ ਗੋਦ ਵਿੱਚ ਜਾ ਬਿਰਾਜੇ। (ਸਮਾਪਤ)

**ਹਵਾਲੇ**: (1) ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ ਲੇਖਕ ਸ: ਸਵਰਨ ਸਿੰਘ ਚੁਸਲੇਵੜ (2) ਭੂਰਿਆਂ ਵਾਲੇ ਰਾਜੇ ਕੀਤੇ-ਲੇਖਕ ਸ: ਸਵਰਨ ਸਿੰਘ ਚੁਸਲੇਵੜ (3) ਸੀਤਲ ਕਿਰਣਾਂ-ਲੇਖਕ ਸੋਹਣ ਸਿੰਘ ਸੀਤਲ (4) ਰਤਨ ਸਿੰਘ ਭੰਗੂ-ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ (5) ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼।

ਭੁੱਲਾਂ ਚੁੱਕਾਂ ਦੀ ਖ਼ਿਮਾਂ

ਗੁਰੂ ਪੰਥ ਦਾ ਦਾਸ

ਜਥੇਦਾਰ ਮਹਿੰਦਰ ਸਿੰਘ ਯੂ.ਕੇ.

## ਰੋਡਵੇਜ਼ ਦੀ ਲਾਰੀ

31 ਸਫੇ ਦੀ ਬਾਕੀ

ਨਾਲੇ ਇਨ੍ਹਾਂ ਨੂੰ ਬੱਸੇ ਚੜ੍ਹਾਉ ਤੇ ਨਾਲੇ ਨਖ਼ਰੇ ਸੁਣੋ," ਮਾਈ ਵਿਚਾਰੀ 'ਰੱਬ ਦਾ ਭਾਣਾ' ਮੰਨ ਕੇ ਚੁੱਪ ਕਰ ਕੇ ਖੜ੍ਹੀ ਰਹੀ।

ਪੰਜਾਬ ਰੋਡਵੇਜ਼ ਦੀਆਂ ਲਾਰੀਆਂ ਨੂੰ ਕੁਝ ਸਾਲ ਚੱਲ ਕੇ ਪਤਾ ਨਹੀਂ ਕੀ ਹੋ ਜਾਂਦਾ ਸੀ ਕਿ ਉਸ ਦਾ ਅਗਲਾ ਪਾਸਾ ਕਿਸੇ ਹੋਰ ਪਾਸੇ ਨੂੰ ਹੁੰਦਾ ਸੀ ਤੇ ਪਿਛਲੀ ਬਾਡੀ ਕਿਸੇ ਹੋਰ ਪਾਸੇ ਨੂੰ। ਕਦੀ ਕਿਸੇ ਪ੍ਰਾਈਵੇਟ ਕੰਪਨੀ ਦੀ ਬੱਸ ਅਜਿਹੀ ਹਾਲਤ ਵਿਚ ਨਹੀਂ ਸੀ ਦੇਖੀ। ਅੱਜ ਤੱਕ ਇਸ ਦੀ ਸਮਝ ਨਹੀਂ ਆਈ।

ਮੇਰੇ ਇਕ ਹੋਰ ਮਿੱਤਰ ਪਿਆਰੇ, ਜਿਸ ਨੂੰ ਇੰਗਲੈਂਡ 'ਚ ਰਹਿੰਦਿਆ ਪੰਜਾਹ ਸਾਲ ਹੋ ਗਏ ਹਨ, ਨੂੰ ਵੀ ਪੰਜਾਬ ਜਾ ਕੇ ਬੱਸਾਂ 'ਚ ਸਫ਼ਰ ਕਰਨ ਦਾ ਖ਼ਬਤ ਹੈ। ਉਸ ਨੇ ਉੱਥੇ ਦਾ ਇਕ ਤਜਰਬਾ ਮੇਰੇ ਨਾਲ ਸਾਂਝਾ ਕੀਤਾ। ਹੋਇਆ ਇੰਜ ਕਿ ਉਸ ਨੇ ਇਕ ਵਾਰੀ ਬੱਸ ਡਾਰਾਈਵਰ ਨੂੰ ਬੱਸ ਚਲਾਉਂਦਿਆਂ ਮੋਬਾਈਲ ਫ਼ੂਨ ਵਰਤਣ ਤੋਂ ਰੋਕਿਆ ਤਾਂ ਡਰਾਈਵਰ ਨੇ ਅਣਸੁਣਿਆ ਕਰ ਦਿਤਾ। ਡਰਾਈਵਰ ਨੇ ਫ਼ੂਨ ਆਪਣੇ ਮੋਢੇ ਅਤੇ ਧੌਣ ਵਿਚਕਾਰ ਫ਼ਸਾਇਆ ਹੋਇਆ ਸੀ। ਸਟੇਅਰਿੰਗ ਛੱਡ ਕੇ ਉਹ ਤਾੜੀ ਮਾਰਦਾ ਤੇ ਉੱਚੀ ਉੱਚੀ ਹੱਸਦਾ। ਇਕ ਵਾਰੀ ਫੇਰ ਜਦੋਂ ਉਸ ਨੂੰ ਫ਼ੂਨ ਨਾ ਵਰਤਣ ਲਈ ਕਿਹਾ ਗਿਆ ਤਾਂ ਡਰਾਈਵਰ ਆਪੇ ਤੋਂ ਬਾਹਰ ਹੋ ਗਿਆ ਤੇ ਬੁੜ ਬੁੜ ਲੱਗ ਪਿਆ ਕਰਨ ਤੇ ਹੁਣ ਸਗੋਂ ਕੰਡਕਟਰ ਵੀ ਡਰਾਈਵਰ ਦੀ ਮਦਦ 'ਤੇ ਆ ਗਿਆ। ਫ਼ੂਨ ਬੰਦ ਨਾ ਕੀਤਾ ਉਸ ਨੇ।

ਜਦੋਂ ਪਾਣੀ ਸਿਰੋਂ ਲੰਘ ਗਿਆ ਤਾਂ ਮੇਰੇ ਮਿੱਤਰ ਨੇ ਆਪਣੇ ਫ਼ੂਨ ਤੋਂ ਇਕ ਨੰਬਰ ਮਿਲਾਇਆ ਤੇ ਦੋ ਕੁ ਮਿੰਟ ਗੱਲ ਕਰਨ ਤੋਂ ਬਾਅਦ ਫ਼ੂਨ ਡਰਾਈਵਰ ਦੇ ਕੰਨ ਨੂੰ ਲਗਾ ਦਿਤਾ। ਡਰਾਈਵਰ ਦੀ ਸਾਰੀ ਬੋਲਤੀ ਬੰਦ ਹੋ ਗਈ ਤੇ ਉਸ ਨੇ ਬੱਸ ਕੱਚੇ ਉਤਾਰ ਕੇ ਖੜ੍ਹੀ ਕਰ ਦਿਤੀ ਤੇ ਮੇਰੇ ਮਿੱਤਰ ਦੇ ਗੋਡੇ ਫੜ ਲਏ ਤੇ ਗਿੜਗੜਾਉਣ ਲੱਗਾ ਕਿ ਉਸ ਨੂੰ ਬਚਾ ਲਵੇ, ਉਹਦੀ ਨੌਕਰੀ ਦਾ ਸਵਾਲ ਸੀ।

ਮੇਰੇ ਮਿੱਤਰ ਦਾ ਨਜ਼ਦੀਕੀ ਰਿਸ਼ਤੇਦਾਰ ਉਸੇ ਬੱਸ ਡੀਪੂ ਦਾ ਜਨਰਲ ਮੈਨੇਜਰ ਸੀ।

ਜਿਵੇਂ ਕਹਿੰਦੇ ਆ ਕਿ ਕਿਸੇ ਚੀਜ਼ ਦਾ ਬੀਜ ਨਾਸ ਨਹੀਂ ਹੁੰਦਾ ਇਵੇਂ ਹੀ ਚੰਗੇ ਵਤੀਰੇ ਵਾਲੇ ਕੰਡਕਟਰ ਵੀ ਹੈਗੇ ਨੇ ਪਰ ਵਿਰਲੇ ਵਿਰਲੇ। ਜਿਸ ਕੰਡਕਟਰ ਦੀ ਮੈਂ ਗੱਲ ਕਰਨ ਲੱਗਾ ਹਾਂ, ਇਹ ਅੰਮ੍ਰਿਤਧਾਰੀ ਨੌਜਵਾਨ ਸੀ। ਬੜੇ ਸਲੀਕੇ ਨਾਲ ਬੋਲਣ ਵਾਲਾ। ਇਕ ਸ਼ਹਿਰੀ ਲਾਲਾ ਜਿਹਾ ਲਗਦਾ ਨੌਜਵਾਨ ਸੀਟ 'ਤੇ ਬੜਾ ਚੌੜਾ ਹੋ ਕੇ ਬੈਠਾ ਸੀ ਤੇ ਨੇੜੇ ਹੀ ਇਕ ਬਜ਼ੁਰਗ ਮਾਈ ਖੜ੍ਹੀ ਸੀ। ਕੰਡਕਟਰ ਬੋਲਿਆ, " ਲਾਲਾ ਜੀ, ਜ਼ਰਾ ਪਰ੍ਹਾਂ ਨੂੰ ਸਰਕੋ, ਮਾਤਾ ਜੀ ਨੂੰ ਵੀ ਬੈਠਣ ਦਿਉ।"

ਉਹ ਨੌਜਵਾਨ ਥੋੜ੍ਹਾ ਔਖਾ ਹੋ ਕੇ ਬੋਲਿਆ, "ਮੈਂ ਲਾਲਾ ਨਹੀਂ, ਢਿੱਲੋਂ ਸਰਦਾਰ ਹੁੰਨੇ ਆਂ ਅਸੀਂ।"

"ਵੀਰ ਜੀ ਗੁੱਸਾ ਨਾ ਕਰਿਉ, ਢਿੱਲੋਂ ਸਰਦਾਰ ਏਸ ਤਰ੍ਹਾਂ ਦੇ ਨਹੀਂ ਹੁੰਦੇ, ਘਰੇ ਜਾ ਕੇ ਸ਼ੀਸ਼ਾ ਦੇਖਿਉ," ਕੰਡਕਟਰ ਨੇ ਬੜੀ ਰੋਹਬਦਾਰ ਆਵਾਜ਼ 'ਚ ਨਸੀਹਤ ਦਿਤੀ।

ਨੌਜਵਾਨ ਨੂੰ ਕੰਡਕਟਰ ਦਾ ਮਿਹਣਾ ਮਾਰ ਗਇਆ, ਦੂਸਰੇ ਦਿਨ 'ਢਿੱਲੋਂ ਸਰਦਾਰ' ਨੇ ਸਿਰ 'ਤੇ ਦਸਤਾਰ ਸਜਾਈ ਹੋਈ ਸੀ ਤੇ ਸ਼ੇਵ ਵੀ ਨਹੀਂ ਸੀ ਕੀਤੀ ਹੋਈ।

======

# ਮੋਰੀਂ ਰੁਣ ਝੁਣ ਲਾਇਆ...

**ਸੁਖਪਾਲ ਸਿੰਘ ਗਿੱਲ**
ਅਬਿਆਣਾ ਕਲਾਂ
987811445





ਸਾਵਣ ਦੇ ਮਹੀਨੇ ਦਾ ਮੋਰ ਨਾਲ ਗੂੜਾ ਸੰਬੰਧ ਹੈ। ਪੰਛੀਆਂ ਵਿੱਚੋਂ ਸੋਹਣਾ ਸੁਨੱਖਾ ਮੋਰ ਸੱਭਿਆਚਾਰਕ, ਸਾਹਿਤਕ ਅਤੇ ਅਧਿਆਤਮਿਕ ਤੌਰ ਤੇ ਉੱਤਮ ਮੰਨਿਆ ਜਾਂਦਾ ਹੈ। ਹਰ ਦੇਸੀ ਮਹੀਨਾ ਪੰਜਾਬ ਦੀ ਰੂਹ-ਏ-ਰਵਾਂ ਨਾਲ ਜੁੜਿਆ ਹੋਇਆ ਹੈ। ਸਾਵਣ ਮਹੀਨੇ ਦੀ ਸੱਭਿਆਚਾਰਕ ਮਹੱਤਤਾ ਦੇ ਨਾਲ ਨਾਲ ਮੋਰ ਦਾ ਵੀ ਬਹੁਤ ਸਾਰਥਿਕ ਸਥਾਨ ਹੈ। ਮੋਰ ਦੀ ਚਿਤਰਕਾਰੀ ਰੱਬ ਦੇ ਰੂਪ ਨੂੰ ਉਜਾਗਰ ਕਰਦੀ ਹੈ। ਸਾਵਣ ਮਹੀਨੇ ਮੋਰ ਬਾਗਾਂ ਚ ਰਹਿਣਾ ਪਸੰਦ ਕਰਦਾ ਹੈ। ਮੋਰ ਅਤੇ ਸਾਵਣ ਮਹੀਨੇ ਦਾ ਜਿਸਮ ਰੂਹ ਵਾਲਾ ਸੁਮੇਲ ਹੁੰਦਾ ਹੈ। ਦੋਵੇਂ ਇੱਕ ਦੂਜੇ ਤੋਂ ਬਿਨਾਂ ਅਧੂਰੇ ਲੱਗਦੇ ਹਨ। ਬਰਸਾਤ ਦਾ ਪਹਿਲਾ ਮਹੀਨਾ ਸਾਵਣ ਹੁੰਦਾ ਹੈ। ਇਸ ਵਿੱਚ ਮੋਰ ਦੀ ਰੂਹ ਅਤੇ ਕੂਕ ਬੋਲਦੀ ਹੋਈ ਧਰਤੀ ਤੇ ਸਵਰਗ ਦੀ ਬਾਤ ਵੀ ਪਾਉਂਦੀ ਹੁੰਦੀ ਹੈ। ਹਰ ਪੱਖ ਤੋਂ ਮੋਰ ਸਾਵਣ ਮਹੀਨੇ ਨੂੰ ਰੂਪਮਾਨ ਕਰਦਾ ਹੋਇਆ ਰੂਹਾਨੀ ਰੂਪ ਦਿੰਦਾ ਹੈ।

ਮੋਰ ਇੱਕ ਨਿਵੇਕਲਾ ਪੰਛੀ ਹੈ। ਜਿਸ ਦਾ ਮੂਲ ਸਥਾਨ ਦੱਖਣ ਪੂਰਬੀ ਏਸ਼ੀਆ ਹੈ। ਇਸ ਦਾ ਮੂਲ ਸਥਾਨ ਵੀ ਖੁੱਲੇ ਖੁੱਲੇ ਬਾਗਾਂ ਵਿੱਚ ਹੁੰਦਾ ਹੈ। ਨੀਲਾ ਮੋਰ ਭਾਰਤ ਅਤੇ ਸ਼੍ਰੀ ਲੰਕਾ ਦਾ ਰਾਸ਼ਟਰੀ ਪੰਛੀ ਵੀ ਹੈ। ਨਰ ਮੋਰ ਦਾ ਵਿਗਿਆਨਕ ਗੁਣ ਇਹ ਹੈ ਕਿ ਇਹ ਆਪਣੀ ਖ਼ੂਬਸੂਰਤ ਪੂਛ ਨਾਲ ਪ੍ਰੇਮ ਨੂੰ ਪ੍ਰਗਟਾਉਂਦਾ ਹੈ। ਖਾਸ ਕਰਕੇ ਸਾਵਣ ਦੇ ਮਹੀਨੇ ਵਿੱਚ ਇਹ ਆਪਣੇ ਪ੍ਰੇਮ ਦੇ ਪ੍ਰਸੰਗ ਛੇੜਦਾ ਹੈ। ਮਿਲਾਪ ਵੀ ਕਰਦਾ ਹੈ।ਮੋਰ ਦੀ ਮਾਦਾ ਨੂੰ ਮੋਰਨੀ ਕਿਹਾ ਜਾਂਦਾ ਹੈ। ਮੋਰ ਦੀ ਖਾਸੀਅਤ ਸੁੰਦਰਤਾ ਕਰਕੇ ਹੀ ਇਸ ਨੂੰ ਰਾਸ਼ਟਰੀ ਪੰਛੀ ਹੋਣ ਦਾ ਮਾਣ ਪ੍ਰਾਪਤ ਹੋਇਆ। ਮੋਰ ਨੂੰ ਭਾਰਤ ਦਾ ਰਾਸ਼ਟਰੀ ਪੰਛੀ ਚੁਣੇ ਜਾਣ ਦਾ ਇਤਿਹਾਸ ਖ਼ੂਬਸੂਰਤੀ ਦੇ ਨਾਲ ਨਾਲ ਹੋਰ ਵੀ ਕਈ ਕਾਰਨਾਂ ਕਰਕੇ ਹੈ। ਮਾਧਵੀ ਕ੍ਰਿਸ਼ਨਨ ਨੇ 1961 ਵਿੱਚ ਲਿਖੇ ਆਪਣੇ ਇੱਕ ਲੇਖ ਵਿੱਚ ਕਿਹਾ ਸੀ, ਕਿ ਓਟਾਂਕਮੁੰਡ ਵਿੱਚ ਭਾਰਤੀ ਜੰਗਲੀ ਜੀਵ ਬੋਰਡ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸਾਰਸ ਕਰੇਨ, ਬ੍ਰਾਹਮਣੀ ਪਤੰਗ, ਬਸਟਰਡ ਅਤੇ ਹੰਸ ਦੇ ਨਾਵਾਂ ਦੀ ਚਰਚਾ ਹੋਈ। ਇਨਾਂ ਸਾਰਿਆਂ ਵਿੱਚੋਂ ਮੋਰ ਚੁਣਿਆ ਗਿਆ। ਇਸੇ ਲਈ 26 ਜਨਵਰੀ 1963 ਨੂੰ ਮੋਰ ਭਾਰਤ ਦਾ ਰਾਸ਼ਟਰੀ ਪੰਛੀ ਬਣਾਇਆ ਗਿਆ। ਰਾਸ਼ਟਰੀ ਪੰਛੀ ਐਲਾਨੇ ਜਾਣ ਲਈ ਜ਼ਰੂਰੀ ਹੈ ਕਿ ਉਹ ਪੰਛੀ ਸਾਰੇ ਭਾਰਤ ਵਿੱਚ ਮੌਜੂਦ ਹੋਣਾ ਚਾਹੀਦਾ ਹੈ। ਆਮ ਆਦਮੀ ਨੂੰ ਇਸ ਦੀ ਪਛਾਣ ਹੋਣੀ ਚਾਹੀਦੀ ਹੈ। ਸਮਰਾਟ ਚੰਦਰਗੁਪਤ ਮੋਰੀਆ ਦੇ ਰਾਜ ਵਿੱਚ ਸਿੱਕਿਆਂ ਦੇ ਇੱਕ ਪਾਸੇ ਮੋਰ ਦੀ ਫੋਟੋ ਹੁੰਦੀ ਸੀ। ਮੁਗਲ ਬਾਦਸ਼ਾਹ ਸ਼ਾਹਜਹਾਨ ਦਾ ਤਖਤ ਵੀ ਮੋਰ ਦੀ ਸ਼ਕਲ ਦਾ ਸੀ। ਇਸ ਤਖਤ ਦਾ ਨਾਮ ਤਖਤ-ਏ- ਤਾਊਸ ਸੀ। ਅਰਬੀ ਭਾਸ਼ਾ ਵਿੱਚ ਮੋਰ ਨੂੰ ਤਾਊਸ ਕਿਹਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਵਿੱਚ ਮੋਰ ਨੂੰ "ਬਲੂ ਪਿਫਾਊਲ ਅਤੇ ਵਿਗਿਆਨਿਕ ਭਾਸ਼ਾ ਵਿੱਚ ਮੋਰ ਨੂੰ "ਪਾਵੋ ਕ੍ਰਿਸਟੇਟਸ" ਕਿਹਾ ਜਾਂਦਾ ਹੈ। ਮੋਰ ਇਕ ਤੋਂ ਵੱਧ ਜੋੜੇ ਬਣਾਉਂਦਾ ਹੈ। ਜਿਸ ਕਰਕੇ ਵਿਗਿਆਨ ਨੇ ਇਸ ਨੂੰ ਬਹੁ-ਵਿਵਾਹਿਤ ਸ਼੍ਰੇਣੀ ਵਿੱਚ ਰੱਖਿਆ ਹੈ। ਇਹ ਵੀ ਸਬੂਤ ਮਿਲਦੇ ਹਨ ਕਿ ਦੱਖਣ ਏਸ਼ੀਆ ਦੇ। ਵਿੱਚ ਜਾਵਾ ਦੇ ਹਰੇ ਰੰਗ ਵਾਲੇ ਮੋਰ ਨੂੰ ਅਸਲ ਵਿੱਚ ਪਤਨੀ ਵਰਤਿਆ ਮੋਰ ਕਿਹਾ ਜਾਂਦਾ ਹੈ।

ਮੋਰ ਬਾਰੇ ਕਿਤਾਬ ਦੱਸਦੀ ਹੈ ਕਿ ਰੋਮਾਂਸ ਸਮੇਂ ਆਪਣੇ ਖੰਭਾਂ ਨੂੰ ਉੱਪਰ ਚੁੱਕ ਕੇ ਪੈਲ ਪਾਉਂਦਾ ਹੈ ਇਸ ਸਮੇਂ ਉਸ ਦਾ ਸੁਹੱਪਣ ਦੂਣਾ ਚੌਣਾ ਹੋ ਜਾਂਦਾ ਹੈ। ਇਸ ਸਮੇਂ ਰੋਮਾਂਸ ਦੀਆਂ ਤਰੰਗਾਂ ਅਤੇ ਆਵਾਜ਼ਾਂ ਨੂੰ ਸੁਣ ਕੇ ਮਾਦਾ ਮੋਰਨੀ ਕੋਲ ਆ ਜਾਂਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਮੋਰਨੀ ਜਿਸ ਮੋਰ ਦੀਆਂ ਪੂੰਛਾਂ ਤੇ ਸੁਹੱਪਣ ਅਤੇ ਖੰਭਾਂ ਤੇ ਅੱਖਾਂ ਤੇ ਨਿਸ਼ਾਨ ਹੋਣ ਮੋਰਨੀ ਉਸ ਵੱਲ ਵੱਧ ਆਕਰਸ਼ਿਤ ਹੁੰਦੀ ਹੈ। ਖੁਰਾਕ ਦੇ ਤੌਰ ਤੇ ਮੋਰ ਨੂੰ ਸਭ ਕੁਝ ਹਜ਼ਮ ਹੁੰਦਾ ਹੈ। ਕੀੜੇ -ਮਕੌੜੇ, ਸੱਪ ਅਤੇ ਫਸਲੀ ਚੱਕਰ ਵਿੱਚ ਇਹ ਆਪਣੀ ਖੁਰਾਕ ਲੈਂਦਾ ਹੈ। ਕਈ ਜੀਵ ਇਸ ਦੀ ਖੁਰਾਕ ਦਾ ਆਧਾਰ ਬਣ ਜਾਂਦੇ ਹਨ। ਖੁਰਾਕੀ ਲੋੜਾਂ ਸਮੇਂ ਸਾਵਣ ਵਿੱਚ ਇਹ ਆਪਣਾ ਨਜ਼ਾਰਾ ਹੋਰ ਵੀ ਵੱਧ ਬੰਨਦਾ ਹੈ। ਇਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਸਾਉਣ ਦੇ ਮਹੀਨੇ ਦੀ ਮਹੱਤਤਾ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿੱਚ ਇਉਂ ਅੰਕਿਤ ਕੀਤਾ ਹੈ:-

"ਮੋਰੀ ਰੋਣ ਝੁਣ ਲਾਇਆ, ਭੈਣੇ ਸਾਵਣ ਆਇਆ" ਭਾਵ ਪ੍ਰਗਟਾਇਆ ਜਾਂਦਾ ਹੈ ਕਿ ਸਾਵਣ ਦੇ ਮਹੀਨੇ ਹੇ, ਭੈਣ ਸਾਵਣ ਆ ਗਿਆ ਹੈ ਇਸ ਨਾਲ ਜੀਵ ਇਸਤ੍ਰੀ ਨੂੰ ਸਿੱਖਿਆ ਦਿੱਤੀ ਗਈ ਹੈ।ਸਾਵਣ ਦੀਆਂ ਕਾਲੀਆਂ ਘਟਾਵਾਂ ਦੇਖ ਕੇ ਮੋਰਾਂ ਨੇ ਮਿੱਠੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਪ੍ਰਸੰਗ ਵਿੱਚ ਜੀਵ ਇਸਤਰੀ ਨੂੰ ਮੁਖਾਤਬ ਹੋ ਕੇ ਗੁਰੂ ਸਾਹਿਬ ਨੇ ਫ਼ੁਰਮਾਇਆ ਹੈ।

ਅਧਿਆਤਮਿਕ ਤੌਰ ਤੇ ਸਨਾਤਨ ਮੱਤ ਵਿੱਚ ਮੋਰ ਦੀ ਪ੍ਰਤਿਭਾ ਕਾਫੀ ਮਹਾਨ ਮੰਨੀ ਜਾਂਦੀ ਹੈ। ਮੋਰ ਦੇ ਖੰਭਾਂ ਨੂੰ ਬਹੁਤ ਸ਼ੁਭ ਮੰਨਿਆ ਜਾਂਦਾ ਹੈ। ਇਹ ਖੰਭ ਫਜ਼ੂਲ ਖਰਚੀ ਰੋਕਣ ਲਈ ਵੀ ਪੂਜਾ ਦੇ ਸਥਾਨ ਤੇ ਲਗਾਇਆ ਜਾਂਦਾ ਹੈ। ਸਾਕਾਰਆਤਮਿਕ ਊਰਜਾ ਲਈ ਮੋਰ ਦਾ ਖੰਭ ਸਹਾਈ ਹੁੰਦਾ ਹੈ। ਇਸ ਤੋਂ ਇਲਾਵਾ ਵਸਤੂ ਸ਼ਾਸਤਰ ਵਿੱਚ ਮੋਰ ਦਾ ਖੰਭ ਕਿਸਮਤ ਬਦਲਣ ਦੀ ਸਮਰੱਥਾ ਰੱਖਦਾ ਹੈ। ਮੰਨਿਆ ਜਾਂਦਾ ਹੈ ਕਿ ਇਸ ਦੇ ਸੋਹਣੇ ਖੰਭ ਦੇਖ ਕੇ ਸਾਕਾਰਆਤਮਿਕ ਊਰਜਾ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਨੂੰ ਭਗਵਾਨ ਕ੍ਰਿਸ਼ਨ ਜੀ ਨੇ ਸਿਰ ਤੇ ਸਜਾਉਣ ਲਈ ਵੀ ਚੁਣਿਆ ਸੀ। ਨਿਆਣੇ ਹੁੰਦੇ ਅਸੀਂ ਵੀ ਆਪਣੀਆਂ ਕਿਤਾਬਾਂ ਵਿੱਚ ਮੋਰ ਦੇ ਖੰਭ ਰੱਖਦੇ ਹੁੰਦੇ ਸਨ। ਸਾਡੀ ਮਿੱਥ ਹੁੰਦੀ ਸੀ ਕਿ ਕਿਤਾਬਾਂ ਵਿੱਚ ਮੋਰ ਦਾ ਖੰਭ ਰੱਖਣ ਨਾਲ ਪੜ੍ਹਾਈ ਵੱਧ ਆਉਂਦੀ ਹੈ। ਲਾਲਾ ਹਰਦਿਆਲ ਨੇ ਇੱਕ ਵਾਰ ਕਿਹਾ ਸੀ ਕਿ "ਪੰਛੀਆਂ ਅਤੇ ਕੀੜੀਆਂ ਨੂੰ ਕੇਵਲ ਸ਼ੁਗਲ ਲਈ ਨਾ ਮਾਰੋ, ਜ਼ਾਲਮ ਹੋਣ ਚ ਕੋਈ ਸ਼ੁਗਲ ਨਹੀਂ ਹੁੰਦਾ" ਮੋਰ ਦਾ ਸ਼ਿਕਾਰ ਕਰਕੇ ਇਸ ਨੂੰ ਚੋਰੀ ਛਿਪੇ ਖਾਧਾ ਵੀ ਜਾਂਦਾ ਹੈ। ਉਂਝ ਮੋਰ ਦੇ ਸ਼ਿਕਾਰ ਦੀ ਮਨਾਹੀ ਹੈ। ਇਹ ਕਨੂੰਨੀ ਕਾਇਦੇ ਵਿੱਚ ਆਉਂਦਾ ਹੈ। ਪਿਛਲੇ ਸਮਿਆਂ ਵਿੱਚ ਪੰਜਾਬ ਚ ਇੱਕ ਅਫਸਰ ਮੋਰ ਦੇ ਸ਼ਿਕਾਰ ਵਿੱਚ ਨਾਮਜ਼ਦ ਹੋਇਆ ਸੀ। ਮੋਰ ਮਿੱਤਰ ਅਤੇ ਦੁਸ਼ਮਣ ਨੂੰ ਪਛਾਣਦਾ ਹੈ। ਇਹ ਹਿੰਸਾ ਕਰਨ ਵਾਲੇ ਨੂੰ ਦੇਖ ਕੇ ਭੱਜ ਜਾਂਦਾ ਹੈ। ਜਦੋਂ ਕਿ ਪ੍ਰੇਮੀ ਅਤੇ ਰਿਸ਼ੀਆਂ -ਮੁਨੀਆਂ ਦੇ ਕੋਲ ਆ ਜਾਂਦਾ ਹੈ। ਮੋਰ ਬੰਦੇ ਦਾ ਵਧੀਆ ਮਿੱਤਰ ਹੈ। ਇਹ ਦੇਖਣ ਸੁਣਨ ਵਿੱਚ ਖ਼ੂਬਸੂਰਤੀ ਹੀ ਦਿੰਦਾ ਹੈ। ਇਸ ਦੇ ਖੰਭਾਂ ਦੀ ਗਿਣਤੀ ਲਗਭਗ 200 ਹੁੰਦੀ ਹੈ। ਆਵਾਜ਼ ਇਸਦੀ ਉੱਚੀ ਅਤੇ ਤਿੱਖੀ ਹੁੰਦੀ ਹੈ। ਸਾਹਿਤਕ ਅਤੇ ਸੱਭਿਆਚਾਰਕ ਪੱਖ ਵਿੱਚ ਮੋਰ ਦਾ ਕਾਫੀ ਸਹਾਰਾ ਲਿਆ ਜਾਂਦਾ ਹੈ। ਪੰਜਾਬ ਰੰਗਲਾ ਸੂਬਾ ਹੈ। ਇੱਥੇ ਕੁਦਰਤ ਬਹੁ ਰੰਗੀ ਨਿਖਾਰ ਪੇਸ਼ ਕਰਦੀ ਹੈ। ਹਰਿਆਵਲ ਮੀਂਹ ਘਟਾਵਾਂ ਅਤੇ ਮੌਸਮ ਇੱਕ ਦੂਜੇ ਨੂੰ ਗਲਵੱਕੜੀ ਪਾਉਂਦੇ ਰਹਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਵੀ ਇਸ ਪ੍ਰਸੰਗ ਵਿੱਚ ਕੁਦਰਤ ਨੂੰ ਜੋੜਿਆ ਹੈ "ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ"। ਪੰਜਾਬਣ ਦੀ ਤੋਰ ਦੀ ਤੁਲਨਾ ਵੀ ਮੋਰ ਦੀ ਚਾਲ ਨਾਲ ਕੀਤੀ ਜਾਂਦੀ ਹੈ। ਸਿਰ ਤੇ ਮੁਕਟ ਵਾਲੇ ਮੋਰ ਨੂੰ ਕਲਹਿਰੀ ਮੋਰ ਕਿਹਾ ਜਾਂਦਾ ਹੈ। ਸਾਵਣ ਅਤੇ ਬਾਗਾਂ ਨਾਲ ਰਿਸ਼ਤੇ ਨੂੰ ਵੀ ਮੋਰ ਵੱਲੋਂ ਸਾਂਭਿਆ ਜਾਂਦਾ ਹੈ। ਖੇਤਾਂ ਵਿੱਚੋਂ ਦੁਸ਼ਮਣ ਕੀੜੇ ਖਾਣ ਲਈ ਕਿਸਾਨ ਦਾ ਸਾਥੀ ਵੀ ਸਮਝਿਆ ਜਾਂਦਾ ਹੈ। ਸਾਹਿਤ ਦੀਆਂ ਸਤਰਾਂ ਵਿੱਚ ਇਸ ਦੀਆਂ ਵੰਨਗੀਆਂ ਇਸ ਤਰ੍ਹਾਂ ਹਨ:-"ਮੋਰ ਪਾਵੇ ਪੈਲਾਂ ਸੱਪ ਜਾਵੇ ਖੱਡ ਨੂੰ, ਬਗਲਾ ਭਗਤ ਚੱਕ ਲਿਆਇਆ ਡੱਡ ਨੂੰ" ਮੋਰ ਦੀ ਮਨਮੋਹਕ ਚਾਲ ਦੀ ਤੁਲਨਾ ਸੱਭਿਆਚਾਰ ਵਿੱਚ ਬਾਖ਼ੂਬੀ ਮਿਲਦੀ ਹੈ "ਮਿਰਗਾਂ ਵਰਗੇ ਨੈਣ ਤੇਰੇ ਤੇ ਮੋਰਾਂ ਵਰਗੀ ਤੋਰ, ਤੇਰੇ ਹੱਥ ਮੇਰੇ ਦਿਲ ਦੀ ਡੋਰ" ਇਹ ਵੀ ਕਿਹਾ ਜਾਂਦਾ ਹੈ ਕਿ, "ਤੋਰ ਪੰਜਾਬਣ ਦੀ ਸਿੱਖ ਲੈ ਕਲਹਿਰੀਆ ਮੋਰਾ" ਚਰਖੇ ਦੀ ਮਿੱਠੀ ਮਿੱਠੀ ਘੂੰ ਘੂੰ ਦੀ ਤੁਲਨਾ ਵੀ ਮੋਰ ਨਾਲ ਮਿਲਦੀ ਹੈ, "ਚੀਕੇ ਚਰਖਾ ਬਿਸ਼ਨੀਏ ਤੇਰਾ ਲੋਕਾਂ ਭਾਵੇਂ ਮੋਰ ਕੂਕਦਾ" ਪੰਜਾਬੀ ਜਵਾਨ ਆਪਣੇ ਸਰੀਰ ਤੇ ਮੋਰ ਮੋਰਨੀਆਂ ਦੀਆਂ ਤਸਵੀਰਾਂ ਬਣਵਾਉਂਦੇ ਹਨ। ਮੋਰਾਂ ਦੀ ਬਾਗ ਨਾਲ ਨੇੜਤਾ ਨੂੰ ਇੱਕ ਲੋਕ ਸਾਹਿਤ ਦੀ ਵੰਨਗੀ ਵਿੱਚ ਇਉਂ ਤਰਾਸ਼ਿਆ ਗਿਆ ਹੈ, "ਸੁਣ ਵੇ ਬਾਗ ਬਗ਼ੀਚਿਆਂ ਦੇ ਮਾਲੀ, ਹੋਰਾਂ ਦੇ ਬਾਗੀ ਮੋਰ ਬੋਲਦੇ ਤੇਰੇ ਬਾਗ ਕਿਉਂ ਖਾਲੀ" ਸਾਹਿਤਿਕ ਪੱਖ ਦੀ ਇੱਕ ਹੋਰ ਵੰਨਗੀ ਵੀ ਗੂੰਜਦੀ ਹੈ। ਸਾਵਣ ਦੇ ਮਹੀਨੇ ਨਵੀਆਂ ਵਿਆਹੀਆ ਮਾਪਿਆਂ ਦੇ ਘਰ ਕੱਟਦੀਆਂ ਹਨ। ਇਸ ਪਿੱਛੇ ਸਿਹਤ ਦਾ ਕਾਰਣ ਦੱਸਿਆ ਜਾਂਦਾ ਹੈ। ਇਸ ਲਈ ਇਸ ਸਮੇਂ ਦੇ ਦ੍ਰਿਸ਼ ਨੂੰ ਵੀ ਮੋਰ ਰਾਹੀਂ ਕਲਮ ਬੰਦ ਕੀਤਾ ਹੈ, "ਸਾਉਣ ਦਾ ਮਹੀਨਾ ਬਾਗਾਂ ਵਿੱਚ ਬੋਲਣ ਮੋਰ ਵੇ, ਅਸੀਂ ਨੀ ਸਹੁਰੇ ਜਾਣਾ ਗੱਡੀ ਨੂੰ ਖਾਲੀ ਮੋੜ ਦੇ" ਮੋਰ ਕੁਦਰਤ ਨਾਲ ਇੱਕਮਿਕਤਾ ਨੂੰ ਵੀ ਦਰਸਾਇਆ ਗਿਆ ਹੈ, "ਪੰਛੀ ਬੋਲਣ ਮਿੱਠੜੇ ਬੋਲ ਰੱਖਣ ਕੁਦਰਤ ਦਾ ਸੰਮਤੋਲ" ਜਦੋਂ ਸੱਜ ਵਿਆਹੀ ਮਾਪੇ ਨਹੀਂ ਆਉਂਦੀ ਤਾਂ ਧੀ ਦਾ ਬਾਪ ਇਉਂ ਸੁਨੇਹਾ ਭੇਜਦਾ ਹੈ:-"ਮੋਰਾਂ ਨੇ ਪੈਲਾਂ ਪਾ ਲਈਆਂ ਬਾਬਲ ਛਮ ਛਮ ਰੋਵੇ, ਨਾ ਰੋਅ ਮੇਰਿਆ ਬਾਬਲਾ ਧੀਆਂ ਤਨ ਪਰਾਇਆ"

ਮੁੱਕਦੀ ਗੱਲ ਇਹ ਹੈ ਕਿ ਮੋਰ ਇੱਕ ਅਜਿਹਾ ਪੰਛੀ ਹੈ ਜਿਸ ਬਿਨਾਂ ਸਾਵਣ ਮਹੀਨਾ ਅਧੂਰਾ ਲੱਗਦਾ ਹੈ। ਬਾਗੀਂ ਬੋਲਦੇ ਮੋਰ ਸਾਵਣ ਨੂੰ ਖ਼ੂਬਸੂਰਤ ਬਣਾ ਕੇ ਸੱਭਿਆਚਾਰ ਦੀ ਚਾਦਰ ਵਿੱਚ ਵਲੇਟ ਦਿੰਦੇ ਹਨ।

* * * * * * *

# ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਵਿੱਚ ਕਿਵੇਂ ਸਹਿਯੋਗੀ ਬਣੀਏ !

**ਡਾ. ਇਕਬਾਲ ਸਿੰਘ ਲਾਲਪੁਰਾ**
+91 98773 53321



ਸਿੱਖ ਧਰਮ ਦੁਨੀਆ ਦਾ ਨਵੀਨਤਮ ਤੇ ਪੰਜਵਾਂ ਸਭ ਤੋਂ ਵੱਡਾ ਧਰਮ ਹੈ। ਧਰਮ ਦੀ ਬੁਨਿਆਦ ਫ਼ਲਸਫ਼ੇ ਤੇ ਇਤਿਹਾਸ ਉੱਪਰ ਆਧਾਰਿਤ ਹੁੰਦੀ ਹੈ। ਸਭ ਧਰਮ ਚੰਗੇ ਹਨ! ਰੱਬ, ਅਕਾਲ ਪੁਰਖ, ਵਾਹਿਗੁਰੂ ਤੇ ਜਿਸ ਨਾਮ ਨਾਲ ਵੀ ਉਸ ਨੂੰ ਯਾਦ ਕਰੀਏ, ਉਹ ਇੱਕ ਹੀ ਹੈ। ਇਸ ਲਈ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਓਅੰਕਾਰ ਦੇ ਅੱਗੇ '੧' ਦਰਜ ਕਰਕੇ ਮੋਹਰ ਲਗਾ ਦਿੱਤੀ ਕਿ ਰੱਬ ਇੱਕ ਤੇ ਕੇਵਲ ਇੱਕ ਹੀ ਹੈ।

ਜਦੋਂ ਵੀ ਦੁਨੀਆ ਵਿੱਚ ਜ਼ੁਲਮ ਤੇ ਨਫ਼ਰਤ ਵਧਦੀ ਹੈ, ਜਿਸ ਨੂੰ ਅਧਰਮ ਆਖਿਆ ਜਾਂਦਾ ਹੈ, ਤਾਂ ਪ੍ਰਭੂ ਆਪਣੇ ਖ਼ਾਸ ਨੁਮਾਇੰਦੇ ਜਬਰ ਤੋਂ ਮੁਕਤੀ ਤੇ ਧਰਮ ਸਥਾਪਿਤ ਕਰਨ ਲਈ ਭੇਜਦਾ ਹੈ, ਜਿਨ੍ਹਾਂ ਦੇ ਅਨੁਯਾਈ ਵੱਖਰੇ ਧਰਮ ਸਥਾਪਤ ਕਰ ਲੈਂਦੇ ਹਨ। ਦੁਨੀਆ ਵਿੱਚ ਕੇਵਲ ਇੱਕ ਹੀ ਧਰਮ ਹੈ-ਪ੍ਰਭੂ ਨੂੰ ਯਾਦ ਰੱਖਣਾ ਤੇ ਚੰਗਾ ਕੰਮ ਕਰਨਾ। ਸ਼੍ਰੀ ਗੁਰੂ ਨਾਨਕ ਦੇਵ ਜੀ ਵੀ ਜ਼ੁਲਮ ਤੇ ਜਬਰ ਦੇ ਹਾਲਾਤ ਵਿੱਚ ਪ੍ਰਗਟ ਹੋਏ। ਗੁਰੂ ਪਾਤਸ਼ਾਹ ਨੇ ਦਰਜ ਕੀਤਾ ਹੈ:

ਸਲੋਕੁ ਮ ? ੧ ॥

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸਦੀਵੀ ਰਾਹਤ ਦੇਣ ਲਈ ਧਰਤੀ 'ਤੇ ਵੱਸਦੇ ਮਨੁੱਖ ਨੂੰ ਹੀ ਦੇਵਤਾ ਬਣਾਉਣ ਦਾ ਸੰਕਲਪ ਪ੍ਰਗਟ ਕੀਤਾ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦੇਵਤਿਆਂ ਨੂੰ ਅਕਾਲ ਪੁਰਖ ਦੀ ਮੂਰਤ ਹੀ ਬਣਾ ਦਿੱਤਾ, ਭਾਵ ਰੱਬ ਦੇ ਗੁਣ ਪ੍ਰਗਟ ਕਰਕੇ ਮਨੁੱਖਤਾ ਦੀ ਸੇਵਾ ਤੇ ਰਾਖੀ ਲਈ ਖਾਲਸਾ ਪੰਥ ਦੀ ਸਿਰਜਣਾ ਕਰ ਦਿੱਤੀ।

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਤੇ ਗੁਰੂ ਨਾਨਕ ਦੇਵ ਜੀ ਵੱਲੋਂ ਇਕੱਤਰ ਕੀਤੀ ਬਾਣੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਰੂਪ ਵਿੱਚ ਇਕੱਤਰ ਕਰ ਦਿੱਤਾ, ਜਿਸ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਵੀ ਰੂਪ ਵਿੱਚ ਗੁਰੂ ਥਾਪ ਦਿੱਤਾ! ਸ਼੍ਰੀ ਗੁਰੂ ਗ੍ਰੰਥ ਸਾਹਿਬ ਇੱਕ ਅਕਾਲ ਪੁਰਖ ਦੀ ਪਰਿਭਾਸ਼ਾ ਤੋਂ ਉਸ ਨਾਲ ਇੱਕਮਿਕ ਹੋਣ ਦਾ ਰਾਹ ਤੇ ਵਿਧੀ ਪ੍ਰਗਟ ਕਰਦੇ ਹਨ, ਕੋਈ ਇਤਿਹਾਸ ਤੇ ਕਹਾਣੀਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਨਹੀਂ ਹਨ।

ਸਿੱਖ ਗੁਰੂ ਸਾਹਿਬਾਨ ਦਾ ਜੀਵਨ-ਇਤਿਹਾਸ ਹਰ ਸਿੱਖ ਲਈ ਪ੍ਰੇਰਨਾਦਾਇਕ ਚਾਨਣ ਮੁਨਾਰਾ ਹੈ, ਜਿਸ ਤੋਂ ਪ੍ਰੇਰਿਤ ਹੋ ਕੇ ਸਿੰਘਾਂ ਨੇ ਬੰਦ-ਬੰਦ ਵੀ ਕਟਵਾਏ ਤੇ ਚਰਖੜੀਆਂ 'ਤੇ ਵੀ ਚੜ੍ਹਦੇ ਰਹੇ ਹਨ।

ਗ਼ਰੀਬ ਦੀ ਰੱਖਿਆ ਤੇ ਜਰਵਾਣੇ ਦੀ ਭੱਖਿਆ ਲਈ ਰਾਜ ਸ਼ਕਤੀ ਵੀ ਜ਼ਰੂਰੀ ਹੈ- "ਰਾਜ ਬਿਨਾ ਨਹਿ ਧਰਮ ਚਲੇ ਹੈਂ, ਧਰਮ ਬਿਨਾ ਸਭ ਦਲੇ ਮਲੇ ਹੈਂ"। ਇਸ ਦੀ ਪੂਰਤੀ ਲਈ ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸਥਾਪਤ ਕਰਕੇ 1839 ਈ. ਤੱਕ ਖ਼ਾਲਸਾ ਤੇ ਹਲੇਮੀ ਰਾਜ ਦੇ ਸਰਬ-ਸਾਂਝੇ ਰਾਜ ਦਾ ਸੰਕਲਪ ਪੇਸ਼ ਕੀਤਾ।

ਮੁਗ਼ਲਾਂ ਦੇ ਰਾਜ ਵਿੱਚ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਤੇ ਸਿੱਖਾਂ ਨੂੰ ਸ਼ਹੀਦ ਕਰਕੇ ਸਿੱਖ ਧਰਮ ਦਾ ਖੁਰਾ-ਖੋਜ ਮਿਟਾਉਣ ਦਾ ਯਤਨ ਕੀਤਾ ਗਿਆ ਸੀ, ਪਰ ਅੰਗਰੇਜ਼ਾਂ ਨੇ ਇਸ ਮੰਤਵ ਲਈ ਸਿੱਖ ਪੰਥ ਦੇ ਸੁਨਹਿਰੀ ਨਿਯਮਾਂ ਨੂੰ ਸੱਟ ਮਾਰਨ ਦੀ ਨੀਤੀ ਅਪਣਾਈ। ਮਹਾਰਾਜਾ ਦਲੀਪ ਸਿੰਘ ਤੇ ਰਾਜਾ ਹਰਨਾਮ ਸਿੰਘ ਆਹਲੂਵਾਲੀਆ ਨੂੰ ਇਸਾਈ ਬਣਾ ਕੇ ਸਿੱਖਾਂ ਨੂੰ ਇਸ ਧਰਮ ਨੂੰ ਅਪਣਾਉਣ ਲਈ ਸਾਮ, ਦਾਮ, ਦੰਡ, ਭੇਦ ਦਾ ਰਾਹ ਚੁਣਿਆ।

ਕਰੀਬ ਵੀਹ ਸਾਲਾਂ ਵਿੱਚ ਹੀ ਸਿੱਖ ਆਜ਼ਾਦ ਸਿੱਖ ਰਾਜ ਦਾ ਰਾਹ ਹੀ ਭੁੱਲ ਗਏ। ਸਿੱਖ ਰਾਜੇ, ਮਹਾਰਾਜਾ ਬਣਨ ਦਾ ਰਾਹ ਛੱਡ ਕੇ ਅੰਗਰੇਜ਼ ਦੇ ਰਾਜਕੁਮਾਰ ਬਣ ਗਏ।

ਸਿੱਖ ਦਾ ਘਰ ਧਰਮਸ਼ਾਲਾ ਬਣੇ-ਇਹ ਗੁਰਮਤਿ ਹੈ। ਭਾਈ ਚੌਪਾ ਸਿੰਘ ਅੰਕਿਤ ਕਰਦੇ ਹਨ, "ਪਿੰਡ ਵਿੱਚ ਇੱਕ ਅਸਥਾਨ ਸਾਧੂ ਸੰਗਤ ਕਾ ਬਣਾਵਣਾ, ਜਹਾਂ ਸਾਧੂ ਸੰਗਤ ਇਕੱਤਰ ਹੋਵੇ ਤੇ ਆਇਆ ਗਿਆ ਵਿਸ਼ਰਾਮ ਕਰੇ!" ਇਹ ਸੰਗਤੀ ਰੂਪ ਹੈ। ਪਰ ਸਿੱਖ ਇਤਿਹਾਸਕ ਅਸਥਾਨਾਂ ਨੂੰ ਗੁਰੂ ਘਰ ਦਾ ਰੂਪ ਦੇ ਕੇ ਪੂਜਾ ਅਸਥਾਨ ਤਾਂ ਬਣਾ ਦਿੱਤਾ ਗਿਆ, ਪਰ ਸੰਗਤ ਪਿੰਡ ਪੱਧਰ 'ਤੇ ਇਕੱਤਰ ਹੋਵੇ-ਇਹ ਗੱਲ ਪਿੱਛੇ ਪੈ ਗਈ। ਗੁਰੂ ਘਰਾਂ ਨੂੰ ਇੱਕ ਨਵੀਂ ਪ੍ਰਬੰਧਕੀ ਜਮਾਤ ਦੇ ਹਵਾਲੇ ਕਰ ਦਿੱਤਾ ਗਿਆ ਹੈ, ਜਿਸ ਨਾਲ ਸੰਗਤ ਦੀ ਪੰਥਕ ਫ਼ੈਸਲਿਆਂ ਵਿੱਚ ਭਾਈਵਾਲੀ ਲੋੜ ਤੋਂ ਕਿਧਰੇ ਜ਼ਿਆਦਾ ਘੱਟ ਗਈ ਹੈ।

ਪੰਜ ਪਿਆਰੇ ਸੀਸ ਭੇਟ ਕਰਕੇ ਹੋਂਦ ਵਿੱਚ ਆਏ ਸਨ ਤੇ ਗੁਰੂ ਦੇ ਰਾਹ 'ਤੇ ਚੱਲ ਕੇ ਸ਼ਹੀਦ ਵੀ ਹੋਏ ਸਨ। ਉਹ ਤਨਖ਼ਾਹਦਾਰ ਨਹੀਂ ਸਨ। ਮਿਸਲ ਕਾਲ ਵਿੱਚ ਸਰਬੱਤ ਖਾਲਸਾ ਦੀ ਅਗਵਾਈ ਵੀ ਅਜਿਹੇ ਸਿੰਘ ਹੀ ਕਰਦੇ ਸਨ, ਪਰ ਅੰਗਰੇਜ਼ ਕਾਲ ਦੇ ਸਰਕਾਰੀ ਗੁਰਦੁਆਰਾ ਪ੍ਰਬੰਧਕਾਂ ਨੇ ਪੁਜਾਰੀਆਂ ਤੋਂ ਆਪਣੇ ਪੱਖੀ ਫ਼ੈਸਲੇ ਕਰਵਾ ਕੇ ਇਸ ਨੂੰ ਪੰਜ ਪਿਆਰਿਆਂ ਦੇ ਹੁਕਮ ਵਜੋਂ ਪ੍ਰਚਾਰ ਦਿੱਤਾ। ਇਸ ਕਰਕੇ ਕੌਮੀ ਫ਼ੈਸਲਿਆਂ ਦਾ ਦਾਇਰਾ ਸੀਮਤ, ਵਿਵਾਦਿਤ ਤੇ ਗ਼ੈਰ-ਪਾਰਦਰਸ਼ੀ ਹੋਣ ਲੱਗ ਪਿਆ।

ਚਾਲਬਾਜ਼ ਤੇ ਸਿੱਖ ਸਿਧਾਂਤ-ਵਿਰੋਧੀ ਅੰਗਰੇਜ਼ਾਂ ਨੇ ਸਿੰਘ ਸਭਾ ਲਹਿਰ, ਜੋ ਇਸਾਈਆਂ ਵੱਲੋਂ ਧਰਮ ਪਰਿਵਰਤਨ ਵਿਰੁੱਧ 19ਵੀਂ ਸਦੀ ਦੇ ਅੰਤ ਵਿੱਚ ਸ਼ੁਰੂ ਹੋਈ ਸੀ, ਨੂੰ ਵੀ ਕਮਜ਼ੋਰ ਤੇ ਅਸਰਹੀਣ ਕਰ ਦਿੱਤਾ। ਚੀਫ਼ ਖਾਲਸਾ ਦੀਵਾਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਵੀ ਮੁੱਢ ਤੋਂ ਹੀ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੀ ਜ਼ਿੰਮੇਵਾਰੀ ਛੱਡ ਕੇ ਗੁਰਦੁਆਰਾ ਸਾਹਿਬਾਨ ਨੂੰ ਰਾਜਨੀਤੀ ਦੀ ਪੌੜੀ ਬਣਾ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਪਰ ਅੱਜ ਇਨ੍ਹਾਂ ਦੀ ਸਥਿਤੀ "ਨਾ ਖ਼ੁਦਾ ਹੀ ਮਿਲਾ ਨਾ ਵਿਸਾਲ-ਏ-ਸਨਮ" ਵਾਲੀ ਹੈ; ਗੁਰਦੁਆਰਾ ਪ੍ਰਬੰਧ ਕਮਜ਼ੋਰ ਹੋ ਗਿਆ ਤੇ ਸਿੱਖ ਰਾਜਨੀਤੀ ਵੀ ਹਾਸ਼ੀਏ 'ਤੇ ਚਲੀ ਗਈ ਹੈ।

ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਅੰਗਰੇਜ਼-ਪੱਖੀ ਸਿੱਖ ਆਗੂਆਂ ਨੇ ਲੱਖਾਂ ਸਿੱਖਾਂ ਨੂੰ ਪਹਿਲੀ ਤੇ ਦੂਜੀ ਵਿਸ਼ਵ ਜੰਗ ਵਿੱਚ ਅੰਗਰੇਜ਼ ਰਾਜ ਦੀ ਮਜ਼ਬੂਤੀ ਲਈ ਸ਼ਹੀਦ ਕਰਵਾ ਦਿੱਤਾ ਸੀ। ਅੰਗਰੇਜ਼-ਵਿਰੋਧੀ ਤੇ ਕਾਂਗਰਸ-ਪੱਖੀਆਂ ਨੇ ਕਈ ਹਜ਼ਾਰ ਸਿੱਖਾਂ ਨੂੰ ਅੰਗਰੇਜ਼ ਹਕੂਮਤ ਦੀਆਂ ਗੋਲੀਆਂ ਤੇ ਫਾਂਸੀਆਂ 'ਤੇ ਚੜ੍ਹਾ ਕੇ ਸ਼ਹੀਦ ਕਰਵਾ ਦਿੱਤਾ ਸੀ। ਪਰ ਆਜ਼ਾਦੀ ਸਮੇਂ ਖਾਲਸਾ ਰਾਜ ਦੀ ਰਾਜਧਾਨੀ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰੂ ਘਰਾਂ ਦੀ ਗੱਲ ਹੀ ਨਹੀਂ ਕੀਤੀ, ਨਾ ਹੀ ਰਾਜਕੁਮਾਰੀ ਬੰਬਾ ਤੇ ਸੋਫ਼ੀਆ ਨੂੰ ਮਹਾਰਾਜਾ ਦਲੀਪ ਸਿੰਘ ਦੇ ਵਾਰਸ ਵਜੋਂ ਧਿਰ ਹੀ ਬਣਾਇਆ ਗਿਆ।

ਅੰਗਰੇਜ਼ਾਂ ਨੇ 1935 ਈ. ਵਿੱਚ ਹੀ ਵੱਖਰੀਆਂ ਵੋਟਾਂ ਦਾ ਅਧਿਕਾਰ ਦੇ ਕੇ ਵੱਖਰੀ ਕੌਮ ਵਜੋਂ ਮਾਨਤਾ ਦਿੱਤੀ ਸੀ, ਭਾਰਤ ਦਾ ਸੰਵਿਧਾਨ ਵੀ ਸਿੱਖ ਕੌਮ ਨੂੰ ਵੱਖਰੀ ਕੌਮ ਵਜੋਂ ਮਾਨਤਾ ਦਿੰਦਾ ਹੈ। ਫਿਰ ਇਹ ਮੁੱਦਾ ਕਿਵੇਂ ਹੈ? ਸਿੱਖ ਪਾਰਲੀਮੈਂਟ ਮੈਂਬਰਾਂ ਨੇ ਵੱਖਰੇ ਸਿੱਖ ਸਿਵਲ ਕਾਨੂੰਨ ਦਾ ਬਿੱਲ ਤੇ ਖਰੜਾ ਅਜੇ ਤੱਕ ਪੇਸ਼ ਕਿਉਂ ਨਹੀਂ ਕੀਤਾ?

ਕੂਟਨੀਤੀ ਵਿੱਚ ਦੂਰ-ਅੰਦੇਸ਼ੀ ਦੀ ਘਾਟ ਕਾਰਨ ਆਜ਼ਾਦੀ ਸਮੇਂ ਕਾਂਗਰਸ ਪਾਰਟੀ ਕੋਲੋਂ ਪੰਜਾਬ ਤੇ ਪੰਜਾਬੀ ਲਈ ਕੁਝ ਵੀ ਪ੍ਰਾਪਤ ਨਹੀਂ ਕਰ ਸਕੇ, ਕੀ ਹੁਣ ਕੇਵਲ ਵੋਟਾਂ ਲਈ ਤਾਂ ਗੁਮਰਾਹ ਨਹੀਂ ਕਰ ਰਹੇ?

ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪੰਥ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਚੰਗੇ ਪ੍ਰਚਾਰਕਾਂ ਤੇ "ਮੈਂ ਮਰਾਂ ਪੰਥ ਜੀਵੇ" ਦੀ ਸੋਚ ਵਾਲੇ ਆਗੂਆਂ ਦੀ ਘਾਟ ਕਾਰਨ ਕਮਜ਼ੋਰ ਨਜ਼ਰ ਆਉਂਦਾ ਹੈ, ਪਰ ਕੌਮ ਜੇਕਰ ਹਿੰਮਤ ਕਰੇ ਤੇ ਜੁੜ ਬੈਠੇ ਤਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ "ਉਦੈ ਅਸਤ ਖਾਲਸਾ ਜੀਤਾ" ਦਾ ਬਚਨ ਸਹਿਜੇ ਹੀ ਪੂਰਾ ਹੋ ਸਕਦਾ ਹੈ। ਗੱਲ ਕੇਵਲ "ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈ ਸਾਰਾ" 'ਤੇ ਅਮਲ ਕਰਨ ਦੀ ਹੈ। ਪਰ ਅੱਜ ਸਥਿਤੀ ਇਹ ਹੈ ਕਿ ਸਿੱਖ ਧਰਮ ਨੂੰ ਢਾਹ ਲੱਗ ਰਹੀ ਹੈ, ਵਿਦੇਸ਼ੀ ਧਰਮ ਦੇ ਮਿਸ਼ਨਰੀ ਗੁਰੂ ਸਾਹਿਬਾਨ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਬਾਰੇ ਹੀ ਸ਼ੰਕੇ ਖੜ੍ਹੇ ਕਰ ਰਹੇ ਹਨ।

ਸਿੱਖੀ ਦੇ ਭੇਸ ਵਿੱਚ ਕਾਮਰੇਡਾਂ ਦੀ ਘੁਸਪੈਠ ਨੇ ਗੁਰੂ ਨਾਨਕ ਦੇਵ ਜੀ ਦੇ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥੧॥" ਦੀ ਜੀਵਨ-ਜਾਚ ਵਾਲਿਆਂ ਦੇ ਹੱਥ ਵਿੱਚ "ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ" ਲਈ ਹਥਿਆਰ ਫੜਾ ਦਿੱਤੇ ਹਨ। ਇਸੇ ਕਾਰਨ ਦੇਵਤੇ ਖੋਹਾਂ ਕਰਦੇ ਉਗਰਵਾਦੀ ਜਾਂ ਖਾੜਕੂ ਨਜ਼ਰ ਆਉਣ ਲੱਗ ਪਏ ਹਨ।

ਰਾਜਨੀਤੀ ਵਿੱਚ ਪਾਰਲੀਮੈਂਟ, ਰਾਜ ਅਸੈਂਬਲੀਆਂ, ਕਾਰਜਪਾਲਿਕਾ ਤੇ ਜੁਡੀਸ਼ਰੀ ਸੰਸਥਾਵਾਂ ਦੇ ਉੱਚ ਅਹੁਦਿਆਂ 'ਤੇ ਗੁਰਮਤਿ ਵਿੱਚ ਪਰਪੱਕ ਦਸਤਾਰਧਾਰੀ ਅਲੋਪ ਹੋ ਚੁੱਕੇ ਲੱਗਦੇ ਹਨ। ਨੌਜਵਾਨ ਪੀੜ੍ਹੀ ਦੇ ਹੀਰੋ ਜਾਂ ਨਾਇਕ, ਅਸ਼ਲੀਲ ਗਾਣੇ ਗਾਉਣ ਵਾਲੇ ਕਲਾਕਾਰ ਬਣ ਰਹੇ ਹਨ, ਜਿਨ੍ਹਾਂ ਵਿੱਚ ਇੱਕ ਵੀ ਗੁਰਮਤਿ ਦਿੱਖ ਵਾਲਾ ਨਹੀਂ ਹੈ।

ਭਾਰਤ-ਵਿਰੋਧੀ ਵਿਦੇਸ਼ੀ ਤਾਕਤਾਂ, ਜੋ ਸਿੱਖ ਕੌਮ ਦੇ ਮੁੱਢ-ਕਦੀਮ ਤੋਂ ਫ਼ਲਸਫ਼ੇ ਵਿਰੋਧੀ ਰਹੀਆਂ ਹਨ ਤੇ ਗੁਰੂ ਸਾਹਿਬਾਨ ਦੇ ਕਾਤਲਾਂ ਦੀਆਂ ਵਾਰਸ ਹਨ, ਦੇ ਹੱਥਾਂ ਵਿੱਚ ਖੇਡ ਕੇ ਕੁਝ ਲੋਕ ਸਿੱਖ ਨੌਜਵਾਨਾਂ ਨੂੰ ਕੁਰਾਹੇ ਪਾ ਰਹੇ ਹਨ ਅਤੇ ਸਿੱਖ ਕੌਮ ਦੀ ਆਜ਼ਾਦੀ ਦੇ ਨਾਇਕ ਬਣ ਕੇ ਕੌਮ ਤੇ ਨਵੀਂ ਪੀੜ੍ਹੀ ਦਾ ਨੁਕਸਾਨ ਕਰਵਾ ਰਹੇ ਹਨ। ਵਿਚਾਰਨ ਦੀ ਲੋੜ ਹੈ ਕਿ ਆਜ਼ਾਦੀ ਤੋਂ ਪਹਿਲਾਂ ਕੀਤੇ ਵਾਅਦਿਆਂ ਤੋਂ ਮੁਕਰਨ ਵਾਲਿਆਂ, ਬਾਅਦ ਵਿੱਚ ਸਾਕਾ ਨੀਲਾ ਤਾਰਾ ਵਿੱਚ ਗੁਰੂ ਘਰਾਂ ਨੂੰ ਢਾਹ-ਢੇਰੀ ਕਰਨ ਤੇ ਨੌਜਵਾਨਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਭੁੱਲ ਕੇ, ਮਲ੍ਹਮ ਲਾਉਣ ਵਾਲਿਆਂ ਨਾਲ ਵੈਰ ਪਾਉਣਾ ਕਿੱਥੋਂ ਦੀ ਰਾਜਨੀਤੀ ਤੇ ਕੂਟਨੀਤੀ ਹੈ? ਇਸ ਤਰ੍ਹਾਂ ਉਲਝੀ ਤਾਣੀ ਨੂੰ ਸੁਲਝਾਉਣ ਲਈ ਵਿਅਕਤੀ ਨਹੀਂ, ਮਜ਼ਬੂਤ ਸੰਸਥਾ ਦੀ ਲੋੜ ਹੈ।

ਇਹ ਸਾਰੀਆਂ ਸਮੱਸਿਆਵਾਂ ਵਿਚਾਰਨਯੋਗ ਜ਼ਰੂਰ ਹਨ, ਪਰ ਸਭ ਦਾ ਹੱਲ ਸੰਭਵ ਹੈ। ਗੱਲ ਕੇਵਲ ਗਿਆਨਵਾਨ, ਤਜਰਬੇਕਾਰ ਤੇ ਇਮਾਨਦਾਰ ਸਿੱਖਾਂ (ਜੋ ਵੱਡੀ ਗਿਣਤੀ ਵਿੱਚ ਹਨ) ਦੇ ਅੱਗੇ ਵਧਣ ਦੀ ਹੈ। "ਪਾਪ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ॥ ਸਿਧ ਛਪ ਬੈਠੇ ਪਰਬਤੀਂ ਕੌਣ ਜਗਤ ਕਉ ਪਾਰ ਉਤਾਰਾ॥" ਵਾਲੇ ਹਾਲਾਤ ਹਨ। ਉਪਰੋਕਤ ਸਥਿਤੀ ਤੋਂ ਛੁਟਕਾਰਾ ਪਾਉਣ ਤੇ ਆਪਣੇ ਦੇਸ਼ ਵਿੱਚ ਹੀ ਮਜ਼ਬੂਤ ਹੋਣ ਲਈ ਵਿਚਾਰ ਕਰੀਏ।

ਧਰਮ ਪ੍ਰਚਾਰ, ਭਾਵ ਕਰਮਕਾਂਡ-ਰਹਿਤ ਨਿਰਮਲ ਫ਼ਲਸਫ਼ੇ (ਜੋ ਮਨੁੱਖ ਨੂੰ ਦੇਵਤਾ ਬਣਨ ਲਈ ਪ੍ਰੇਰਿਤ ਕਰਦਾ ਹੈ) ਦੇ ਦੇਸ਼ ਭਰ ਵਿੱਚ ਪ੍ਰਚਾਰ ਲਈ ਨੀਤੀ ਬਣੇ। ਦੇਸ਼ ਵਿੱਚ ਕਿਉਂਕਿ ਸਿੱਖਾਂ ਨੂੰ ਇਕਸਾਰ ਤੇ ਇੱਕਜੁੱਟ ਕਰਨ ਵਾਲੇ 'ਆਲ ਇੰਡੀਆ ਗੁਰਦੁਆਰਾ ਐਕਟ' ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੱਛੇ ਹਟ ਗਈ ਹੈ।

ਅਗਲਾ ਉੱਦਮ ਵਿੱਦਿਆ ਦਾ ਚਾਨਣ ਬਿਖੇਰਨ ਦਾ ਹੈ, ਜਿਸ ਰਾਹੀਂ ਹੀ ਨੌਜਵਾਨਾਂ ਤੇ ਕੌਮ ਦੀ ਤਰੱਕੀ ਸੰਭਵ ਹੈ।

ਰਾਜਨੀਤੀ ਵੀ ਅਛੂਤ ਨਹੀਂ ਰਹਿਣੀ ਚਾਹੀਦੀ, ਜਿਸ ਲਈ ਗੱਲਬਾਤ ਦਾ ਰਾਹ ਅਪਣਾਉਣਾ ਜ਼ਰੂਰੀ ਹੈ। ਸਿੱਖ ਆਗੂ ਆਪਣੀ ਨੀਤੀ ਸਪੱਸ਼ਟ ਕਰਨ-ਜੇਕਰ ਰਾਜਨੀਤੀ ਕਰਨੀ ਹੈ ਤਾਂ ਗੁਰੂ-ਘਰ ਛੱਡ ਦਿਓ ਤੇ ਸਿੱਖ ਧਰਮ ਦਾ ਸੰਕਲਪ ਸਪੱਸ਼ਟ ਕਰੋ, ਨੌਜਵਾਨਾਂ ਨੂੰ ਗੁਮਰਾਹ ਨਾ ਕਰੋ। ਅਮਨ ਤੇ ਸ਼ਾਂਤੀ ਤੋਂ ਬਿਨਾਂ ਵਿਕਾਸ ਸੰਭਵ ਨਹੀਂ। ਜੇਕਰ ਧਰਮ ਦੀ ਗੱਲ ਕਰਨੀ ਹੈ ਤਾਂ ਰਾਜਨੀਤੀ ਤੋਂ ਦੂਰੀ ਬਣਾਉਣੀ ਪਵੇਗੀ। ਹੋਰ ਦੇਰੀ ਘਾਤਕ ਹੋਵੇਗੀ, ਆਓ ਗੁਰੂ ਦੀ ਸੇਵਾ ਵਿੱਚ ਲੱਗੀਏ।

*ਸਾਬਕਾ ਚੇਅਰਮੈਨ*
*ਕੌਮੀ ਘੱਟਗਿਣਤੀ ਕਮਿਸ਼ਨ, ਭਾਰਤ ਸਰਕਾਰ*

# ਕਾਵਿ-ਕਿਆਰੀ

## ਜ਼ਾਲਮਾਂ ਲਾਵਾਰਿਸ ਕਹਿ ਕੇ ਸਾੜਤਾ...



ਹਰਜਿੰਦਰ ਸਿੰਘ ਮਾਝੀ

*ਲਿਖਤ: ਹਰਜਿੰਦਰ ਸਿੰਘ ਮਾਝੀ*

ਮਾਂ, ਤੇਰੇ ਪੁੱਤ ਨੂੰ ਭਾਵੇਂ ਬਿਲਕੁਲ ਨਹੀਂ ਸੀ ਪਤਾ,
ਖਾੜਕੂ ਸੰਘਰਸ਼ ਕੀ ਹੈ, ਕੀ ਹੈ ਅਨੰਦਪੁਰ ਮਤਾ,
ਸਿਰ 'ਤੇ ਦਸਤਾਰ ਦੇਖ ਕੇ ਹੀ ਘਰ ਉੱਜਾੜਤਾ,
ਜਿਸ ਪੁੱਤ ਨੂੰ ਉਡੀਕਦੀਐਂ ਮਾਂਏਂ,
ਜ਼ਾਲਮਾਂ ਲਾਵਾਰਿਸ ਕਹਿ ਕੇ ਸਾੜਤਾ।

ਬਾਪੂ, ਤੇਰਾ ਪੁੱਤ ਤੇਰੇ ਬਰਾਬਰ ਸੀ ਜੋ ਹੋ ਗਿਆ,
ਘਰੇਲੂ ਕਿਸੇ ਕੰਮ ਗਿਆ, ਹੀ ਕਿੱਥੇ ਖੋ ਗਿਆ,
ਖਾਕੀ ਬੁੱਚੜਾਂ ਨੇ ਅੱਤਵਾਦੀ ਕਹਿ ਕੇ ਮਾਰਤਾ,
ਜਿਸ ਪੁੱਤ ਨੂੰ ਉਡੀਕਦੈਂ ਬਾਪੂ,
ਜ਼ਾਲਮਾਂ ਲਾਵਾਰਿਸ ਕਹਿ ਕੇ ਸਾੜਤਾ।

ਭੈਣੇ, ਤੇਰਾ ਸੋਹਣਾ ਸੁਨੱਖਾ ਵੀਰ ਪਿਆਰਾ,
ਦੇਖ ਕੇ ਉਸਦਾ ਸਿੱਖੀ ਸਰੂਪ ਨਿਆਰਾ,
ਫ਼ੀਤੀਆਂ ਦੀ ਭੁੱਖ ਨੇ ਦਿਨੇ ਗੋਲੀਆਂ ਨਾਲ ਰਾੜਤਾ,
ਜਿਸ ਵੀਰ ਨੂੰ ਉਡੀਕਦੀਐਂ ਭੈਣੇ,
ਜ਼ਾਲਮਾਂ ਲਾਵਾਰਿਸ ਕਹਿ ਕੇ ਸਾੜਤਾ।

ਘਰੋਂ ਬਾਹਰ ਕਿਉਂ ਭੇਜਿਆ ਸੀ ਸੁਹਾਗ,
ਹੁਣ ਜੀਵਨ ਬਣਿਆਂ ਮੁਸੀਬਤਾਂ ਦਾ ਰਾਗ,
ਕੜਾ ਦੇਖ ਅੱਤਵਾਦੀਆਂ ਦੀ ਲਿਸਟ 'ਚ ਚਾੜਤਾ,
ਜਿਸ ਪਤੀ ਨੂੰ ਉਡੀਕਦੀਐਂ ਸੁਹਾਗਣੇ,
ਜ਼ਾਲਮਾਂ ਲਾਵਾਰਿਸ ਕਹਿ ਕੇ ਸਾੜਤਾ।

ਨੰਨ੍ਹੇ-ਮੁੰਨੇ ਪਿਆਰੇ ਨਿੱਕੇ-ਨਿੱਕੇ ਬੱਚਿਓ,
ਦੁਨੀਆਂ ਦੇ ਰੰਗਾਂ ਤੋਂ ਨਿਰਲੇਪ ਦਿਲੋਂ ਸੱਚਿਓ,
ਝੂਠੇ ਮੁਕਾਬਲਿਆਂ ਨੇ ਪਿਤਾ ਦੇ ਘਨੇੜਿਓਂ ਉਤਾਰਤਾ,
ਜਿਸ ਬਾਪੂ ਦੀ ਗੋਦ ਉਡੀਕਦਿਓਂ ਬੱਚਿਓ,
ਜ਼ਾਲਮਾਂ ਲਾਵਾਰਿਸ ਕਹਿ ਕੇ ਸਾੜਤਾ।

'ਮਾਝੀ', ਜ਼ੁਲਮਾਂ-ਜਬਰਾਂ ਦੇ ਛਾਏ ਸੀ ਹਨੇਰੇ,
ਨਹਿਰਾਂ 'ਚੋਂ ਲਾਸ਼ਾਂ ਲੱਭਦੀਆਂ ਸੀ ਸ਼ਾਮ-ਸਵੇਰੇ,
ਲਾਵਾਰਿਸਾਂ ਦਾ ਵਾਰਿਸ ਖਾਲੜਾ ਵੀ ਲਾਪਤਾ,
ਜਿਸ ਪੁੱਤ ਨੂੰ ਉਡੀਕਦੀਐਂ ਮਾਂਏਂ,
ਜ਼ਾਲਮਾਂ ਲਾਵਾਰਿਸ ਕਹਿਕੇ ਸਾੜਤਾ ।

## "ਹਰੀਕੇ-ਪੱਤਣ"



ਨਛੱਤਰ ਸਿੰਘ ਭੋਗਲ "ਭਾਖੜੀਆਣਾ" (U.K)

ਹਰੀਕੇ ਦੇ ਪੱਤਣਾਂ ਤੂੰ
ਚੁੱਪ ਕਿਉਂ ਨਹੀਂ ਤੋੜਦਾ।
ਜਬਰ ਤੇਰੇ ਪਾਣੀਆਂ 'ਚ
ਸਬਰ ਨੂੰ ਕਿਉਂ ਰੋੜ੍ਹਦਾ॥

ਪੰਜਾਬ ਦੇ ਅਮਨ ਉੱਤੇ
ਕਾਲ਼ਾ ਦੌਰ ਛਾਇਆ ਜਦ,
ਸਮੇਂ ਦਿਆਂ ਹਾਕਮਾਂ ਨੇ
ਖ਼ੂਨ ਵਹਾਇਆ ਤਦ,
ਕੁਰਸੀ ਤੇ ਬੈਠਾ ਝੂਠ
ਸੱਚ ਲਟਕਾਇਆ ਫਾਹੇ
ਦੱਸੋ ਹੱਲ ਲੱਭੇ ਕਿਹੜਾ
ਫੈਲੇ ਇਸ ਕੋੜ੍ਹ ਦਾ।
ਹਰੀਕੇ ਦੇ ਪੱਤਣਾਂ ਤੂੰ
ਚੁੱਪ ਕਿਉਂ ਨਹੀਂ ਤੋੜਦਾ॥

ਪੰਜਾਬ ਦੀ ਜਵਾਨੀ ਹਿੱਸੇ
ਆਈਆਂ ਕਹਿਰੀ ਗੋਲ਼ੀਆਂ,
ਪੁਲਸ ਦੇ ਦਰਿੰਦਿਆਂ ਨੇ
ਖੇਡ-ਖ਼ੂਨੀ ਹੋਲੀਆਂ,
ਤਰੱਕੀਆਂ ਦੀ ਲਾਲਸਾ
'ਤੇ ਮੋਢੇ 'ਤਾਰੇ-ਫ਼ੀਤੀਆਂ'
ਭਰਾ ਮਾਰੂ ਜੰਗ
ਭਲਾ ਵੀਰਾਂ ਦਾ ਨਹੀਂ ਲੋੜਦਾ
ਹਰੀਕੇ ਦੇ ਪੱਤਣਾਂ ਤੂੰ
ਚੁੱਪ ਕਿਉਂ ਨਹੀਂ ਤੋੜਦਾ॥

ਅਮੀਰ ਸਾਡੀ ਸੱਭਿਅਤਾ
ਖੌਰੇ ਕਿਉਂ ਗਰੀਬ ਹੋਈ,
ਚਾਰ ਮੋਢੇ ਅਰਥੀ ਨੂੰ
ਮਕਾਣ ਨਾ ਨਸੀਬ ਹੋਈ,
ਭਾੜੇ ਦਿਆਂ ਟੱਟੂਆਂ ਨੇ
ਤਰਸ-ਰਹਿਮ ਕੀਤੇ ਬਿਨ
ਲਾਸ਼ਾਂ ਦਿਆਂ ਵਾਰਿਸਾਂ
ਦੀਆਂ ਘੰਡੀਆਂ ਮਰੋੜਦਾ।
ਹਰੀਕੇ ਦੇ ਪੱਤਣਾਂ ਤੂੰ
ਚੁੱਪ ਕਿਉਂ ਨਹੀਂ ਤੋੜਦਾ॥

ਛਾਨਣੀ ਕਈ ਸੀਨੇ ਕੀਤੇ
ਅੱਗਾਂ ਲਾ ਕੇ ਸਾੜ ਸੁੱਟੇ,
ਜੀਪਾਂ ਨਾਲ ਬੰਨ੍ਹ ਧੜ
ਅੱਧ-ਵਿੱਚੋਂ ਪਾੜ ਸੁੱਟੇ,
ਲਾਸ਼ਾਂ ਦੇ ਟਰੱਕ ਭਰੇ
ਕਰਕੇ ਹਵਾਲੇ ਤੇਰੇ
ਕਸਾਈ ਜ਼ਾਲਮਾਂ ਦੀ ਕੋਈ
ਕਿਉਂ ਧੌਣ ਨਹੀਂ ਮਰੋੜਦਾ।
ਹਰੀਕੇ ਦੇ ਪੱਤਣਾਂ ਤੂੰ
ਚੁੱਪ ਕਿਉਂ ਨਹੀਂ ਤੋੜਦਾ॥

ਟੰਗ ਇਖ਼ਲਾਕ ਛਿੱਕੇ
ਜਬਰ-ਜ਼ੁਲਮ ਢਾਈ ਜਾਂਦੇ,
ਅਣਮਨੁੱਖੀ ਕਸ਼ਟ ਦੇ ਕੇ
ਆਤਮਾ ਸਤਾਈ ਜਾਂਦੇ,
ਅੱਖਾਂ ਵਿੱਚ ਸੂਈਆਂ ਮਾਰ
ਨਹੁੰਆਂ ਨਾਲੋਂ ਮਾਸ ਤੋੜੇ
ਡੂੰਘੇ ਮਾਰੇ ਫੱਟਾਂ ਤਾਂਈਂ
ਸਿਊਂਦਾ ਨਾ ਕੋਈ ਜੋੜਦਾ।
ਹਰੀਕੇ ਦੇ ਪੱਤਣਾਂ ਤੂੰ
ਚੁੱਪ ਕਿਉਂ ਨਹੀਂ ਤੋੜਦਾ॥

ਮਾਪਿਆਂ ਤੋਂ ਪੁੱਤ ਖੋਹ ਲਏ
ਤੇਹ ਭੈਣਾਂ ਤੋਂ ਭਰਾਵਾਂ ਦੇ,
ਸੀਨੇ ਸੱਲ ਪਾਂਵਦੇ ਨੇ
ਹੰਝੂ ਲੱਖਾਂ ਮਾਵਾਂ ਦੇ,
ਬੁਢਾਪਾ ਬੇਸਹਾਰਾ ਹੋਇਆ
ਅਤੇ ਬਾਲਕ ਯਤੀਮ ਕਈ
ਬੰਦੂਕਾਂ ਦੀ ਛਾਵੇਂ ਸੁੱਤਾ
ਸਾਇਆ ਬੁੱਢੀ ਬੋਹੜ ਦਾ।
ਹਰੀਕੇ ਦੇ ਪੱਤਣਾਂ ਤੂੰ
ਚੁੱਪ ਕਿਉਂ ਨਹੀਂ ਤੋੜਦਾ॥

ਜ਼ੁਲਮ ਨੂੰ ਥੰਮ੍ਹਣ ਲਈ
ਜਦ ਸਾਰੇ ਹੀਲੇ ਮੁੱਕ ਜਾਣ,
ਜਾਇਜ਼ ਹੁੰਦਾ ਮਰਦਾਂ ਲਈ
ਤਲਵਾਰ-ਮੁੱਠੇ ਹੱਥ ਪਾਉਣ,
ਇੱਕ-ਮੁੱਠ ਇਕੱਠੇ ਹੋ ਕੇ
ਨੱਥ ਪਾਈਏ ਪਾਪੀਆਂ ਨੂੰ
'ਭੋਗਲ' ਢੂੰਡ ਯੋਧਿਆ ਦਾ
ਮੂੰਹ ਪਾਪੀਆਂ ਦੇ ਮੋੜਦਾ।
ਹਰੀਕੇ ਦੇ ਪੱਤਣਾਂ ਤੂੰ
ਚੁੱਪ ਕਿਉਂ ਨਹੀਂ ਤੋੜਦਾ॥

## ਗਰਮੀ ਹੈ ਵਰਦਾਨ



ਗਰਮੀ ਤੋਂ ਨਹੀਂ ਡਰਨਾ ਆਪਾਂ
ਇਹ ਸਾਨੂੰ ਕਈ ਫਾਇਦੇ ਦੇਵੇ
ਗਿੱਲੇ ਕਪੜੇ ਮਿੰਟਾਂ 'ਚ ਸੁਕਾਵੇ
ਫਸਲਾਂ ਨੂੰ ਸਮੇਂ ਸਿਰ ਪਕਾਵੇ।
ਗਰਮੀ ਇੱਕ ਨਿਆਮਤ ਹੈ
ਤਾਹੀਉਂ ਇਹ ਕਹਾਵਤ ਹੈ
'ਗਰਮੀ ਹੀ ਗਰਮੀ ਨੂੰ ਮਾਰੇ'
ਪਸੀਨਾ ਆ ਸਰੀਰ ਨੂੰ ਸੰਵਾਰੇ।
ਬਿਜਲੀ ਦੀ ਮੰਗ ਵੱਧਦੀ ਜਾਵੇ
ਕੋਲਾ ਹੁਣ ਮੁਕਦਾ ਜਾਵੇ
ਪਾਣੀ ਦੀ ਵੀ ਕਿੱਲਤ ਆਵੇ
ਨਵੇਂ ਰਾਹਾਂ ਵੱਲ ਉਹ ਹੁਣ ਜਾਵੇ।
ਗਰਮੀ ਵੀ ਵਰਦਾਨ ਕਹਾਵੇ
ਸੋਲਰ ਸਿਸਟਮ ਨੂੰ ਇਹ ਚਲਾਵੇ
ਮੁਫਤ 'ਚ ਸਾਨੂੰ ਬਿਜਲੀ ਪਾਵੇ
ਪ੍ਰਦੂਸ਼ਨ ਤੋਂ ਇਹ ਨਿਜਾਤ ਦਿਵਾਵੇ।
ਕੁਦਰਤ ਨੇ ਰੱਖਿਆ ਸਮਤੋਲ
ਗਰਮੀ ਸਰਦੀ ਹੈ ਅਨਮੋਲ
ਐਵੇਂ ਨਾ ਤੂੰ ਬੋਲ ਕਬੋਲ
ਕੁਦਰਤ ਦਾ ਹੈ ਸਾਰਾ ਰੋਲ।
ਸੜਕਾਂ,ਖੇਤਾਂ'ਚ ਜੋ ਕੰਮ ਨੇ ਕਰਦੇ
ਉਹ ਨਾ ਕਦੇ ਵੀ ਗਰਮੀ ਤੋਂ ਡਰਦੇ
ਖਾਧਾ ਪੀਤਾ ਹਜ਼ਮ ਨੇ ਕਰਦੇ
ਲੰਬੀ ਉਮਰੇ ਉਹ ਨੇ ਕੱਢਦੇ ।
ਗੁਰੂ ਅਰਜਨ ਦੇਵ ਦੀ ਕੁਰਬਾਨੀ ਬਾਰੇ
ਸਿੱਖ ਇਤਿਹਾਸ ਅਸੀਂ ਹਾਂ ਸੁਣਦੇ ।
ਤੱਤੀਆਂ ਤਵੀਆਂ ਤੇ ਵੀ ਬੈਠ
ਸਾਂਤ ਚਿੱਤ ਹੋ ਭਾਣੇ ਨੂੰ ਮੰਨਦੇ।

ਮੇਜਰ ਸਿੰਘ ਨਾਭਾ

## ਗ਼ਜ਼ਲ (ਸਾਵਣ)



ਰਾਜਿੰਦਰ ਪਰਦੇਸੀ

ਦਿਲ ਨੂੰ ਜਲਾਉਣ ਆਇਆ, ਤੇਰੇ ਬਗ਼ੈਰ ਸਾਵਣ।
ਬਣ ਕੇ ਅਜ਼ਾਬ ਛਾਇਆ, ਤੇਰੇ ਬਗ਼ੈਰ ਸਾਵਣ।
ਤੇਰੇ ਬਗ਼ੈਰ ਸਾਵਣ ਹੈ ਜੇਠ ਹਾੜ ਵਰਗਾ,
ਤਪਦੀ ਤਪਾਉਣ ਆਇਆ, ਤੇਰੇ ਬਗ਼ੈਰ ਸਾਵਣ।
ਪਿਪਲਾਂ ਦੀ ਲੈ ਕੇ ਰੌਣਕ ਜੋ ਤੁਰ ਗਿਆ ਉਹ ਸੱਜਣਾ,
ਮੁੜ ਨਾ ਕਰੀਬ ਆਇਆ, ਤੇਰੇ ਬਗ਼ੈਰ ਸਾਵਣ।
ਜੋਬਨ ਦੀ ਮੋਮਬੱਤੀ ਬਲਦੀ ਤੇ ਢਲਦੀ ਜਾਵੇ,
ਸਾਡੇ ਕੀ ਕੰਮ ਆਇਆ, ਤੇਰੇ ਬਗ਼ੈਰ ਸਾਵਣ।
ਲੱਖਾਂ ਹੀ ਨਾਗ ਮੇਰੇ ਪੱਲੂ 'ਚ ਉੱਭਰ ਆਏ,
ਜਦ ਮੈਨੂੰ ਛੂਹਣ ਆਇਆ, ਤੇਰੇ ਬਗ਼ੈਰ ਸਾਵਣ।
ਬਿਰਹਣ ਦੀ ਹਿੱਕ ਅੰਦਰ ਸਧਰਾਂ ਦੇ ਗੀਤ ਮੱਚੇ,
ਅੰਗਾਰ ਲੈ ਕੇ ਆਇਆ, ਤੇਰੇ ਬਗ਼ੈਰ ਸਾਵਣ।
ਅੰਬਰ ਦੇ ਹੰਝੂ ਡਿੱਗਣ, ਪੌਣਾਂ ਦੇ ਵੈਣ ਗੂੰਜਣ,
ਜਾਪੇ ਮਕਾਣ ਆਇਆ, ਤੇਰੇ ਬਗ਼ੈਰ ਸਾਵਣ।
ਹਰਖਾਂ ਦੇ ਨਾਗ ਮੇਰੇ ਮਸਤਕ 'ਚੋ ਉਭਰ ਆਏ
ਮੈਨੂੰ ਜਾਂ ਛੋਹਣ ਆਇਆ, ਤੇਰੇ ਬਗ਼ੈਰ ਸਾਵਣ।
ਕਰਦੇ ਉਦਾਸ ਡਾਢਾ ਕੋਇਲ ਦੇ ਗੀਤ ਹੁਣ ਤਾਂ,
ਸੱਜਣਾ ਸਤਾਉਣ ਆਇਆ ਤੇਰੇ ਬਗ਼ੈਰ ਸਾਵਣ।
"ਪਰਦੇਸੀ" ਪਰਤਿਓਂ ਨਾ ਰੁੱਤ ਰਾਂਗਲੀ ਹੈ ਪਰਤੀ,
ਆਇਆ ਜਿਹਾ ਨਾ ਆਇਆ ਤੇਰੇ ਬਗ਼ੈਰ ਸਾਵਣ।

## ਕਵਿਤਾ



*ਡਾ. ਮੁਹਿੰਦਰ ਸਿੰਘ ਰਾਏ*

ਇਸ ਦੁਨੀਆਂ ਤੇ ਇੱਕੋ ਫੇਰਾ, ਫੇਰੇ ਦੋ ਨਹੀਂ ਹੁੰਦੇ।
ਲੈ ਕੇ ਜਾਣਾ ਇੱਕੋ ਚਿਹਰਾ, ਚਿਹਰੇ ਦੋ ਨਹੀਂ ਹੁੰਦੇ।
ਮਾਲਕ ਦੀ ਅਦਾਲਤ ਵਿੱਚ ਨਿਬੇੜੇ ਦੋ ਨਹੀਂ ਹੁੰਦੇ।
ਅੰਨ੍ਹੇ ਦੇ ਪੈਰਾਂ ਹੇਠ ਬਟੇਰਾ, ਬਟੇਰੇ ਦੋ ਨਹੀਂ ਹੁੰਦੇ।
ਇੱਕੋ ਸਗਨਾਂ ਦਾ ਸਿਹਰਾ, ਸਿਹਰੇ ਦੋ ਨਹੀਂ ਹੁੰਦੇ।
ਜਦੋਂ ਸੂਰਜ ਚੜ੍ਹੇ ਸਵੇਰਾ, ਸਵੇਰੇ ਦੋ ਨਹੀਂ ਹੁੰਦੇ।
ਰੌਸ਼ਨੀ ਬਿਨਾਂ ਹਨੇਰਾ, ਹਨੇਰੇ ਦੋ ਨਹੀਂ ਹੁੰਦੇ।
ਇੱਕੋ ਜਿਗਰਾ ਇੱਕੋ ਜੇਰਾ, ਜੇਰੇ ਦੋ ਨਹੀਂ ਹੁੰਦੇ।
ਦਿਲ ਵਿੱਚ ਇੱਕੋ ਬਸੇਰਾ, ਬਸੇਰੇ ਦੋ ਨਹੀਂ ਹੁੰਦੇ।
ਸੱਚ ਇੱਕ ਹੀ ਰਹਿੰਦਾ ਹੈ, ਨਿਖੇੜੇ ਦੋ ਨਹੀਂ ਹੁੰਦੇ।
ਚੁਫੇਰੇ ਸੂਰਜ ਦੀ ਲੋਅ, ਚੁਫੇਰੇ ਦੋ ਨਹੀਂ ਹੁੰਦੇ।
'ਰਾਏ' ਬੀਤੇ ਹੋਏ ਸਮੇਂ ਦੇ ਗੇੜੇ ਦੋ ਨਹੀਂ ਹੁੰਦੇ।

## ਗਜ਼ਲ



-ਭੁਪਿੰਦਰ ਸਿੰਘ ਸੱਗੂ

ਕੱਲ ਜੋ ਤਲਵਾਰ ਦਾ ਮੈਂ ਵਾਰ ਕਰਦਾ ਵੇਖਿਆ॥
ਪਿਆਰ ਦੀ ਤਾਕਤ ਹੈ ਉਹ ਅੱਜ ਪਿਆਰ ਕਰਦਾ ਵੇਖਿਆ॥

ਐ ਸਨਮ! ਤੇਰੇ ਬਦਨ ਦੀ ਕਿਉਂ ਨਾ ਮੈਂ ਉਪਮਾਂ ਕਰੂੰ।
ਹੁਸਨ ਤੇਰਾ ਮੇਰੀ ਰੂਹ ਸਰਸ਼ਾਰ ਕਰਦਾ ਵੇਖਿਆ॥

ਅੱਜ ਸਮੇਂ ਦੀ ਤੋਰ ਨੇ ਕੁਝ ਇਸ ਤਰ੍ਹਾਂ ਰੁਖ਼ ਬਦਲਿਐ।
ਕਿ ਬੇਗਾਨਾ ਵੀ ਮੈਂ ਅੱਖਾਂ, ਚਾਰ ਕਰਦਾ ਵੇਖਿਆ॥

ਉਸ ਨੂੰ ਹਾਲਾਤ ਡੱਬਣ ਮਸਲ ਦਿੰਦੇ ਲੋਕ ਹੀ।
ਪਿਆਰ ਵਿੱਚ ਜੋ ਯਾਰ 'ਤੇ ਮੈਂ ਵਾਰ ਕਰਦਾ ਵੇਖਿਆ॥


ਮੈਂ ਸਮਝਦਾ ਸੀ ਮੇਰੇ ਵਿੱਚ ਕੋਈ ਘਾਟ ਨਹੀਂ ਹੈ ਪਰ।
ਰੂਪ ਤੇਰਾ ਸੱਗੂ ਨੂੰ ਲਾਚਾਰ ਕਰਦਾ ਵੇਖਿਆ॥

ਚਾਨਣ ਦੀ ਬਾਤ ਵਿੱਚੋਂ ਧੰਨਵਾਦ ਸਹਿਤ


****

# ਗਲਾਸਗੋ ਰਾਸ਼ਟਰਮੰਡਲ ਖੇਡਾਂ 2026: ਭਾਰਤੀ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ

## ✪ ਸ਼ਰਮੀਲਾ ਨੇ ਜਿੱਤਿਆ ਸੋਨ ਤਗਮਾ, ਹਰਜਿੰਦਰ, ਗੁਲਵੀਰ, ਸਰਵੇਸ਼ ਅਤੇ ਅਜੇ ਬਾਬੂ ਦੇ ਹਿੱਸੇ ਆਇਆ ਚਾਂਦੀ





ਗਲਾਸਗੋ-ਗਲਾਸਗੋ ਵਿਖੇ ਚੱਲ ਰਹੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤੀ ਐਥਲੀਟਾਂ ਦਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਹੈ। ਭਾਰਤ ਨੇ ਪੈਰਾ-ਐਥਲੈਟਿਕਸ ਵਿੱਚ ਇਤਿਹਾਸਕ ਸੋਨ ਤਗਮਾ ਜਿੱਤਣ ਦੇ ਨਾਲ-ਨਾਲ ਭਾਰਤੋਲਨ (ਵੇਟਲਿਫਟਿੰਗ) ਅਤੇ ਐਥਲੈਟਿਕਸ ਦੇ ਵੱਖ-ਵੱਖ ਈਵੈਂਟਾਂ ਵਿੱਚ ਚਾਂਦੀ ਅਤੇ ਕਾਂਸੀ ਦੇ ਤਗਮੇ ਆਪਣੇ ਨਾਂਅ ਕੀਤੇ ਹਨ।

ਪੈਰਾ-ਐਥਲੈਟਿਕਸ: ਸ਼ਰਮੀਲਾ ਧਨਖੜ ਨੇ ਰਚਿਆ ਇਤਿਹਾਸ, ਸ਼ਿਲਪਾ ਨੂੰ ਮਿਲਿਆ ਕਾਂਸੀ-ਮਹਿਲਾਵਾਂ ਦੇ ਐੱਫ-57 ਸ਼ਾਟ ਪੁੱਟ ਈਵੈਂਟ ਵਿੱਚ ਸ਼ਰਮੀਲਾ ਧਨਖੜ ਨੇ 9.81 ਮੀਟਰ ਦਾ ਸੀਜ਼ਨ-ਸਰਬੋਤਮ ਥਰੋਅ ਕਰਕੇ ਸੋਨ ਤਗਮਾ ਜਿੱਤਿਆ। ਇਸ ਜਿੱਤ ਨਾਲ ਸ਼ਰਮੀਲਾ ਨੇ ਰਾਸ਼ਟਰਮੰਡਲ ਖੇਡਾਂ ਦੇ ਪੈਰਾ-ਐਥਲੈਟਿਕਸ ਵਿੱਚ ਭਾਰਤ ਲਈ ਤਗਮੇ ਦੀ 20 ਸਾਲਾਂ ਦੀ ਉਡੀਕ ਖ਼ਤਮ ਕਰਦਿਆਂ ਦੇਸ਼ ਦਾ ਪਹਿਲਾ ਪੈਰਾ-ਐਥਲੈਟਿਕਸ ਗੋਲਡ ਮੈਡਲ ਦੁਆਇਆ। ਇਹ ਇਨ੍ਹਾਂ ਖੇਡਾਂ ਵਿੱਚ ਭਾਰਤ ਦਾ ਦੂਜਾ ਸੋਨ ਤਗਮਾ ਹੈ। ਇਸੇ ਮੁਕਾਬਲੇ ਵਿੱਚ ਭਾਰਤ ਦੀ ਸ਼ਿਲਪਾ ਸ਼ਾਇਲਾ ਨੇ 7.26 ਮੀਟਰ ਦੇ ਨਿੱਜੀ ਸਰਵੋਤਮ ਥਰੋਅ ਨਾਲ ਕਾਂਸੀ ਦਾ ਤਗਮਾ ਆਪਣੇ ਨਾਂਅ ਕੀਤਾ। ਸ਼ੁਰੂਆਤ ਵਿੱਚ ਸ਼ਿਲਪਾ ਚੌਥੇ ਸਥਾਨ 'ਤੇ ਸੀ, ਪਰ ਭਾਰਤ ਵੱਲੋਂ ਦਰਜ ਕਰਵਾਈ ਗਈ ਅਧਿਕਾਰਤ ਸਮੀਖਿਆ (ਇਤਰਾਜ਼) ਤੋਂ ਬਾਅਦ ਤੀਜੇ ਸਥਾਨ 'ਤੇ ਰਹੀ ਨਾਈਜੀਰੀਅਨ ਐਥਲੀਟ ਦਾ ਥਰੋਅ ਫਾਊਲ ਕਰਾਰ ਦਿੱਤਾ ਗਿਆ, ਜਿਸ ਨਾਲ ਸ਼ਿਲਪਾ ਨੂੰ ਕਾਂਸੀ ਦਾ ਤਗਮਾ ਮਿਲਿਆ।

ਗੁਲਵੀਰ ਸਿੰਘ ਨੇ 10,000 ਮੀਟਰ ਵਿਚ ਰਚਿਆ ਇਤਿਹਾਸ-ਲੰਬੀ ਦੂਰੀ ਦੇ ਦੌੜਾਕ ਗੁਲਵੀਰ ਸਿੰਘ ਨੇ ਪੁਰਸ਼ਾਂ ਦੀ 10,000 ਮੀਟਰ ਦੌੜ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਉਹ ਰਾਸ਼ਟਰਮੰਡਲ ਖੇਡਾਂ ਵਿੱਚ ਇਸ ਈਵੈਂਟ 'ਚ ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਬਣ ਗਿਆ ਹੈ। ਰਾਸ਼ਟਰੀ ਰਿਕਾਰਡ ਧਾਰਕ ਗੁਲਵੀਰ ਨੇ ਸਕਾਟਸਟਨ ਸਟੇਡੀਅਮ ਵਿਚ 27:49.8 ਦਾ ਸਮਾਂ ਕੱਢ ਕੇ ਇਹ ਇਤਿਹਾਸਕ ਪ੍ਰਾਪਤੀ ਹਾਸਲ ਕੀਤੀ। ਇਸ ਤੋਂ ਇਲਾਵਾ ਪੁਰਸ਼ਾਂ ਦੀ ਉੱਚੀ ਛਾਲ (ਹਾਈ ਜੰਪ) ਵਿੱਚ ਸਰਵੇਸ਼ ਕੁਸ਼ਾਰੇ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਚਾਂਦੀ ਦਾ ਤਗਮਾ ਜਿੱਤਿਆ।

ਵੇਟਲਿਫਟਿੰਗ: ਹਰਜਿੰਦਰ ਕੌਰ ਅਤੇ ਅਜੇ ਬਾਬੂ ਵੱਲੂਰੀ ਨੇ ਜਿੱਤੇ ਚਾਂਦੀ ਦੇ ਤਗਮੇ-ਅਜੇ ਬਾਬੂ ਵੱਲੂਰੀ (79 ਕਿੱਲੋਗ੍ਰਾਮ): ਪੁਰਸ਼ਾਂ ਦੇ 79 ਕਿੱਲੋਗ੍ਰਾਮ ਵਰਗ ਵਿੱਚ ਅਜੇ ਬਾਬੂ ਨੇ ਕੁੱਲ 330 ਕਿੱਲੋਗ੍ਰਾਮ ਭਾਰ ਚੁੱਕ ਕੇ ਚਾਂਦੀ ਦਾ ਤਗਮਾ ਆਪਣੇ ਨਾਂਅ ਕੀਤਾ। ਉਹ ਸਿਰਫ਼ 1 ਕਿੱਲੋਗ੍ਰਾਮ ਨਾਲ ਸੋਨ ਤਗਮੇ ਤੋਂ ਖੁੰਝ ਗਿਆ (ਮਲੇਸ਼ੀਆ ਦੇ ਮੁਹੰਮਦ ਅਨਿਕ ਕਸਦਾਨ ਨੇ 331 ਕਿੱਲੋਗ੍ਰਾਮ ਨਾਲ ਗੋਲਡ ਜਿੱਤਿਆ)। ਅਜੇ ਨੇ ਆਪਣੇ ਪਿਤਾ ਸ਼੍ਰੀਨਿਵਾਸ ਰਾਓ (2010 ਦਿੱਲੀ ਖੇਡਾਂ ਵਿੱਚ ਕਾਂਸੀ ਤਗਮਾ ਜੇਤੂ) ਦੀ ਵਿਰਾਸਤ ਨੂੰ 16 ਸਾਲਾਂ ਬਾਅਦ ਇੱਕ ਕਦਮ ਹੋਰ ਅੱਗੇ ਵਧਾਇਆ ਹੈ।

ਹਰਜਿੰਦਰ ਕੌਰ (69 ਕਿੱਲੋਗ੍ਰਾਮ): ਮਹਿਲਾਵਾਂ ਦੇ 69 ਕਿੱਲੋਗ੍ਰਾਮ ਭਾਰ ਵਰਗ ਦੇ ਫਾਈਨਲ ਵਿੱਚ ਹਰਜਿੰਦਰ ਕੌਰ ਨੇ ਕੁੱਲ 227 ਕਿੱਲੋਗ੍ਰਾਮ (101 + 126 ਕਿੱਲੋਗ੍ਰਾਮ) ਭਾਰ ਚੁੱਕ ਕੇ ਚਾਂਦੀ ਦਾ ਤਗਮਾ ਜਿੱਤਿਆ। ਕੈਨੇਡਾ ਦੀ ਸ਼ਾਰਲਟ ਸਿਮੋਨੋ (240 ਕਿੱਲੋਗ੍ਰਾਮ) ਪਹਿਲੇ ਸਥਾਨ 'ਤੇ ਰਹੀ।

ਮੁੱਕੇਬਾਜ਼ੀ: ਪ੍ਰੀਤੀ ਅਤੇ ਪ੍ਰਿਆ ਨੇ ਤਗਮੇ ਕੀਤੇ ਪੱਕੇ; ਸਾਕਸ਼ੀ ਦੀ ਸ਼ਾਨਦਾਰ ਜਿੱਤ

ਮੁੱਕੇਬਾਜ਼ੀ ਦੇ ਮੈਦਾਨ ਤੋਂ ਭਾਰਤ ਲਈ ਚੰਗੀਆਂ ਖ਼ਬਰਾਂ ਆਈਆਂ ਹਨ:

ਪ੍ਰੀਤੀ ਪਵਾਰ (54 ਕਿੱਲੋਗ੍ਰਾਮ): ਕੁਆਰਟਰ ਫਾਈਨਲ ਵਿੱਚ ਉੱਤਰੀ ਆਇਰਲੈਂਡ ਦੀ ਨਿਕੋਲ ਕਲਾਈਡ ਨੂੰ 5-0 ਨਾਲ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ ਅਤੇ ਤਗਮਾ ਪੱਕਾ ਕੀਤਾ। ਹੁਣ ਉਸ ਦਾ ਸੈਮੀਫਾਈਨਲ ਮੈਚ 31 ਜੁਲਾਈ ਨੂੰ ਜਮੈਕਾ ਦੀ ਕੈਥਰੀਨ ਮਵਾਪੇ ਨਾਲ ਹੋਵੇਗਾ।

ਪ੍ਰਿਆ (60 ਕਿੱਲੋਗ੍ਰਾਮ): ਸਕਾਟਲੈਂਡ ਦੀ ਨਿਆ ਮਿਸ਼ੇਲ ਨੂੰ 4-1 ਨਾਲ ਹਰਾ ਕੇ ਸੈਮੀਫਾਈਨਲ ਵਿੱਚ ਜਗ੍ਹਾ ਬਣਾਈ ਅਤੇ ਦੇਸ਼ ਲਈ ਇੱਕ ਹੋਰ ਤਗਮਾ ਪੱਕਾ ਕੀਤਾ।

ਸਾਕਸ਼ੀ ਚੌਧਰੀ (51 ਕਿੱਲੋਗ੍ਰਾਮ): ਰਾਊਂਡ ਆਫ਼ 16 ਦੇ ਇੱਕਤਰਫ਼ਾ ਮੁਕਾਬਲੇ ਵਿੱਚ ਬੋਤਸਵਾਨਾ ਦੀ ਲੇਥਾਬੋ ਮੋਡੁਕਾਨੇਲੇ ਨੂੰ 5-0 ਨਾਲ ਹਰਾ ਕੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ ਹੈ। ਉਹ ਹੁਣ ਤਗਮੇ ਤੋਂ ਸਿਰਫ਼ ਇੱਕ ਜਿੱਤ ਦੂਰ ਹੈ।

ਹਾਲਾਂਕਿ ਤੈਰਾਕੀ, ਲਾਨ ਬੌਲਜ਼, ਵ੍ਹੀਲਚੇਅਰ ਬਾਸਕੇਟਬਾਲ ਅਤੇ ਮੁੱਕੇਬਾਜ਼ੀ ਦੇ ਕੁਝ ਹੋਰ ਮੁਕਾਬਲਿਆਂ ਵਿੱਚ ਭਾਰਤੀ ਖਿਡਾਰੀਆਂ ਨੂੰ ਨਿਰਾਸ਼ਾ ਦਾ ਸਾਹਮਣਾ ਵੀ ਕਰਨਾ ਪਿਆ।

# ਪਿੰਡ ਕੋਟਭਾਈ ਦੇ ਗੁਰਦੁਆਰੇ ਵਿੱਚੋਂ ਗੁਟਕਾ ਸਾਹਿਬ ਚੋਰੀ ਕਰਨ ਉਪਰੰਤ ਬੇਅਦਬੀ, ਨਾਬਾਲਗ ਕਾਬੂ

ਮੁਕਤਸਰ-ਮੁਕਤਸਰ ਜ਼ਿਲ੍ਹੇ ਦੇ ਗਿੱਦੜਬਾਹਾ ਹਲਕੇ ਦੇ ਪਿੰਡ ਕੋਟਭਾਈ ਵਿਖੇ ਗੁਰਦੁਆਰਾ ਸਾਹਿਬ ਵਿੱਚੋਂ ਪਵਿੱਤਰ ਗੁਟਕਾ ਸਾਹਿਬ ਚੋਰੀ ਕਰਨ ਅਤੇ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਤਣਾਅ ਦਾ ਮਾਹੌਲ ਬਣ ਗਿਆ ਹੈ। ਪੁਲੀਸ ਨੇ ਮਾਮਲੇ ਵਿਚ ਤੁਰੰਤ ਸੀਸੀਟੀਵੀ ਫੁਟੇਜ ਦੀ ਜਾਂਚ ਤੋਂ ਬਾਅਦ ਸ਼ੱਕੀ ਦੀ ਪਛਾਣ ਕੀਤੀ ਗਈ। ਕਾਰਵਾਈ ਕਰਦਿਆਂ ਇੱਕ ਨਾਬਾਲਗ ਲੜਕੇ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਇਸ ਦਾ ਪਰਿਵਾਰ ਮੂਲ ਰੂਪ ਵਿੱਚ ਰਾਜਸਥਾਨ ਦਾ ਰਹਿਣ ਵਾਲਾ ਹੈ। ਜਾਂਚ ਦੌਰਾਨ ਗੁਟਕਾ ਸਾਹਿਬ ਦੀ ਪਾੜੀ ਗਈ ਜਿਲਦ ਪਸ਼ੂਆਂ ਦੇ ਗੋਹੇ ਦੇ ਢੇਰ ਵਿੱਚੋਂ ਬਰਾਮਦ ਹੋਈ, ਜਦੋਂ ਕਿ ਪਵਿੱਤਰ ਅੰਗ ਨੇੜਲੇ ਇੱਕ ਘਰ ਦੇ ਅੰਦਰ ਦਫ਼ਨਾਏ ਹੋਏ ਮਿਲੇ।



ਪੁਲੀਸ ਦੀ ਕਾਰਵਾਈ-ਮੁਕਤਸਰ ਦੇ ਐੱਸ.ਐੱਸ.ਪੀ. ਅਭਿਮਨਿਊ ਰਾਣਾ ਅਤੇ ਗਿੱਦੜਬਾਹਾ ਦੇ ਡੀ.ਐੱਸ.ਪੀ. ਜਤਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਲੜਕੇ ਨੇ ਪਹਿਲਾਂ ਗੋਲਕ ਵਿੱਚੋਂ ਪੈਸੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਬਾਅਦ ਵਿੱਚ 'ਸੁੰਦਰ ਗੁਟਕਾ ਸਾਹਿਬ' ਚੁੱਕ ਕੇ ਲੈ ਗਿਆ।

ਦੂਜੇ ਪਾਸੇ, ਗੁਰਦੁਆਰਾ ਦਰਬਾਰ ਸਾਹਿਬ (ਮੁਕਤਸਰ) ਦੇ ਮੈਨੇਜਰ ਨਿਰਮਲਜੀਤ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਇੱਕ ਜਾਂਚ ਟੀਮ ਨੂੰ ਘਟਨਾ ਦੇ ਤੱਥਾਂ ਦਾ ਪਤਾ ਲਗਾਉਣ ਅਤੇ ਸਥਾਨਕ ਕਮੇਟੀ ਨਾਲ ਤਾਲਮੇਲ ਕਰਨ ਲਈ ਮੌਕੇ 'ਤੇ ਭੇਜਿਆ ਗਿਆ ਹੈ।

# ਪੈਰਿਸ ਵਿਚ 3 ਔਰਤਾਂ 'ਤੇ ਚਾਕੂ ਨਾਲ ਹਮਲਾ

## ✪ ਆਫ਼-ਡਿਊਟੀ ਪੁਲਿਸ ਅਧਿਕਾਰੀ ਨੇ ਹਮਲਾਵਰ ਨੂੰ ਦਬੋਚਿਆ

ਪੈਰਿਸ-ਫਰਾਂਸ ਦੀ ਰਾਜਧਾਨੀ ਪੈਰਿਸ ਦੇ 'ਪੋਰਟ ਡੇ ਕਲੀਚੀ' ਇਲਾਕੇ ਵਿੱਚ ਇੱਕ ਵਿਅਕਤੀ ਵੱਲੋਂ ਤਿੰਨ ਔਰਤਾਂ 'ਤੇ ਰਸੋਈ ਦੇ ਚਾਕੂਆਂ ਨਾਲ ਹਮਲਾ ਕਰਨ ਦੀ ਘਟਨਾ ਸਾਹਮਣੇ ਆਈ ਹੈ। ਹਮਲੇ ਵਿੱਚ ਦੋ ਔਰਤਾਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ ਹਨ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਭਰਤੀ ਕਰਵਾਇਆ ਗਿਆ ਹੈ।



ਹਮਲਾਵਰ ਦੀ ਗ੍ਰਿਫ਼ਤਾਰੀ: ਘਟਨਾ ਦੌਰਾਨ ਮੌਕੇ 'ਤੇ ਮੌਜੂਦ ਲੋਕਾਂ ਅਤੇ ਇੱਕ ਆਫ਼-ਡਿਊਟੀ (ਛੁੱਟੀ 'ਤੇ) ਪੁਲਿਸ ਅਧਿਕਾਰੀ ਨੇ ਬਹਾਦਰੀ ਦਿਖਾਉਂਦੇ ਹੋਏ ਹਮਲਾਵਰ ਨੂੰ ਜ਼ਮੀਨ 'ਤੇ ਪਛਾੜ ਕੇ ਕਾਬੂ ਕਰ ਲਿਆ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਵਿਚ ਹਮਲਾਵਰ ਔਰਤਾਂ 'ਤੇ ਚਾਕੂ ਨਾਲ ਵਾਰ ਕਰਦਾ ਦਿਖਾਈ ਦੇ ਰਿਹਾ ਹੈ। ਜ਼ਮੀਨ 'ਤੇ ਕਾਬੂ ਕੀਤੇ ਜਾਣ ਦੌਰਾਨ ਉਹ ਚੀਕ ਕੇ "ਅੱਲ੍ਹਾ ਨੇ ਮੈਨੂੰ ਹੁਕਮ ਦਿੱਤਾ ਸੀ" ਕਹਿੰਦਾ ਸੁਣਾਈ ਦੇ ਰਿਹਾ ਹੈ।

ਫਰਾਂਸ ਦੇ ਗ੍ਰਹਿ ਮੰਤਰੀ ਲਾਰੈਂਟ ਨੁਨੇਜ ਨੇ ਦੱਸਿਆ ਕਿ ਹਮਲਾਵਰ ਨੂੰ ਗ੍ਰਿਫ਼ਤਾਰ ਕਰਨ ਵਾਲੇ ਆਫ਼-ਡਿਊਟੀ ਪੁਲਿਸ ਅਧਿਕਾਰੀ ਦੀ ਸ਼ਲਾਘਾ ਕੀਤੀ ਗਈ ਹੈ। ਫਿਲਹਾਲ ਹਮਲੇ ਦੇ ਮੁੱਖ ਮਕਸਦ ਦਾ ਪਤਾ ਨਹੀਂ ਲੱਗ ਸਕਿਆ ਹੈ ਤੇ ਪੁਲਿਸ ਦੋਸ਼ੀ ਦੀ ਪਛਾਣ ਦੀ ਪੁਸ਼ਟੀ ਕਰਨ ਵਿਚ ਜੁਟੀ ਹੋਈ ਹੈ। ਫਰਾਂਸੀਸੀ ਰਾਸ਼ਟਰੀ ਅੱਤਵਾਦ ਰੋਕੂ ਅਦਾਲਤ ਵੱਲੋਂ ਇਸ ਮਾਮਲੇ ਦੀ ਅੱਤਵਾਦੀ ਐਂਗਲ ਤੋਂ ਜਾਂਚ ਸ਼ੁਰੂ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

## ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼


-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਉਨ੍ਹਾਂ ਨੇ ਲੋਕਾਂ ਨੂੰ ਗੁਰੂ ਅੰਗਦ ਸਾਹਿਬ ਕੋਲੋਂ ਮੁਆਫ਼ੀ ਮੰਗਣ ਬਾਰੇ ਕਿਹਾ। ਜਦੋਂ ਬਾਬਾ ਅਮਰਦਾਸ ਅਤੇ ਦੁਖੀ ਪਿੰਡ ਵਾਸੀ ਖਾਨਪੁਰ ਦੀ ਟਿੱਬੀ 'ਤੇ ਆ ਕੇ ਗੁਰੂ ਅੰਗਦ ਸਾਹਿਬ ਤੋਂ ਮੁਆਫ਼ੀ ਮੰਗੀ ਅਤੇ ਗੁਰੂ ਸਾਹਿਬ ਨੂੰ ਸਤਿਕਾਰ ਨਾਲ ਖਡੂਰ ਸਾਹਿਬ ਲੈ ਆਏ ਤਾਂ ਪਿੰਡ ਵਾਸੀਆਂ ਨੇ ਯੋਗੀ ਨੂੰ ਚੰਗੀ ਦੰਡ ਦਿੱਤੀ ਅਤੇ ਪਿੰਡ ਤੋਂ ਭਜਾ ਦਿੱਤਾ ਤਾਂ ਉਸੇ ਸਮੇਂ ਬਾਰਸ਼ ਪੈਣੀ ਸ਼ੁਰੂ ਹੋਈ।

ਸਿਆਲ ਦੇ ਮੌਸਮ ਵਿੱਚ ਇਕ ਵਾਰ ਗੁਰੂ ਅਰਜਨ ਸਾਹਿਬ ਆਪਣੇ ਕੁਝ ਸ਼ਰਧਾਲੂਆਂ ਸਮੇਤ ਇਥੋਂ ਗੁਜ਼ਰ ਰਹੇ ਸਨ ਕਿ ਭਾਰੀ ਮੀਂਹ ਪੈ ਗਿਆ। ਪਿੰਡ ਦੇ ਇਕ ਗਰੀਬ ਕਿਸਾਨ ਭਾਈ ਹੀਮਾਂ, ਗੁਰੂ ਸਾਹਿਬ ਅਤੇ ਸ਼ਰਧਾਲੂਆਂ ਨੂੰ ਆਪਣੀ ਛੱਪੜੀ ਵਿੱਚ ਲੈ ਗਿਆ ਅਤੇ ਚੰਗੀ ਆਉ-ਭਗਤ ਕੀਤੀ। ਇਸੇ ਕਾਰਨ ਖਾਨਪੁਰ ਬਾਅਦ ਵਿੱਚ ਖਾਨਪੁਰ ਛੱਪੜੀ ਕਰਕੇ ਪ੍ਰਸਿੱਧ ਹੋ ਗਿਆ। ਗੁਰੂ ਹਰਿਗੋਬਿੰਦ ਸਾਹਿਬ ਵੀ ਆਪਣੀ ਮਾਲਵੇ ਫ਼ੇਰੀ ਸਮੇਂ ਇਥੇ ਆਏ ਸਨ।

ਅਜੋਕੀ ਗੁਰਦੁਆਰਾ ਸਾਹਿਬ ਦੀ ਇਮਾਰਤ 1970 ਵਿੱਚ ਸੰਗਮਰਮਰ ਦੀ ਬਣੀ ਹੈ, ਜੋ ਗੁਰਦੁਆਰਾ ਛੱਪੜੀ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਗੁਰਦੁਆਰੇ ਵਿੱਚ ਬਹੁਤ ਵੱਡਾ ਹਾਲ ਅਤੇ ਪ੍ਰਕਾਸ਼ ਅਸਥਾਨ ਵਿੱਚਕਾਰ ਹੈ। ਗੁਰਦੁਆਰੇ ਉਪਰ ਚਿੱਟੇ ਦੁੱਧ ਗੁੰਬਦ ਅਤੇ ਸੋਨੇ ਦੇ ਕਲਸ ਦੂਰੋਂ ਨਜ਼ਰ ਆਉਂਦੇ ਹਨ। ਗੁਰਦੁਆਰੇ ਦੇ ਨੇੜੇ ਹੀ ਸਰੋਵਰ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। 50 ਏਕੜ ਜ਼ਮੀਨ ਗੁਰਦੁਆਰੇ ਨਾਲ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-


1. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
2. ਦਿਲਗੀਰ, ਐਚ.ਐਸ. ਡਾ.- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997
3. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ 2, ਪਟਿਆਲਾ, 1996


### ਖਾਨਰਜਾਦਾ

ਪੰਜਾਬ ਦੇ ਖਡੂਰ ਸਾਹਿਬ ਤੋਂ 2 ਕਿਲੋਮੀਟਰ ਦੂਰ ਪੱਛਮ ਦਿਸ਼ਾ ਵੱਲ ਇਕ ਪਿੰਡ ਖਾਨਰਜਾਦਾ ਹੈ। ਇਸ ਪਿੰਡ ਵਿੱਚ, ਗੁਰੂ ਅੰਗਦ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਹੈ। ਖਡੂਰ ਸਾਹਿਬ, ਤਰਨਤਾਰਨ ਤੋਂ 19 ਕਿਲੋਮੀਟਰ ਦੂਰ ਹੈ। ਤਰਨਤਾਰਨ ਦਾ ਅਕਸ਼ਾਂਸ਼ 310-27 ਅਤੇ ਰੇਖਾਂਸ਼ ਦੇਸ਼ਾਂਤਰ 740-56 ਹੈ। ਇਥੇ ਇਕ ਤਪੇ ਦੀ ਪ੍ਰੇਰਨਾ ਕਰਕੇ ਜ਼ਿਮੀਂਦਾਰਾਂ ਨੇ ਗੁਰੂ ਸਾਹਿਬ ਨੂੰ ਖਡੂਰ ਸਾਹਿਬ ਤੋਂ ਕੱਢ ਦਿੱਤਾ ਸੀ ਅਤੇ ਗੁਰੂ ਸਾਹਿਬ ਆ ਕੇ ਇਸ ਪਿੰਡ ਖਾਨਰਜਾਦਾ ਬਿਰਾਜੇ ਸਨ। ਅੱਜ ਕੱਲ ਇਸ ਦਾ ਨਾਂ ਛਾਪਰੀ ਜਾਂ ਖਾਨ ਛਾਪਰੀ ਕਰਕੇ ਵੀ ਪ੍ਰਸਿੱਧ ਹੈ।



ਗੁਰਦੁਆਰਾ ਮੰਜੀ ਸਾਹਿਬ

ਪੁਸਤਕ ਸੂਚੀ:-


1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990


### ਖਾਨਵਾਲ

ਖਾਨਵਾਲ ਇਕ ਬਹੁਤ ਹੀ ਪੁਰਾਣਾ ਪਿੰਡ ਹੈ, ਜਿਸ ਦੀ ਕੁਝ ਜ਼ਮੀਨ ਗੁਰੂ ਅਰਜਨ ਸਾਹਿਬ ਨੇ ਖ਼ਰੀਦ ਕੇ ਤਰਨਤਾਰਨ ਵਸਾਇਆ ਹੈ।

### ਖਾਰਾ

ਪੰਜਾਬ ਦੇ ਪਹਿਲਾਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਅੱਜ-ਕੱਲ੍ਹ ਨਵੇਂ ਬਣੇ ਜ਼ਿਲ੍ਹਾ ਤਰਨਤਾਰਨ ਦਾ ਇਕ ਪਿੰਡ ਖਾਰਾ ਹੈ, ਜੋ ਅੰਮ੍ਰਿਤਸਰ-ਤਰਨਤਾਰਨ ਸੜਕ ਉਤੇ ਆਉਂਦਾ ਹੈ। ਤਰਨਤਾਰਨ ਦਾ ਅਕਸ਼ਾਂਸ਼ 310-27 ਅਤੇ ਰੇਖਾਂਸ਼ ਦੇਸ਼ਾਂਤਰ 740-56 ਹੈ। ਇਸ ਪਿੰਡ ਵਿੱਚ ਗੁਰੂ ਅਰਜਨ ਸਾਹਿਬ 1590 ਦੇ ਆਸ-ਪਾਸ ਆ ਕੇ ਕੁਝ ਦਿਨ ਠਹਿਰੇ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਦੋ ਇਤਿਹਾਸਕ ਗੁਰਦੁਆਰੇ ਬਣੇ ਹੋਏ ਹਨ। ਗੁਰੂ ਸਾਹਿਬ ਤਰਨਤਾਰਨ ਦੇ ਸਰੋਵਰ ਦੀ ਖੁਦਾਈ ਸਮੇਂ ਹੀ ਇਥੇ ਆਏ ਸਨ। ਖਾਰਾ ਤਰਨਤਾਰਨ ਤੋਂ 7 ਕਿਲੋਮੀਟਰ ਦੂਰ ਉੱਤਰ-ਪੱਛਮ ਦਿਸ਼ਾ ਵੱਲ ਆਉਂਦਾ ਹੈ।

#### (ੳ) ਗੁਰਦੁਆਰਾ ਮੰਜੀ ਸਾਹਿਬ:

ਇਹ ਗੁਰਦੁਆਰਾ ਸਾਹਿਬ ਪਿੰਡ ਦੇ ਅੰਦਰ ਹੈ, ਜਿਥੇ ਗੁਰੂ ਅਰਜਨ ਸਾਹਿਬ ਠਹਿਰੇ ਸਨ। ਇਹ ਗੁਰਦੁਆਰਾ 1925 ਵਿੱਚ ਬਣਿਆ ਹੈ, ਜੋ ਸੰਗਮਰਮਰ ਦਾ ਹੈ। ਇਕ ਵੱਡਾ ਹਾਲ ਅਤੇ ਇਸ ਦੇ ਇਕ ਨੁੱਕਰ ਵਿੱਚ ਪ੍ਰਕਾਸ਼ ਅਸਥਾਨ ਸੁਸ਼ੋਭਿਤ ਹੈ। ਪ੍ਰਕਾਸ਼ ਅਸਥਾਨ ਦੇ ਉਪਰ ਦੋ ਮੰਜ਼ਲਾਂ ਹੋਰ ਬਣੀਆਂ ਹਨ, ਜਿਸ ਦੇ ਉਪਰ ਕੰਵਲ ਗੁੰਬਦ ਨਜ਼ਰ ਆਉਂਦੇ ਹਨ। ਗੁਰਦੁਆਰੇ ਦੇ ਦੱਖਣ-ਪੂਰਬੀ ਸਿਰੇ ਵੱਲ ਇਕ ਖੂਹ ਵੀ ਮੌਜੂਦ ਹੈ, ਜੋ ਗੁਰੂ ਅਰਜਨ ਸਾਹਿਬ ਦੇ ਪਿੰਡ ਵਿੱਚ ਬਿਰਾਜਮਾਨ ਸਮੇਂ ਕੱਢਿਆ ਗਿਆ ਸੀ। ਗੁਰਦੁਆਰੇ ਦੇ ਤਹਿਖਾਨੇ ਵਿੱਚ ਇਕ ਛੋਟਾ ਜਿਹਾ ਕਮਰਾ ਗੋਲ ਅਕਾਰ ਦਾ 3 ਮੀਟਰ ਹੈ, ਜਿਥੇ ਬੈਠ ਕੇ ਗੁਰੂ ਸਾਹਿਬ ਨਾਮ-ਸਿਮਰਨ ਕਰਦੇ ਸਨ। ਪਿੰਡ ਵੱਲੋਂ 5 ਏਕੜ ਜ਼ਮੀਨ ਲੱਗੀ ਹੋਈ ਹੈ।

#### (ਅ) ਗੁਰਦੁਆਰਾ ਦੁਖ ਨਿਵਾਰਨ ਸਾਹਿਬ:

ਇਹ ਗੁਰਦੁਆਰਾ ਪਿੰਡ ਦੇ ਦੱਖਣ ਵੱਲ 200 ਮੀਟਰ ਦੂਰ ਹੈ। ਇਸ ਦੇ ਪੂਰਬ ਵੱਲ 15X15 ਮੀਟਰ ਸਰੋਵਰ ਬਣਿਆ ਹੋਇਆ ਹੈ। ਅਸਲੋਂ ਇਹ ਇਕ ਤਲਾਬ ਸੀ, ਜੋ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪੱਕਾ ਬਣਵਾਇਆ ਅਤੇ ਕਾਫੀ ਜਗੀਰ ਵੀ ਲਾਈ। ਗੁਰਦੁਆਰੇ ਦੇ ਅਹਾਤੇ ਅੰਦਰ ਵੜਦਿਆਂ ਹੀ ਇਕ ਛੋਟਾ ਜਿਹਾ ਸਰੋਵਰ ਹੈ। ਗੁਰਦੁਆਰੇ ਨਾਲ 20 ਏਕੜ ਜ਼ਮੀਨ ਵੀ ਲੱਗੀ ਹੋਈ ਹੈ।

ਇਹ ਦੋਵੇਂ ਗੁਰਦੁਆਰੇ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਹਨ। ਇਹ ਗੁਰਦੁਆਰੇ ਨੋਟੀਫਾਈਡ ਹਨ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹਨ।

ਪੁਸਤਕ ਸੂਚੀ:-


1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990
2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
3. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
4. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।


### ਖਾਲੜਾ

ਪੰਜਾਬ ਦੇ ਪਹਿਲਾਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਅੱਜ-ਕੱਲ੍ਹ ਨਵੇਂ ਬਣੇ ਜ਼ਿਲ੍ਹਾ ਤਰਨ ਤਾਰਨ ਦਾ ਇਕ ਪਿੰਡ ਖਾਲੜਾ ਹੈ, ਜੋ ਪੱਟੀ ਤੋਂ 27 ਕਿਲੋਮੀਟਰ ਦੂਰ ਹੈ। ਪੱਟੀ ਦਾ ਅਕਸ਼ਾਸ਼ 310-17 ਅਤੇ ਰੇਖਾਸ਼ ਦੇਸ਼ਾਤਰ 740-52 ਹੈ। ਇਸ ਪਿੰਡ ਵਿੱਚ ਇਕ ਵਾਰ ਗੁਰੂ ਨਾਨਕ ਸਾਹਿਬ ਆਏ ਹਨ। ਇਹ ਪਿੰਡ ਅੱਜ-ਕੱਲ੍ਹ ਭਾਰਤ-ਪਾਕਿਸਤਾਨ ਦੀ ਸਰਹੱਦ ਕੋਲ ਆਉਂਦਾ ਹੈ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਗੁਰਦੁਆਰੇ ਦੀ ਇਮਾਰਤ 1965 ਵਿੱਚ ਤਬਾਹ ਹੋ ਗਈ ਅਤੇ ਦੁਬਾਰਾ 1980 ਵਿੱਚ ਸੰਗਤਾਂ ਨੇ ਬਣਾਈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰ-ਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-


1. ਦਿਲਗੀਰ, ਹਰਜਿੰਦਰ ਸਿੰਘ, ਡਾ.- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997


### ਖਿਆਲਾ ਕਲਾਂ

ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿੱਚ ਇਕ ਪਿੰਡ ਖਿਆਲਾ ਕਲਾਂ ਹੈ, ਜੋ ਮਾਨਸਾ ਦੇ ਉੱਤਰ ਵੱਲ 8 ਕਿਲੋਮੀਟਰ ਦੂਰ ਹੈ। ਮਾਨਸਾ ਦਾ ਅਕਸ਼ਾਸ਼ 290-59 ਅਤੇ ਰੇਖਾਸ਼ ਦੇਸ਼ਾਤਰ 750-23 ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਆਏ ਹਨ। ਇਥੇ ਹੀ ਇਕ ਬ੍ਰਾਹਮਣ ਜ਼ਿਮੀਂਦਾਰ ਨੇ ਗੁਰੂ ਸਾਹਿਬ ਨੂੰ ਦੁੱਧ ਦਾ ਲੋਟਾ ਪੇਸ਼ ਕੀਤਾ ਪਰ ਗੁਰੂ ਸਾਹਿਬ ਨੇ ਦੁੱਧ ਸੰਗਤਾਂ ਵਿੱਚ ਵਰਤਾ ਦਿੱਤਾ ਅਤੇ ਬ੍ਰਾਹਮਣ ਨੂੰ ਅਸੀਸ ਦਿੱਤੀ ਕਿ ਤੇਰੇ ਦੁੱਧ ਦੇ ਲੋਟੇ ਕਦੀ ਖਾਲੀ ਨਹੀਂ ਹੋਣਗੇ। ਗੁਰੂ ਸਾਹਿਬ ਨੇ ਬ੍ਰਾਹਮਣ ਨੂੰ ਇਕ ਕਟੋਰਾ ਬਖ਼ਸ਼ਿਆ, ਜੋ ਉਸ ਦੀ ਵੰਸ਼ ਕੋਲ ਅੱਜ ਤੱਕ ਮੌਜੂਦ ਹੈ। ਮੁਕਾਮੀ ਰਵਾਇਤਾਂ ਅਨੁਸਾਰ ਗੁਰੂ ਸਾਹਿਬ ਨੂੰ ਪਾਣੀ ਦੀ ਘਾਟ ਬਾਰੇ ਪਿੰਡ ਵਾਸੀਆਂ ਨੇ ਦੱਸਿਆ ਤਾਂ ਗੁਰੂ ਸਾਹਿਬ ਨੇ ਆਪਣਾ ਬਰਛਾ ਮਾਰ ਕੇ ਪਾਣੀ ਕੱਢਿਆ ਅਤੇ ਯਾਦਗਾਰ ਵਜੋਂ ਬੋਹੜ ਦਾ ਦਰਖ਼ਤ ਲਗਾਇਆ। ਗੁਰੂ ਸਾਹਿਬ ਦੀ ਯਾਦ ਵਿੱਚ ਪਿੰਡ ਵਿੱਚ ਤਿੰਨ ਗੁਰਦੁਆਰੇ ਬਣੇ ਹੋਏ ਹਨ।

#### 1. ਗੁਰਦੁਆਰਾ ਪਾਤਸ਼ਾਹੀ ਨੌਵੀਂ:

ਮੁਕਾਮੀ ਰਿਵਾਇਤ ਅਨੁਸਾਰ ਇਸ ਗੁਰਦੁਆਰੇ ਨੂੰ ਗੁਰਦੁਆਰਾ ਮਹਿਤਾਂ ਵਾਲਾ ਵੀ ਆਖਿਆ ਜਾਂਦਾ ਹੈ। ਇਹ ਉਹ ਥਾਂ ਹੈ, ਜਿਥੇ ਗੁੱਜਰ ਰਾਮ ਬ੍ਰਾਹਮਣ ਜ਼ਿਮੀਂਦਾਰ ਨੇ ਗੁਰੂ ਸਾਹਿਬ ਨੂੰ ਦੁੱਧ ਦਾ ਲੋਟਾ ਪੇਸ਼ ਕੀਤਾ। ਇਹ ਗੁਰਦੁਆਰਾ ਪਿੰਡ ਦੇ ਬਾਹਰਵਾਰ ਉੱਤਰੀ ਦਿਸ਼ਾ ਵੱਲ ਹੈ। ਇਸ ਦੀ ਇਮਾਰਤ ਵਿੱਚ ਇਕ ਸਮਕੋਣ ਹਾਲ ਅਤੇ ਪ੍ਰਕਾਸ਼ ਅਸਥਾਨ ਹੈ ਅਤੇ ਸਾਹਮਣੇ ਵਰਾਂਡਾ ਹੈ। ਗੁਰਦੁਆਰੇ ਨਾਲ ਮਹਾਨ ਕੋਸ਼ ਅਨੁਸਾਰ 150 ਏਕੜ ਜ਼ਮੀਨ ਸੀ, ਜੋ ਹੁਣ ਕੇਵਲ 50 ਏਕੜ ਰਹਿ ਗਈ ਹੈ। ਇਹ ਜ਼ਮੀਨ ਪਟਿਆਲੇ ਦੇ ਰਾਜਿਆਂ-ਮਹਾਰਾਜਿਆਂ ਵੱਲੋਂ ਜਗੀਰ ਵਜੋਂ ਗੁਰਦੁਆਰੇ ਨਾਲ ਲੱਗੀ ਹੋਈ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਡੇਰਾ ਸੱਚਖੰਡ ਬੱਲਾਂ ਉਪਰ ਮੋਦੀ ਮਿਹਰਬਾਨ ਕਿਉਂ ?

## ✪ ਡੇਰੇ ਵਿਚ ਕਿਉਂ ਵਧੀਆਂ ਭਾਜਪਾ ਦੀਆਂ ਸਰਗਰਮੀਆਂ ✪ ਰਵਿਦਾਸੀਆ ਸਮਾਜ ਦੀ ਵੱਖਰੀ ਪਛਾਣ ਦਾ ਪੰਜਾਬ ਦੀ ਸਿਆਸਤ ਵਿੱਚ ਕੀ ਅਸਰ ਹੋਵੇਗਾ

**ਦਰਪਣ ਝੂਠ ਨਹੀ ਬੋਲਦਾ**

**ਪੰਜਾਬ ਟਾਈਮਜ਼ ਮੀਡੀਆ**



ਪੰਜਾਬ ਦੀ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਆਬੋ-ਹਵਾ ਵਿੱਚ ਡੇਰਾ ਸੱਚਖੰਡ ਬੱਲਾਂ ਦਾ ਸਥਾਨ ਦਲਿਤ ਰਾਜਨੀਤੀ ਪਖੋਂ ਹਮੇਸ਼ਾ ਹੀ ਕੇਂਦਰੀ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕੇਂਦਰ ਦੀ ਭਾਜਪਾ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਸ ਡੇਰੇ ਨਾਲ ਵਧਾਈ ਗਈ ਨੇੜਤਾ ਨੇ ਸੂਬੇ ਦੀ ਸਿਆਸਤ ਵਿਚ ਚਰਚਾ ਛੇੜੀ ਦਿਤੀ ਹੈ। ਪ੍ਰਧਾਨ ਮੰਤਰੀ ਵੱਲੋਂ ਡੇਰਾ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਨਾਲ ਮੁਲਾਕਾਤਾਂ ਕਰਨਾ, ਸੰਤ ਜੀ ਨੂੰ 'ਪਦਮ ਸ਼੍ਰੀ' ਸਨਮਾਨ ਨਾਲ ਨਿਵਾਜਣਾ, ਅਤੇ ਬਨਾਰਸ ਸਥਿਤ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਲਈ ਸਪੈਸ਼ਲ 'ਸੰਤ ਰਵਿਦਾਸ ਐਕਸਪ੍ਰੈਸ' ਵਰਗੀਆਂ ਟ੍ਰੇਨਾਂ ਨੂੰ ਹਰੀ ਝੰਡੀ ਦਿਖਾਉਣਾ-ਇਹ ਸਾਰੇ ਘਟਨਾਕ੍ਰਮ ਕੇਵਲ ਧਾਰਮਿਕ ਸ਼ਰਧਾ ਤੱਕ ਸੀਮਤ ਨਹੀਂ ਹਨ। ਇਸ ਦੇ ਪਿੱਛੇ ਪੰਜਾਬ ਦੀ ਰਾਜਨੀਤੀ ਨੂੰ ਇੱਕ ਨਵਾਂ ਮੋੜ ਦੇਣ ਦੇ ਡੂੰਘੇ ਅਰਥ ਛੁਪੇ ਹੋਏ ਹਨ।

ਮੋਦੀ ਸਰਕਾਰ ਲਈ ਡੇਰਾ ਸੱਚਖੰਡ ਬੱਲਾਂ ਦੀ ਅਹਿਮੀਅਤ ਨੂੰ ਸਮਝਣ ਲਈ ਪੰਜਾਬ ਦੀ ਜਨਸੰਖਿਆ ਅਤੇ ਸਿਆਸੀ ਪਿਛੋਕੜ ਨੂੰ ਦੇਖਣਾ ਜ਼ਰੂਰੀ ਹੈ। ਕਿਸਾਨੀ ਅੰਦੋਲਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਟੁੱਟਣ ਕਾਰਨ ਭਾਜਪਾ ਹੁਣ ਪੰਜਾਬ ਵਿੱਚ ਆਪਣੇ ਦਮ 'ਤੇ ਆਧਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਵਿੱਚ ਲਗਭਗ 32 ਫ਼ੀਸਦੀ ਦਲਿਤ ਆਬਾਦੀ ਹੈ, ਜੋ ਪੂਰੇ ਦੇਸ਼ ਵਿੱਚ ਪ੍ਰਤੀਸ਼ਤ ਦੇ ਹਿਸਾਬ ਨਾਲ ਸਭ ਤੋਂ ਵੱਧ ਹੈ।

ਖ਼ਾਸਕਰ ਦੋਆਬਾ ਖੇਤਰ ਵਿੱਚ ਇਹ ਆਬਾਦੀ 35 ਤੋਂ 45 ਫ਼ੀਸਦੀ ਤੱਕ ਹੈ, ਜਿੱਥੇ ਦੀਆਂ 20 ਦੇ ਕਰੀਬ ਵਿਧਾਨ ਸਭਾ ਸੀਟਾਂ ਉੱਤੇ ਰਵਿਦਾਸੀਆ ਭਾਈਚਾਰੇ ਦਾ ਸਿੱਧਾ ਅਸਰ ਹੈ। ਭਾਜਪਾ ਲਈ ਡੇਰਾ ਬੱਲਾਂ ਇੱਕ ਅਜਿਹਾ ਮਜ਼ਬੂਤ ਪੁਲ ਹੈ, ਜਿਸ ਰਾਹੀਂ ਉਹ ਸੂਬੇ ਦੇ ਇੱਕ ਵੱਡੇ ਦਲਿਤ ਵੋਟ ਬੈਂਕ ਤੱਕ ਪਹੁੰਚ ਬਣਾ ਸਕਦੀ ਹੈ।

ਇਸ ਵੱਡੀ ਸਰਗਰਮੀ ਦੇ ਬਾਵਜੂਦ ਇਹ ਮੰਨਣਾ ਜਲਦਬਾਜ਼ੀ ਹੋਵੇਗੀ ਕਿ ਡੇਰਾ ਸੱਚਖੰਡ ਬੱਲਾਂ ਪੂਰੀ ਤਰ੍ਹਾਂ ਭਾਜਪਾ ਵੱਲ ਝੁਕ ਗਿਆ ਹੈ। ਡੇਰੇ ਦੀ ਇਤਿਹਾਸਕ ਪਰੰਪਰਾ ਰਹੀ ਹੈ ਕਿ ਉਸ ਨੇ ਕਦੇ ਵੀ ਆਪਣੇ ਸ਼ਰਧਾਲੂਆਂ ਨੂੰ ਕਿਸੇ ਖ਼ਾਸ ਪਾਰਟੀ ਨੂੰ ਵੋਟ ਪਾਉਣ ਦਾ ਸਿਆਸੀ ਹੁਕਮ ਨਹੀਂ ਦਿੱਤਾ। ਡੇਰੇ ਦੇ ਦਰਬਾਰ ਵਿੱਚ ਕਾਂਗਰਸ, ਆਮ ਆਦਮੀ ਪਾਰਟੀ, ਅਕਾਲੀ ਦਲ ਅਤੇ ਭਾਜਪਾ-ਸਾਰੇ ਹੀ ਧੜਿਆਂ ਦੇ ਆਗੂ ਨਤਮਸਤਕ ਹੁੰਦੇ ਆਏ ਹਨ। ਰਵਿਦਾਸੀਆ ਭਾਈਚਾਰਾ ਆਰਥਿਕ ਅਤੇ ਸਮਾਜਿਕ ਤੌਰ 'ਤੇ ਕਾਫ਼ੀ ਮਜ਼ਬੂਤ ਅਤੇ ਜਾਗਰੂਕ ਹੈ। ਇਹ ਭਾਈਚਾਰਾ ਧਾਰਮਿਕ ਤੌਰ 'ਤੇ ਡੇਰੇ ਨਾਲ ਜੁੜਿਆ ਹੋਣ ਦੇ ਬਾਵਜੂਦ ਵੋਟ ਪਾਉਣ ਵੇਲੇ ਆਪਣੀ ਨਿੱਜੀ ਅਤੇ ਸਿਆਸੀ ਸਮਝ ਦੀ ਵਰਤੋਂ ਕਰਦਾ ਹੈ। ਇਸ ਲਈ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਡੇਰਾ ਕੇਵਲ ਇੱਕ ਧਾਰਮਿਕ ਸਨਮਾਨ ਵਜੋਂ ਲੈਂਦਾ ਹੈ।

ਰਵਿਦਾਸੀਆ ਭਾਈਚਾਰੇ ਦੀ ਅਲੱਗ ਪਛਾਣ ਦਾ ਇਤਿਹਾਸ ਅਤੇ ਸਿੱਖ ਪੰਥ ਨਾਲ ਤਣਾਅ ਦਾ ਵਿਸ਼ਾ ਵੀ ਬਹੁਤ ਗੰਭੀਰ ਹੈ। ਮੂਲ ਤੌਰ 'ਤੇ ਡੇਰਾ ਬੱਲਾਂ ਸਿੱਖ ਪਰੰਪਰਾਵਾਂ ਨਾਲ ਗੂੜ੍ਹਾ ਜੁੜਿਆ ਹੋਇਆ ਸੀ ਅਤੇ ਡੇਰੇ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ।

ਪਰ 24 ਮਈ 2009 ਨੂੰ ਆਸਟਰੀਆ ਦੇ ਸ਼ਹਿਰ ਵਿਆਨਾ ਵਿਖੇ ਇੱਕ ਰਵਿਦਾਸੀਆ ਗੁਰਦੁਆਰੇ ਵਿੱਚ ਹੋਏ ਹਮਲੇ ਵਿੱਚ ਡੇਰਾ ਬੱਲਾਂ ਦੇ ਉਪ-ਮੁਖੀ ਸੰਤ ਰਾਮਾਨੰਦ ਜੀ ਦੀ ਮੌਤ ਹੋ ਗਈ ਸੀ । ਇਸ ਦੁਖਾਂਤ ਤੋਂ ਬਾਅਦ ਜਨਵਰੀ 2010 ਵਿੱਚ ਡੇਰੇ ਵੱਲੋਂ 'ਰਵਿਦਾਸੀਆ ਧਰਮ' ਦਾ ਰਸਮੀ ਐਲਾਨ ਕੀਤਾ ਗਿਆ ਅਤੇ ਆਪਣਾ ਵੱਖਰਾ ਧਰਮ ਗ੍ਰੰਥ "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ" ਜਾਰੀ ਕੀਤਾ ਗਿਆ।

ਸਿਧਾਂਤਕ ਤੌਰ 'ਤੇ ਇਹ ਤਣਾਅ ਦੇਹਧਾਰੀ ਗੁਰੂ ਪਰੰਪਰਾ ਅਤੇ ਸਮਾਜਿਕ ਵਿਤਕਰੇ ਕਾਰਨ ਪੈਦਾ ਹੋਇਆ ਸੀ। ਰਵਿਦਾਸੀਆ ਭਾਈਚਾਰੇ ਦਾ ਮੰਨਣਾ ਸੀ ਕਿ ਸਿੱਖ ਧਰਮ ਵਿੱਚ ਸਮਾਨਤਾ ਦਾ ਉਪਦੇਸ਼ ਹੋਣ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਉਨ੍ਹਾਂ ਨਾਲ ਜਾਤੀਗਤ ਵਿਤਕਰਾ ਹੁੰਦਾ ਰਿਹਾ ਹੈ। ਅੱਜ ਜਿੱਥੇ ਡੇਰਾ ਬੱਲਾਂ ਨਾਲ ਜੁੜਿਆ ਵੱਡਾ ਵਰਗ ਆਪਣੇ ਆਪ ਨੂੰ 'ਰਵਿਦਾਸੀਆ' ਵਜੋਂ ਪਛਾਣਦਾ ਹੈ, ਉੱਥੇ ਹੀ ਪੰਜਾਬ ਦਾ ਇੱਕ ਹੋਰ ਦਲਿਤ ਹਿੱਸਾ (ਜਿਵੇਂ ਮਜ਼ਹਬੀ ਅਤੇ ਰਾਮਦਾਸੀਆ ਸਿੱਖ) ਅਜੇ ਵੀ ਮੁੱਖ ਧਾਰਾ ਸਿੱਖ ਪੰਥ ਨਾਲ ਗੂੜ੍ਹਾ ਜੁੜਿਆ ਹੋਇਆ ਹੈ।


ਜਿੱਥੋਂ ਤੱਕ ਵੱਖਰੇ ਧਰਮ ਦੀ ਮੰਗ ਨੂੰ ਕੇਂਦਰ ਸਰਕਾਰ ਵੱਲੋਂ ਮੰਨੇ ਜਾਣ ਦਾ ਸਵਾਲ ਹੈ, ਇਹ ਰਾਜਨੀਤਿਕ ਅਤੇ ਵਿਚਾਰਧਾਰਕ ਤੌਰ 'ਤੇ ਇੱਕ ਜਟਿਲ ਮੁੱਦਾ ਹੈ। ਰਵਿਦਾਸੀਆ ਭਾਈਚਾਰਾ ਲੰਮੇ ਸਮੇਂ ਤੋਂ ਜਨਗਣਨਾ ਵਿੱਚ ਵੱਖਰੇ ਧਰਮ ਦਾ ਕਾਲਮ ਰੱਖਣ ਦੀ ਮੰਗ ਕਰ ਰਿਹਾ ਹੈ। ਪ੍ਰੰਤੂ ਭਾਜਪਾ ਅਤੇ ਸੰਘ ਪਰਿਵਾਰ ਦੀ ਮੂਲ ਵਿਚਾਰਧਾਰਾ ਭਾਰਤ-ਮੂਲ ਦੇ ਸਾਰੇ ਧਰਮਾਂ ਨੂੰ ਇੱਕ ਵਿਸ਼ਾਲ ਹਿੰਦੂ/ਸਨਾਤਨ ਛਤਰੀ ਹੇਠ ਦੇਖਣ ਦੀ ਰਹੀ ਹੈ, ਇਸ ਲਈ ਉਹ ਅਧਿਕਾਰਤ ਤੌਰ 'ਤੇ ਇੱਕ ਹੋਰ ਵੱਖਰਾ ਸੰਵਿਧਾਨਕ ਧਰਮ ਬਣਾਉਣ ਨੂੰ ਬਹੁਤਾ ਉਤਸ਼ਾਹਿਤ ਨਹੀਂ ਕਰਦੇ। ਹਾਲਾਂਕਿ, ਚੋਣਾਂ ਦੇ ਮੱਦੇਨਜ਼ਰ ਭਾਜਪਾ ਇਸ ਮੰਗ ਪ੍ਰਤੀ ਨਰਮ ਰੁੱਖ਼ ਜ਼ਰੂਰ ਦਿਖਾ ਸਕਦੀ ਹੈ।

ਪੰਜਾਬ ਵਿੱਚ ਦਲਿਤ ਸਮਾਜ ਦੇ ਸਮਾਜਿਕ-ਧਾਰਮਿਕ ਤਾਣੇ-ਬਾਣੇ ਵਿੱਚ ਹਜ਼ਾਰਾਂ ਛੋਟੇ-ਵੱਡੇ ਡੇਰੇ ਸ਼ਾਮਲ ਹਨ। ਡੇਰਾ ਸੱਚਖੰਡ ਬੱਲਾਂ ਤੋਂ ਇਲਾਵਾ ਫਗਵਾੜੇ ਦਾ ਡੇਰਾ ਚੱਕ ਹਕੀਮ, ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਡੇਰਾ ਬੇਗੋਵਾਲ, ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ, ਡੇਰਾ ਸੱਚਾ ਸੌਦਾ ਅਤੇ ਅੰਮ੍ਰਿਤਸਰ ਦਾ ਭਗਵਾਨ ਵਾਲਮੀਕਿ ਆਸ਼ਰਮ (ਰਾਮ ਤੀਰਥ) ਅਜਿਹੇ ਪ੍ਰਮੁੱਖ ਕੇਂਦਰ ਹਨ ਜਿਨ੍ਹਾਂ ਦਾ ਲੱਖਾਂ ਦਲਿਤ ਸ਼ਰਧਾਲੂਆਂ 'ਤੇ ਡੂੰਘਾ ਅਸਰ ਹੈ।

ਰਾਜਨੀਤਿਕ ਬੁੱਧੀਜੀਵੀਆਂ ਅਤੇ ਸਮਾਜ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਡੇਰਾ ਬੱਲਾਂ ਦਾ ਉਭਾਰ ਕੇਵਲ ਧਰਮ ਤੱਕ ਸੀਮਤ ਨਹੀਂ, ਬਲਕਿ ਇਹ ਦਲਿਤਾਂ ਦੇ ਸਮਾਜਿਕ 'ਸਵੈ-ਮਾਣ' ਅਤੇ ਆਰਥਿਕ ਤਰੱਕੀ ਦੀ ਵਿਰਾਸਤ ਦਾ ਪ੍ਰਤੀਕ ਹੈ। ਜਦੋਂ ਦੇਸ਼ ਦੇ ਵੱਡੇ ਨੇਤਾ ਡੇਰੇ ਆਉਂਦੇ ਹਨ, ਤਾਂ ਭਾਈਚਾਰਾ ਇਸ ਨੂੰ ਆਪਣੀ ਸਮਾਜਿਕ ਮਾਨਤਾ ਵਜੋਂ ਦੇਖਦਾ ਹੈ। ਹਾਲਾਂਕਿ ਮਾਹਿਰ ਇਹ ਵੀ ਚੇਤਾਵਨੀ ਦਿੰਦੇ ਹਨ ਕਿ ਜੇਕਰ ਕੋਈ ਵੀ ਰਾਜਨੀਤਿਕ ਪਾਰਟੀ ਕੇਵਲ ਇੱਕ ਖ਼ਾਸ ਦਲਿਤ ਧੜੇ ਨੂੰ ਜ਼ਿਆਦਾ ਤਰਜੀਹ ਦਿੰਦੀ ਹੈ, ਤਾਂ ਇਸ ਨਾਲ ਹੋਰਨਾਂ ਦਲਿਤ ਉਪ-ਜਾਤੀਆਂ (ਜਿਵੇਂ ਵਾਲਮੀਕਿ ਜਾਂ ਮਜ਼ਹਬੀ ਸਮਾਜ) ਵਿੱਚ ਨਾਰਾਜ਼ਗੀ ਵੀ ਪੈਦਾ ਹੋ ਸਕਦੀ ਹੈ।

ਸਿੱਟੇ ਵਜੋਂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਡੇਰਾ ਸੱਚਖੰਡ ਬੱਲਾਂ ਵੱਲ ਵਧਾਇਆ ਗਿਆ ਹੱਥ ਇੱਕ ਬਹੁਤ ਹੀ ਸੋਚੀ-ਸਮਝੀ ਰਾਜਨੀਤਿਕ ਰਣਨੀਤੀ ਹੈ। ਭਾਜਪਾ ਇਸ ਰਾਹੀਂ ਪੰਜਾਬ ਵਿੱਚ ਆਪਣੇ ਲਈ ਇੱਕ ਨਵਾਂ ਸਮਾਜਿਕ ਆਧਾਰ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਡੇਰਾ ਬੱਲਾਂ ਦਾ ਇਤਿਹਾਸ ਗਵਾਹ ਹੈ ਕਿ ਉਹ ਆਪਣੀ ਸੁਤੰਤਰਤਾ ਅਤੇ ਭਾਈਚਾਰੇ ਦੇ ਭਲੇ ਨੂੰ ਸਭ ਤੋਂ ਉੱਪਰ ਰੱਖਦਾ ਹੈ। ਸਮਾਂ ਦੱਸੇਗਾ ਕਿ ਡੇਰਾ ਸਚਖੰਡ ਬੱਲਾਂ ਕੀ ਫੈਸਲਾ ਲੈਂਦਾ ਹੈ।

## ਸਿਖ ਫਾਰ ਜਸਟਿਸ ਵੱਲੋਂ ਪੰਜਾਬ ਦੇ ਵਿਦਿਆਰਥੀਆਂ ਨੂੰ 15 ਅਗਸਤ ਦੇ ਸਰਕਾਰੀ ਸਮਾਗਮਾਂ ਦੇ ਬਾਈਕਾਟ ਦਾ ਸੱਦਾ



ਨਿਊਯਾਰਕ-ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਨੇ ਵੀਡੀਓ ਸੰਦੇਸ਼ ਜਾਰੀ ਕਰਕੇ ਪੰਜਾਬ ਦੇ ਵਿਦਿਆਰਥੀਆਂ ਨੂੰ 15 ਅਗਸਤ (ਆਜ਼ਾਦੀ ਦਿਵਸ) ਦੇ ਸਰਕਾਰੀ ਸਮਾਗਮਾਂ ਦਾ ਬਾਈਕਾਟ ਕਰਨ, ਤਿਰੰਗਾ ਨਾ ਲਹਿਰਾਉਣ ਅਤੇ ਸਲਾਮੀ ਨਾ ਦੇਣ ਦੀ ਅਪੀਲ ਕੀਤੀ ਹੈ। ਪੰਨੂ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਮੰਤਰੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਸਮਾਗਮਾਂ ਵਿਚ ਤਿਰੰਗਾ ਲਹਿਰਾਉਣ ਵਾਲੇ ਆਪਣੀ ਜ਼ਿੰਮੇਵਾਰੀ 'ਤੇ ਅਜਿਹਾ ਕਰਨ। ਉਸ ਨੇ ਵਿਦਿਆਰਥੀਆਂ ਨੂੰ ਮਜਬੂਰ ਕਰਨ 'ਤੇ ਸਿਆਸੀ ਨਤੀਜੇ ਭੁਗਤਣ ਦੀ ਧਮਕੀ ਵੀ ਦਿੱਤੀ। ਜਥੇਬੰਦੀ ਵੱਲੋਂ ਜਲੰਧਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੰਬੜਾ) ਦੀਆਂ ਕੰਧਾਂ 'ਤੇ ਲਿਖੇ ਖ਼ਾਲਿਸਤਾਨ-ਸਬੰਧੀ ਨਾਅਰਿਆਂ ("ਸ਼ਹੀਦ ਖਾਲੜਾ ਜ਼ਿੰਦਾਬਾਦ", "ਖਾਲਿਸਤਾਨ ਜਾਂ ਹਿੰਦੁਸਤਾਨ" ਆਦਿ) ਦੀ ਵੀਡੀਓ ਜਾਰੀ ਕੀਤੀ ਗਈ। ਉੱਚ ਪੁਲੀਸ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਸਕੂਲ ਦੀਆਂ ਕੰਧਾਂ 'ਤੇ ਲਿਖੇ ਨਾਅਰਿਆਂ 'ਤੇ ਰੰਗ ਫੇਰ ਕੇ ਉਨ੍ਹਾਂ ਨੂੰ ਮਿਟਾ ਦਿੱਤਾ ਗਿਆ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-53

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਇਸ ਭਗਤਮਾਲ ਵਿੱਚ ਨਿਰਗੁਣ ਜਾਂ ਨਿਰੰਕਾਰ ਭਗਤੀ ਦੇ ਮੁਖੀਆਂ ਵਿੱਚ ਪਹਿਲਾ ਨਾਮ ਗੁਰੂ ਨਾਨਕ ਜੀ ਦਾ ਹੈ । ਗੁਰੂ ਨਾਨਕ ਜੀ ਤੋਂ ਪਿੱਛੋਂ ਕਬੀਰ ਜੀ ਦਾ ਅਤੇ ਉਨ੍ਹਾਂ ਦੇ ਪੰਥੀਆਂ ਦਾ ਹੈ । ਫਿਰ ਦਾਦੂ ਜੀ ਅਤੇ ਹੋਰਨਾਂ ਦਾਦੂ ਪੰਥੀਆਂ ਦਾ ਹੈ । ਗੁਰੂ ਨਾਨਕ ਜੀ ਨੂੰ ਨਿਰਗੁਣ ਪੰਥ ਦੇ ਸੂਰਜ ਮੰਨਿਆ ਹੈ, ਕਬੀਰ ਨੂੰ ਮੇਘ (ਬੱਦਲ) ਗੁਰੂ ਨਾਨਕ ਜੀ ਦਾ ਨਿਰਗੁਣ ਪੱਧਤੀ ਦੇ ਮਹਾਂਪੁਰਸ਼ਾਂ ਵਿੱਚ ਜਿਥੇ ਕਿਤੇ ਵੀ ਇਸ ਭਗਤ ਮਾਲ ਵਿੱਚ ਵਰਣਨ ਆਇਆ ਹੈ ਹਰ ਥਾਂ ਸਤਿਗੁਰਾਂ ਦਾ ਨਾਮ ਪਹਿਲਾਂ ਅਤੇ ਵਿਸ਼ੇਸ਼ ਕਰਕੇ ਹੈ । ਗੁਰੂ ਨਾਨਕ ਜੀ ਨੂੰ ਗਿਆਨ ਦੇ ਸੂਰਜ ਦਾ ਰੂਪਕ ਦੇ ਕੇ ਉਨ੍ਹਾਂ ਦਾ ਮਹੱਤਵ ਇੰਵ ਦਰਸਾਇਆ ਗਿਆ ਹੈ**

ਦਾਦੂ ਪੰਥੀ ਸਾਧੂ, ਰਾਘਵ ਦਾਸ ਜੀ ਦੀ ਇਕ ਭਗਤਮਾਲਾ* ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਦੀ ਲਿਖੀ ਹੋਈ, (ਹੁਣ ਛਪੀ ਹੋਈ ਭੀ) ਮਿਲਦੀ ਹੈ। ਗੁਰੂ ਸਾਹਿਬਾਨ ਦੇ ਸਮੇਂ ਉਸ ਦਾ ਰਚਨਕਾਲ (ਸੰਮਤ 1717) ਹੈ। ਇਸ ਗ੍ਰੰਥ ਦੀਆਂ ਲਿਖਤੀ ਪਤ੍ਰੀਆਂ ਤੋਂ ਸੰਪਾਦਨ ਰੂਪ ਤੇ ਟੀਕੇ ਰਾਜਿਸਥਾਨ ਵਿੱਚ ਮਿਲਦੇ ਹਨ। ਇਕ ਪਤ੍ਰੀ ਰਾਜਿਸਥਾਨ ਦੇ ਜੋਧਪੁਰ ਪ੍ਰਾਚੀਨ ਪ੍ਰਤਿਸ਼ਠਾਨ ਵੱਲੋਂ ਚਤਰਦਾਸ ਦੇ ਟੀਕੇ ਸਹਿਤ ਪ੍ਰਾਚੀਨ ਗ੍ਰੰਥਮਾਲਾ ਲੜੀ ਵਿੱਚ ਮੁਨੀ, ਜਿਨ ਬਿਜਯ ਦੀ ਦੇਖ ਰੇਖ ਹੇਠਾਂ ਛਾਪੀ ਗਈ ਸੀ। ਅਗਰ ਚੰਦ ਨਾਹਟਾ (ਬੀਕਾਨੇਰ) ਨੇ ਇਸ ਗ੍ਰੰਥ ਦਾ ਸੰਪਾਦਨ ਕੀਤਾ ਹੈ, **ਦੂਜਾ ਟੀਕਾ, ਪੁਸ਼ਕਰ (ਅਜਮੇਰ) ਦੇ ਸਵਾਮੀ ਰਾਮ ਨਰਾਇਣ ਦਾਸ ਜੀ ਦਾ ਵਿਸਥਾਰ ਨਾਲ ਕੀਤਾ ਹੋਇਆ ਮਿਲਦਾ ਹੈ। ਪਹਿਲੀ ਪੱਤ੍ਰੀ ਦੇ 194 ਸਫ਼ੇ ਉੱਤੇ ਦੂਜੇ ਵਿਸ਼ਾਲ ਟੀਕਾ-ਗ੍ਰੰਥ ਦੇ 634 ਉਪਰ ਨਿਰਗੁਨ ਭਗਤੀ ਦੇ ਚਾਰ ਮੋਢੀਆਂ ਦਾ ਵਰਣਨ ਚਲਦਾ ਹੈ। ਇਸ ਵਿੱਚ ਗੁਰੂ ਨਾਨਕ ਦੇਵ ਜੀ ਦੀ ਸਰਬੋਤਮ ਮਹਾਨਤਾ ਦਰਸਾਈ ਗਈ। ਫਿਰ ਗੁਰੂ ਜੀ ਦੇ ਸਪੁੱਤਰਾਂ ਸ੍ਰੀ ਚੰਦ, ਲਖਮੀ ਦਾਸ ਦੀ ਕਥਾ ਹੈ। ਗੁਰੂ ਨਾਨਕ ਜੀ ਤੋਂ ਲੈ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤੱਕ, ਗੁਰੂ ਪ੍ਰਸੰਗਾਂ ਦੀ ਵਿਥਿਆ ਹੈ। ਟੀਕਾਕਾਰ, ਨਰਾਇਣ ਦਾਸ ਜੀ ਨੇ ਕਿਹਾ ਹੈ, ਸਿਖੋਂ ਕੇ ਗੁਰੂ ਤੇਗ਼ ਬਹਾਦਰ ਜੀ ਤਥਾ ਗੁਰੂ ਗੋਬਿੰਦ ਸਿੰਘ ਜੀ ਗ੍ਰੰਥ ਲਿਖਣੇ ਕੇ ਪਸ਼ਚਾਤ ਹੁਏ ਹੈਂ। ਇਸ ਕਾਰਨ ਉਨਕਾ ਨਾਮ ਨਹੀਂ ਆਇਆ। (ਸਫ਼ਾ 649)

* ਕਵੀ ਕੀਰਤਨ ਸਿੰਘ ਨੇ ਭਗਤੀ ਟੀਕੇ ਵਿੱਚ ਨਾਭਾ ਜੀ ਦੇ ਛੱਪਯ ਜਿਹਾ ਹੀ ਇਕ ਛਪਯ ਪਿੱਛੋਂ ਕਿਧਰੋਂ ਲੈ ਕੇ ਜਾਂ ਰਚਨਾ ਕਰਕੇ ਸ਼ਾਮਿਲ ਕੀਤਾ ਹੈ:

ਤੇਤਾ ਜੁਗ ਸ੍ਰੀ ਜਨਕ
ਜੀਵ ਬਹੁ ਲਏ ਉਬਾਰੀ।
ਸੇਈ ਦਯਾ ਚਿਤ ਰਾਖ
ਲੀਨ ਕਲਿ ਮੇਂ ਅਵਿਤਾਰੀ।
ਸ੍ਰੀ ਗੁਰੂ ਨਾਨਕ ਰੂਪ ਪ੍ਰਗਟੇ
ਬੇਦੀ ਕੁਲ ਮਾਹੀ।
ਬਾਨੀ ਬਿਮਲ ਉਚਾਰ
ਸਿਖਯ ਉਪਦੇਸੇ ਤਾਹੀ।
ਜਾਪਿਨਾਮ ਪਤਿਤ ਤਰਏ
ਨਾਨਕ ਰਸ ਪੁਕਾਰਿਯੋ ਧਰਮ ਪਹਿ।
ਜੋ ਕੁਲਜੁਗ ਹੋ ਰੀਤੋ
ਅਵਰ ਜੁਗਨ ਕੀ ਆਸ ਕਹਿ 102 ।
(ਟੀਕਾ ਕੀਰਤ ਸਿੰਘ, ਭਗਤ ਮਾਲ ਨਾਭਾ ਜੀ)

** ਰਾਘਵ ਦਾਸ ਦੀ ਭਗਤ ਮਾਲ ਦੇ ਸੰਪਾਦਕ ਅਗਰ ਚੰਦ ਨਾਹਟ ਜੀ ਨੇ ਭੂਮਿਕਾ ਵਿੱਚ 21 ਭਗਤ ਮਾਲਾਵਾਂ ਦੀ ਸੂਚੀ ਦਿੱਤੀ ਹੈ।

ਇਸ ਭਗਤਮਾਲ ਵਿੱਚ ਨਿਰਗੁਣ ਜਾਂ ਨਿਰੰਕਾਰ ਭਗਤੀ ਦੇ ਮੁਖੀਆਂ ਵਿੱਚ ਪਹਿਲਾ ਨਾਮ ਗੁਰੂ ਨਾਨਕ ਜੀ ਦਾ ਹੈ। ਗੁਰੂ ਨਾਨਕ ਜੀ ਤੋਂ ਪਿੱਛੋਂ ਕਬੀਰ ਜੀ ਦਾ ਅਤੇ ਉਨ੍ਹਾਂ ਦੇ ਪੰਥੀਆਂ ਦਾ ਹੈ। ਫਿਰ ਦਾਦੂ ਜੀ ਅਤੇ ਹੋਰਨਾਂ ਦਾਦੂ ਪੰਥੀਆਂ ਦਾ ਹੈ। ਗੁਰੂ ਨਾਨਕ ਜੀ ਨੂੰ ਨਿਰਗੁਣ ਪੰਥ ਦੇ ਸੂਰਜ ਮੰਨਿਆ ਹੈ, ਕਬੀਰ ਨੂੰ ਮੇਘ (ਬੱਦਲ) ਗੁਰੂ ਨਾਨਕ ਜੀ ਦਾ ਨਿਰਗੁਣ ਪੱਧਤੀ ਦੇ ਮਹਾਂਪੁਰਸ਼ਾਂ ਵਿੱਚ ਜਿਥੇ ਕਿਤੇ ਵੀ ਇਸ ਭਗਤ ਮਾਲ ਵਿੱਚ ਵਰਣਨ ਆਇਆ ਹੈ ਹਰ ਥਾਂ ਸਤਿਗੁਰਾਂ ਦਾ ਨਾਮ ਪਹਿਲਾਂ ਅਤੇ ਵਿਸ਼ੇਸ਼ ਕਰਕੇ ਹੈ। ਗੁਰੂ ਨਾਨਕ ਜੀ ਨੂੰ ਗਿਆਨ ਦੇ ਸੂਰਜ ਦਾ ਰੂਪਕ ਦੇ ਕੇ ਉਨ੍ਹਾਂ ਦਾ ਮਹੱਤਵ ਇੰਵ ਦਰਸਾਇਆ ਗਿਆ ਹੈ:

ਨਾਨਕ, ਕਬੀਰ, ਦਾਦੂ
ਜਗਨ ਰਾਘਵ ਪਰਮਾਤਮ ਜਪੇ।
ਨਾਨਕ ਸੂਰਜ ਰੂਪ ਭੂਪ ਸਾਰੇ ਸੋ ਪ੍ਰਕਾਸ਼ੇ।
ਮਘਵਾ ਦਾਸ ਕਬੀਰ ਸੁਸਰ ਉਸਰ ਬਰਖਾਸੇ॥
ਦਾਦੂ ਚੰਦ, ਸਰੂਪ ਅਮੀ ਕਰ ਸਭ ਕੋ ਪੋਛੇ॥
ਬਰਨ ਨਿਰੰਜਨੀ ਮਨੋ ਤ੍ਰਿਖਾ ਹਰਿ ਜੀਵ ਸੰਤੋਸ਼ੇ॥
ਯੇ ਦਯਾਰ ਮਹੰਤ ਚਹੁ ਚੱਕ
ਮੇ ਚਾਰ ਪੰਥ ਨਿਰਗੁਨ ਥਪੇ।
ਨਾਨਕ ਕਬੀਰ ਦਾਦੂ
ਜਗਨ ਰਾਘਵ ਪਰਮਾਤਮ ਜਪੇ।
(427) (ਸਫ਼ਾ 635)

### ਟੀਕਾਕਾਰ ਸਵਾਮੀ ਰਾਮ ਨਰਾਇਨ ਦਾ ਲੇਖ ਹੈ :

ਇਨ ਉਕਤ ਨਾਨਕ ਆਦਿ ਚਾਰ ਨਿਰਗੁਣੀ ਮਹਤੋਂ ਕੀ ਸਾਧਨਾ ਪੱਧਤੀ (ਰੀਤੀ) ਨਿਰੰਜਨ ਬ੍ਰਹਮ ਕੀ ਕ੍ਰਿਪਾ ਸੇ ਹੀ ਇਨ ਕੋ ਪ੍ਰਾਪਤ ਹੁਈ। ਜਬ ਕਿ ਰਾਮਾਨੁਜ ਜੀ ਅਚਾਰਯੋਂ ਕੀ ਪੱਧਤੀ ਅਵਤਾਰੋਂ ਸੇ ਚਲੀ ਹੈ। ਅਰ ਨਾਨਕ ਆਦਿ ਚਾਰ ਨਿਰਗੁਣੀ ਮਹੰਤੋਂ ਕੀ ਸਾਧਨਾ ਪੱਧਤੀ ਨਿਰੰਜਨ ਪਾਰ ਬ੍ਰਹਮ ਕੀ ਕ੍ਰਿਪਾ ਸੇ ਪ੍ਰਾਪਤ ਹੁਈ ਹੈ।

ਅੱਗੇ ਭਗਤੀ ਮਤ ਦੀਆਂ ਵੱਖੋ ਵੱਖਰੀਆਂ ਪੱਧਤੀਆਂ ਦੇ ਸੰਚਾਲਕਾਂ ਦੇ ਇਕ ਛੱਪਯ ਵਿੱਚ ਨਾਮ ਦਿੱਤੇ ਹਨ।


ਗੁਰੂ ਨਾਨਕ ਜੀ ਨੂੰ ਸੂਰਜ ਰੂਪ ਜਿਵੇਂ ਕਬੀਰ ਪੰਥੀਆਂ ਦੀ ਹੀ ਮੰਨੀ ਜਾਂਦੀ ਸਾਖ ਦਾਦੂ ਪੰਥੀਆਂ ਨੇ ਪ੍ਰਵਾਨ ਕੀਤਾ ਹੈ, ਉਸ ਕਥਨ ਨੂੰ ਇਕ ਵਾਰ ਨਹੀਂ ਉਨ੍ਹਾਂ ਮੁੜ ਮੁੜ ਦੁਹਰਾਇਆ ਹੈ:

1. ਜਨ ਨਾਨਕ ਦਾਦੂ ਦੁਇਆਲ ਰਾਘਵ ਰਵਿ ਸਸਿ ਜਯੋ ਦਿਪੇ।
2. ਉਤਰ ਦਿਸਿ ਉਤਮ ਭਇਓ ਨਿਰਗੁਣ ਭਗਤ ਨਾਨਕ ਗੁਰੂ।
ਛਤ੍ਰੀ ਕੁਲ ਉਤਪਤੀ ਤਾਹਿ ਸਬ ਜਗ ਹੀ ਜਾਨੈ।
ਮਿਲੇ ਆਏ ਪਾਰ ਬ੍ਰਹਿਮ ਚਰਾਵਤ ਪਾਂਡੀ (ਪਸੂ) ਤਾਨੈ।
ਕਹਯੋ ਪਾਇਰੇ ਦੂਧ ਕਹੀਂ ਯੋ ਛੋਟੀ ਪਾਡੀ॥
ਦੂਹਨ ਕੋ ਤੋ ਬੈਠਿ ਦੂਹੀ ਤਬ ਆਈ ਆਡੀ।
ਸੀਸ ਹਾਥ ਧਰ ਕੇ ਕਹਯੋ ਨਿਰਗੁਣ ਭਗਤ ਵਿਸਤਾਰ ਕਰੁ।
ਉਤਰ ਦਿਸ ਉਤਮ ਭਏ ਨਿਰਗੁਣ ਭਗਤ ਨਾਨਕ ਗੁਰੂ।
3. ਚਿਤ ਕੀ ਵਿਰਤੀ ਜੀਤ ਕਰੀ ਕਰੋ ਪ੍ਰੀਤੀ ਨਾਮ ਸੇ ਰਤ ਭਏ ਏਸੇ ਨਾਨਕ।
ਗਯਾਨ ਕਰੇ ਮੁਖ ਆਨ ਨ
ਉਚਰੇ ਰਾਮ ਭਜੇ ਰਸ ਪ੍ਰੇਮ ਕੋ ਪਾਨਕ।
ਕੇਵਲ ਏ ਅਦਵੇਤ ਰੂਪ ਸਿਮਰਸੁ
ਉਤਰ ਦੇਸ ਮੇਂ ਉਪਜੈ ਮਾਨਕ।
ਰਾਘੋ ਕਰਾਰੇ ਮਹਾਕਰਣੀ ਜਿਤ,
ਕਾਲ ਕਮ ਕੇ ਦੋ ਗਯੋ ਚਾਨਕ॥
(ਦਾਦੂ ਪੰਥੀ ਭਗਤਮਾਲ)

ਗੁਰੂ ਨਾਨਕ ਜੀ ਦੀ ਪ੍ਰਵਿਰਤ ਹੋਈ ਪ੍ਰਣਾਲੀ ਵਿੱਚ ਸਿਰੀ ਚੰਦ ਅਤੇ ਲੱਖਮੀ ਦਾਸ ਜੀ ਦੇ ਸੰਖੇਪ ਜੀਵਨ ਪ੍ਰੀਚਯ ਦੇਕੇ ਅੱਗੇ ਗੁਰੂ ਪ੍ਰਣਾਲੀ ਦਾ ਵਰਣਨ ਕਰਦਿਆਂ ਪਹਿਲੀ ਤੁਕ ਵਿੱਚ ਲਿਖਿਆ ਹੈ ਕਿ ਗੁਰੂ ਨਾਨਕ ਨੂੰ ਨਿਰੰਜਨ ਨਿਰੰਕਾਰ ਆਪ ਮਿਲਿਆ ਸੀ:

ਨਿਰੰਕਾਰ ਨਿਰਲੇਪ
ਨਿਰੰਜਨ ਨਾਨਕ ਮਿਲਿਆ।
ਉਨਕੇ ਅੰਗਦ ਭਏ ਰਾਮ
ਭਜ ਰਾਮਹਿ ਰਲਿਆ।
ਅੰਗਦ ਕੇ ਪੁਨਿ ਅਮਰ ਦਾਸ,
ਅਮਰਾ ਪਦ ਪਾਯੋ।
ਰਾਮਦਾਸ ਤਾ ਪਾਟ ਰਾਮ ਕੇ
ਅਰਜੁਨ ਭਾਯੋ॥
ਹਰਗੋਬਿੰਦ ਹਰਿ ਰਾਇ ਜਨ
ਹਰਿਕ੍ਰਿਸ਼ਣ ਤਜੀ ਦੇਹ ਜੂ।
ਸ੍ਰੀ ਨਾਨਕ ਗੁਰ ਪਧਤੀ ਚਲੀ
ਤਾ ਕੋ ਕਰਉਂ ਵਖਾਨਜੂ॥425॥

ਦੱਸਿਆ ਜਾ ਚੁਕਿਆ ਹੈ ਇਹ




ਭਗਤਮਾਲ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਸੰਮਤ 1717 ਬਿਕਰਮੀ ਵਿੱਚ ਲਿਖੀ ਗਈ। ਇਸ ਲਈ ਗੁਰੂ ਪ੍ਰਸੰਗ, ਏਥੋਂ ਤੱਕ ਹੀ ਲਿਖੇ ਗਏ। ਗੁਰੂ ਨਾਨਕ ਜੀ ਅਤੇ ਉਨ੍ਹਾਂ ਦੀ ਗੁਰੂ ਪ੍ਰਣਾਲੀ ਨੂੰ ਨਿਰਗੁਣ ਪੰਥਾਂ ਵਿੱਚ ਸਾਰੀਆਂ ਥਾਂਵਾਂ ਉੱਤੇ ਮੁੱਖਤਾ ਦਿੱਤੀ ਹੈ, ਦੂਜੀ ਪ੍ਰਣਾਲੀ ਕਬੀਰ ਪੰਥੀਆਂ ਦੀ (ਛੰਦ 425, ਸਫ਼ਾ 649) ਤੋਂ ਅਰੰਭੀ ਹੈ ਜਿਸ ਦੀ ਪਹਿਲੀ ਤੁਕ ਹੈ:

ਪੂਰਵ ਮਹਿ ਪ੍ਰਗਟਿ ਭਏ
ਜਨ ਕਬੀਰ ਨਿਰਗੁਣ ਭਗਤ॥425॥
ਕਾਸੀ ਬਾਹਿਰ ਨਿਕਸ ਕਹੁ
ਤੋ ਜਾਓ ਜੁਲਾਹੇ।

ਇਹ ਨੋਟ ਕਰਨ ਵਾਲੀ ਗੱਲ ਹੈ ਗੁਰੂ ਨਾਨਕ ਜੀ ਨੂੰ ਗੁਰੂ ਅਤੇ ਕਬੀਰ ਜੀ ਨੂੰ ਭਗਤ ਲਿਖਿਆ ਹੈ। ਕਬੀਰ-ਪ੍ਰੀਚਯ ਵਿੱਚ ਉਨ੍ਹਾਂ ਵਾਰਤਾਂ ਦਾ ਵੀ ਜ਼ਿਕਰ ਕੀਤਾ ਹੈ, ਜਿਨ੍ਹਾਂ ਕਰਕੇ ਕਬੀਰ ਜੀ ਨੂੰ ਦੁੱਖ ਝੱਲਣੇ ਪਏ। ਸਿਕੰਦਰ ਵੱਲੋਂ ਦੁਖਾਏ ਜਾਣ ਦੀ ਇਤਿਹਾਸਕ ਮਹੱਤਤਾ ਵਾਲੀ ਟੂਕ ਇਸ ਤਰ੍ਹਾਂ ਹੈ:

ਸ਼ਾਹ ਸਿਕੰਦਰ ਜੀਤਿਓ
ਸਭਾ ਬੀਚ ਨਰ ਸਿੰਘ ਬਨ।
ਜਗਤ ਭਕਤ ਖੁਦ ਦਰਸ
ਸੇ ਰਹੈ ਕਬੀਰ ਨਿਸ਼ੰਕ ਮਨ॥436॥

ਅੱਗੇ ਕਬੀਰ ਜੀ ਦੇ ਸ਼ਿਸ਼ ਦੱਸੇ ਹਨ, ਉਨ੍ਹਾਂ ਵਿੱਚ ਪਹਿਲਾਂ ਉਨ੍ਹਾਂ ਦੇ ਪਰਿਵਾਰ ਦੀ ਪ੍ਰਣਾਲੀ ਹੈ। ਕਮਾਲੁ ਪੁੱਤਰ, ਕਮਾਲੀ ਪੁੱਤਰੀ, ਪਦਮ ਨਾਭ, ਨੀਰੂ, ਸਤਵੀਂ ਥਾਂ ਚੇਲੇ ਧਰਮ ਦਾਸ ਜੀ ਨੂੰ ਦਿੱਤੀ ਹੈ।

ਸ੍ਰੀ ਕਬੀਰ ਕਿਰਪਾ ਕਰੀ
ਧਰਮ ਦਾਸ ਪਰ ਧਰਮ ਕੀ।
ਕਰਤਾ ਸਤਿ ਸਾਹਿਬ
ਔਰ ਦੂਸਰੋ ਨਹਿ ਜਾਵੇ॥423॥

ਧਰਮ ਦਾਸ ਦੇ ਪੰਜ ਚੇਲੇ ਦੱਸਕੇ ਇਸ ਸ਼ਾਖ ਦਾ ਲੰਮਾ ਵੇਰਵਾ ਦਿੱਤਾ ਹੈ। ਅੱਗੇ ਤੀਜੇ ਨਿਰਗੁਣ ਪੰਥੀ, ਦਾਦੂ ਜੀ ਦੀ ਕਥਾ ਆਰੰਭੀ ਹੈ। ਦਾਦੂ ਜੀ ਵੱਲੋਂ ਅਨੇਕਾਂ ਗ੍ਰੰਥਾਂ ਨੂੰ ਮੰਥ ਕੇ ਪੰਥ ਚਲਾਉਣ ਦੀ ਲੰਮੀ ਕਥਾ ਹੈ। ਦਾਦੂ ਜੀ ਦਾ ਅਕਬਰ ਨਾਲ ਮੇਲ ਭੀ ਦੱਸਿਆ ਹੈ –

ਅਕਬਰ ਸ਼ਾਹ ਸੇ ਮਿਲੇ
ਤੇਜ ਤਯਤਪ ਤਦਿ ਖਾਬੋ॥436॥


ਚਲਦਾ......

# ਟੋਕੇ ਵਾਲੀ ਮਸ਼ੀਨ ਤੋਂ ਰਾਸ਼ਟਰਮੰਡਲ ਦੇ ਮੰਚ ਤੱਕ: ਵੇਟਲਿਫਟਰ ਹਰਜਿੰਦਰ ਕੌਰ ਨੇ ਜਿੱਤਿਆ ਚਾਂਦੀ ਦਾ ਮੈਡਲ

## ✪ ਖੇਤਾਂ ਵਿੱਚੋਂ ਚਾਰਾ ਲਿਆਉਣ ਵਾਲੀ ਪੰਜਾਬ ਦੀ ਧੀ ਹਰਜਿੰਦਰ ਕੌਰ ਨੇ ਗਲਾਸਗੋ 'ਚ ਰਚਿਆ ਇਤਿਹਾਸ ✪ ਹਰਜਿੰਦਰ ਕੌਰ ਨੇ 227 ਕਿਲੋ ਭਾਰ ਚੁੱਕ ਕੇ ਬਣਾਇਆ ਪਰਸਨਲ ਬੈਸਟ ਰਿਕਾਰਡ ✪ ਛੋਟੇ ਜਿਹੇ ਪਿੰਡ ਮੈਹਸ਼ ਦੀ ਧੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਚਮਕਾਇਆ ਪੰਜਾਬ ਅਤੇ ਸਿੱਖ ਪੰਥ ਦਾ ਨਾਂਅ

### >> ਨਿਊਜ਼ ਸਟੋਰੀ <<

ਪੰਜਾਬ ਦੀ ਧੀ ਹਰਜਿੰਦਰ ਕੌਰ ਨੇ ਇੱਕ ਵਾਰ ਫਿਰ ਅੰਤਰਰਾਸ਼ਟਰੀ ਖੇਡ ਮੰਚ ਉੱਤੇ ਆਪਣੀ ਤਾਕਤ ਅਤੇ ਲਗਨ ਦਾ ਲੋਹਾ ਮਨਵਾਉਂਦੇ ਹੋਏ ਰਾਸ਼ਟਰਮੰਡਲ ਖੇਡਾਂ 2026 ਵਿੱਚ ਚਾਂਦੀ ਦਾ ਤਗ਼ਮਾ ਜਿੱਤ ਕੇ ਦੇਸ਼ ਅਤੇ ਸਿੱਖ ਪੰਥ ਦਾ ਨਾਮ ਰੌਸ਼ਨ ਕੀਤਾ ਹੈ। ਗਲਾਸਗੋ ਵਿੱਚ ਖੇਡੀਆਂ ਜਾ ਰਹੀਆਂ ਇਨ੍ਹਾਂ ਖੇਡਾਂ ਦੇ 69 ਕਿਲੋਗ੍ਰਾਮ ਭਾਰ ਵਰਗ ਵਿੱਚ ਹਰਜਿੰਦਰ ਨੇ ਕੁੱਲ 227 ਕਿਲੋ (ਸਨੈਚ ਵਿੱਚ 101 ਕਿਲੋ ਅਤੇ ਕਲੀਨ ਐਂਡ ਜਰਕ ਵਿੱਚ 126 ਕਿਲੋ) ਭਾਰ ਚੁੱਕ ਕੇ ਆਪਣੇ ਕਰੀਅਰ ਦਾ ਸਰਵੋਤਮ (ਪਰਸਨਲ ਬੈਸਟ) ਪ੍ਰਦਰਸ਼ਨ ਕੀਤਾ। ਸਾਲ 2022 ਦੀਆਂ ਬਰਮਿੰਘਮ ਖੇਡਾਂ ਵਿੱਚ ਕਾਂਸੀ ਦਾ ਤਗ਼ਮਾ ਜਿੱਤਣ ਤੋਂ ਬਾਅਦ ਹੁਣ ਚਾਂਦੀ ਦਾ ਤਗਮਾ ਜਿੱਤਣਾ ਉਸ ਦੀ ਅਣਥੱਕ ਮਿਹਨਤ ਦਾ ਪ੍ਰਤੱਖ ਪ੍ਰਮਾਣ ਹੈ।



ਕੀ ਹੈ ਹਰਜਿੰਦਰ ਦੀ ਸਫ਼ਲਤਾ ਦੀ ਬੁਨਿਆਦ ਤੇ ਪ੍ਰਾਪਤੀਆਂ -ਹਰਜਿੰਦਰ ਕੌਰ ਦਾ ਜਨਮ 14 ਅਕਤੂਬਰ 1996 ਨੂੰ ਪੰਜਾਬ ਦੇ ਨਾਭਾ ਨੇੜਲੇ ਪਿੰਡ ਮੈਹਸ਼ ਵਿੱਚ ਇੱਕ ਸਧਾਰਨ ਕਿਸਾਨ ਪਰਿਵਾਰ ਵਿੱਚ ਹੋਇਆ। ਇੱਕ ਕਮਰੇ ਦੇ ਘਰ ਵਿੱਚ ਪਲੀ ਹਰਜਿੰਦਰ ਦੇ ਪਰਿਵਾਰ ਨੇ ਆਰਥਿਕ ਤੰਗੀਆਂ ਦਾ ਸਾਹਮਣਾ ਕੀਤਾ, ਇੱਥੋਂ ਤੱਕ ਕਿ ਉਨ੍ਹਾਂ ਦੇ ਪਿਤਾ ਸਾਹਿਬ ਸਿੰਘ ਲਈ ਖੇਡ ਸਿਖਲਾਈ ਦਾ ਬੁਨਿਆਦੀ ਖ਼ਰਚਾ ਚੁੱਕਣਾ ਵੀ ਵੱਡੀ ਚੁਣੌਤੀ ਸੀ। ਪਰ ਇਨ੍ਹਾਂ ਆਰਥਿਕ ਮੁਸ਼ਕਲਾਂ ਨੇ ਹਰਜਿੰਦਰ ਦੇ ਇਰਾਦਿਆਂ ਨੂੰ ਤੋੜਨ ਦੀ ਬਜਾਏ ਹੋਰ ਮਜ਼ਬੂਤ ਕੀਤਾ। ਰੋਜ਼ਾਨਾ ਪਸ਼ੂਆਂ ਲਈ ਹੱਥੀਂ ਟੋਕੇ ਵਾਲੀ ਮਸ਼ੀਨ ਨਾਲ ਚਾਰਾ ਕੱਟਣਾ ਅਤੇ ਖੇਤਾਂ ਦੇ ਕੰਮਾਂ ਵਿੱਚ ਪਿਤਾ ਦਾ ਹੱਥ ਵਟਾਉਣਾ ਹੀ ਉਨ੍ਹਾਂ ਦੀ ਬੁਨਿਆਦੀ ਸਰੀਰਕ ਤਾਕਤ ਬਣਿਆ। ਸਕੂਲ ਤੋਂ ਥੱਕ ਕੇ ਆਉਣ ਦੇ ਬਾਵਜੂਦ ਘਰ ਦੇ ਕੰਮਾਂ ਲਈ ਹਮੇਸ਼ਾ ਤਿਆਰ ਰਹਿਣਾ ਅਤੇ ਭੈਣ ਨਾਲ 5-5 ਕਿਲੋਮੀਟਰ ਸਾਈਕਲ ਚਲਾ ਕੇ ਅਭਿਆਸ ਲਈ ਜਾਣਾ ਉਨ੍ਹਾਂ ਦੇ ਅਨੁਸ਼ਾਸਨ ਅਤੇ ਜਜ਼ਬੇ ਨੂੰ ਦਰਸਾਉਂਦਾ ਹੈ।

ਹਰਜਿੰਦਰ ਕੌਰ ਨੇ ਆਪਣੇ ਖੇਡ ਕਰੀਅਰ ਦੀ ਸ਼ੁਰੂਆਤ ਇੱਕ ਕਬੱਡੀ ਰੇਡਰ ਵਜੋਂ ਕੀਤੀ ਸੀ। ਸਾਲ 2016 ਵਿੱਚ ਆਪਣੇ ਭਰਾ ਦੀ ਸਲਾਹ 'ਤੇ ਉਨ੍ਹਾਂ ਨੇ ਕਬੱਡੀ ਛੱਡ ਕੇ ਵੇਟਲਿਫਟਿੰਗ ਵੱਲ ਰੁੱਖ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਦਾਖਲੇ ਅਤੇ ਉੱਥੇ ਮਿਲੇ ਬਿਹਤਰ ਕੋਚਾਂ ਦੀ ਬਦੌਲਤ ਉਨ੍ਹਾਂ ਦੇ ਕਰੀਅਰ ਨੇ ਨਵੀਂ ਉਡਾਣ ਭਰੀ। 2016 ਵਿੱਚ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ ਵਿੱਚ ਆਪਣਾ ਪਹਿਲਾ ਤਗ਼ਮਾ ਜਿੱਤਣ ਤੋਂ ਬਾਅਦ 2017 ਵਿੱਚ ਉਹ ਸੂਬਾਈ ਚੈਂਪੀਅਨ ਬਣੇ। ਅੰਤਰਰਾਸ਼ਟਰੀ ਪੱਧਰ 'ਤੇ ਉਨ੍ਹਾਂ ਨੂੰ ਪਹਿਲੀ ਵੱਡੀ ਸਫ਼ਲਤਾ 2021 ਦੀ ਸੀਨੀਅਰ ਰਾਸ਼ਟਰਮੰਡਲ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗ਼ਮਾ (211 ਕਿਲੋ) ਜਿੱਤ ਕੇ ਮਿਲੀ।

ਹਰਜਿੰਦਰ ਕੌਰ ਦਾ ਖੇਡ ਕਰੀਅਰ ਲਗਾਤਾਰ ਉਪਲਬਧੀਆਂ ਨਾਲ ਭਰਿਆ ਰਿਹਾ ਹੈ। ਬਰਮਿੰਘਮ ਰਾਸ਼ਟਰਮੰਡਲ ਖੇਡਾਂ 2022 ਵਿੱਚ ਉਨ੍ਹਾਂ ਨੇ 212 ਕਿਲੋਗ੍ਰਾਮ ਭਾਰ ਚੁੱਕ ਕੇ ਕਾਂਸੀ ਦਾ ਤਗ਼ਮਾ ਆਪਣੇ ਨਾਂ ਕੀਤਾ ਸੀ। ਇਸ ਤੋਂ ਬਾਅਦ ਸਾਲ 2024 ਦੀ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ 223 ਕਿਲੋਗ੍ਰਾਮ ਭਾਰ ਚੁੱਕ ਕੇ ਉਨ੍ਹਾਂ ਨੇ ਇੱਕੋ ਵਾਰ ਵਿੱਚ ਤਿੰਨ ਨਵੇਂ ਰਾਸ਼ਟਰੀ ਰਿਕਾਰਡ ਕਾਇਮ ਕੀਤੇ। ਉਨ੍ਹਾਂ ਨੇ ਰਾਸ਼ਟਰਮੰਡਲ ਵੇਟਲਿਫਟਿੰਗ ਚੈਂਪੀਅਨਸ਼ਿਪ 2025 ਵਿੱਚ ਕਾਂਸੀ ਦਾ ਤਗ਼ਮਾ (222 ਕਿਲੋ) ਅਤੇ 2026 ਦੀ ਸੀਨੀਅਰ ਏਸ਼ੀਆਈ ਵੇਟਲਿਫਟਿੰਗ ਚੈਂਪੀਅਨਸ਼ਿਪ ਦੇ ਸਨੈਚ ਮੁਕਾਬਲੇ ਵਿੱਚ ਵੀ ਕਾਂਸੀ ਦਾ ਤਗ਼ਮਾ ਹਾਸਲ ਕੀਤਾ। ਹੁਣ 2026 ਦੀਆਂ ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿੱਚ 227 ਕਿਲੋ ਭਾਰ ਚੁੱਕ ਕੇ ਚਾਂਦੀ ਦਾ ਤਗ਼ਮਾ ਜਿੱਤਣਾ ਉਨ੍ਹਾਂ ਦੇ ਖੇਡ ਕਰੀਅਰ ਦਾ ਸਿਖਰ ਹੈ।

ਸਿੱਖ ਪੰਥ ਅਤੇ ਪੰਜਾਬ ਦਾ ਨਾਂਅ ਰੌਸ਼ਨ-ਹਰਜਿੰਦਰ ਕੌਰ ਦੀ ਇਹ ਜਿੱਤ ਕੇਵਲ ਇੱਕ ਖੇਡ ਤਗ਼ਮਾ ਨਹੀਂ ਹੈ, ਸਗੋਂ ਇਹ ਸਿੱਖ ਪੰਥ ਦੀਆਂ ਉਨ੍ਹਾਂ ਪਰੰਪਰਾਵਾਂ ਦਾ ਪ੍ਰਤੀਕ ਹੈ ਜੋ ਕਿਰਤ ਕਰਨ, ਚੜ੍ਹਦੀ ਕਲਾ ਵਿੱਚ ਰਹਿਣ ਅਤੇ ਕਠਿਨ ਤੋਂ ਕਠਿਨ ਹਾਲਾਤਾਂ ਦਾ ਸਾਹਮਣਾ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ। ਇੱਕ ਸਧਾਰਨ ਪੇਂਡੂ ਪਰਿਵਾਰ ਦੀ ਸਿੱਖ ਧੀ ਨੇ ਆਪਣੇ ਕਿਰਦਾਰ, ਸਿਦਕ ਅਤੇ ਨਿਮਰਤਾ ਨਾਲ ਵਿਸ਼ਵ ਪੱਧਰ 'ਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ "ਮਨ ਨੀਵਾਂ ਮਤ ਉੱਚੀ" ਨੂੰ ਪ੍ਰਤੱਖ ਕਰ ਵਿਖਾਇਆ ਹੈ। ਆਪਣੀ ਇਸ ਇਤਿਹਾਸਕ ਸਫ਼ਲਤਾ ਤੋਂ ਬਾਅਦ ਹਰਜਿੰਦਰ ਕੌਰ ਨੇ ਆਪਣਾ ਇਹ ਮੈਡਲ ਆਪਣੇ ਪਰਿਵਾਰ ਨੂੰ ਸਮਰਪਿਤ ਕੀਤਾ ਅਤੇ ਭਾਰਤੀ ਫੈਡਰੇਸ਼ਨ ਤੇ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਦਾ ਇਹ ਸਫ਼ਰ ਅੱਜ ਪੰਜਾਬ ਦੀਆਂ ਹਜ਼ਾਰਾਂ ਧੀਆਂ ਲਈ ਪ੍ਰੇਰਨਾ ਦਾ ਸਰੋਤ ਹੈ ਕਿ ਜੇਕਰ ਇਰਾਦੇ ਬੁਲੰਦ ਹੋਣ ਤਾਂ ਖੇਤਾਂ ਦੀ ਮਿੱਟੀ ਤੋਂ ਸ਼ੁਰੂ ਹੋਇਆ ਸਫ਼ਰ ਦੁਨੀਆ ਦੇ ਸਭ ਤੋਂ ਵੱਡੇ ਮੰਚਾਂ ਤੱਕ ਪਹੁੰਚ ਸਕਦਾ ਹੈ।

# ਪੰਜਾਬ ਵਿਧਾਨ ਸਭਾ ਚੋਣਾਂ 2027: ਅਕਾਲੀ ਦਲ (ਅ) ਨੇ ਉਮੀਦਵਾਰਾਂ ਦੀ ਪਹਿਲੀ ਸੂਚੀ ਕੀਤੀ ਜਾਰੀ



ਫਤਹਿਗੜ੍ਹ ਸਾਹਿਬ-2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸੇ ਕੜੀ ਤਹਿਤ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਪਣੇ ਉਮੀਦਵਾਰਾਂ ਦੀ ਪਹਿਲੀ ਸੂਚੀ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦੇ ਪਾਰਲੀਮੈਂਟਰੀ ਬੋਰਡ ਦੀ ਮੀਟਿੰਗ ਵਿੱਚ ਕੁੱਲ 20 ਉਮੀਦਵਾਰਾਂ ਦੇ ਨਾਵਾਂ 'ਤੇ ਮੋਹਰ ਲਗਾਈ ਗਈ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਬੋਰਡ ਦੇ ਸੈਕਟਰੀ ਗੁਰਜੰਟ ਸਿੰਘ ਕੱਟੂ ਨੇ ਦੱਸਿਆ ਕਿ ਪਾਰਟੀ ਨੇ ਚੋਣਾਂ ਲਈ ਕਮਰਕੱਸੇ ਕਰ ਲਏ ਹਨ ਅਤੇ ਐਲਾਨੇ ਗਏ ਉਮੀਦਵਾਰ ਆਪੋ-ਆਪਣੇ ਹਲਕਿਆਂ ਵਿੱਚ ਚੋਣ ਪ੍ਰਚਾਰ ਦੀ ਸ਼ੁਰੂਆਤ ਕਰਨਗੇ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ 20 ਉਮੀਦਵਾਰਾਂ ਦੀ ਸੂਚੀ:

ਹਲਕਾਉਮੀਦਵਾਰ ਦਾ ਨਾਂ

- ਫਤਹਿਗੜ੍ਹ ਸਾਹਿਬ ਈਮਾਨ ਸਿੰਘ ਮਾਨ (ਕਾਰਜਕਾਰੀ ਪ੍ਰਧਾਨ)
- ਪਟਿਆਲਾ ਦਿਹਾਤੀ ਪ੍ਰੋ. ਮਹਿੰਦਰਪਾਲ ਸਿੰਘ
- ਰੋਪੜ੍ਹ ਕੁਲਦੀਪ ਸਿੰਘ ਭਾਗੋਵਾਲ
- ਖਰੜ ਕੁਸਲਪਾਲ ਸਿੰਘ ਮਾਨ
- ਗੜ੍ਹਸ਼ੰਕਰ ਗੁਰਨਾਮ ਸਿੰਘ ਸਿੰਗੜੀਵਾਲ
- ਸੰਗਰੂਰ ਗੁਰਨੈਬ ਸਿੰਘ ਰਾਮਪੁਰਾ
- ਮਹਿਲ ਕਲਾਂਗੁਰਜੰਟ ਸਿੰਘ ਕੱਟੂ
- ਨਿਹਾਲ ਸਿੰਘ ਵਾਲਾਬਲਦੇਵ ਸਿੰਘ ਗਗੜਾ
- ਭਦੌੜ ਡਾ. ਹਰਜਿੰਦਰ ਸਿੰਘ ਜੱਖੂ
- ਮੌੜਪਰਮਿੰਦਰ ਸਿੰਘ ਬਾਲਿਆਂਵਾਲੀ
- ਧਰਮਕੋਟ ਬਲਰਾਜ ਸਿੰਘ ਖਾਲਸਾ
- ਖੇਮਕਰਨ ਹਰਪਾਲ ਸਿੰਘ ਬਲੇਰ
- ਅਟਾਰੀ ਸਮਸ਼ੇਰ ਸਿੰਘ ਬਰਾੜ
- ਜੰਡਿਆਲਾ ਗੁਰੂਬਲਜੀਤ ਸਿੰਘ ਬੁੱਟਰ
- ਬਟਾਲਾਗੁਰਬਚਨ ਸਿੰਘ ਪਵਾਰ
- ਫਤਹਿਗੜ੍ਹ ਚੂੜੀਆਂਗੁਰਵਿੰਦਰ ਸਿੰਘ ਜੌਲੀ
- ਸਮਰਾਲਾ ਅੰਮ੍ਰਿਤਪਾਲ ਸਿੰਘ ਛੰਦੜਾਂ
- ਫਿਰੋਜ਼ਪੁਰ ਸਹਿਰੀਤੇਜਿੰਦਰ ਸਿੰਘ ਦਿਓਲ
- ਅਬੋਹਰ ਇੰਦਰਜੀਤ ਬੁਲੰਦੀ
- ਸ੍ਰੀ ਮੁਕਤਸਰ ਸਾਹਿਬਬੀਬੀ ਮਨਦੀਪ ਕੌਰ ਸੰਧੂ

ਇਸ ਸੂਚੀ ਵਿੱਚ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਨਵੇਂ ਚਿਹਰਿਆਂ ਨੂੰ ਮੈਦਾਨ ਵਿੱਚ ਉਤਾਰਿਆ ਗਿਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸਮੇਂ ਤੋਂ ਪਹਿਲਾਂ ਉਮੀਦਵਾਰਾਂ ਦਾ ਐਲਾਨ ਕਰਕੇ ਪਾਰਟੀ ਆਪਣੇ ਵਰਕਰਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਚੋਣਾਂ ਵਿੱਚ ਬਿਹਤਰ ਪ੍ਰਦਰਸ਼ਨ ਕੀਤਾ ਜਾ ਸਕੇ।

# ਟਰੰਪ ਦੀ 'ਟਰੁਥ ਸੋਸ਼ਲ' ਪੋਸਟ ਨਾਲ ਮੱਧ-ਪੂਰਬ ਵਿਚ ਤਣਾਅ ਵਧਿਆ

**✪ ਏਆਈ ਤਸਵੀਰਾਂ ਰਾਹੀਂ ਈਰਾਨੀ ਤੇਲ ਟੈਂਕਰਾਂ 'ਤੇ ਕਬਜ਼ੇ ਦਾ ਦਾਅਵਾ ✪ ਹੋਰਮੁਜ਼ ਦੀ ਸਟ੍ਰੇਟ 'ਚ ਜੜ੍ਹਤਾ ਬਰਕਰਾਰ: ਹਵਾਈ ਹਮਲੇ ਰੁਕਣ ਦੇ ਬਾਵਜੂਦ ਸਮੁੰਦਰੀ ਰਸਤਾ ਵਪਾਰ ਲਈ ਅਜੇ ਵੀ ਬੰਦ ✪ ਕੈਸਪੀਅਨ ਸਾਗਰ ਵਿਚ ਨਵਾਂ ਫਰੰਟ: ਈਰਾਨੀ ਜਹਾਜ਼ 'ਤੇ ਹਮਲੇ ਤੋਂ ਬਾਅਦ ਯੂਕ੍ਰੇਨ ਦੀ ਐਂਟਰੀ ਨੇ ਵਧਾਈਆਂ ਅੰਤਰਰਾਸ਼ਟਰੀ ਚਿੰਤਾਵਾਂ**

## ਨਿਊਜ਼ ਵਿਸ਼ਲੇਸ਼ਣ

ਦੋ ਹਫ਼ਤਿਆਂ ਦੀ ਭਾਰੀ ਅਤੇ ਨਿਰੰਤਰ ਹਵਾਈ ਬੰਬਾਰੀ ਤੋਂ ਬਾਅਦ ਜਦੋਂ ਅਮਰੀਕਾ ਅਤੇ ਈਰਾਨ ਵਿਚਾਲੇ ਫੌਜੀ ਹਮਲੇ ਅਸਥਾਈ ਤੌਰ 'ਤੇ ਰੁਕੇ ਸਨ, ਤਾਂ ਦੁਨੀਆ ਨੇ ਇੱਕ ਪਲ ਲਈ ਸੁੱਖ ਦਾ ਸਾਹ ਲਿਆ ਸੀ ਕਿ ਸ਼ਾਇਦ ਹੁਣ ਜੰਗੀ ਰਖ ਜਾਵੇਗੀ । ਹਰ ਕੋਈ ਇਹ ਆਸ ਲਗਾਈ ਬੈਠਾ ਸੀ ਕਿ ਵਿਸ਼ਵ ਦੀਆਂ ਪ੍ਰਮੁੱਖ ਸ਼ਕਤੀਆਂ ਖੇਤਰ ਨੂੰ ਇੱਕ ਵਿਨਾਸ਼ਕਾਰੀ ਅਤੇ ਬਹੁ-ਪੱਖੀ ਸੰਘਰਸ਼ ਵੱਲ ਵਧਣ ਤੋਂ ਰੋਕ ਲੈਣਗੀਆਂ। ਪਰ ਇਹ ਰਾਹਤ ਮਹਿਜ਼ ਦੋ-ਤਿੰਨ ਦਿਨਾਂ ਦੀ ਇੱਕ ਅਸਥਾਈ ਠੱਲ੍ਹ ਹੀ ਸਾਬਤ ਹੋਈ। ਯਾਦ ਰਹੇ ਕਿ ਅਪ੍ਰੈਲ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਹੋਏ ਸਮਝੌਤਿਆਂ ਅਤੇ 17 ਜੂਨ ਦੇ ਮੰਗ-ਪੱਤਰ ਦੇ ਪੂਰੀ ਤਰ੍ਹਾਂ ਰੱਦ ਹੋ ਜਾਣ ਤੋਂ ਬਾਅਦ, ਕਿਸੇ ਵੀ ਸਥਾਈ ਕੂਟਨੀਤਕ ਹੱਲ ਦੀ ਉਮੀਦ ਲਗਭਗ ਖ਼ਤਮ ਹੋ ਚੁੱਕੀ ਹੈ। ਜੰਗ ਉਪਰ ਇਸ ਅਸਥਾਈ ਰੋਕ ਨਾਲ ਭਾਵੇਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਲਗਭਗ 5.7 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ, ਪਰ ਇਸ ਨਾਲ ਮੱਧ-ਪੂਰਬ ਦਾ ਮੂਲ ਸੰਕਟ ਹੱਲ ਨਹੀਂ ਹੋਇਆ। ਇਸ ਦੇ ਉਲਟ, ਲਾਲ ਸਾਗਰ ਵਿੱਚ ਹੂਥੀ ਬਾਗੀਆਂ ਦੀਆਂ ਹਿੰਸਕ ਗਤੀਵਿਧੀਆਂ ਅਤੇ ਸਾਊਦੀ ਅਰਬ ਦੇ ਰਸਤਿਆਂ 'ਤੇ ਲਗਾਈਆਂ ਗਈਆਂ ਰੋਕਾਂ ਨੇ ਗਲੋਬਲ ਵਪਾਰਕ ਪ੍ਰਣਾਲੀ ਅਤੇ ਆਰਥਿਕਤਾ 'ਤੇ ਇੱਕ ਨਵਾਂ ਅਤੇ ਅਤਿ-ਗੰਭੀਰ ਦਬਾਅ ਬਣਾ ਦਿੱਤਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਸਾਂਝੀਆਂ ਕੀਤੀਆਂ ਗਈਆਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੁਆਰਾ ਤਿਆਰ ਕੀਤੀਆਂ ਗਈਆਂ ਤਸਵੀਰਾਂ ਨੇ ਇਸ ਬਲਦੀ ਅੱਗ ਵਿਚ ਹੋਰ ਘਿਓ ਪਾਉਣ ਦਾ ਕੰਮ ਕੀਤਾ ਹੈ। ਇਨ੍ਹਾਂ ਤਸਵੀਰਾਂ ਵਿੱਚ ਟਰੰਪ ਨੂੰ ਈਰਾਨੀ ਤੇਲ ਟੈਂਕਰਾਂ 'ਤੇ ਕਬਜ਼ਾ ਕਰਦੇ ਅਤੇ ਖਾਰਗ ਟਾਪੂ ਵਰਗੇ ਅਹਿਮ ਅਤੇ ਸੰਵੇਦਨਸ਼ੀਲ ਈਰਾਨੀ ਆਰਥਿਕ ਟਿਕਾਣਿਆਂ 'ਤੇ ਬੰਬਾਰੀ ਦਾ ਨਿਰਦੇਸ਼ਨ ਕਰਦੇ ਦਿਖਾਇਆ ਗਿਆ ਹੈ। ਆਪਣੇ ਆਪ ਨੂੰ "ਦੁਨੀਆ ਦਾ ਰੱਖਿਅਕ" ਵਜੋਂ ਪੇਸ਼ ਕਰਨ ਵਾਲੀ ਇਹ ਸ਼ੋਅਬਾਜ਼ੀ ਮਹਿਜ਼ ਸੋਸ਼ਲ ਮੀਡੀਆ ਦੀ ਬਿਆਨਬਾਜ਼ੀ ਤੱਕ ਸੀਮਤ ਨਹੀਂ ਹੈ, ਬਲਕਿ ਇਹ ਅਮਰੀਕਾ ਵੱਲੋਂ ਚਲਾਈ ਜਾ ਰਹੀ ਇੱਕ ਬੇਹੱਦ ਖ਼ਤਰਨਾਕ ਮਨੋਵਿਗਿਆਨਕ ਜੰਗ ਦਾ ਹਿੱਸਾ ਹੈ। ਇਸ ਦੇ ਨਾਲ ਹੀ, ਅਮਰੀਕੀ ਰੱਖਿਆ ਭੰਡਾਰ ਵਿੱਚ ਇੰਟਰਸੈਪਟਰਾਂ, ਮਿਜ਼ਾਈਲਾਂ ਅਤੇ ਬਾਰੂਦ ਦੀ ਘਾਟ ਹੋਣ ਬਾਰੇ ਉੱਠ ਰਹੀਆਂ ਰਿਪੋਰਟਾਂ ਨੂੰ ਖਾਰਜ ਕਰਦਿਆਂ ਟਰੰਪ ਦਾ ਇਹ ਦਾਅਵਾ ਸੀ ਕਿ ਅਮਰੀਕਾ



ਕੋਲ ਹਥਿਆਰਾਂ ਦੀ ਕੋਈ ਕਮੀ ਨਹੀਂ ਹੈ ਅਤੇ ਅਸਲ ਘਾਟ ਤਾਂ ਈਰਾਨੀ ਲਾਂਚ ਸਾਈਟਾਂ ਝੱਲ ਰਹੀਆਂ ਹਨ। ਟਰੰਪ ਦਾ ਇਹ ਬਿਆਨ ਜੰਗ ਦੀ ਸਥਿਤੀ ਨੂੰ ਹੋਰ ਭੜਕਾਉਂਦਾ ਹੈ। ਹਾਲਾਂਕਿ, ਸੁਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੇ ਦਾਅਵੇ ਸੱਚਾਈ ਨੂੰ ਛੁਪਾਉਂਦੇ ਹਨ; ਈਰਾਨ ਕੋਲ ਮਿਜ਼ਾਈਲਾਂ ਅਤੇ ਆਤਮਘਾਤੀ ਡਰੋਨਾਂ ਦਾ ਇੱਕ ਬਹੁਤ ਹੀ ਵਿਸ਼ਾਲ ਭੰਡਾਰ ਹੈ, ਜੋ ਲੰਬੇ ਸਮੇਂ ਤੱਕ ਚੱਲਣ ਵਾਲੀ ਜੰਗ ਵਿੱਚ ਅਮਰੀਕਾ ਅਤੇ ਉਸ ਦੇ ਅੰਤਰਰਾਸ਼ਟਰੀ ਸਹਿਯੋਗੀਆਂ ਲਈ ਬੇਹੱਦ ਘਾਤਕ ਅਤੇ ਮਹਿੰਗਾ ਸਾਬਤ ਹੋ ਸਕਦਾ ਹੈ।

ਹੋਰਮੁਜ਼ ਦੀ ਸਟ੍ਰੇਟ , ਜੋ ਕਿ ਪੂਰੀ ਦੁਨੀਆ ਦੇ ਤੇਲ ਵਪਾਰ ਲਈ ਸਭ ਤੋਂ ਮਹੱਤਵਪੂਰਨ ਸਮੁੰਦਰੀ ਰਸਤਾ ਹੈ। ਇਸ ਵੇਲੇ ਪੂਰੀ ਤਰ੍ਹਾਂ ਬੰਦ ਹੈ। 13 ਤੋਂ 14 ਦਿਨਾਂ ਦੀ ਭਾਰੀ ਬੰਬਾਰੀ ਤੋਂ ਬਾਅਦ, ਅਮਰੀਕੀ ਸੈਂਟਰਲ ਕਮਾਂਡ ਦੇ ਮੁਖੀ ਐਡਮਿਰਲ ਬ੍ਰੈਡ ਕੂਪਰ ਨੇ ਰਾਸ਼ਟਰਪਤੀ ਟਰੰਪ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਹੋਰਮੁਜ਼ ਦੇ ਆਸ-ਪਾਸ ਹਵਾਈ ਹਮਲੇ ਹੁਣ ਆਪਣੀ ਪ੍ਰਭਾਵਸ਼ੀਲਤਾ ਗੁਆ ਚੁੱਕੇ ਹਨ, ਕਿਉਂਕਿ ਨਿਸ਼ਾਨਾ ਬਣਾਏ ਗਏ ਲਗਭਗ ਸਾਰੇ ਸੈਨਿਕ ਅਤੇ ਬੰਦਰਗਾਹ ਬੁਨਿਆਦੀ ਢਾਂਚੇ ਪਹਿਲਾਂ ਹੀ ਤਬਾਹ ਹੋ ਚੁੱਕੇ ਹਨ। ਇਸ ਦੇ ਬਾਵਜੂਦ, ਇਹ ਸਮੁੰਦਰੀ ਰਸਤਾ ਆਮ ਵਪਾਰਕ ਜਹਾਜ਼ਾਂ ਲਈ ਪੂਰੀ ਤਰ੍ਹਾਂ ਬੰਦ ਪਿਆ ਹੈ। ਨਿਰਧਾਰਤ ਰਸਤਿਆਂ ਤੋਂ ਥੋੜ੍ਹਾ ਜਿਹਾ ਵੀ ਭਟਕਣ ਵਾਲੇ ਤੇਲ ਟੈਂਕਰਾਂ ਵਿੱਚ ਹੋ ਰਹੇ ਧਮਾਕੇ ਅਤੇ ਸਮੁੰਦਰੀ ਮਾਈਨਾਂ ਦਾ ਖ਼ਤਰਾ ਇਹ ਸਾਬਤ ਕਰਦਾ ਹੈ ਕਿ ਇਸ ਖੇਤਰ ਵਿਚ ਅਮਰੀਕੀ ਹਵਾਈ ਤਾਕਤ ਵੀ ਪੂਰਾ ਨਿਯੰਤਰਣ ਕਾਇਮ ਕਰਨ ਵਿਚ ਅਸਫਲ ਰਹੀ ਹੈ। ਈਰਾਨ ਇਸ ਰਸਤੇ ਤੋਂ ਲੰਘਣ ਵਾਲੇ ਜਹਾਜ਼ਾਂ 'ਤੇ ਸਰਵਿਸ ਫੀਸ (ਟੋਲ) ਵਸੂਲਣ ਦੀ ਆਪਣੀ ਜ਼ਿੱਦ 'ਤੇ ਅੜਿਆ ਹੋਇਆ ਹੈ ਅਤੇ ਅਮਰੀਕੀ ਨਿਯਮਾਂ ਨੂੰ ਗੈਰ-ਕਾਨੂੰਨੀ ਕਰਾਰ ਦੇ ਰਿਹਾ ਹੈ, ਜਦਕਿ ਓਮਾਨ ਵਰਗੇ ਵਿਚੋਲੇ ਦੇਸ਼ ਬਿਨਾਂ ਟੋਲ ਦੇ ਨਿਗਰਾਨੀ ਵਾਲੇ ਇੱਕ ਸਾਂਝੇ ਤੰਤਰ ਦੀ ਪੇਸ਼ਕਸ਼ ਕਰਕੇ ਰਾਹ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਜੰਗ ਦਾ ਸਭ ਤੋਂ ਨਵਾਂ, ਅਣਕਿਆਸਿਆ ਅਤੇ ਚਿੰਤਾਜਨਕ ਮੋੜ ਕੈਸਪੀਅਨ ਸਾਗਰ ਵਿੱਚ ਇੱਕ ਈਰਾਨੀ ਜਹਾਜ਼ 'ਤੇ ਹੋਏ ਹਮਲੇ ਤੋਂ ਬਾਅਦ ਸਾਹਮਣੇ ਆਇਆ ਹੈ। ਇਸ ਦਾ ਦੋਸ਼ ਈਰਾਨ ਨੇ ਸਿੱਧੇ ਤੌਰ 'ਤੇ ਯੂਕ੍ਰੇਨ 'ਤੇ ਲਗਾਇਆ ਹੈ। ਕੈਸਪੀਅਨ ਸਾਗਰ ਵਿੱਚ ਯੂਕ੍ਰੇਨ ਦੀ ਇਹ ਐਂਟਰੀ ਕੋਈ ਸੰਯੋਗ ਨਹੀਂ ਹੈ, ਬਲਕਿ ਇੱਕ ਡੂੰਘੀ ਰਣਨੀਤੀ ਦਾ ਹਿੱਸਾ ਹੈ। ਈਰਾਨ ਲਗਾਤਾਰ ਰੂਸ ਨੂੰ ਯੂਕ੍ਰੇਨ ਜੰਗ ਵਿੱਚ ਵਰਤੇ ਜਾਣ ਵਾਲੇ 'ਸ਼ਾਹੀਦ' ਡਰੋਨ ਅਤੇ ਹੋਰ ਫੌਜੀ ਸਾਜ਼ੋ-ਸਾਮਾਨ ਦੀ ਸਪਲਾਈ ਕਰਦਾ ਰਿਹਾ ਹੈ। ਕੈਸਪੀਅਨ ਸਾਗਰ ਹੀ ਉਹ ਸੁਰੱਖਿਅਤ ਸਮੁੰਦਰੀ ਰਸਤਾ ਹੈ ਜਿੱਥੋਂ ਇਹ ਹਥਿਆਰ ਰੂਸ ਪਹੁੰਚਦੇ ਹਨ। ਯੂਕ੍ਰੇਨ ਵੱਲੋਂ ਇਸ ਰਸਤੇ ਨੂੰ ਨਿਸ਼ਾਨਾ ਬਣਾਉਣ ਨਾਲ ਮੱਧ-ਪੂਰਬੀ ਜੰਗ ਦਾ ਘੇਰਾ ਵਿਸ਼ਵ ਪੱਧਰ 'ਤੇ ਫੈਲ ਗਿਆ ਹੈ। ਹੁਣ ਇਹ ਸੰਘਰਸ਼ ਮਹਿਜ਼ ਅਮਰੀਕਾ-ਈਰਾਨ ਤੱਕ ਸੀਮਤ ਨਹੀਂ ਰਿਹਾ, ਬਲਕਿ ਇਸ ਵਿੱਚ ਰੂਸ, ਯੂਕ੍ਰੇਨ ਅਤੇ ਯੂਰਪੀਅਨ ਹਿੱਤ ਵੀ ਸਿੱਧੇ ਤੌਰ 'ਤੇ ਸ਼ਾਮਲ ਹੋ ਗਏ ਹਨ। ਕੈਸਪੀਅਨ ਵਰਗੇ ਸ਼ਾਂਤ ਖੇਤਰ ਵਿੱਚ ਨਵਾਂ ਫਰੰਟ ਖੁੱਲ੍ਹਣ ਨਾਲ ਇੱਕ ਬਹੁ-ਪੱਖ ਅਤੇ ਵਿਸ਼ਵ-ਵਿਆਪੀ ਸੰਘਰਸ਼ ਦਾ ਖ਼ਤਰਾ ਕਈ ਗੁਣਾ ਵਧ ਗਿਆ ਹੈ।

ਇਸ ਭਿਆਨਕ ਹਥਿਆਰਬੰਦ ਤਣਾਅ ਅਤੇ ਤਬਾਹੀ ਦੇ ਵਿਚਕਾਰ, ਸ਼ਾਂਤੀ ਦੀ ਇੱਕ ਹਲਕੀ ਜਿਹੀ ਕਿਰਨ ਈਰਾਨ ਦੇ ਅੰਦਰੋਂ ਹੀ ਉੱਭਰਦੀ ਦਿਖਾਈ ਦੇ ਰਹੀ ਹੈ। ਈਰਾਨ ਦੇ ਸਾਬਕਾ ਸੰਸਦ ਮੈਂਬਰਾਂ ਦੀ ਸਭਾ ਦੇ ਜਨਰਲ ਸਕੱਤਰ ਯਾਦੁੱਲਾ ਇਸਲਾਮੀ ਨੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੂੰ ਇੱਕ ਸਾਹਸੀ ਸਲਾਹ ਦਿੰਦਿਆਂ ਅਪੀਲ ਕੀਤੀ ਹੈ ਕਿ ਉਹ ਰਸਮੀ ਪ੍ਰੋਟੋਕੋਲ ਅਤੇ ਕੱਟੜਪੰਥੀ ਦਬਾਅ ਨੂੰ ਛੱਡ ਕੇ ਵਾਸ਼ਿੰਗਟਨ ਨਾਲ ਸਿੱਧੀ ਗੱਲਬਾਤ ਦਾ ਰਸਤਾ ਅਪਣਾਉਣ।

ਉਨ੍ਹਾਂ ਦਾ ਮੰਨਣਾ ਹੈ ਕਿ ਮਹਿਜ਼ ਫੌਜੀ ਜ਼ੋਰ-ਅਜ਼ਮਾਈ ਨਾਲ ਇਸ ਵਿਵਾਦ ਨੂੰ ਨਹੀਂ ਸੁਲਝਾਇਆ ਜਾ ਸਕਦਾ, ਬਲਕਿ ਅਮਰੀਕਾ ਨਾਲ ਸਿੱਧਾ ਸੰਵਾਦ ਹੀ ਈਰਾਨ ਨੂੰ ਆਰਥਿਕ ਅਤੇ ਫੌਜੀ ਤਬਾਹੀ ਤੋਂ ਬਚਾ ਸਕਦਾ ਹੈ। ਸੈਂਟਕਾਮ ਦੀ ਰਿਪੋਰਟ ਵੀ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਫੌਜੀ ਕਾਰਵਾਈਆਂ ਦੀ ਵੀ ਇੱਕ ਸੀਮਾ ਹੁੰਦੀ ਹੈ ਅਤੇ ਕੇਵਲ ਬੰਬਾਰੀ ਨਾਲ ਕਿਸੇ ਦੇਸ਼ ਨੂੰ ਸਮਝੌਤੇ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ।

ਅੰਤ ਵਿੱਚ, ਇਹ ਸਪੱਸ਼ਟ ਹੈ ਕਿ ਮੱਧ-ਪੂਰਬ ਵਿੱਚ ਅਮਨ-ਸ਼ਾਂਤੀ ਬਹਾਲ ਕਰਨ ਲਈ ਏਆਈ ਦੁਆਰਾ ਤਿਆਰ ਕੀਤੇ ਗਏ 'ਸੋਸ਼ਲ ਮੀਡੀਆ ਦਾਅਵਿਆਂ' ਜਾਂ ਹਥਿਆਰਾਂ ਦੀ ਸ਼ੋਅਬਾਜ਼ੀ ਦੀ ਨਹੀਂ, ਬਲਕਿ ਇੱਕ ਅਤਿ-ਗੰਭੀਰ ਅਤੇ ਇਮਾਨਦਾਰ ਕੂਟਨੀਤੀ ਦੀ ਲੋੜ ਹੈ। ਅਮਰੀਕਾ ਅਤੇ ਈਰਾਨ ਦੋਵਾਂ ਦੇਸ਼ਾਂ ਨੂੰ ਇਹ ਸਮਝਣਾ ਹੋਵੇਗਾ ਕਿ ਜ਼ਿੱਦ ਅਤੇ ਤਾਕਤ ਦਾ ਵਿਖਾਵਾ ਪੂਰੀ ਦੁਨੀਆ ਨੂੰ ਇੱਕ ਅਜਿਹੀ ਆਰਥਿਕ ਮੰਦੀ ਅਤੇ ਊਰਜਾ ਸੰਕਟ ਵੱਲ ਧੱਕ ਰਿਹਾ ਹੈ, ਜਿਸ ਦਾ ਖਾਮਿਆਜ਼ਾ ਆਮ ਜਨਤਾ ਨੂੰ ਭੁਗਤਣਾ ਪਵੇਗਾ। ਜੇਕਰ ਦੋਵੇਂ ਦੇਸ਼ ਓਮਾਨ ਵਰਗੇ ਖੇਤਰੀ ਵਿਚੋਲਿਆਂ ਦੀ ਮਦਦ ਨਾਲ ਪਰਮਾਣੂ ਪ੍ਰੋਗਰਾਮ ਤੇ ਹੋਰਮੁਜ਼ ਦੀ ਸਮੁੰਦਰੀ ਸੁਰੱਖਿਆ ਵਰਗੇ ਅਹਿਮ ਮੁੱਦਿਆਂ 'ਤੇ ਤੁਰੰਤ ਮੇਜ਼ 'ਤੇ ਬੈਠ ਕੇ ਗੱਲਬਾਤ ਸ਼ੁਰੂ ਨਹੀਂ ਕਰਦੇ, ਤਾਂ ਇਹ ਅਸਥਾਈ ਠੱਲ੍ਹ ਬਹੁਤ ਜਲਦ ਇੱਕ ਅਜਿਹੀ ਤਬਾਹਕੁੰਨ ਵਿਸ਼ਵ ਜੰਗ ਦਾ ਰੂਪ ਧਾਰਨ ਕਰ ਲਵੇਗੀ। ਫਿਰ ਇਸ ਤੋਂ ਉੱਭਰਨਾ ਮਾਨਵਤਾ ਲਈ ਅਸੰਭਵ ਹੋ ਜਾਵੇਗਾ।

## ਮੂਨਕ ਖੁਰਦ ਪੰਚਾਇਤ ਵੱਲੋਂ ਪ੍ਰਵਾਸੀ ਮਜ਼ਦੂਰਾਂ ਦੀ ਪੱਕੀ ਰਿਹਾਇਸ਼ 'ਤੇ ਰੋਕ ਲਗਾਉਣ ਦਾ ਮਤਾ ਪਾਸ

ਹੁਸ਼ਿਆਰਪੁਰ-ਟਾਂਡਾ ਉੜਮੁੜ ਦੇ ਇਤਿਹਾਸਕ ਪਿੰਡ ਮੂਨਕ ਖੁਰਦ ਵਿਖੇ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਆਮ ਇਜਲਾਸ ਦੌਰਾਨ ਸਰਬਸੰਮਤੀ ਨਾਲ ਇੱਕ ਮਤਾ ਪਾਸ ਕੀਤਾ ਗਿਆ ਹੈ। ਪਿੰਡ ਦੀ ਸੁਰੱਖਿਆ ਅਤੇ ਅਪਰਾਧਕ ਪਿਛੋਕੜ ਵਾਲੇ ਵਿਅਕਤੀਆਂ ਦੀ ਰੋਕਥਾਮ ਦੇ ਮੱਦੇਨਜ਼ਰ ਪ੍ਰਵਾਸੀ ਮਜ਼ਦੂਰਾਂ ਵੱਲੋਂ ਪਿੰਡ 'ਚ ਪੱਕੇ ਤੌਰ 'ਤੇ ਮਕਾਨ ਖ਼ਰੀਦ ਕੇ ਰਹਿਣ 'ਤੇ ਰੋਕ ਲਗਾਈ ਗਈ ਹੈ। ਪੰਚਾਇਤ ਅਤੇ ਪਿੰਡ ਦੇ ਮੋਹਤਵਰ ਵਿਅਕਤੀ ਉੱਪ ਮੰਡਲ ਮੈਜਿਸਟ੍ਰੇਟ ਟਾਂਡਾ ਨੂੰ ਮੰਗ ਪੱਤਰ ਦੇ ਕੇ ਪ੍ਰਵਾਸੀ ਮਜ਼ਦੂਰਾਂ ਅਤੇ ਉਨ੍ਹਾਂ ਦਾ ਸਹਿਯੋਗ ਕਰਨ ਵਾਲਿਆਂ 'ਤੇ ਕਾਰਵਾਈ ਦੀ ਮੰਗ ਕਰਨਗੇ।

# ਹੋਰਨਾਂ ਸੂਬਿਆਂ 'ਚੋਂ ਕੱਢੇ ਭਿਖਾਰੀਆਂ ਦਾ ਗੜ੍ਹ ਬਣਿਆ ਪੰਜਾਬ

**✪ ਸੰਗਠਿਤ ਗਿਰੋਹਾਂ ਦੀ ਘੁਸਪੈਠ ਤੇਜ਼ ✪ ਬਾਲ ਭਿਖਾਰੀਆਂ ਦੀ ਵਧਦੀ ਗਿਣਤੀ ਬਣੀ ਗੰਭੀਰ ਚੁਣੌਤੀ, ਸਰਕਾਰ ਦੀ ਚੁੱਪ 'ਤੇ ਉੱਠੇ ਸਵਾਲ ✪ ਸੜਕਾਂ ਤੋਂ ਧਾਰਮਿਕ ਅਸਥਾਨਾਂ ਤੱਕ ਭਿਖਾਰੀਆਂ ਦੀ ਭਰਮਾਰ: ਰਾਹਗੀਰ ਅਤੇ ਸ਼ਹਿਰ ਵਾਸੀ ਪਰੇਸ਼ਾਨ ✪ ਪੰਜਾਬ ਵਿਚ 15 ਹਜ਼ਾਰ ਤੋਂ ਪਾਰ ਪਹੁੰਚੀ ਬਾਲ ਭਿਖਾਰੀਆਂ ਦੀ ਅੰਦਾਜ਼ਨ ਗਿਣਤੀ, 2011 ਦੇ ਮੁਕਾਬਲੇ ਦੁੱਗਣਾ ਵਾਧਾ**





**ਖਾਸ ਖਬਰ** ਪੰਜਾਬ, ਜਿਸ ਨੂੰ ਦੇਸ਼ ਦਾ ਸਭ ਤੋਂ ਖੁਸ਼ਹਾਲ ਅਤੇ ਦਰਿਆਦਿਲ ਸੂਬਾ ਮੰਨਿਆ ਜਾਂਦਾ ਰਿਹਾ ਹੈ, ਅੱਜ ਇੱਕ ਅਜਿਹੀ ਖਾਮੋਸ਼ ਪਰ ਭਿਆਨਕ ਸਮਾਜਿਕ ਬੀਮਾਰੀ ਦੀ ਗ੍ਰਿਫ਼ਤ ਵਿੱਚ ਹੈ, ਜੋ ਇਸ ਦੀ ਖੁਸ਼ਹਾਲੀ ਦੇ ਦਾਅਵਿਆਂ 'ਤੇ ਵੱਡਾ ਪ੍ਰਸ਼ਨਚਿੰਨ੍ਹ ਲਗਾਉਂਦੀ ਹੈ। ਸ਼ਹਿਰਾਂ ਦੀਆਂ ਸੜਕਾਂ, ਟ੍ਰੈਫਿਕ ਸਿਗਨਲਾਂ, ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ ਅਤੇ ਇੱਥੋਂ ਤੱਕ ਕਿ ਪਵਿੱਤਰ ਧਾਰਮਿਕ ਸਥਾਨਾਂ ਦੇ ਬਾਹਰ ਭਿਖਾਰੀਆਂ, ਵਿਸ਼ੇਸ਼ ਕਰਕੇ ਮਾਸੂਮ ਬਾਲ ਭਿਖਾਰੀਆਂ ਦੀ ਦਿਨ-ਬ-ਦਿਨ ਵਧਦੀ ਗਿਣਤੀ ਨੇ ਆਮ ਨਾਗਰਿਕਾਂ ਅਤੇ ਰਾਹਗੀਰਾਂ ਲਈ ਵੱਡੀਆਂ ਪਰੇਸ਼ਾਨੀਆਂ ਖੜ੍ਹੀਆਂ ਕਰ ਦਿੱਤੀਆਂ ਹਨ।

ਇਹ ਸਮੱਸਿਆ ਸਿਰਫ਼ ਗਰੀਬੀ ਤੱਕ ਸੀਮਤ ਨਹੀਂ ਰਹੀ, ਸਗੋਂ ਇਹ ਮਨੁੱਖੀ ਤਸਕਰੀ, ਨਸ਼ਿਆਂ ਦੀ ਲਤ ਅਤੇ ਸੰਗਠਿਤ ਗਿਰੋਹਾਂ ਦੇ ਇੱਕ ਵੱਡੇ ਜਾਲ ਵਿੱਚ ਬਦਲ ਚੁੱਕੀ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿੱਚ 0-14 ਸਾਲ ਦੇ 7,224 ਬਾਲ ਭਿਖਾਰੀ ਸਨ, ਜੋ ਅੱਜ ਅੰਦਾਜ਼ਨ 15 ਹਜ਼ਾਰ ਤੋਂ ਵੀ ਪਾਰ ਹੋ ਚੁੱਕੇ ਹਨ। ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਪਟਿਆਲਾ ਅਤੇ ਮੋਹਾਲੀ ਵਰਗੇ ਵੱਡੇ ਸ਼ਹਿਰ ਇਸ ਦੇ ਮੁੱਖ ਕੇਂਦਰ ਬਣ ਚੁਕੇ ਹਨ।

ਟ੍ਰੈਫਿਕ ਸਿਗਨਲਾਂ 'ਤੇ ਗੱਡੀਆਂ ਦੇ ਘੇਰਾਓ, ਬਾਜ਼ਾਰਾਂ ਵਿੱਚ ਜ਼ਬਰਦਸਤੀ ਪੈਸੇ ਮੰਗਣ ਅਤੇ ਧਾਰਮਿਕ ਅਸਥਾਨਾਂ ਦੇ ਬਾਹਰ ਸ਼ਰਧਾਲੂਆਂ ਨੂੰ ਪਰੇਸ਼ਾਨ ਕਰਨ ਨਾਲ ਨਾ ਸਿਰਫ਼ ਆਮ ਨਾਗਰਿਕਾਂ ਲਈ ਅਸੁਰੱਖਿਆ ਦਾ ਮਾਹੌਲ ਬਣਦਾ ਹੈ, ਸਗੋਂ ਸੂਬੇ ਦੇ ਸ਼ਹਿਰੀ ਨਿਜ਼ਾਮ ਅਤੇ ਸੈਰ-ਸਪਾਟੇ 'ਤੇ ਵੀ ਮਾੜਾ ਅਸਰ ਪੈਂਦਾ ਹੈ। ਇਸ ਤੋਂ ਇਲਾਵਾ, ਲੋਕਾਂ ਦੀ 'ਦਾਨ ਦੇਣ ਦੀ ਭਾਵਨਾ' ਦਾ ਨਜਾਇਜ਼ ਫਾਇਦਾ ਚੁੱਕ ਕੇ ਭੀਖ ਮੰਗਵਾਉਣ ਵਾਲੇ ਮਾਫੀਆ ਆਪਣੇ ਖੀਸੇ ਭਰ ਰਹੇ ਹਨ।

### ਪੰਜਾਬ ਕਿਉਂ ਗੜ੍ਹ ਬਣਿਆ ਭਿਖਾਰੀਆਂ ਦਾ

ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਭੀਖ ਮੰਗਣ ਵਾਲਿਆਂ ਵਿੱਚ ਸਥਾਨਕ ਲੋਕਾਂ ਤੋਂ ਇਲਾਵਾ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ਤੋਂ ਆਏ ਪਰਵਾਸੀ ਸ਼ਾਮਲ ਹਨ। ਜਦੋਂ ਹੋਰਨਾਂ ਸੂਬਿਆਂ ਜਾਂ ਮਹਾਨਗਰਾਂ ਵਿੱਚ ਪ੍ਰਸ਼ਾਸਨਿਕ ਸਖ਼ਤੀ ਹੁੰਦੀ ਹੈ, ਤਾਂ ਸੰਗਠਿਤ ਗਿਰੋਹ ਬੱਚਿਆਂ ਅਤੇ ਔਰਤਾਂ ਨੂੰ ਪੰਜਾਬ ਦੇ ਧਾਰਮਿਕ ਅਤੇ ਆਰਥਿਕ ਤੌਰ 'ਤੇ ਖੁਸ਼ਹਾਲ ਸ਼ਹਿਰਾਂ ਵੱਲ ਧੱਕ ਦਿੰਦੇ ਹਨ। ਸਰਹੱਦਾਂ ਅਤੇ ਰੇਲਵੇ ਸਟੇਸ਼ਨਾਂ 'ਤੇ ਪ੍ਰਸ਼ਾਸਨਿਕ ਨਿਗਰਾਨੀ ਦੀ ਘਾਟ ਕਾਰਨ ਇਹ ਗਿਰੋਹ ਬਿਨਾਂ ਕਿਸੇ ਡਰ ਤੋਂ ਇੱਥੇ ਆਪਣੇ ਪੈਰ ਪਸਾਰ ਰਹੇ ਹਨ। ਬਾਲ ਭਿਖਾਰੀਆਂ ਦਾ ਮੁੱਦਾ ਸਭ ਤੋਂ ਵੱਧ ਚਿੰਤਾਜਨਕ ਹੈ। ਖੋਜ-ਪੱਤਰਾਂ ਅਤੇ ਬਚਾਅ ਮੁਹਿੰਮਾਂ ਤੋਂ ਸਾਹਮਣੇ ਆਇਆ ਹੈ ਕਿ ਭੀਖ ਮੰਗਣ ਵਾਲੇ ਬੱਚੇ ਨਾ ਸਿਰਫ਼ ਸਿੱਖਿਆ ਅਤੇ ਸਿਹਤ ਤੋਂ ਵਾਂਝੇ ਹਨ, ਸਗੋਂ ਉਹ ਸਰੀਰਕ, ਮਾਨਸਿਕ ਅਤੇ ਜਿਨਸੀ ਸ਼ੋਸ਼ਣ , ਭਿਅੰਕਰ ਵਾਂਗ ਦੀਆਂ ਬਿਮਾਰੀਆਂ ਦਾ ਸ਼ਿਕਾਰ ਵੀ ਹੁੰਦੇ ਹਨ। ਲੁਧਿਆਣਾ ਵਰਗੇ ਉਦਯੋਗਿਕ ਸ਼ਹਿਰਾਂ ਵਿੱਚ ਚਲਾਈਆਂ ਗਈਆਂ ਮੁਹਿੰਮਾਂ ਦੌਰਾਨ ਕਈ ਬੱਚੇ ਨਸ਼ੇ ਦੀ ਪੂਰਤੀ ਲਈ ਭੀਖ ਮੰਗਦੇ ਪਾਏ ਗਏ।

ਭਾਵੇਂ ਪੰਜਾਬ ਵਿੱਚ 'ਦੀ ਪੰਜਾਬ ਪ੍ਰੀਵੈਂਸ਼ਨ ਆਫ਼ ਬੈਗਰੀ ਐਕਟ, 1971' ਅਤੇ ਰਾਸ਼ਟਰੀ ਪੱਧਰ 'ਤੇ 'ਬਾਲ ਸੁਰੱਖਿਆ ਕਾਨੂੰਨ' ਮੌਜੂਦ ਹਨ, ਪਰ ਇਨ੍ਹਾਂ ਦੀ ਅਮਲੀ ਤੌਰ 'ਤੇ ਪਾਲਣਾ ਲਗਭਗ ਜ਼ੀਰੋ ਹੈ। ਸਰਕਾਰ ਵੱਲੋਂ ਚਲਾਏ ਗਏ 'ਪ੍ਰੋਜੈਕਟ ਜੀਵਨਜੋਤ 2.0' ਵਰਗੇ ਉਪਰਾਲਿਆਂ ਤਹਿਤ ਕੁਝ ਬੱਚਿਆਂ ਨੂੰ ਮੁਕਤ ਕਰਵਾ ਕੇ ਸਕੂਲਾਂ ਵਿੱਚ ਦਾਖ਼ਲ ਜ਼ਰੂਰ ਕਰਵਾਇਆ ਗਿਆ ਹੈ, ਪਰ ਇਹ ਕਾਰਵਾਈਆਂ ਅਕਸਰ 'ਮੌਸਮੀ' ਜਾਂ ਦਿਖਾਵੇ ਤੱਕ ਸੀਮਤ ਰਹਿ ਜਾਂਦੀਆਂ ਹਨ। ਠੋਸ ਨਿਗਰਾਨੀ ਨਾ ਹੋਣ ਕਾਰਨ ਬਚਾਏ ਗਏ ਬੱਚੇ ਮੁੜ ਸੜਕਾਂ 'ਤੇ ਆ ਜਾਂਦੇ ਹਨ।

### ਸਮੱਸਿਆ ਦੇ ਸਥਾਈ ਹੱਲ ਲਈ ਜ਼ਰੂਰੀ ਕਦਮ ਚੁਕੇ ਸਰਕਾਰ

ਸਮੱਸਿਆ ਦਾ ਹੱਲ ਸਿਰਫ਼ ਪੁਲਿਸ ਦੀਆਂ ਅਚਾਨਕ ਛਾਪੇਮਾਰੀਆਂ ਨਾਲ ਨਹੀਂ ਹੋ ਸਕਦਾ; ਇਸ ਲਈ ਇੱਕ ਵਿਆਪਕ ਨੀਤੀ ਦੀ ਲੋੜ ਹੈ। ਪੁਲਿਸ ਅਤੇ ਬਾਲ ਸੁਰੱਖਿਆ ਵਿਭਾਗ ਨੂੰ ਮਿਲ ਕੇ ਭੀਖ ਮੰਗਵਾਉਣ ਵਾਲੇ ਮਾਫੀਆ ਅਤੇ ਮਨੁੱਖੀ ਤਸਕਰਾਂ 'ਤੇ ਧਾਰਾ 363-ਏ (ਆਈਪੀਸੀ/ ਬੀਐਨਐਸ) ਅਤੇ ਬਾਲ ਕਾਨੂੰਨਾਂ ਤਹਿਤ ਸਖ਼ਤ ਮੁਕੱਦਮੇ ਦਰਜ ਕਰਨੇ ਚਾਹੀਦੇ ਹਨ। ਆਮ ਜਨਤਾ ਨੂੰ ਵੀ ਸੜਕਾਂ 'ਤੇ ਭੀਖ ਦੇਣ ਦੀ ਬਜਾਏ ਅਜਿਹੇ ਬੱਚਿਆਂ ਦੀ ਮਦਦ ਲਈ ਸਿੱਖਿਆ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।

ਪੰਜਾਬ ਸਰਕਾਰ ਦੀ ਚੁੱਪ ਅਤੇ ਢਿੱਲਮੱਠ ਵਾਲਾ ਰਵੱਈਆ ਆਉਣ ਵਾਲੇ ਸਮੇਂ ਵਿੱਚ ਇੱਕ ਵੱਡਾ ਸਮਾਜਿਕ ਸੰਕਟ ਖੜ੍ਹਾ ਕਰ ਸਕਦਾ ਹੈ। ਜੇਕਰ ਸੂਬੇ ਦੇ ਭਵਿੱਖ-ਯਾਨੀ ਬੱਚਿਆਂ-ਨੂੰ ਸੜਕਾਂ 'ਤੇ ਕਾਸਾ ਲੈ ਕੇ ਖੜ੍ਹੇ ਹੋਣ ਲਈ ਮਜ਼ਬੂਰ ਛੱਡ ਦਿੱਤਾ ਗਿਆ, ਤਾਂ "ਰੰਗਲਾ ਪੰਜਾਬ" ਬਣਾਉਣ ਦਾ ਸੁਪਨਾ ਕਦੇ ਸਾਕਾਰ ਨਹੀਂ ਹੋ ਸਕਦਾ। ਸਰਕਾਰ, ਪ੍ਰਸ਼ਾਸਨ ਅਤੇ ਸਮਾਜ ਨੂੰ ਮਿਲ ਕੇ ਇਸ ਅਪਰਾਧਿਕ ਅਤੇ ਮਾਨਵਤਾ-ਵਿਰੋਧੀ ਪ੍ਰਥਾ ਨੂੰ ਜੜ੍ਹੋਂ ਪੁੱਟਣ ਲਈ ਤੁਰੰਤ ਠੋਸ ਕਦਮ ਚੁੱਕਣੇ ਪੈਣਗੇ।

## ਕੀ ਖਾਲਿਸਤਾਨੀਆਂ ਨੂੰ ਵਿਦੇਸ਼ੀ ਸਰਕਾਰਾਂ ਦੀਆਂ ਕਾਰਵਾਈਆਂ ਤੋਂ ਬਚਾਉਣ ਲਈ ਇੱਕ ਨਵਾਂ ਕਾਨੂੰਨ ਲਿਆਵੇਗਾ ਅਮਰੀਕਾ

ਵਾਸ਼ਿੰਗਟਨ-ਅਮਰੀਕਾ ਆਪਣੇ ਦੇਸ਼ ਵਿੱਚ ਰਹਿ ਰਹੇ ਵਿਦੇਸ਼ੀ ਵਿਰੋਧੀਆਂ ਅਤੇ ਐਕਟਿਵਿਸਟਾਂ (ਜਿਸ ਵਿੱਚ ਅਮਰੀਕਾ ਸਥਿਤ ਖਾਲਿਸਤਾਨੀ ਸਮਰਥਕ ਵੀ ਸ਼ਾਮਲ ਹਨ) ਨੂੰ ਵਿਦੇਸ਼ੀ ਸਰਕਾਰਾਂ ਦੀਆਂ ਕਾਰਵਾਈਆਂ ਤੋਂ ਬਚਾਉਣ ਲਈ ਇੱਕ ਨਵਾਂ ਕਾਨੂੰਨ ਲਿਆਉਣ ਦੀ ਤਿਆਰੀ ਕਰ ਰਿਹਾ ਹੈ। ਅਮਰੀਕੀ ਸੰਸਦ (ਕਾਂਗਰਸ) ਵਿੱਚ ਸਟਾਪ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਐਕਟ 2026 ਨਾਂ ਦਾ ਬਿੱਲ ਪੇਸ਼ ਕੀਤਾ ਗਿਆ ਹੈ। ਇਸ ਬਿੱਲ ਦੇ ਰਾਹੀਂ ਅਮਰੀਕੀ ਧਰਤੀ 'ਤੇ ਰਹਿ ਰਹੇ ਸਿਆਸੀ ਵਿਰੋਧੀਆਂ ਨੂੰ ਡਰਾਉਣ, ਧਮਕਾਉਣ ਜਾਂ ਉਨ੍ਹਾਂ 'ਤੇ ਹਮਲਾ ਕਰਨ ਦੀਆਂ ਵਿਦੇਸ਼ੀ ਕੋਸ਼ਿਸ਼ਾਂ ਨੂੰ ਹੁਣ ਇੱਕ ਖਾਸ ਅਪਰਾਧ ਦੀ ਸ਼੍ਰੇਣੀ ਵਿੱਚ ਰੱਖਿਆ ਜਾਵੇਗਾ।

### ਕਿਸਨੇ ਪੇਸ਼ ਕੀਤਾ ਇਹ ਬਿੱਲ ?

ਇਸ ਬਿਲ ਨੂੰ ਡੈਮੋਕ੍ਰੇਟਿਕ ਸੀਨੇਟਰ ਐਡਮ ਸ਼ਿਫ ਅਤੇ ਰਿਪਬਲਿਕਨ ਸੀਨੇਟਰ ਜੌਨ ਕਰਟਿਸ ਵੱਲੋਂ ਸਾਂਝੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਜੇਕਰ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ, ਤਾਂ ਅਮਰੀਕਾ ਵਿੱਚ ਪਹਿਲੀ ਵਾਰ 'ਟ੍ਰਾਂਸਨੈਸ਼ਨਲ ਰਿਪ੍ਰੈਸ਼ਨ' (ਸਰਹੱਦ ਪਾਰ ਤੋਂ ਦਮਨ) ਇੱਕ ਵੱਖਰਾ ਸੰਘੀ ਅਪਰਾਧ ਬਣ ਜਾਵੇਗਾ। ਇਸ ਨਾਲ ਅਮਰੀਕੀ ਜਸਟਿਸ ਡਿਪਾਰਟਮੈਂਟ ਅਤੇ ਐਫਬੀਆਈ ਨੂੰ ਅਜਿਹੇ ਮਾਮਲਿਆਂ ਦੀ ਜਾਂਚ ਕਰਨ ਅਤੇ ਅਦਾਲਤਾਂ ਵਿੱਚ ਮੁਕੱਦਮਾ ਚਲਾਉਣ ਦੇ ਵਧੇਰੇ ਅਧਿਕਾਰ ਮਿਲ ਜਾਣਗੇ।

### ਕੀ ਹਨ ਪ੍ਰਸਤਾਵਿਤ ਸਜ਼ਾਵਾਂ ?

ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਦੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਹੋਰ ਅਪਰਾਧਾਂ ਦੀ ਸਜ਼ਾ ਤੋਂ ਇਲਾਵਾ 10 ਸਾਲ ਤੱਕ ਦੀ ਵਾਧੂ ਜੇਲ੍ਹ ਹੋ ਸਕਦੀ ਹੈ। ਦੋਸ਼ੀ ਨੂੰ 100,000 ਡਾਲਰ ਤੱਕ ਦਾ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ। ਇਹ ਬਿਲ ਅਮਰੀਕੀ ਜਸਟਿਸ ਡਿਪਾਰਟਮੈਂਟ ਦੇ ਨੈਸ਼ਨਲ ਸਕਿਓਰਿਟੀ ਡਿਵੀਜ਼ਨ ਦੀ ਭੂਮਿਕਾ ਨੂੰ ਵੀ ਹੋਰ ਮਜ਼ਬੂਤ ਕਰੇਗਾ।

### ਭਾਰਤ-ਅਮਰੀਕਾ ਸਬੰਧਾਂ 'ਤੇ ਪਵੇਗਾ ਅਸਰ

ਇਹ ਬਿੱਲ ਅਜਿਹੇ ਸਮੇਂ ਵਿਚ ਸਾਹਮਣੇ ਆਇਆ ਹੈ ਜਦੋਂ ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਦੇ ਮਾਮਲੇ ਨੂੰ ਲੈ ਕੇ ਭਾਰਤ ਅਤੇ ਅਮਰੀਕਾ ਦੇ ਰਿਸ਼ਤਿਆਂ ਵਿਚ ਤਣਾਅ ਦੇਖਣ ਨੂੰ ਮਿਲਿਆ ਹੈ। ਅਮਰੀਕਾ ਨੇ ਇਲਜ਼ਾਮ ਲਗਾਇਆ ਸੀ ਕਿ ਇੱਕ ਭਾਰਤੀ ਏਜੰਟ ਨੇ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚੀ ਸੀ, ਜਿਸ ਨੂੰ ਅਮਰੀਕੀ ਏਜੰਸੀਆਂ ਨੇ ਨਾਕਾਮ ਕਰ ਦਿੱਤਾ ਸੀ। ਹਾਲਾਂਕਿ, ਭਾਰਤ ਨੇ ਅਜਿਹੇ ਸਾਰੇ ਦੋਸ਼ਾਂ ਨੂੰ ਖਾਰਜ ਕਰਦਿਆਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਸ਼ੁਰੂ ਕੀਤੀ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਵੇਂ ਕਾਨੂੰਨ ਨਾਲ ਅਮਰੀਕਾ ਵਿੱਚ ਰਹਿ ਰਹੇ ਭਾਰਤ ਵਿਰੋਧੀ ਅਨਸਰਾਂ ਵਿਰੁੱਧ ਕਾਰਵਾਈ ਕਰਨਾ ਹੋਰ ਵੀ ਔਖਾ ਹੋ ਸਕਦਾ ਹੈ।

# ਜ਼ਿੰਦਾ ਸ਼ਖ਼ਸ ਨੂੰ ਪੋਸਟਮਾਰਟਮ ਲਈ ਲਿਆਉਣ 'ਤੇ ਪੁਲਿਸ ਨਾਲ ਭਿੜ ਗਈ ਸੀ ਨਰਸ ਬਲਜੀਤ ਕੌਰ

## ਨਿਊਜ਼ ਸਟੋਰੀ ✪ ਮਨੁੱਖੀ ਅਧਿਕਾਰਾਂ ਲਈ ਅਦੁੱਤੀ ਸੰਘਰਸ਼ ਦੀ ਪੰਜਾਬ ਸੰਤਾਪ ਨਾਲ ਸਬੰਧਿਤ ਦਾਸਤਾਨ

ਪੰਜਾਬ ਦੇ ਇਤਿਹਾਸ ਦੇ ਇੱਕ ਬੇਹੱਦ ਸੰਵੇਦਨਸ਼ੀਲ, ਖ਼ੌਫ਼ਨਾਕ ਅਤੇ ਸੰਤਾਪ ਭਰੇ ਦੌਰ ਵਿੱਚ, ਜਦੋਂ ਰਾਤ ਦੇ ਹਨੇਰੇ ਤੋਂ ਇਲਾਵਾ ਦਿਨ ਦੇ ਚਾਨਣ ਵਿੱਚ ਵੀ ਪੁਲਿਸ ਅਤੇ ਸਰਕਾਰੀ ਤੰਤਰ ਦੇ ਖ਼ੌਫ਼ ਅੱਗੇ ਜ਼ੁਬਾਨ ਖੋਲ੍ਹਣਾ ਆਪਣੀ ਮੌਤ ਨੂੰ ਸਿੱਧਾ ਸੱਦਾ ਦੇਣ ਵਰਗਾ ਸੀ, ਉਦੋਂ ਇੱਕ ਸਾਧਾਰਨ ਸਟਾਫ਼ ਨਰਸ ਨੇ ਮਨੁੱਖੀ ਅਧਿਕਾਰਾਂ ਖ਼ਾਤਰ ਸਮੇਂ ਦੀ ਸਭ ਤੋਂ ਤਾਕਤਵਰ ਮਸ਼ੀਨਰੀ ਨਾਲ ਆਢਾ ਲਾਇਆ। ਇਹ ਦਾਸਤਾਨ ਸਿਰਫ਼ ਇੱਕ ਅਦਾਲਤੀ ਕੇਸ ਦੀ ਨਹੀਂ, ਸਗੋਂ ਬਲਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਮਹਾਵੀਰ ਸਿੰਘ ਦੀ ਉਹ ਅਦੁੱਤੀ ਦਾਸਤਾਨ ਹੈ, ਜਿਨ੍ਹਾਂ ਨੇ ਆਪਣੇ ਪਰਿਵਾਰ ਅਤੇ ਭਵਿੱਖ ਨੂੰ ਦਾਅ 'ਤੇ ਲਗਾ ਕੇ ਇੱਕ ਜ਼ਿੰਦਾ ਨੌਜਵਾਨ ਨੂੰ ਪੁਲਿਸ ਦੀਆਂ ਗੋਲੀਆਂ ਮਾਰਨ ਤੋਂ ਬਾਅਦ ਇਨਸਾਫ਼ ਲਈ ਸੁਪਰੀਮ ਕੋਰਟ ਤੱਕ ਸੰਘਰਸ਼ ਲੜਿਆ।

ਬਲਜੀਤ ਕੌਰ ਪੰਜਾਬ ਦੇ ਇੱਕ ਬਹੁਤ ਹੀ ਸਾਧਾਰਨ ਪੇਂਡੂ ਪਰਿਵਾਰ ਨਾਲ ਸਬੰਧ ਰੱਖਦੇ ਹਨ। ਦੇਸੀ ਮਾਹੌਲ ਵਿੱਚ ਜੰਮੇ-ਪਲੇ, ਪਿੰਡ ਦੇ ਸਰਕਾਰੀ ਸਕੂਲਾਂ ਵਿੱਚ ਟਾਟਾਂ ਅਤੇ ਜ਼ਮੀਨ 'ਤੇ ਬੈਠ ਕੇ ਪੜ੍ਹਾਈ ਕਰਨ ਵਾਲੀ ਬਲਜੀਤ ਕੌਰ ਨੇ ਜਦੋਂ ਨਰਸਿੰਗ ਦੀ ਸਿਖਲਾਈ ਲਈ ਸ਼ਹਿਰ ਵਿੱਚ ਕਦਮ ਰੱਖਿਆ ਸੀ, ਤਾਂ ਮਾਹੌਲ ਬਿਲਕੁਲ ਨਵਾਂ ਅਤੇ ਚੁਣੌਤੀਪੂਰਨ ਸੀ। ਸਾਲ 1980 ਵਿੱਚ ਉਸ ਨੇ ਬਤੌਰ ਸਟਾਫ਼ ਨਰਸ ਸਰਕਾਰੀ ਸੇਵਾ ਸ਼ੁਰੂ ਕੀਤੀ ਸੀ। ਤਰਨ ਤਾਰਨ ਵਿੱਚ ਦੋ ਸਾਲ ਸੇਵਾਵਾਂ ਨਿਭਾਉਣ ਤੋਂ ਬਾਅਦ 1983 ਵਿੱਚ ਉਨ੍ਹਾਂ ਦੀ ਬਦਲੀ ਪੱਟੀ ਦੇ ਸਿਵਲ ਹਸਪਤਾਲ ਵਿੱਚ ਹੋ ਗਈ ਸੀ। ਇੱਥੇ ਉਨ੍ਹਾਂ ਨੇ ਲਗਾਤਾਰ 18 ਸਾਲ ਤੱਕ ਮਰੀਜ਼ਾਂ ਦੀ ਸੇਵਾ ਕੀਤੀ। ਉਸ ਦੌਰ ਵਿੱਚ ਹਸਪਤਾਲ ਦਾ ਸਟਾਫ਼ ਤਿੰਨ ਸ਼ਿਫਟਾਂ ਵਿੱਚ ਕੰਮ ਕਰਦਾ ਸੀ। ਪਰ 80 ਅਤੇ 90 ਦੇ ਦਹਾਕੇ ਦਾ ਪੰਜਾਬ ਕੋਈ ਆਮ ਪੰਜਾਬ ਨਹੀਂ ਸੀ-ਇਹ ਉਹ ਸਮਾਂ ਸੀ ਜਦੋਂ ਮਾਝੇ ਦੇ ਇਲਾਕੇ ਵਿੱਚ ਹਰ ਰੋਜ਼ ਚੀਕਾਂ, ਧਮਾਕੇ ਅਤੇ ਸਰਕਾਰੀ ਜਬਰ ਦੀਆਂ ਖ਼ਬਰਾਂ ਆਉਂਦੀਆਂ ਸਨ।

30 ਅਕਤੂਬਰ 1993 ਦਾ ਦਿਨ ਬਲਜੀਤ ਕੌਰ ਦੀ ਜ਼ਿੰਦਗੀ ਵਿੱਚ ਹਮੇਸ਼ਾ ਲਈ ਦਰਜ ਹੋ ਗਿਆ ਸੀ। ਉਸ ਦਿਨ ਪੱਟੀ ਸਿਵਲ ਹਸਪਤਾਲ ਵਿੱਚ ਬਲਜੀਤ ਕੌਰ ਆਪਣੀ ਸ਼ਿਫ਼ਟ 'ਤੇ ਸੀ। ਅਚਾਨਕ ਪੁਲਿਸ ਦੀਆਂ ਗੱਡੀਆਂ ਹਸਪਤਾਲ ਦੇ ਵਿਹੜੇ ਵਿੱਚ ਆ ਕੇ ਰੁਕੀਆਂ। ਪੁਲਿਸ ਇੱਕ ਕਥਿਤ ਐਨਕਾਊਂਟਰ ਤੋਂ ਬਾਅਦ ਦੋ ਨੌਜਵਾਨਾਂ ਨੂੰ ਲੈ ਕੇ ਆਈ ਸੀ। ਪੁਲਿਸ ਦਾ ਦਾਅਵਾ ਸੀ ਕਿ ਦੋਵੇਂ ਮਾਰੇ ਜਾ ਚੁੱਕੇ ਹਨ, ਪਰ ਹਸਪਤਾਲ ਦੇ ਸਟਾਫ਼ ਅਤੇ ਡਾਕਟਰਾਂ ਨੇ ਜਾਂਚ ਕੀਤੀ ਤਾਂ ਦੇਖਿਆ ਕਿ ਉਨ੍ਹਾਂ ਵਿੱਚੋਂ ਇੱਕ ਨੌਜਵਾਨ ਅਜੇ ਵੀ ਜ਼ਿੰਦਾ ਸੀ ਅਤੇ ਸਾਹ ਲੈ ਰਿਹਾ ਸੀ।

ਇਸ ਪੂਰੇ ਘਟਨਾਕ੍ਰਮ ਦੌਰਾਨ ਇੱਕ ਅਹਿਮ ਮੋੜ ਤਦ ਆਇਆ ਜਦੋਂ ਉਸ ਨੌਜਵਾਨ ਨੇ ਦਮ ਤੋੜਨ ਤੋਂ ਪਹਿਲਾਂ ਇਲਾਜ ਦੌਰਾਨ ਆਪਣਾ ਪਤਾ ਵਲਟੋਹਾ ਦੱਸਿਆ ਸੀ। ਵਲਟੋਹਾ ਨਰਸ ਬਲਜੀਤ ਕੌਰ ਦਾ ਆਪਣਾ



ਪੇਕੇ/ਨਿਜੀ ਸਬੰਧਾਂ ਵਾਲਾ ਪਿੰਡ ਸੀ। ਨੌਜਵਾਨ ਨੇ ਕਿਹਾ ਸੀ, "ਸਾਡੇ ਪਿੰਡ ਦੀ ਵੀ ਇੱਕ ਕੁੜੀ ਇੱਥੇ ਨਰਸ ਹੈ।"

ਇਹ ਸੁਣਦਿਆਂ ਹੀ ਬਲਜੀਤ ਕੌਰ ਨੇ ਤੁਰੰਤ ਆਪਣੇ ਪਤੀ ਮਹਾਵੀਰ ਸਿੰਘ ਨੂੰ ਹਸਪਤਾਲ ਬੁਲਾਇਆ। ਮਹਾਵੀਰ ਸਿੰਘ ਨੇ ਜਦੋਂ ਡਾਕਟਰ ਨਾਲ ਗੱਲ ਕੀਤੀ, ਤਾਂ ਡਾਕਟਰ ਨੇ ਕਿਹਾ ਕਿ ਜੇ ਇਸ ਮੁੰਡੇ ਨੂੰ ਤੁਰੰਤ ਅੰਮ੍ਰਿਤਸਰ ਮੈਡੀਕਲ ਕਾਲਜ ਜਾਂ ਕਿਸੇ ਵੱਡੇ ਹਸਪਤਾਲ ਵਿੱਚ ਰੈਫ਼ਰ ਕਰ ਦਿੱਤਾ ਜਾਵੇ ਤਾਂ ਇਸ ਦੀ ਜਾਨ ਬਚ ਸਕਦੀ ਹੈ। ਹਸਪਤਾਲ ਦੇ ਡਾਕਟਰਾਂ ਅਤੇ ਨਰਸ ਬਲਜੀਤ ਕੌਰ ਨੇ ਬਿਨਾਂ ਸਮਾਂ ਗੁਆਏ ਉਸ ਜ਼ਖ਼ਮੀ ਨੌਜਵਾਨ ਨੂੰ ਬਚਾਉਣ ਲਈ ਗਲੂਕੋਜ਼ ਦੀ ਡ੍ਰਿਪ ਲਗਾਈ ਅਤੇ ਇਲਾਜ ਸ਼ੁਰੂ ਕਰ ਦਿੱਤਾ। ਡਾਕਟਰ ਨੇ ਸਿੱਧਾ ਪੁਲਿਸ ਨੂੰ ਕਿਹਾ: "ਸਾਡੀ ਡਿਊਟੀ ਬੰਦੇ ਦੀ ਜਾਨ ਬਚਾਉਣਾ ਹੈ, ਉਸ ਨੂੰ ਮਾਰਨਾ ਨਹੀਂ।"

ਪੁਲਿਸ ਵਾਲੇ ਅਤੇ ਤਤਕਾਲੀ ਐੱਸ.ਐੱਚ.ਓ. ਇਹ ਦੇਖ ਕੇ ਬੌਖਲਾ ਗਏ, ਕਿਉਂਕਿ ਉਨ੍ਹਾਂ ਦੇ ਕਾਗਜ਼ੀ ਐਨਕਾਊਂਟਰ ਦੀ ਕਹਾਣੀ ਝੂਠੀ ਸਾਬਤ ਹੋ ਰਹੀ ਸੀ। ਪੁਲਿਸ ਟੀਮ ਨੇ ਡਾਕਟਰਾਂ ਅਤੇ ਨਰਸਿੰਗ ਸਟਾਫ਼ ਦੀਆਂ ਅਪੀਲਾਂ ਨੂੰ ਨਕਾਰਦਿਆਂ ਧੱਕੇਸ਼ਾਹੀ ਕੀਤੀ। ਉਨ੍ਹਾਂ ਨੇ ਹਸਪਤਾਲ ਵਿੱਚ ਲੇਟੇ ਜ਼ਖ਼ਮੀ ਨੌਜਵਾਨ ਦੇ ਹੱਥਾਂ ਵਿੱਚੋਂ ਡ੍ਰਿਪ ਦੀ ਸੂਈ ਜ਼ਬਰਦਸਤੀ ਖਿੱਚ ਕੇ ਲਾਹ ਦਿੱਤੀ ਅਤੇ ਉਸ ਨੂੰ ਚੁੱਕ ਕੇ ਨਾਲ ਲੈ ਗਏ। ਪੁਲਿਸ ਉਸ ਨੌਜਵਾਨ ਨੂੰ ਹਸਪਤਾਲ ਤੋਂ ਬਾਹਰ ਲੈ ਗਈ ਅਤੇ ਕੁਝ ਹੀ ਦੂਰੀ 'ਤੇ ਲਿਜਾ ਕੇ ਉਸ ਨੂੰ ਦੁਬਾਰਾ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ। ਲਗਭਗ 30 ਤੋਂ 45 ਮਿੰਟਾਂ ਦੇ ਅੰਦਰ-ਅੰਦਰ ਪੁਲਿਸ ਉਹੀ ਨੌਜਵਾਨ ਦੀ ਲਾਸ਼ ਵਾਪਸ ਲੈ ਕੇ ਹਸਪਤਾਲ ਆ ਗਈ ਤੇ ਹੁਣ ਉਸ ਦਾ ਪੋਸਟਮਾਰਟਮ ਕਰਵਾਉਣ ਦਾ ਦਬਾਅ ਪਾਉਣ ਲੱਗੀ।

ਮਹਾਵੀਰ ਸਿੰਘ ਅਤੇ ਬਲਜੀਤ ਕੌਰ ਨੇ ਨੇ ਤੁਰੰਤ ਰੈਫ਼ਰਲ ਸਲਿੱਪ ਅਤੇ ਐਂਬੂਲੈਂਸ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕੀਤੀ। ਗੁਪਤ ਤੌਰ 'ਤੇ ਬਾਹਰ ਖ਼ਬਰ ਭੇਜੀ ਗਈ ਕਿ ਪੁਲਿਸ ਜਿਸ ਨੌਜਵਾਨ ਨੂੰ ਮਾਰ ਕੇ ਲਿਆਈ ਸੀ, ਉਹ ਅਜੇ ਜ਼ਿੰਦਾ ਸੀ। ਉਸ ਨੌਜਵਾਨ ਦੇ ਮਾਪਿਆਂ ਤੱਕ ਵੀ ਸੁਨੇਹਾ ਪਹੁੰਚਾਇਆ ਗਿਆ। ਹਾਲਾਂਕਿ ਪੁਲਿਸ ਨੇ ਉਸ ਨੌਜਵਾਨ ਨੂੰ ਜ਼ਿੰਦਾ ਨਹੀਂ ਛੱਡਿਆ, ਪਰ ਬਲਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਨੇ ਤੈਅ ਕਰ ਲਿਆ ਕਿ ਇਸ ਜ਼ੁਲਮ ਨੂੰ ਰਿਕਾਰਡ 'ਤੇ ਲਿਆਂਦਾ ਜਾਵੇਗਾ।

ਇਸ ਘਟਨਾ ਤੋਂ ਬਾਅਦ ਬਲਜੀਤ ਕੌਰ ਅਤੇ ਮਹਾਵੀਰ ਸਿੰਘ ਲਈ ਸੰਘਰਸ਼ ਦਾ ਇੱਕ ਅਜਿਹਾ ਦੌਰ ਸ਼ੁਰੂ ਹੋਇਆ ਜਿਸ ਵਿੱਚ ਹਰ ਕਦਮ 'ਤੇ ਮੌਤ ਦਾ ਖ਼ਤਰਾ ਸੀ। ਮਹਾਵੀਰ ਸਿੰਘ ਨੇ ਪੁਲਿਸ ਦੇ ਦਬਾਅ ਅੱਗੇ ਝੁਕਣ ਦੀ ਬਜਾਏ ਆਪਣੇ ਵਕੀਲ ਸਾਥੀਆਂ ਦੀ ਮਦਦ ਨਾਲ ਪੂਰੀ ਘਟਨਾ ਦਾ ਵੇਰਵਾ ਲਿਖ ਕੇ ਭਾਰਤ ਦੇ ਰਾਸ਼ਟਰਪਤੀ ਅਤੇ ਚੀਫ਼ ਜਸਟਿਸ ਆਫ਼ ਇੰਡੀਆ ਨੂੰ ਟੈਲੀਗ੍ਰਾਮ ਭੇਜ ਦਿੱਤੀ। ਇਸ ਟੈਲੀਗ੍ਰਾਮ ਨੇ ਸਰਕਾਰੀ ਗਲਿਆਰਿਆਂ ਵਿੱਚ ਭੂਚਾਲ ਲਿਆ ਦਿੱਤਾ। ਮਾਮਲਾ ਅਦਾਲਤ ਤੱਕ ਪਹੁੰਚਿਆ ਅਤੇ ਸੁਪਰੀਮ ਕੋਰਟ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਜਾਂਚ ਦੇ ਹੁਕਮ ਦਿੱਤੇ। ਪੁਲਿਸ ਪ੍ਰਸ਼ਾਸਨ ਨੇ ਮਾਮਲਾ ਦਬਾਉਣ ਲਈ ਹਰ ਹਰਬਾ ਵਰਤਿਆ। ਕੇਸ ਵਾਪਸ ਲੈਣ ਲਈ ਵੱਡੇ ਲਾਲਚ ਦਿੱਤੇ ਗਏ।

ਮਹਾਵੀਰ ਸਿੰਘ ਨੂੰ ਕਈ ਵਾਰ ਪੁਲਿਸ ਜਾਂ ਅਗਿਆਤ ਲੋਕਾਂ ਵੱਲੋਂ ਚੁੱਕਣ ਦੀ ਕੋਸ਼ਿਸ਼ ਕੀਤੀ ਗਈ। ਉਸ ਸਮੇਂ ਸਥਾਨਕ ਮੀਡੀਆ ਨੇ ਪੁਲਿਸ ਦੇ ਡਰੋਂ ਖ਼ਬਰ ਛਾਪਣ ਤੋਂ ਇਨਕਾਰ ਕਰ ਦਿੱਤਾ। ਲੋਕ ਕਹਿੰਦੇ ਸਨ, "ਸਮੁੰਦਰ ਵਿੱਚ ਰਹਿ ਕੇ ਮਗਰਮੱਛ ਨਾਲ ਵੈਰ ਨਹੀਂ ਲਿਆ ਜਾ ਸਕਦਾ।"

ਇਸ ਸਭ ਦੇ ਬਾਵਜੂਦ, ਬਲਜੀਤ ਕੌਰ ਹਸਪਤਾਲ ਦੇ ਕੁਆਰਟਰ ਵਿੱਚ ਇਕੱਲੇ ਰਹਿੰਦੇ ਹੋਏ ਵੀ ਨਹੀਂ ਡਰੇ। ਕੇਸ ਦੀ ਗੰਭੀਰਤਾ ਨੂੰ ਦੇਖਦਿਆਂ ਜਾਂਚ ਸੀ. ਬੀ. ਆਈ. ਨੂੰ ਸੌਂਪੀ ਗਈ। ਹਸਪਤਾਲ ਦੇ ਸਰਕਾਰੀ ਰਿਕਾਰਡ, ਐਂਟਰੀਆਂ ਅਤੇ ਨਰਸ ਬਲਜੀਤ ਕੌਰ ਤੇ ਡਾਕਟਰਾਂ ਦੀਆਂ ਗਵਾਹੀਆਂ ਦੇ ਆਧਾਰ 'ਤੇ ਪੁਲਿਸ ਦੀ ਝੂਠੀ ਕਹਾਣੀ ਦਾ ਪਰਦਾਫਾਸ਼ ਹੋ ਗਿਆ। ਮਾਮਲਾ ਅੰਮ੍ਰਿਤਸਰ ਸੈਸ਼ਨ ਕੋਰਟ ਤੋਂ ਹੁੰਦਾ ਹੋਇਆ ਦਿੱਲੀ ਅਤੇ ਸੁਪਰੀਮ ਕੋਰਟ ਤੱਕ ਗਿਆ। ਅਦਾਲਤ ਨੇ ਮੁਲਜ਼ਮ ਪੁਲਿਸ ਅਧਿਕਾਰੀ ਸੀਤਾ ਰਾਮ ਨੂੰ ਸ਼ੁਰੂਆਤੀ ਦੌਰ ਵਿੱਚ ਸਜ਼ਾ ਸੁਣਾਈ (ਹਾਲਾਂਕਿ ਬਾਅਦ ਵਿੱਚ ਹਾਈ ਕੋਰਟ ਤੋਂ ਉਨ੍ਹਾਂ ਨੂੰ ਸ਼ੱਕ ਦੇ ਲਾਭ ਆਧਾਰ 'ਤੇ ਬਰੀ ਕਰ ਦਿੱਤਾ ਗਿਆ ਸੀ)। ਇਸ ਕੇਸ ਵਿੱਚ ਅਸਲ ਨਿਆਂ ਤਦ ਹੁੰਦਾ ਜੇਕਰ ਜ਼ਿੰਦਾ ਮਰੀਜ਼ ਨੂੰ ਹਸਪਤਾਲ ਤੋਂ ਚੁੱਕਣ ਅਤੇ ਉਸ ਨੂੰ ਦੁਬਾਰਾ ਗੋਲੀ ਮਾਰਨ ਵਾਲੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਜ਼ੁਲਮ ਦੀ ਢੁਕਵੀਂ ਸਜ਼ਾ ਮਿਲਦੀ। ਪੀੜਤ ਪਰਿਵਾਰ ਨੂੰ ਇਹ ਤਸੱਲੀ ਮਿਲਦੀ ਕਿ ਉਨ੍ਹਾਂ ਦੇ ਨਿਰਦੋਸ਼ ਪੁੱਤ ਦੇ ਕਾਤਲਾਂ ਨੂੰ ਸਮੇਂ ਦੇ ਸਿਸਟਮ ਨੇ ਬਖ਼ਸ਼ਿਆ ਨਹੀਂ। ਇਸ ਕੇਸ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਪੁਲਿਸ ਝੂਠੇ ਐਨਕਾਊਂਟਰ ਕਰਦੀ ਸੀ। ਭਾਵੇਂ ਦੋਸ਼ੀ ਨੂੰ ਅਦਾਲਤ ਤੋਂ ਸਜ਼ਾ ਨਹੀਂ ਮਿਲੀ, ਪਰ ਬਲਜੀਤ ਕੌਰ ਦੀ ਗਵਾਹੀ ਨੇ ਪੁਲਿਸ ਦੇ ਜਬਰ ਨੂੰ ਨੰਗਾ ਕੀਤਾ, ਜਿਸ ਨਾਲ ਅੱਗੇ ਚੱਲ ਕੇ ਕਈ ਹੋਰ ਬੇਗੁਨਾਹਾਂ ਦੀਆਂ ਜਾਨਾਂ ਬਚੀਆਂ-ਇਹੀ ਇਸ ਸੰਘਰਸ਼ ਦਾ ਸਭ ਤੋਂ ਵੱਡਾ ਅਤੇ ਅਸਲ 'ਨਿਆਂ' ਸੀ।

ਮਨੁੱਖੀ ਅਧਿਕਾਰਾਂ ਦੇ ਮਹਾਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ ਅਤੇ ਅਦਾਕਾਰ ਦਿਲਜੀਤ ਦੋਸਾਂਝ ਵੱਲੋਂ ਅਭਿਨੀਤ ਫ਼ਿਲਮ 'ਸਤਲੁਜ' (ਜੋ ਪਹਿਲਾਂ ਓਟੀਟੀ ਪਲੇਟਫ਼ਾਰਮ ਜ਼ੀ5 'ਤੇ ਰਿਲੀਜ਼ ਹੋਈ ਅਤੇ ਬਾਅਦ ਵਿੱਚ ਹਟਾ ਲਈ ਗਈ) ਵਿੱਚ ਇਸ ਘਟਨਾ ਅਤੇ ਨਰਸ ਬਲਜੀਤ ਕੌਰ ਦੇ ਕਿਰਦਾਰ ਨੂੰ ਵੀ ਦਰਸਾਇਆ ਗਿਆ ਹੈ।

ਫ਼ਿਲਮ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਬਲਜੀਤ ਕੌਰ ਨੇ ਬਹੁਤ ਹੀ ਭਾਵੁਕ ਸ਼ਬਦ ਕਹੇ ਕਿ ਫ਼ਿਲਮ ਸਾਨੂੰ ਕੀ ਯਾਦ ਕਰਵਾਏਗੀ? ਸਾਡੇ ਜ਼ਖ਼ਮ ਤਾਂ ਪਹਿਲਾਂ ਹੀ ਮੌਜੂਦ ਹਨ। ਫ਼ਿਲਮ ਤਾਂ ਫ਼ਿਲਮ ਹੁੰਦੀ ਹੈ, ਪਰ ਅਸਲੀ ਫ਼ਿਲਮ ਉਹ ਹੈ ਜੋ ਲੋਕਾਂ ਨੇ ਆਪਣੇ ਪਿੰਡੇ 'ਤੇ ਹੰਢਾਈ ਹੈ। ਅੱਜ ਲੋੜ ਹੈ ਕਿ ਇਤਿਹਾਸ ਤੋਂ ਸਬਕ ਲਿਆ ਜਾਵੇ। ਮਾਝੇ ਦੇ ਖਡੂਰ ਸਾਹਿਬ, ਅੰਮ੍ਰਿਤਸਰ ਅਤੇ ਤਰਨ ਤਾਰਨ ਵਰਗੇ ਇਲਾਕਿਆਂ ਵਿੱਚ ਤਾਂ ਹਰ ਇੱਕ ਜੀਅ ਇਸ ਇਤਿਹਾਸ ਦਾ ਗਵਾਹ ਹੈ।

ਮਹਾਵੀਰ ਸਿੰਘ ਨੇ ਵੀ ਜ਼ੋਰ ਦੇ ਕੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਵਰਗੇ ਮਨੁੱਖੀ ਅਧਿਕਾਰ ਕਾਰਕੁੰਨਾਂ ਦਾ ਸੰਘਰਸ਼ ਬਿਲਕੁਲ ਅਹਿੰਸਕ ਸੀ। ਉਨ੍ਹਾਂ ਨੇ ਕੋਈ ਹਥਿਆਰ ਨਹੀਂ ਚੁੱਕਿਆ, ਸਗੋਂ ਉਹ ਸਿਰਫ਼ ਸਰਕਾਰੀ ਅੰਕੜਿਆਂ ਅਤੇ ਤੱਥਾਂ ਦੇ ਆਧਾਰ 'ਤੇ ਲਾਪਤਾ ਹੋਏ ਨੌਜਵਾਨਾਂ ਦੀਆਂ ਲਾਸ਼ਾਂ ਦਾ ਸੱਚ ਸਾਹਮਣੇ ਲਿਆ ਰਹੇ ਸਨ। ਉਨ੍ਹਾਂ ਕਿਹਾ ਕਿ ਹਸਪਤਾਲਾਂ ਵਿੱਚ ਆਉਣ ਵਾਲੀਆਂ ਲਾਸ਼ਾਂ ਅਤੇ ਜ਼ਖ਼ਮੀ ਕਿਸੇ ਇੱਕ ਧਰਮ ਦੇ ਨਹੀਂ ਹੁੰਦੇ ਸਨ। ਹਰ ਭਾਈਚਾਰੇ ਦੇ ਲੋਕ ਉਸ ਦੌਰ ਦਾ ਸ਼ਿਕਾਰ ਹੋਏ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਿੰਦੂਆਂ ਅਤੇ ਸਿੱਖਾਂ ਦੀ ਸਾਂਝ ਪੀੜ੍ਹੀਆਂ ਪੁਰਾਣੀ ਹੈ। ਪਿੰਡਾਂ ਵਿੱਚ ਅੱਜ ਵੀ ਲੋਕ ਇੱਕ-ਦੂਜੇ ਨੂੰ ਧਰਮ ਦੇਖ ਕੇ ਨਹੀਂ, ਸਗੋਂ ਤਾਇਆ, ਚਾਚਾ, ਤਾਈ ਅਤੇ ਚਾਚੀ ਕਹਿ ਕੇ ਬੁਲਾਉਂਦੇ ਹਨ। ਉਨ੍ਹਾਂ ਕਿਹਾ ਕਿ ਵੰਡੀਆਂ ਲੋਕਾਂ ਨੇ ਨਹੀਂ ਪਾਈਆਂ, ਸਗੋਂ ਇਹ ਵੱਡੇ ਪੱਧਰ 'ਤੇ ਰਾਜਨੀਤੀ ਅਤੇ ਪ੍ਰਚਾਰ ਦਾ ਨਤੀਜਾ ਸਨ। ਜੇ ਇਹ ਲੜਾਈ ਮਜ਼ਹਬਾਂ ਦੀ ਹੁੰਦੀ ਤਾਂ ਵੱਖ-ਵੱਖ ਭਾਈਚਾਰਿਆਂ ਦੇ ਲੋਕ, ਵਕੀਲ ਅਤੇ ਸਾਥੀ ਇੱਕ-ਦੂਜੇ ਦੀ ਮਦਦ ਲਈ ਅੱਗੇ ਨਾ ਆਉਂਦੇ।

# ਸਿਖ ਪੰਥ ਦਾ ਜਰਨੈਲ ਸ਼ਹੀਦ ਭਾਈ ਊਦੈ ਸਿੰਘ

ਬਹਾਦਰ ਸਿੰਘ ਗੋਸਲ



ਇਸ ਵਿਚ ਕੋਈ ਸ਼ੱਕ ਨਹੀਂ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸਿਰਲੱਥ, ਧਰਮ ਅਤੇ ਕੌਮ ਲਈ ਮਰ-ਮਿਟਣ ਵਾਲੇ ਯੋਧਿਆਂ ਦੀ ਫ਼ੌਜ ਸੀ। ਬਹੁਤ ਸਾਰੇ ਸਿੰਘ ਆਪਣੇ ਵਿਲੱਖਣ ਗੁਣਾਂ ਕਰਕੇ ਜਾਣੇ ਜਾਂਦੇ ਸਨ। ਅਜਿਹੇ ਹੀ ਯੋਧਿਆਂ ਵਿਚ ਭਾਈ ਉਦੈ ਸਿੰਘ ਦਾ ਨਾਂਅ ਆਉਂਦਾ ਹੈ, ਜਿਨ੍ਹਾਂ ਦਾ ਜਨਮ 27 ਅਕਤੂਬਰ, 1665 ਨੂੰ ਪਿਤਾ ਭਾਈ ਮਨੀ ਸਿੰਘ ਅਤੇ ਮਾਤਾ ਬੀਬੀ ਸੀਤੋਂ ਬਾਈ ਦੇ ਘਰ ਹੋਇਆ। ਭਾਈ ਮਨੀ ਸਿੰਘ ਜੀ ਦੇ ਦਸ ਸਪੁੱਤਰ ਸਨ ਬਚਿੱਤਰ ਸਿੰਘ, ਚਿੱਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖ਼ਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ ਤੇ ਦੇਸਾ ਸਿੰਘ ਸਨ। ਭਾਈ ਉਦੈ ਸਿੰਘ ਉਨ੍ਹਾਂ ਪੰਜ ਪੁੱਤਰਾਂ 'ਚ ਸ਼ਾਮਿਲ ਸਨ, ਜਿਨ੍ਹਾਂ ਨੂੰ ਦਸਮ ਪਿਤਾ ਦੀ ਸੇਵਾ ਲਈ ਭੇਟ ਕੀਤਾ ਗਿਆ ਸੀ। ਭਾਈ ਬਚਿੱਤਰ ਸਿੰਘ ਤੇ ਭਾਈ ਉਦੈ ਸਿੰਘ ਬਹੁਤ ਸਮਾਂ ਅਨੰਦਪੁਰ ਸਾਹਿਬ ਹੀ ਰਹੇ ਤੇ ਉਨ੍ਹਾਂ ਦਾ ਵਿਆਹ 2 ਮਾਰਚ, 1693 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਹੋਇਆ। ਭਾਈ ਉਦੈ ਸਿੰਘ ਬਹੁਤ ਦਲੇਰ, ਜੰਗਜੂ ਤੇ ਜੰਗੀ ਕਰਤੱਵਾਂ 'ਚ ਨਿਪੁੰਨ ਸਨ। ਉਹ ਤੀਰਅੰਦਾਜ਼ੀ ਤੇ ਤਲਵਾਰਬਾਜ਼ੀ ਦੇ ਮਾਹਰ ਸਨ। ਉਨ੍ਹਾਂ ਦੀ ਬਹਾਦਰੀ ਦੇ ਜੀਵਨ ਬਿਰਤਾਂਤ 'ਚ ਦੱਸਿਆ ਜਾਂਦਾ ਹੈ ਕਿ 9 ਮਾਰਚ, 1696 ਨੂੰ ਉਨ੍ਹਾਂ ਨੇ ਇਕ ਸ਼ੇਰ ਨੂੰ ਮਾਰ ਦਿੱਤਾ ਸੀ ਤੇ ਇਸ ਬਾਰੇ ਦਸਮ ਪਿਤਾ ਨੂੰ ਉਨ੍ਹਾਂ ਨੇ ਆਪ ਜਾ ਕੇ ਦੱਸਿਆ। ਇਸੇ ਤਰ੍ਹਾਂ ਜਦੋਂ ਦੋ ਪਹਾੜੀ ਰਾਜਿਆਂ ਬਲੀਆ ਚੰਦ ਤੇ ਆਲਮ ਚੰਦ ਨੇ ਸੈਨਿਕਾਂ ਨਾਲ ਗੁਰੂ ਜੀ 'ਤੇ ਹਮਲਾ ਕੀਤਾ ਤਾਂ ਉਸ ਸਮੇਂ ਭਾਈ ਉਦੈ ਸਿੰਘ ਤੇ ਆਲਮ ਸਿੰਘ ਨੇ ਬਾਕੀ ਸਿੱਖਾਂ ਨਾਲ ਮਿਲ ਕੇ ਇਕ ਲੜਾਈ 'ਚ ਦੋਵਾਂ ਨੂੰ ਜ਼ਖ਼ਮੀ ਕਰਕੇ ਭੱਜਣ ਲਈ ਮਜਬੂਰ ਕੀਤਾ।

ਲੇਖਕ ਡਾ. ਗੁਰਚਰਨ ਸਿੰਘ ਔਲਖ ਲਿਖਦੇ ਹਨ ਕਿ 30 ਮਾਰਚ, 1699 ਨੂੰ ਭਾਈ ਉਦੈ ਨੇ ਵਿਸਾਖੀ ਵਾਲੇ ਦਿਨ ਆਪਣੇ ਪਿਤਾ ਤੇ ਭਰਾਵਾਂ ਨਾਲ ਤੀਜੇ ਜਥੇ ਵਿਚ ਅੰਮ੍ਰਿਤ ਛਕਿਆ। ਉਸ ਤੋਂ ਬਾਅਦ ਭਾਈ ਉਦੈ ਸਿੰਘ ਨੇ ਹਰ ਜੰਗੀ ਝੜਪਾਂ ਤੇ ਯੁੱਧਾਂ 'ਚ ਹਿੱਸਾ ਲਿਆ। ਭਾਈ ਉਦੈ ਸਿੰਘ ਨੇ ਕਈ ਲੜੀਆਂ ਲੜਾਈਆਂ। ਉਨ੍ਹਾਂ ਦੇ ਯੁੱਧ-ਕਾਰਨਾਮਿਆਂ ਦੀਆਂ ਕਈ ਸਾਖੀਆਂ ਪ੍ਰਸਿੱਧ ਹਨ। ਸਿੱਖ ਇਤਿਹਾਸ ਅਨੁਸਾਰ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਬਾਅਦ ਜਦੋਂ ਪੋਠੋਹਾਰ ਵਲੋਂ ਆ ਰਹੀ ਸੰਗਤ ਨੂੰ ਰਸਤੇ ਵਿਚ ਪਿੰਡ ਨੂਹ ਦੇ ਰੰਘੜਾਂ ਨੇ ਲੁੱਟ ਲਿਆ ਤਾਂ ਰੰਘੜਾਂ 'ਤੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਨੇ ਹਮਲਾ ਕਰ ਉਨ੍ਹਾਂ ਦੇ ਆਗੂ ਨੂੰ ਫੜ ਕੇ ਅਨੰਦਪੁਰ ਸਾਹਿਬ ਲਿਆਂਦਾ ਸੀ।

ਭਾਈ ਉਦੈ ਸਿੰਘ ਨੇ 1700 ਈ. 'ਚ ਵੀ ਅਨੰਦਪੁਰ ਸਾਹਿਬ 'ਤੇ ਹੋਏ ਹਮਲੇ ਸਮੇਂ ਬਹਾਦਰੀ ਦੇ ਜੌਹਰ ਦਿਖਾਏ। ਜਦੋਂ ਦੁਸ਼ਮਣਾਂ ਨੇ 30 ਅਗਸਤ ਨੂੰ ਕਿਲ੍ਹਾ ਫ਼ਤਹਿਗੜ੍ਹ 'ਤੇ ਹਮਲਾ ਕੀਤਾ, ਫਿਰ ਹਾਰ ਖਾਣ ਦੇ ਬਾਵਜੂਦ 31 ਅਗਸਤ ਨੂੰ ਅੰਗਮਗੜ੍ਹ 'ਤੇ ਹਮਲਾ ਕੀਤਾ। ਫਿਰ ਇਸੇ ਕੜੀ ਵਿਚ ਕਿਲ੍ਹਾ ਅਨੰਦਗੜ੍ਹ 'ਤੇ ਹਮਲਾ ਕੀਤਾ, ਜਿਸ ਦੀ ਅਗਵਾਈ ਪਹਿਲੀ ਸਤੰਬਰ ਨੂੰ ਕੇਸਰੀ ਚੰਦ ਜਸਵਾਲੀਆ ਕਰ ਰਿਹਾ ਸੀ, ਇੱਥੇ ਵੀ ਭਾਈ ਉਦੈ ਸਿੰਘ ਨੇ ਆਪਣੀ ਵੀਰਤਾ ਦਿਖਾਈ। ਇਸੇ ਤਰ੍ਹਾਂ ਜਦੋਂ ਮੁਗ਼ਲਾਂ ਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫ਼ੌਜਾਂ ਨੇ ਗੁਰੂ ਜੀ ਤੋਂ ਅਨੰਦਪੁਰ ਸਾਹਿਬ ਖਾਲੀ ਕਰਵਾਉਣ ਲਈ ਜ਼ੋਰ ਪਾਇਆ, ਪਰ ਤਿੰਨ ਹਮਲਿਆਂ ਵਿਚ ਬੁਰੀ ਤਰ੍ਹਾਂ ਹਾਰ ਖਾ ਕੇ ਵੀ ਉਨ੍ਹਾਂ ਅਨੰਦਪੁਰ ਸਾਹਿਬ ਨੂੰ ਘੇਰਾ ਪਾਈ ਰੱਖਿਆ। ਫਿਰ ਕੇਸਰੀ ਚੰਦ ਨੇ ਸਲਾਹ ਦੇ ਕੇ ਕਿਲ੍ਹਾ ਲੋਹਗੜ੍ਹ 'ਤੇ ਹਮਲਾ ਕਰਨ ਲਈ ਮਸਤ ਹਾਥੀ ਨੂੰ ਭੇਜਿਆ, ਜਿਸ ਦਾ ਮੁਕਾਬਲਾ ਭਾਈ ਬਚਿੱਤਰ ਸਿੰਘ ਨੇ ਅਦਭੁੱਤ ਬਹਾਦਰੀ ਨਾਲ ਕੀਤਾ। ਉਸ ਸਮੇਂ ਭਾਈ ਉਦੈ ਸਿੰਘ ਨੇ ਕੇਸਰੀ ਚੰਦ ਨੂੰ ਵੰਗਾਰਿਆ। ਕੇਸਰੀ ਚੰਦ ਨੇ ਉਦੈ ਸਿੰਘ ਵੱਲ ਤੀਰ ਚਲਾਇਆ, ਜੋ ਘੋੜੇ ਦੀ ਕਾਠੀ ਨੂੰ ਛੂਹ ਕੇ ਲੰਘ ਗਿਆ। ਉਦੈ ਸਿੰਘ ਨੇ ਮੌਕਾ ਸੰਭਾਲ ਕੇ ਕੇਸਰੀ ਚੰਦ ਦਾ ਸਿਰ ਲਾਹ ਦਿੱਤਾ ਤੇ ਉਸ ਸਿਰ ਨੂੰ ਬਰਛੇ 'ਤੇ ਟੰਗ ਕੇ ਫ਼ਤਹਿ ਦਾ ਜੈਕਾਰਾ ਲਾਉਂਦੇ ਹੋਏ ਕਿਲ੍ਹੇ ਅੰਦਰ ਚਲੇ ਗਏ। ਜਦੋਂ ਪਹਾੜੀ ਹਿੰਦੂ ਰਾਜਿਆਂ ਦੇ ਧੋਖੇ ਕਾਰਨ ਗੁਰੂ ਜੀ ਕੀਰਤਪੁਰ ਤੋਂ ਇਕ ਮੀਲ ਦੂਰ ਨਿਰਮੋਹਗੜ੍ਹ ਜਾ ਬਿਰਾਜੇ ਤਾਂ ਰਾਜਾ ਅਜਮੇਰ ਚੰਦ ਤੇ ਕਾਂਗੜੇ ਦੇ ਰਾਜੇ ਨੇ ਨਿਰਮੋਹਗੜ੍ਹ 'ਤੇ ਹਮਲਾ ਕਰ ਦਿੱਤਾ, ਜਿਸ ਦੌਰਾਨ ਗੁਰੂ ਜੀ, ਉਦੈ ਸਿੰਘ, ਬਚਿੱਤਰ ਸਿੰਘ, ਆਲਮ ਸਿੰਘ ਤੇ ਹੋਰ ਸਿੰਘਾਂ ਨੇ ਮੁਕਾਬਲਾ ਕੀਤਾ ਤੇ ਸਿੰਘਾਂ ਦੀ ਜਿੱਤ ਹੋਈ। ਸਿੱਖ ਇਤਿਹਾਸ ਅਨੁਸਾਰ ਇਹ ਲੜਾਈ 8 ਅਕਤੂਬਰ, 1700 ਨੂੰ ਲੜੀ ਗਈ। ਅਗਲੇ ਦਿਨ ਪਹਾੜੀ ਰਾਜਿਆਂ ਨੇ ਮੁਗ਼ਲ ਸੈਨਾ ਨਾਲ ਫਿਰ ਵੱਡਾ ਹਮਲਾ ਕੀਤਾ ਪਰ ਗੁਰੂ ਜੀ ਨੇ ਬਸ਼ਾਲੀ ਵੱਲ ਜਾਣ ਦਾ ਫ਼ੈਸਲਾ ਕੀਤਾ। ਗੁਰੂ ਜੀ ਨੇ ਨਾਲ ਭਾਈ ਉਦੈ ਸਿੰਘ, ਆਲਮ ਸਿੰਘ, ਦਇਆ ਸਿੰਘ ਤੇ ਮੋਹਕਮ ਸਿੰਘ 2000 ਸਿੱਖ ਸੈਨਿਕਾਂ ਦੀ ਅਗਵਾਈ ਕਰਦੇ ਜਾ ਰਹੇ ਸਨ। ਬਸ਼ਾਲੀ ਕੀਰਤਪੁਰ ਸਾਹਿਬ ਤੇ ਨਿਰਮੋਹਗੜ੍ਹ ਤੋਂ 13-14 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਇੱਥੇ ਵੀ ਰਾਜਾ ਅਜਮੇਰ ਚੰਦ ਨੇ ਭਾਈ ਉਦੈ ਸਿੰਘ ਦਾ ਪਿੱਛਾ ਕਰਨ ਦਾ ਯਤਨ ਕੀਤਾ ਪਰ ਉਸ ਸੂਰਬੀਰ ਨੇ ਤੀਰਾਂ ਤੇ ਗੋਲੀਆਂ ਨਾਲ ਅਜਮੇਰ ਚੰਦ ਦਾ ਮੂੰਹ ਮੋੜ ਦਿੱਤਾ।



15 ਮਾਰਚ, 1703 ਨੂੰ ਬੱਸੀ ਕਲਾਂ ਦੇ ਚੌਧਰੀ ਜਬਰ ਬੇਗ ਨੇ ਇਕ ਬ੍ਰਾਹਮਣ ਦੀ ਬ੍ਰਾਹਮਣੀ ਆਪਣੇ ਕਬਜ਼ੇ ਵਿਚ ਲੈ ਲਈ ਤਾਂ ਉਸ ਬ੍ਰਾਹਮਣ ਵਲੋਂ ਗੁਰੂ ਜੀ ਕੋਲ ਫਰਿਆਦ ਕਰਨ 'ਤੇ ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਦੀ ਅਗਵਾਈ ਵਿਚ 100 ਸਿੰਘਾਂ ਦਾ ਜਥਾ ਬ੍ਰਾਹਮਣੀ ਨੂੰ ਛੁਡਾਉਣ ਲਈ ਭੇਜਿਆ। ਲੜਾਈ ਵਿਚ ਜਬਰ ਜੰਗ ਖ਼ਾਂ ਮਾਰਿਆ ਗਿਆ ਤੇ ਬ੍ਰਾਹਮਣੀ ਨੂੰ ਉਸ ਦੇ ਪਤੀ ਕੋਲ ਪਹੁੰਚਾ ਦਿੱਤਾ ਗਿਆ। ਇਸ ਤੋਂ ਬਾਅਦ ਜਦੋਂ ਦਸਮੇਸ਼ ਪਿਤਾ ਨੇ ਅਨੰਦਪੁਰ ਸਾਹਿਬ ਨੂੰ ਖਾਲੀ ਕਰਕੇ ਰੋਪੜ ਵੱਲ ਨੂੰ ਚਾਲੇ ਪਾਏ ਤਾਂ ਭਾਈ ਦਇਆ ਸਿੰਘ ਤੇ ਭਾਈ ਉਦੈ ਸਿੰਘ ਗੁਰੂ ਜੀ ਦੇ ਅਗਲੇ ਪਾਸੇ ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਸੱਜੇ ਪਾਸੇ ਅਤੇ ਗੁਰੂ ਜੀ ਦੇ ਸਾਹਿਬਜ਼ਾਦੇ ਮਗਰ-ਮਗਰ ਸਨ ਅਤੇ ਭਾਈ ਹਿੰਮਤ ਸਿੰਘ ਬੰਦੂਕਾਂ ਤੇ ਅਸਲ੍ਹੇ ਨਾਲ ਪਿੱਛੇ ਸਨ। ਗੁਰੂ ਜੀ ਦੇ ਹੋਰ ਸੇਵਕਾਂ ਦੀ ਗਿਣਤੀ 500 ਦੱਸੀ ਗਈ ਹੈ। ਜਦੋਂ ਗੁਰੂ ਜੀ ਨਿਰਮੋਹ ਕੋਲ ਪੁੱਜੇ ਤਾਂ ਦੁਸ਼ਮਣਾਂ ਨੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਨੇ ਭਾਈ ਉਦੈ ਸਿੰਘ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਦੀ ਮਦਦ ਲਈ ਭੇਜਿਆ, ਕਿਉਂਕਿ ਉਹ ਨਿਰਭੈ ਯੋਧਾ ਤੇ ਅਨੇਕਾਂ ਖ਼ਤਰਨਾਕ ਲੜਾਈਆਂ ਦਾ ਨਾਇਕ ਸੀ। ਇਤਿਹਾਸਕਾਰ ਭਾਈ ਪਿਆਰ ਸਿੰਘ ਲਿਖਦੇ ਹਨ, 'ਉਦੈ ਸਿੰਘ ਨੇ ਆਪਣੇ ਦਲ ਦੇ ਉਸ ਪਿਛਲੇ ਭਾਗ ਦੀ ਕਮਾਨ ਸਾਹਿਬਜ਼ਾਦਾ ਅਜੀਤ ਸਿੰਘ ਤੋਂ ਸੰਭਾਲ ਲਈ ਅਤੇ ਭਾਰੀ ਫ਼ੌਜ ਦੇ ਨਾਲ ਜੀਅ-ਜਾਨ ਨਾਲ ਲੜੇ। ਕੀਰਤਪੁਰ ਤੋਂ 6 ਕਿਲੋਮੀਟਰ ਦੱਖਣ ਵੱਲ ਇਕ ਛੋਟੀ ਟਿੱਬੀ, ਜਿਸ ਨੂੰ ਸ਼ਾਹੀ ਜਾਂ ਸਿਆਹੀ ਟਿੱਬੀ ਕਿਹਾ ਜਾਂਦਾ ਹੈ, ਵਿਖੇ ਆਖਰੀ ਦਮ ਤੱਕ ਲੜਦੇ ਹੋਏ ਭਾਈ ਉਦੈ ਸਿੰਘ ਤੇ ਉਨ੍ਹਾਂ ਦੇ 50 ਸਾਥੀ ਸ਼ਹੀਦ ਹੋ ਗਏ।' ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਈ ਉਦੈ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਤੇ ਨਿਰਭੈਅ ਜਰਨੈਲਾਂ 'ਚੋਂ ਇਕ ਸਨ।

# ਅਕਾਲ ਤਖ਼ਤ ਸਾਹਿਬ ਤੋਂ 'ਮੀਰੀ ਪੀਰੀ ਖ਼ਾਲਸਾ ਮਾਰਚ' ਦੀ ਆਰੰਭਤਾ ਹੋਈ

## ✪ ਅੰਮ੍ਰਿਤਸਰ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੱਕ 12 ਦਿਨਾ 'ਮੀਰੀ ਪੀਰੀ ਖ਼ਾਲਸਾ ਮਾਰਚ' ਸ਼ੁਰੂ ਕੀਤਾ



ਅੰਮ੍ਰਿਤਸਰ-ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਮੀਰੀ-ਪੀਰੀ ਦੀਆਂ ਕਿਰਪਾਨਾਂ ਧਾਰਨ ਕਰਨ ਦੇ ਦਿਹਾੜੇ ਮੌਕੇ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਵੱਲੋਂ ਅੰਮ੍ਰਿਤਸਰ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੱਕ 12 ਦਿਨਾ 'ਮੀਰੀ ਪੀਰੀ ਖ਼ਾਲਸਾ ਮਾਰਚ' ਸ਼ੁਰੂ ਕੀਤਾ ਗਿਆ। ਅਕਾਲ ਤਖ਼ਤ ਸਾਹਿਬ ਦੀ ਪ੍ਰਭੂਸੱਤਾ ਤੇ ਸਰਬਉੱਚਤਾ ਦਾ ਪ੍ਰਚਾਰ ਕਰਨਾ, ਕੌਮੀ ਏਕਤਾ ਤੇ ਪੰਥਕ ਚੇਤਨਾ ਨੂੰ ਮਜ਼ਬੂਤ ਕਰਨਾ ਅਤੇ ਨੌਜਵਾਨੀ ਨੂੰ ਗੁਰਮਤਿ ਨਾਲ ਜੋੜ ਕੇ ਨਸ਼ਿਆਂ ਤੋਂ ਦੂਰ ਰੱਖਣਾ।

ਮਾਰਚ ਦੀਆਂ ਵਿਸ਼ੇਸ਼ਤਾਵਾਂ: ਮਾਰਚ ਦੌਰਾਨ ਸੰਗਤਾਂ ਨੂੰ ਛੇਵੇਂ ਪਾਤਿਸ਼ਾਹ ਦੀਆਂ ਮੀਰੀ-ਪੀਰੀ ਦੀਆਂ ਸ੍ਰੀ ਸਾਹਿਬਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਨਿਹੰਗ ਸਿੰਘਾਂ ਵੱਲੋਂ ਹਾਥੀਆਂ, ਊਠਾਂ ਤੇ ਘੋੜਿਆਂ ਸਮੇਤ ਸ਼ਮੂਲੀਅਤ ਕੀਤੀ ਗਈ ਅਤੇ ਡਰੋਨ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਮਾਰਚ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਵੱਡੀ ਗਿਣਤੀ 'ਚ ਧਾਰਮਿਕ ਤੇ ਸਿਆਸੀ ਆਗੂ ਸ਼ਾਮਲ ਹੋਏ।

# ਇੰਗਲੈਂਡ ਪਹੁੰਚੇ ਡਾ. ਕਲਿਆਣ ਸਿੰਘ ਕਲਿਆਣ ਨਾਲ ਬਰਤਾਨਵੀ ਸਾਹਿਤਕਾਰਾਂ ਨਾਲ ਸਾਊਥਾਲ ਵਿੱਚ ਸਾਹਿਤਕ ਮਿਲਣੀ



ਡਾਃ ਕਲਿਆਣ ਸਿੰਘ ਕਲਿਆਣ ਅਤੇ ਬਰਤਾਨਵੀ ਪੰਜਾਬੀ ਸਾਹਿਤਕਾਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਦਿਨੀ ਆਪਣੇ ਵਿਸ਼ੇਸ਼ ਦੌਰੇ ਉੱਤੇ ਇੰਗਲੈਂਡ ਪਹੁੰਚੇ ਡਾ. ਕਲਿਆਣ ਸਿੰਘ ਕਲਿਆਣ ਦਾ ਬਰਤਾਨਵੀ ਪੰਜਾਬੀ ਸਾਹਿਤਕਾਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਉਹਨਾਂ ਨਾਲ ਇੱਕ ਸਾਹਿਤਕ ਅਤੇ ਭਾਈਚਾਰਕ ਮਿਲਣੀ ਦਾ ਆਯੋਜਨ ਸਾਊਥਾਲ ਵਿੱਚ ਸ਼ਾਇਰ ਅਜ਼ੀਮ ਸ਼ੇਖਰ ਦੇ ਗ੍ਰਹਿ ਵਿਖੇ ਕੀਤਾ ਗਿਆ। ਮਿਲਣੀ ਦੌਰਾਨ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿੱਚ ਵਰਤਮਾਨ ਪੰਜਾਬੀ ਸਾਹਿਤ ਦੇ ਸੰਦਰਭ ਵਿੱਚ ਵਿਚਾਰ ਵਟਾਂਦਰਾ ਹੋਇਆ।*

ਲਿਪੀ ਦੇ ਫ਼ਰਕ ਕਾਰਣ ਬਹੁਤ ਸਾਰਾ ਸਾਹਿਤ ਪਾਠਕਾਂ ਤੱਕ ਨਾ ਪਹੁੰਚਣ ਦੇ ਖੱਪੇ ਨੂੰ ਪੂਰਨ ਵਾਸਤੇ ਵੀ ਲਿਪੀਅੰਤਰਨ ਦੇ ਉਪਰਾਲਿਆਂ 'ਤੇ ਜ਼ੋਰ ਦੇਣ ਦੀ ਗੱਲ ਹੋਈ। ਦੋਹਾਂ ਪੰਜਾਬਾਂ ਦੀ ਸਦੀਵੀ ਭਾਈਚਾਰਕ ਸਾਂਝ ਬਣੀ ਰਹਿਣ ਬਾਰੇ ਵੀ ਗੱਲਾਂ ਹੋਈਆਂ। ਮਿਲਣੀ ਦੌਰਾਨ ਪਹੁੰਚੇ ਲੇਖਕਾਂ ਵਿੱਚ ਹਰਜੀਤ ਅਟਵਾਲ, ਕੁਲਵੰਤ ਕੌਰ ਢਿੱਲੋਂ, ਰਾਜਿੰਦਰ ਕੌਰ, ਮਨਜੀਤ ਕੌਰ ਪੱਡਾ, ਅਜ਼ੀਮ ਸ਼ੇਖਰ, ਪਰਮ ਸੰਧਾਵਾਲੀਆ, ਡਾ. ਅਮਰਜੋਯਤੀ, ਰਘਬੀਰ ਸੰਧਾਵਾਲੀਆ, ਸ਼ਿਵਦੀਪ ਕੌਰ, ਮਹਿੰਦਰ ਪਾਲ ਧਾਲੀਵਾਲ, ਭਜਨ ਕੌਰ, ਮਨਪ੍ਰੀਤ ਸਿੰਘ ਬੱਧਨੀ ਕਲਾਂ, ਪ੍ਰੀਤ, ਰਾਜਦੀਪ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਡਾ. ਕਲਿਆਣ ਸਿੰਘ ਅੱਜਕੱਲ੍ਹ ਲਾਹੌਰ ਵਿਖੇ ਜੀ. ਸੀ ਯੂ ਵਿਖੇ ਪੰਜਾਬੀ ਦੇ ਪ੍ਰੋਫੈਸਰ ਵਜੋਂ ਆਪਣੀ ਸੇਵਾ ਨਿਭਾ ਰਹੇ ਹਨ।


## CHANGE OF NAME

I, MR LASIS MASIH SON OF GULAM MASIH WHOSE PERMANENT ADDRESS IN INDIA IS VPO JANDIALA, TEHSIL BANGA, SBS NAGAR, PIN: 144505, PUNJAB AND NOW LIVING AT 23 MEREDITH ROAD, LEICESTER, LE3 2EP, UK HEREBY GIVE NOTICE OF MY INTENTION TO CHANGE MY NAME TO LIAS MASIH. (U/I)

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


# ★ ਮਿੰਨੀ ਕਹਾਣੀਆਂ ★

## ਰਿਸ਼ਤੇ

ਕਈ ਦਿਨ ਤੋਂ ਤਬੀਅਤ ਠੀਕ ਨਹੀਂ। ਬੁਖਾਰ ਰੋਜ਼ ਹੋ ਜਾਂਦਾ। ਸਾਰਾ ਸਰੀਰ ਟੁੱਟਾ ਜਿਹਾ ਮਹਿਸੂਸ ਹੁੰਦਾ। ਇੱਕ ਗੋਲੀ ਸੁਮੋ ਖਾ ਕੇ ਕੰਮ ਲੱਗ ਜਾਂਦੀ। ਰੋਟੀ ਬਾਹਰੋਂ ਮੰਗਵਾਉਣਾ ਘਰ ਵਿੱਚ ਕਿਸੇ ਨੂੰ ਵੀ ਪਸੰਦ ਨਹੀਂ। ਰਸੋਈ ਸਾਫ ਕੀਤੇ ਬਿਨਾਂ ਸੌਣ ਦੀ ਆਦਤ ਨਹੀਂ। ਸਵੇਰੇ ਝੂਠੇ ਭਾਂਡੇ ਆਪਣੇ ਹੀ ਮੱਥੇ ਲੱਗਣੇ ਹੁੰਦੇ। ਘਰ ਵਿਚ ਕੋਈ ਨੇ ਪੁੱਛਦਾ ਕਿ ਅੱਜ ਠੀਕ ਨਹੀਂ ਲੱਗਦੀ, ਸਿਹਤ ਢਿੱਲੀ ਹੈ ਤਾਂ ਆਰਾਮ ਕਰ ਲੈ। ਕਿਸੇ ਤੇ ਗਿਲਾ ਵੀ ਕੋਈ ਨਹੀਂ। ਬੱਚਿਆਂ ਨੂੰ ਆਪਣਾ ਹਰ ਕੰਮ ਸਮੇਂ ਤੇ ਚਾਹੀਦਾ ਤੇ ਓਹਨਾਂ ਦੇ ਪਿਤਾ ਨੂੰ ਤਾਂ ਆਪਣੇ ਕੰਮ ਦੇ ਨਾਲ ਨਾਲ ਹੋਰ ਵੀ ਬਹੁਤ ਕੁਝ ਆਪਣੀ ਮਰਜ਼ੀ ਮੁਤਾਬਿਕ ਚਾਹੀਦਾ। ਮੇਰੀ ਬਿਮਾਰੀ ਕੋਈ ਮਾਅਨੇ ਨਹੀਂ ਰੱਖਦੀ ਬਸ ਥੱਕ ਟੁੱਟ ਕੇ ਬਿਸਤਰੇ ਤੇ ਡਿੱਗਦੀ ਨੂੰ ਮਾਂ ਯਾਦ ਆਉਂਦੀ। ਸੌਂਫ ਤੇ ਜਵੈਣ ਵਾਲੀ ਮਾਂ ਦੇ ਹੱਥ ਦੀ ਚਾਹ ਪੀਣ ਨੂੰ ਬੜਾ ਦਿਲ ਕਰਦਾ। ਸਵੇਰੇ ਫਿਰ ਕੰਮ ਮੁਕਾ ਕੇ ਕਾਹਲੀ ਕਾਹਲੀ ਤਿਆਰ ਹੋ ਦਫ਼ਤਰ ਵੱਲ ਤੁਰ ਪੈਂਦੀ। ਸਹਿਕਰਮੀ ਵੀ ਪਰਿਵਾਰ ਹੀ ਬਣ ਜਾਂਦੇ। ਅੱਜ ਦੋ ਦਿਨ ਦੀ ਛੁੱਟੀ ਬਾਦ ਦਫ਼ਤਰ ਲੱਗਾ ਸੀ। ਸਵੇਰੇ ਚਿਹਰਾ ਵੇਖ ਹੀ ਸਭ ਨੇ ਵਾਰੀ ਵਾਰੀ ਹਾਲ ਪੁੱਛਿਆ। ਕਿਸੇ ਨੇ ਆਰਾਮ ਕਰਨ ਦੀ ਸਲਾਹ ਦਿੱਤੀ ਤੇ ਕੋਈ ਕਹੇ ਚੱਲ ਤੇਰਾ ਟੈਸਟ ਕਰਵਾ ਲਈਏ। ਰੰਜਨਾ ਜੀ ਨੇ ਆਪਣੀ ਚਾਹ ਵਾਲੀ ਕੇਟਲ ਫੜਾ ਕੇ ਕਿਹਾ, "ਕੱਲ ਫੋਨ ਤੇ ਤੇਰੀ ਆਵਾਜ਼ ਸੁਣ ਹੀ ਪਤਾ ਲੱਗ ਗਿਆ ਸੀ ਤੂੰ ਠੀਕ ਨਹੀਂ। ਤੇਰੇ ਲਈ ਸੌਂਫ ਤੇ ਜਵੈਣ ਵਾਲੀ ਚਾਹ ਲਿਆਈ ਹਾਂ। ਪੀ ਲਈ।" ਮੇਰੀਆਂ ਅੱਖਾਂ ਭਰ ਗਈਆਂ। ਮਾਂ ਦੀ ਯਾਦ ਆ ਗਈ। ਕਿਸੇ ਨੇ ਸਾਰਾ ਦਿਨ ਕੋਈ ਕੰਮ ਨਾ ਕਰਨ ਦਿੱਤਾ। ਵੰਡ ਕੇ ਸਭ ਨੇ ਮੇਰਾ ਕੰਮ ਨਬੇੜ ਦਿੱਤਾ। ਦਵਾਈ ਵੀ ਲਿਆ ਦਿੱਤੀ। ਛੁੱਟੀ ਵੇਲੇ ਕਈ ਹਿਦਾਇਤਾਂ ਦਿੱਤੀਆਂ। ਘਰ ਪਹੁੰਚ ਕੇ ਹਲਕਾ ਜਿਹਾ ਮਹਿਸੂਸ ਕੀਤਾ। ਸਾਰੇ ਕੰਮ ਮੁਕਾ ਜਿਵੇਂ ਹੀ ਬੈਡ ਤੇ ਪਈ ਪਤੀ ਨੇ ਕਿਹਾ ਹੈ ਠੀਕ ਨਹੀਂ ਤਾਂ ਛੁੱਟੀ ਲੈ ਲੈਣੀ ਸੀ। ਮੈਂ ਮਨ ਵਿਚ ਸੋਚਿਆ ਦਫ਼ਤਰ ਤਾਂ ਮੇਰੇ ਪੇਕਿਆਂ ਵਰਗਾ, ਜਿੱਥੇ ਜਾ ਕੇ ਸਭ ਦੁੱਖ ਭੁੱਲ ਜਾਂਦੀ। ਛੁੱਟੀ ਲੈ ਸਾਰਾ ਦਿਨ ਕੰਮ ਹੀ ਕਰਨਾ ਤੇ ਬੀਜੀ ਦੀਆਂ ਮਿੱਠੀਆਂ ਫਿੱਕੀਆਂ ਵੀ ਸੁਣਨ ਨਾਲੋਂ ਚੰਗਾ ਮੈਂ ਦਫ਼ਤਰ ਹੀ ਚਲੀ ਜਾਵਾਂ। ਮੈਂ ਜਵਾਬ ਦਿੱਤਾ ਕਿ ਹੁਣ ਮੈਂ ਠੀਕ ਹਾਂ। ਮਨ ਵਿਚ ਸੋਚ ਰਹੀ ਸੀ ਕਿ ਆਪਣੇ ਬਿਗਾਨਿਆਂ ਵਰਗੇ ਤੇ ਬਿਗਾਨੇ ਆਪਣਿਆ ਤੋਂ ਵੀ ਵੱਧ ਹੋ ਜਾਂਦੇ। ਅਪਣੱਤ ਰਿਸ਼ਤਿਆਂ ਦੀ ਮੋਹਤਾਜ ਨਹੀਂ। ਸਹੇਲੀਆਂ, ਦੋਸਤ, ਸਹਿਕਰਮੀ ਅਕਸਰ ਪਰਿਵਾਰ ਤੋਂ ਵੀ ਵੱਧ ਆਪਣੇ ਹੁੰਦੇ ਹਨ। ਪਿਆਰ ਤੇ ਅਪਣੱਤ ਨੂੰ ਰਿਸ਼ਤਿਆਂ ਦੇ ਟੈਗ ਨਹੀਂ ਚਾਹੀਦੇ।

ਹਰਪ੍ਰੀਤ ਕੌਰ

## ਸੇਵਾ ਦਾ ਫ਼ਲ

ਸੰਗੀਤਾ, ਆਹ ਬਾਬਾ ਜੀ ਲਈ ਇੱਕ ਕੱਪ ਚਾਹ ਬਣਾਈਂ। ਪਤੀ ਸੰਜੀਵ ਨੇ ਆਵਾਜ਼ ਮਾਰੀ। ਪਰ ਮੈਂ ਤਾਂ ਦਫ਼ਤਰ ਜਾ ਰਹੀ ਹਾਂ। ਕਿਰਪਾ ਕਰਕੇ ਤੁਸੀਂ ਆਪ ਹੀ ਬਣਾ ਲਓ। ਨਹੀਂ ਤਾਂ ਮੈਨੂੰ ਦੇਰ ਹੋ ਜਾਣੀ ਹੈ। ਸੰਗੀਤਾ ਨੇ ਸਕੂਟਰੀ ਚਾਲੂ ਕਰਦਿਆਂ ਕਿਹਾ।

ਤੇਰਾ ਦਫ਼ਤਰ ਮੇਰੀ ਗੱਲ ਨਾਲੋਂ ਜਿਆਦਾ ਜ਼ਰੂਰੀ ਹੈ ! ਸੰਜੀਵ ਨੇ ਗੁੱਸੇ ਨਾਲ ਚਾਹ ਬਣਾਉਣ ਲਈ ਭਾਂਡਾ ਚੁੱਕਦਿਆਂ ਕਿਹਾ।

ਬਾਹਰ ਬੈਠਾ ਬਾਬਾ ਮੰਦ ਮੰਦ ਮੁਸਕਾਇਆ।

ਓ ਹੋ ! ਐਵੇਂ ਨਾ ਗੁੱਸਾ ਕਰਿਆ ਕਰੋ। ਤੁਹਾਨੂੰ ਪਤਾ ਕਿ ਮੇਰੇ ਦਫ਼ਤਰ ਵਿੱਚ ਸਖ਼ਤੀ ਬਹੁਤ ਹੈ। ਦੋ ਮਿੰਟ ਦੇਰ ਹੋ ਜਾਵੇ ਤਾਂ ਛੱਤੀ ਗੱਲਾਂ ਸੁਣਨੀਆਂ ਪੈਂਦੀਆਂ ਤੇ ਉੱਤੋਂ ਗੱਲ-ਗੱਲ ਤੇ ਤਨਖ਼ਾਹ 'ਚੋਂ ਕਟੌਤੀ ਕਰ ਲੈਂਦੇ ਹਨ। ਕਹਿ ਕੇ ਸੰਗੀਤਾ ਚਲੀ ਗਈ।

ਅੱਜ ਤੁਸੀਂ ਘਰ ਹੀ ਹੋ ? ਗਏ ਨੀਂ ਕੰਮ ਤੇ ? ਸ਼ਾਮ ਨੂੰ ਸੰਗੀਤਾ ਆਈ ਤਾਂ ਸੰਜੀਵ ਨੂੰ ਘਰ ਦੇਖ ਕੇ ਪੁੱਛਿਆ, ਪਰ ਉਹਨੇ ਕੋਈ ਜਵਾਬ ਨਾ ਦਿੱਤਾ। ਸੰਗੀਤਾ ਨੇ ਕਈ ਵਾਰ ਬੁਲਾਇਆ ਪਰ ਉਹ ਨਾ ਬੋਲਿਆ। ਸੰਗੀਤਾ ਨੂੰ ਸਵੇਰ ਵਾਲੀ ਗੱਲ ਯਾਦ ਆਈ। ਉਹ ਹੈਰਾਨ ਹੋ ਗਈ ਕਿ ਇੰਨੀ ਛੋਟੀ ਜਿਹੀ ਗੱਲ ਦਾ ਉਹਨੇ ਐਡਾ ਗੁੱਸਾ ਕੀਤਾ ਹੋਇਆ। ਖ਼ੈਰ ਉਹ ਉੱਠ ਕੇ ਰਸੋਈ ਵਿੱਚ ਸਬਜ਼ੀ ਬਣਾਉਣ ਲੱਗ ਪਈ। ਸਬਜ਼ੀ ਬਣਾ ਕੇ ਓਹਨੇ ਚਾਹ ਬਣਾਈ ਤੇ ਲੈ ਕੇ ਅੰਦਰ ਸੰਜੀਵ ਕੋਲ਼ ਆ ਬੈਠੀ। ਚਾਹ ਪੀ ਲਓ, ਓਹਨੇ ਕੱਪ ਸੰਜੀਵ ਵੱਲ ਵਧਾਇਆ। ਪਰ ਓਹਨੇ ਫੜਿਆ ਨਾ ਤੇ ਗੁੱਸੇ ਵਿੱਚ ਮੂੰਹ ਘੁੰਮਾ ਲਿਆ।


ਜਦੋਂ ਸੰਗੀਤਾ ਨੇ ਦੁਬਾਰਾ ਕਿਹਾ ਤਾਂ ਉਹ ਭੜਕ ਕੇ ਬੋਲਿਆ, ਸਵੇਰੇ ਤਾਂ ਚਾਹ ਬਣਾ ਨਹੀਂ ਹੋਈ ਤੈਥੋਂ। ਹੁਣ ਵੀ ਰਹਿਣ ਦਿੰਦੀ..........! ਹੁੰਅ......! ਮੇਰਾ ਕੰਮ ਮੰਦਾ ਚੱਲਦਾ ਤੇ ਮੈਨੂੰ ਕਿਸੇ ਪੰਡਿਤ ਨੇ ਕਿਹਾ ਕਿ ਗਰੀਬ-ਗੁਰਬੇ ਦੀ ਸੇਵਾ ਕਰਿਆ ਕਰ। ਏਸੇ ਲਈ ਉਸ ਬਾਬੇ ਨੂੰ ਚਾਹ ਪੀਣ ਲਈ ਬਿਠਾਇਆ ਸੀ। ਸੰਜੀਵ ਨੇ ਗੁੱਸੇ ਵਿੱਚ ਹੀ ਭੇਦ ਖੋਲਿਆ।

ਸੰਗੀਤਾ ਹਲਕਾ ਜਿਹਾ ਮੁਸਕਰਾਈ ਤੇ ਬੋਲੀ ਸੇਵਾ ਕਰਨੀ ਤਾਂ ਬਹੁਤ ਚੰਗੀ ਗੱਲ ਹੈ। ਪਰ ਇਸ ਤਰ੍ਹਾਂ ਦੀ ਸੇਵਾ ਆਪ ਕਰੀਦੀ ਹੈ। ਤੇ ਦੂਜੀ ਗੱਲ ਸੇਵਾ ਲਾਲਚ ਤੇ ਇੱਛਾ-ਮੁਕਤ ਹੋ ਕੇ ਕਰਨੀ ਚਾਹੀਦੀ ਹੈ। ਤੇ ਨਾਲ਼ੇ ਸੇਵਾ ਪਿੱਛੇ ਘਰ ਵਿੱਚ ਕਲੇਸ਼ ਵੀ ਨਹੀਂ ਪਾਉਣਾ ਚਾਹੀਦਾ। ਤੁਹਾਨੂੰ ਪਤਾ ਕਿ ਮੇਰੇ ਕੋਲ ਉਸ ਵਕਤ ਸਮਾਂ ਨਹੀਂ ਸੀ। ਜੇਕਰ ਤੁਸੀਂ ਚਾਹ ਬਣਾ ਕੇ ਪਿਲਾ ਦਿੱਤੀ ਤਾਂ ਕੀ ਹੋ ਗਿਆ ? ਹਰ ਵੇਲ਼ੇ ਔਰਤ ਦੀ ਮਜ਼ਬੂਰੀ ਨੂੰ ਮਰਦ ਦੀ ਮਰਦਾਨਗੀ ਦਾ ਸਵਾਲ ਨਹੀਂ ਬਣਾ ਲਈਦਾ।

ਕਹਿ ਕੇ ਸੰਗੀਤਾ ਖ਼ਾਲੀ ਕੱਪ ਚੁੱਕ ਕੇ ਰਸੋਈ ਵੱਲ ਤੁਰ ਗਈ ਤੇ ਸੰਜੀਵ ਵੀ ਉਹਦੇ ਮਗਰ-ਮਗਰ ਮਦਦ ਕਰਨ ਲਈ ਚੱਲ ਪਿਆ। ਉਹਦੀ ਮਰਦਾਂਨਗੀ ਹੁਣ ਕੁੱਝ ਢਿੱਲੀ ਜੋ ਪੈ ਗਈ ਸੀ।

-ਮਨਜੀਤ ਕੌਰ

## ਸਿਹਤ ਤੇ ਸੁੰਦਰਤਾ



# ਪੌੜੀਆਂ ਚੜ੍ਹਦਿਆਂ ਸਾਹ ਫੁੱਲਣਾ ਕੇਵਲ ਥਕਾਵਟ ਨਹੀਂ, ਦਿਲ ਅਤੇ ਫੇਫੜਿਆਂ ਦੀ ਗੰਭੀਰ ਬਿਮਾਰੀ ਦਾ ਹੋ ਸਕਦਾ ਹੈ ਸੰਕੇਤ

**✪ ਸਾਹ ਲੈਣ ਵਿਚ ਤਕਲੀਫ਼ ਨੂੰ ਉਮਰ ਦਾ ਅਸਰ ਮੰਨ ਕੇ ਨਾ ਕਰੋ ਨਜ਼ਰਅੰਦਾਜ਼; ਹੋ ਸਕਦੀ ਹੈ ਜਾਨਲੇਵਾ ਭੁੱਲ ✪ ਛਾਤੀ 'ਚ ਬਿਨਾਂ ਦਰਦ ਦੇ ਵੀ ਹੋ ਸਕਦਾ ਹੈ ਹਾਰਟ ਅਟੈਕ ਦਾ ਖ਼ਤਰਾ ✪ ਸਾਹ ਫੁੱਲਣ ਦੇ ਲੱਛਣ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ**

ਅਕਸਰ ਪੌੜੀਆਂ ਚੜ੍ਹਦਿਆਂ ਜਾਂ ਆਮ ਤੁਰਦਿਆਂ ਸਾਹ ਫੁੱਲਣ ਨੂੰ ਲੋਕ ਵਧਦੀ ਉਮਰ, ਮੋਟਾਪਾ ਜਾਂ ਸਰੀਰਕ ਫਿਟਨੈਸ ਦੀ ਕਮੀ ਮੰਨ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ। ਪਰ ਮੈਡੀਕਲ ਮਾਹਿਰਾਂ ਅਨੁਸਾਰ, ਇਹ ਧਾਰਨਾ ਬੇਹੱਦ ਖ਼ਤਰਨਾਕ ਸਾਬਤ ਹੋ ਸਕਦੀ ਹੈ। ਅਚਾਨਕ ਜਾਂ ਥੋੜ੍ਹੀ ਜਿਹੀ ਮਿਹਨਤ ਨਾਲ ਸਾਹ ਫੁੱਲਣਾ ਸਰੀਰ ਦੇ ਅੰਦਰ ਪਲ ਰਹੀ ਕਿਸੇ ਗੰਭੀਰ ਬਿਮਾਰੀ ਦਾ ਮੁਢਲਾ ਲੱਛਣ ਹੋ ਸਕਦਾ ਹੈ।



ਇਹ ਕਿਹੜੀਆਂ ਬਿਮਾਰੀਆਂ ਦਾ ਸੰਕੇਤ ਹੋ ਸਕਦਾ ਹੈ?-ਜੇਕਰ ਸਾਹ ਫੁੱਲਣ ਦੀ ਸਮੱਸਿਆ ਲਗਾਤਾਰ ਵਧ ਰਹੀ ਹੈ, ਤਾਂ ਇਹ ਹੇਠ ਲਿਖੀਆਂ ਸਿਹਤ ਸਮੱਸਿਆਵਾਂ ਵੱਲ ਇਸ਼ਾਰਾ ਕਰਦੀ ਹੈ:

ਦਿਲ ਦੇ ਰੋਗ: ਖ਼ਾਸ ਕਰਕੇ ਮਹਿਲਾਵਾਂ, ਬਜ਼ੁਰਗਾਂ ਅਤੇ ਸ਼ੂਗਰ (ਡਾਇਬੀਟੀਜ਼) ਦੇ ਮਰੀਜ਼ਾਂ ਵਿੱਚ ਛਾਤੀ ਵਿਚ ਦਰਦ ਹੋਣ ਤੋਂ ਪਹਿਲਾਂ ਸਾਹ ਫੁੱਲਣਾ ਹੀ ਦਿਲ ਦੀ ਬਿਮਾਰੀ ਜਾਂ 'ਸਾਈਲੈਂਟ' ਹਾਰਟ ਅਟੈਕ ਦਾ ਪਹਿਲਾ ਸੰਕੇਤ ਹੁੰਦਾ ਹੈ।

ਫੇਫੜਿਆਂ ਦੀਆਂ ਬਿਮਾਰੀਆਂ: ਫੇਫੜਿਆਂ ਦੀ ਕਾਰਜ ਸਮਰੱਥਾ ਘਟਣਾ ਜਾਂ ਖ਼ੂਨ ਦੀਆਂ ਨਾੜੀਆਂ ਵਿੱਚ ਥੱਕਾ ਜੰਮਣਾ (ਪੁਰਾਣੀ ਫੇਫੜਿਆਂ ਦੀ ਬਿਮਾਰੀ)

ਹੋਰ ਸਰੀਰਕ ਵਿਕਾਰ: ਅਨੀਮੀਆ (ਖ਼ੂਨ ਦੀ ਕਮੀ), ਥਾਇਰਾਇਡ ਦੀ ਸਮੱਸਿਆ, ਗੁਰਦਿਆਂ (ਕਿਡਨੀ) ਜਾਂ ਲੀਵਰ ਦੇ ਰੋਗ ਅਤੇ ਮਾਨਸਿਕ ਤਣਾਅ।

ਚੇਤਾਵਨੀ ਦੇ ਵੱਡੇ ਲੱਛਣ: ਜੇ ਸਾਹ ਫੁੱਲਣ ਦੇ ਨਾਲ ਛਾਤੀ ਵਿੱਚ ਜਕੜਨ, ਦਰਦ, ਚੱਕਰ ਆਉਣਾ, ਤੇਜ਼ ਜਾਂ ਅਨਿਯਮਿਤ ਧੜਕਣ, ਬਹੁਤ ਜ਼ਿਆਦਾ ਪਸੀਨਾ ਆਉਣਾ, ਬੁੱਲ੍ਹ ਨੀਲੇ ਪੈਣਾ ਜਾਂ ਪੈਰਾਂ ਵਿੱਚ ਸੋਜ ਹੋਵੇ, ਤਾਂ ਬਿਨਾਂ ਸਮਾਂ ਗਵਾਏ ਤੁਰੰਤ ਮੈਡੀਕਲ ਐਮਰਜੈਂਸੀ ਸਹਾਇਤਾ ਲੈਣੀ ਚਾਹੀਦੀ ਹੈ।

ਸਹੀ ਨਿਦਾਨ (ਡਾਇਗਨੋਸਿਸ) ਦੀ ਅਹਿਮੀਅਤ-ਸਿਰਫ਼ ਲੱਛਣਾਂ ਦੇ ਆਧਾਰ 'ਤੇ ਖ਼ੁਦ ਅੰਦਾਜ਼ਾ ਲਗਾਉਣਾ ਜਾਂ ਇਲਾਜ ਕਰਨਾ ਜਾਨਲੇਵਾ ਹੋ ਸਕਦਾ ਹੈ। ਡਾਕਟਰੀ ਮਾਹਿਰਾਂ ਅਨੁਸਾਰ ਸਮੇਂ ਸਿਰ ਸਹੀ ਜਾਂਚ ਕਰਵਾਉਣਾ ਹੀ ਬਿਮਾਰੀ ਨੂੰ ਵਧਣ ਤੋਂ ਰੋਕਣ ਦਾ ਪਹਿਲਾ ਕਦਮ ਹੈ।

ਖ਼ੂਨ ਦੀ ਜਾਂਚ: ਸੀਬੀਸੀ , ਬਲੱਡ ਸ਼ੂਗਰ, ਥਾਇਰਾਇਡ ਪ੍ਰੋਫਾਈਲ, ਅਤੇ ਕਿਡਨੀ-ਲੀਵਰ ਫੰਕਸ਼ਨ ਟੈਸਟ।

ਦਿਲ ਅਤੇ ਫੇਫੜਿਆਂ ਦੀ ਜਾਂਚ: ਈਸੀਜੀ , ਛਾਤੀ ਦਾ ਐਕਸ-ਰੇਅ, ਈਕੋ-ਕਾਰਡੀਓਗ੍ਰਾਫੀ, ਕਾਰਡੀਅਕ ਬਾਇਓਮਾਰਕਰ ਅਤੇ ਟ੍ਰੈਡਮਿਲ ਸਟ੍ਰੈਸ ਟੈਸਟ। ਸਾਹ ਫੁੱਲਣ ਦੀ ਸਮੱਸਿਆ ਨੂੰ ਆਪਣੀ ਉਮਰ ਜਾਂ ਕਮਜ਼ੋਰੀ ਸਿਰ ਮੜ੍ਹ ਕੇ ਟਾਲਣਾ ਬੰਦ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਵਧੇ ਹੋਏ ਕੋਲੈਸਟ੍ਰੋਲ ਜਾਂ ਮੋਟਾਪੇ ਤੋਂ ਪੀੜਤ ਹੋ, ਜਾਂ ਸਿਗਰਟਨੋਸ਼ੀ ਕਰਦੇ ਹੋ, ਤਾਂ ਇਸ ਲੱਛਣ ਨੂੰ ਬੇਹੱਦ ਗੰਭੀਰਤਾ ਨਾਲ ਲਵੋ। ਜੀਵਨ ਸ਼ੈਲੀ, ਖ਼ੁਰਾਕ ਜਾਂ ਕਸਰਤ ਵਿੱਚ ਕੋਈ ਵੀ ਵੱਡਾ ਬਦਲਾਅ ਕਰਨ ਤੋਂ ਪਹਿਲਾਂ ਕਿਸੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲਵੋ, ਕਿਉਂਕਿ ਸਮੇਂ ਸਿਰ ਲਿਆ ਗਿਆ ਫ਼ੈਸਲਾ ਹੀ ਭਵਿੱਖ ਦੀਆਂ ਗੰਭੀਰ ਜਟਿਲਤਾਵਾਂ ਤੋਂ ਬਚਾਅ ਸਕਦਾ ਹੈ।

## * ਚੂੰਝਾਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਮੌਜੂਦਾ ਹਾਲਾਤ ਵਿਚ ਸਮੁੱਚੇ ਸਿੱਖ ਪੰਥ ਦਾ ਇਕੱਠੇ ਹੋਣਾ ਬਹੁਤ ਜ਼ਰੂਰੀ- ਗਿ.ਹਰਪ੍ਰੀਤ ਸਿੰਘ**

-ਸ਼ਾਹ ਮੁਹੰਮਦਾ ਆਖਦੇ ਲੋਕ ਸਿੰਘ ਜੀ, ਤੁਸੀਂ ਚੰਗੀਆਂ ਪੂਰੀਆਂ ਪਾ ਆਏ।

***ਸੰਸਦ ਦੇ ਬਾਹਰ ਐਨ.ਡੀ.ਏ. ਅਤੇ ਇੰਡੀਆ ਬਲਾਕ ਆਹਮੋ-ਸਾਹਮਣੇ- ਇਕ ਖ਼ਬਰ**

-ਕੁੰਢੀਆਂ ਦੇ ਸਿੰਙ ਫ਼ਸ ਗਏ, ਕੋਈ ਨਿੱਤਰੂ ਵੜੇਵੇਂ ਖਾਣੀ।



***ਪ੍ਰਧਾਨ ਮੰਤਰੀ ਮੋਦੀ ਦੇ ਨਿਵਾਸ ਅੱਗੇ ਕਾਂਗਰਸ ਦਾ ਪ੍ਰਦਰਸ਼ਨ- ਇਕ ਖ਼ਬਰ**

-ਤੇਰੇ ਬੂਹੇ ਅੱਗੇ ਡਾਂਗ ਖੜਕਾਉਣੀ, ਦਾਰੂ ਪੀ ਕੇ ਮਿੱਤਰਾਂ ਨੇ।



***ਝੂੰਦਾਂ ਤੇ ਉਮੈਦਪੁਰ ਸਮੇਤ ਕਈ ਆਗੂਆਂ ਵਲੋਂ ਵਾਰਸ ਪੰਜਾਬ ਦਾ ਸਮਰਥਨ- ਇਕ ਖ਼ਬਰ**

-ਛੱਡ ਗਈ ਯਾਰ ਪੁਰਾਣੇ, ਨਵਿਆਂ ਦੇ ਸੰਗ ਲੱਗ ਕੇ।




***ਈਰਾਨ ਨਾਲ ਜੰਗ ਵਿਚ ਅਮਰੀਕਾ ਨੇ 37.5 ਅਰਬ ਡਾਲਰ ਕੀਤੇ ਸੁਆਹ- ਇਕ ਖ਼ਬਰ**

-ਢਿੱਡ ਛਿੱਲ ਲਿਆ ਬੋਸਕੀ ਵਰਗਾ, ਰੋੜਾਂ ਵਾਲ਼ੀ ਕੰਧ ਟੱਪ ਕੇ।



***ਪਾਕਿਸਤਾਨ ਨੇ ਅਮਰੀਕਾ ਤੋਂ ਮੰਗੀ 10 ਅਰਬ ਡਾਲਰ ਦੀ ਮਦਦ- ਇਕ ਖ਼ਬਰ**

-ਤੁਸੀਂ ਕਰੋ ਅਸਾਡੀ ਕਾਰੀ ਜੀ, ਹੁਣ ਹੋ ਗਈ ਮੁਸ਼ਕਿਲ ਭਾਰੀ ਜੀ।



***ਭਾਜਪਾ ਪੰਜਾਬ ਨੂੰ ਮੁੜ ਨੰਬਰ ਇਕ 'ਤੇ ਲਿਆਵੇਗੀ- ਜਾਖੜ**

-ਲੱਸੀ ਲੈਣ ਦੇ ਬਹਾਨੇ ਆਉਂਦੇ, ਛੜਿਆਂ ਦੀ ਨੀਤ ਬੁਰੀ।



***ਹਰਿਆਣੇ ਦੇ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਸ਼ੰਭੂ ਬਾਰਡਰ 'ਤੇ ਕਿਸਾਨਾਂ ਦਾ ਧਰਨਾ ਸਮਾਪਤ- ਇਕ ਖ਼ਬਰ**

-ਮੇਰੇ ਜੇਠ ਦੇ ਪੁੱਠੇ ਦਿਨ ਆਏ, ਕਿੱਕਰਾਂ ਨੂੰ ਪਾਵੇ ਜੱਫੀਆਂ।



***ਪੰਜਾਬ ਕਾਂਗਰਸ ਦੇ ਸਾਰੇ ਆਗੂ ਹੁਣ ਇਕਜੁੱਟ- ਭੂਪੇਸ਼ ਪਟੇਲ**

-ਟੱਪ ਟੱਪ ਮਾਰਦੀ ਛੜੱਪੇ, ਪੰਸੇਰੀ ਡੱਡੂਆਂ ਦੀ।



***ਜੰਤਰ ਮੰਤਰ ਦੇ ਪ੍ਰਦਰਸ਼ਨਕਾਰੀਆਂ ਲਈ ਖੁੱਲ੍ਹੇ ਬੰਗਲਾ ਸਾਹਿਬ ਗੁਰਦੁਆਰੇ ਦੇ ਦਰਵਾਜ਼ੇ- ਇਕ ਖ਼ਬਰ**

-ਗੁੜ੍ਹਤੀ ਗੁਰੂ ਨੇ ਸਿੱਖ ਨੂੰ ਦਿਤੀ ਐਸੀ, ਵਿਚ ਜੰਗ ਦੇ ਵੀ ਵੈਰੀ ਨੂੰ ਪਿਆਏ ਪਾਣੀ।



***ਇਰਾਨ ਦੀ ਯੂ.ਏ.ਈ. ਨੂੰ ਧਮਕੀ, ਅਮਰੀਕਾ ਦਾ ਸਾਥ ਨਾ ਛੱਡਣ 'ਤੇ ਹੋਵੇਗਾ ਭਾਰੀ ਨੁਕਸਾਨ- ਇਕ ਖ਼ਬਰ**

-ਦਾਲ ਦਗ਼ਾ ਫਿਰੰਗੀਆਂ ਵਿਚ ਭਾਰਾ, ਆਕਲ ਆਖਦੇ ਆਦਿ ਜੁਗ-ਾਦਿ ਸਾਰੇ।

***ਨੀਟ 2024 ਦੇ ਪੇਪਰ ਲੀਕ ਮਾਮਲੇ ਦੇ ਮੁੱਖ ਦੋਸ਼ੀ ਨੂੰ ਮਿਲੀ ਕਲੀਨ ਚਿਟ- ਖ਼ਬਰ**

-ਕਲੀਨ ਚਿਟ ਨਾ ਦੇ ਕੇ ਅਗਲਿਆਂ ਨੇ ਲੱਖਾਂ ਕਰੋੜਾਂ ਦੇ ਕਾਰੋਬਾਰ ਦਾ ਭੱਠਾ ਬਿਠਾਉਣਾ।



***ਪੰਜਾਬ ਕਾਂਗਰਸ ਦੇ ਮਾਮਲੇ 'ਚ ਰਾਹੁਲ ਗਾਂਧੀ ਸਿੱਧਾ ਦਖ਼ਲ ਕਿਉਂ ਨਹੀਂ ਦੇ ਰਹੇ?- ਇਕ ਸਵਾਲ**

-ਦਲਾਲੀ ਕੋਲ਼ਿਆਂ ਦੀ, ਮੂੰਹ ਕਾਲ਼ਾ ਨਾ ਕਰਵਾਈਏ।

***ਕੈਨੇਡਾ 'ਚ ਚੋਰੀਆਂ ਕਰਦੇ ਪੰਜਾਬੀਆਂ ਸਮੇਤ 32 ਵਿਅਕਤੀ ਗ੍ਰਿਫ਼ਤਾਰ- ਇਕ ਖ਼ਬਰ**

-ਬਦਨਾਮ ਭੀ ਹੋਂਗੇ ਤੋ ਕਿਆ ਨਾਮ ਨਾ ਹੋਗਾ।



***ਜੇ ਕਰ ਟਰੰਪ ਨੇ ਨਵੇਂ ਟੈਰਿਫ਼ ਲਗਾਏ ਤਾਂ ਕੈਨੇਡਾ ਜਵਾਬ ਦੇਵੇਗਾ- ਪ੍ਰਧਾਨ ਮੰਤਰੀ ਕਾਰਨੀ**

-ਜਦੋਂ ਕੱਢ ਕੇ ਵਹੀ ਲੇਖਾ ਮੰਗਿਆ, ਫੇਰ ਕੀ ਜਵਾਬ ਦੇਵੇਂਗਾ।

# Gen Z 'ਤੇ ਕੰਗਨਾ ਰਣੌਤ ਦੀ ਟਿੱਪਣੀ ਨਾਲ ਵਿਵਾਦ, ਵਿਰੋਧੀਆਂ ਨੇ ਚੁੱਕੇ ਸਵਾਲ



ਭਾਜਪਾ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਦੇ Gen Z ਨੌਜਵਾਨਾਂ ਬਾਰੇ ਕੀਤੇ ਬਿਆਨ ਨੂੰ ਲੈ ਕੇ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਕੰਗਨਾ ਨੇ ਦਿੱਲੀ ਦੇ ਜੰਤਰ-ਮੰਤਰ ਤੇ ਪ੍ਰਦਰਸ਼ਨ ਕਰ ਰਹੇ ਕੁਝ ਨੌਜਵਾਨਾਂ ਦੀ ਆਲੋਚਨਾ ਕਰਦਿਆਂ ਤਿੱਖੀ ਟਿੱਪਣੀ ਕੀਤੀ, ਜਿਸ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਤੇ ਨਿਸ਼ਾਨਾ ਸਾਧਿਆ ਹੈ।ਕੰਗਨਾ ਰਣੌਤ ਨੇ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਪ੍ਰਦਰਸ਼ਨ ਨਾਲ ਜੁੜੀਆਂ ਵੀਡੀਓਜ਼ ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਪ੍ਰਦਰਸ਼ਨ ਦੌਰਾਨ ਵਰਤੀ ਜਾ ਰਹੀ ਭਾਸ਼ਾ ਅਤੇ ਵਿਵਹਾਰ ਉਨ੍ਹਾਂ ਨੂੰ ਪਸੰਦ ਨਹੀਂ ਆਇਆ। ਉਨ੍ਹਾਂ ਨੇ Gen Z ਨੌਜਵਾਨਾਂ ਦੀ ਕਾਰਗੁਜ਼ਾਰੀ ਤੇ ਸਖ਼ਤ ਟਿੱਪਣੀਆਂ ਕੀਤੀਆਂ।ਉਨ੍ਹਾਂ ਦੇ ਬਿਆਨ ਤੋਂ ਬਾਅਦ ਕਾਂਗਰਸ ਅਤੇ ਹੋਰ ਵਿਰੋਧੀ ਆਗੂਆਂ ਨੇ ਭਾਜਪਾ ਸੰਸਦ ਮੈਂਬਰ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਨੌਜਵਾਨਾਂ ਬਾਰੇ ਇਸ ਤਰ੍ਹਾਂ ਦੀ ਭਾਸ਼ਾ ਵਰਤਣਾ ਠੀਕ ਨਹੀਂ ਹੈ।ਸੋਸ਼ਲ ਮੀਡੀਆ ਤੇ ਵੀ ਕੰਗਨਾ ਦੇ ਬਿਆਨ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ। ਕਈ ਯੂਜ਼ਰਾਂ ਨੇ ਉਨ੍ਹਾਂ ਦੀ ਟਿੱਪਣੀ ਤੇ ਇਤਰਾਜ਼ ਜਤਾਇਆ, ਜਦਕਿ ਕੁਝ ਲੋਕਾਂ ਨੇ ਪ੍ਰਦਰਸ਼ਨਾਂ ਦੌਰਾਨ ਅਨੁਸ਼ਾਸਨ ਅਤੇ ਭਾਸ਼ਾ ਦੇ ਮੁੱਦੇ ਤੇ ਉਨ੍ਹਾਂ ਦੇ ਵਿਚਾਰਾਂ ਦਾ ਸਮਰਥਨ ਕੀਤਾ।ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ Gen Z ਨਾਲ ਜੁੜੇ ਪ੍ਰਦਰਸ਼ਨਾਂ ਅਤੇ ਨੌਜਵਾਨਾਂ ਦੀ ਭੂਮਿਕਾ ਨੂੰ ਲੈ ਕੇ ਦੇਸ਼ ਭਰ ਵਿੱਚ ਚਰਚਾ ਚੱਲ ਰਹੀ ਹੈ।

## ਢੰਗ ਮਨਚੰਦੇ ਦੇ


rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ





# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

| | |
|---|---|
| ਮੂਲੀ | Radish |
| ਘਰ ਦਾ ਸਮਾਨ | Households |
| ਅੰਗੀਠੀ | Oven |
| ਥਾਲ | Plate |
| ਚਾਕੂ | Knife |
| ਚਮਚਾ | Spoon |
| ਕੌਲੀ | Bowl |
| ਮੰਜਾ | Bed |
| ਰਜਾਈ | Quilt |
| ਕੰਬਲ | Blanket |
| ਕੜਛੀ | Serving Spoon |
| ਚਿਮਟਾ | Tongs |
| ਭੂਗੋਲਿਕ | Geographics |
| ਥਲ | Land |
| ਦੇਸ਼ | Country |
| ਪ੍ਰਾਂਤ | Province |
| ਕੌਮ | Nation |
| ਜੰਗਲ | Forest |
| ਨਦੀ | River |
| ਝੀਲ | Lake |
| ਬਾਜ਼ਾਰ | Market |
| ਜਿਲਾ | District |
| ਸ਼ਹਿਰ | City |
| ਕਸਬਾ | Town |
| ਪਿੰਡ | Village |

Sikhya - Gurmukhi vii V1.1


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ


PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388



Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਪ੍ਰਧਾਨ ਮੰਤਰੀ ਦੀ ਆਮਦ ਕਾਰਨ ਪੀ.ਜੀ.ਆਈ. ਵਿਖੇ ਆਲੇ ਦੁਆਲੇ ਆਇਆ ਬਦਲਾਅ ਬਰਕਰਾਰ ਰਹੇ

ਮੇਜਰ ਸਿੰਘ ਨਾਭਾ
ਮੋ. 9463553962



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੰਡੀਗੜ੍ਹ 17 ਜੁਲਾਈ 2026 ਦੀ ਫੇਰੀ ਤੋਂ ਇੱਕ ਦਿਨ ਪਹਿਲਾਂ ਮੈਂ ਨਵੀਂ ਓ. ਪੀ. ਡੀ. ਵਿੱਚ ਐਨ. ਐਮ. ਡੀ. ਵਿਭਾਗ 'ਚ ਮੇਰੇ ਕਰ ਰਹੇ ਇਲਾਜ਼ ਨਾਲ ਸਬੰਧਤ ਡਾਕਟਰ ਨੇ ਰੈਫਰ ਕੀਤੀ ਸਲਾਹ ਸਬੰਧਤ ਡਾਕਟਰ ਤੋਂ ਲੈਣੀ ਸੀ। ਪਹਿਲੀ ਵਾਰ ਮੈਂ ਪੀ.ਜੀ.ਆਈ. ਦਾ ਆਲਾ ਦੁਆਲਾ ਜੰਗੀ ਪੱਧਰ ਤੇ ਸਾਫ ਹੁੰਦਾ ਦੇਖਿਆ। ਕੁਝ ਨੂੰ ਛੱਡ ਕੇ ਬਹੁਤੇ ਫੜ੍ਹੀਆਂ ਵਾਲੇ ਪ੍ਰਸ਼ਾਸ਼ਨ ਨੇ ਉਥੋਂ ਹਟਾਏ ਹੋਏ ਸਨ। ਸੜਕਾਂ ਦੇ ਕਿਨਾਰੇ ਕਾਫੀ ਹੱਦ ਤੱਕ ਸਾਫ ਅਤੇ ਖੁੱਲ੍ਹੈ ਦਿਖਾਈ ਦਿੰਦੇ ਸਨ, ਹੁਣ ਪੈਦਲ ਲੰਘਣਾ ਸੌਖਾ ਸੀ। ਸੜਕਾਂ ਤੋਂ ਮਿੱਟੀ ਤੱਕ ਚੁੱਕ ਕੇ ਲਿਜਾਈ ਜਾ ਰਹੀ ਸੀ। ਪਤਾ ਲੱਗਾ ਕਿ ਪ੍ਰਧਾਨ ਮੰਤਰੀ ਨੇ ਇਥੇ ਕਈ ਨਵੇਂ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਾ ਸੀ। ਪ੍ਰਸ਼ਾਸ਼ਨ ਨੂੰ ਇਸੇ ਤਰ੍ਹਾਂ ਰੋਜ਼ਾਨਾ ਆਲੇ ਦੁਆਲੇ ਦੀ ਸਫਾਈ ਅਤੇ ਲੋਕਾਂ ਦੀ ਸਹੂਲਤ ਲਈ ਰਸਤੇ ਖੁੱਲ੍ਹੇ ਰੱਖਣੇ ਚਾਹੀਦੇ ਹਨ। ਫਿਰ ਵੀ ਕਈ ਫਰੂਟ ਵਾਲੇ, ਚਾਹ ਵਾਲੇ, ਸਮੋਸੇ ਵਾਲੇ ਗਿਆਰਾਂ ਦੀ ਮਾਰਕੀਟ ਵਿੱਚ ਉਪਨ 'ਚ ਆਪਣੀ ਦੁਕਾਨਦਾਰੀ ਚਲਾ ਰਹੇ ਸਨ। ਪ੍ਰਸ਼ਾਸ਼ਨ ਦੀ ਉਨ੍ਹਾਂ ਉੱਪਰ ਜਰੂਰ ਸਵੱਲੀ ਨਜ਼ਰ ਹੋਵੇਗੀ। ਮੈਂ ਸਵੇਰੇ ਅੱਠ ਵਜੇ ਕਰੀਬ ਪਹੁੰਚ ਐਨੀ ਵੱਡੀ ਗਿਣਤੀ ਵਿੱਚ ਮਰੀਜ਼ ਦੇਖ ਹੈਰਾਨ ਹੋਇਆ, ਗੇਟ ਵੜ੍ਹਦੇ ਹੀ ਲੰਘਣ ਲਈ ਕੋਈ ਸਿੱਧਾ ਰਸਤਾ ਨਹੀਂ ਸੀ ਇੱਕ ਦੂਜੇ ਨਾਲ ਖਹਿ ਕੇ ਹੀ ਲੰਘਿਆ ਜਾਂਦਾ ਸੀ। ਇਥੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ ਨਵੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ ਵੱਖ-ਵੱਖ ਵਿਭਾਗਾਂ ਵਿੱਚ ਹਜ਼ਾਰਾਂ ਵਿੱਚ ਦਿਖਾਈ ਦੇਂਦੇ ਹਨ।

ਮੈਂ ਪਿਛਲੇ ਛੇ ਸਾਲਾਂ ਤੋਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ। ਇਥੇ ਭਾਰਤ ਦੇ ਸਾਰੇ ਰਾਜਾਂ ਦੇ ਮਰੀਜ਼ ਇਲਾਜ਼ ਕਰਵਾਉਣ ਆਉਂਦੇ ਹਨ। ਮਰੀਜ਼ਾਂ ਦੀ ਗਿਣਤੀ ਵੱਧਦੀ ਦੇਖ ਪਿਛਲੇ ਸਮੇਂ ਨਵੀਂ ਓ.ਪੀ.ਡੀ. ਮਰੀਜ਼ਾਂ ਨੂੰ





ਬੇਹਤਰ ਸੇਵਾਵਾਂ ਦੇਣ ਲਈ ਖੋਲ੍ਹੀ ਗਈ। ਇਥੇ ਵੀ ਹਜ਼ਾਰਾਂ ਮਰੀਜ਼ਾਂ ਦੀ ਲੰਬੀਆਂ ਲਾਈਨਾਂ ਵੱਖ-ਵੱਖ ਕਾਊਂਟਰਾਂ ਤੇ ਸਵੇਰੇ ਹੀ ਇਲਾਜ਼ ਲੈਣ ਲਈ ਨਵੇਂ ਕਾਰਡ ਬਣਾਉਣ ਜਾਂ ਐਂਟਰੀ ਕਰਵਾਉਣ ਨੂੰ ਦੇਖਣ ਨੂੰ ਮਿਲਦੀਆਂ ਹਨ ਮੈਨੂੰ ਵੀ ਦੋ ਘੰਟੇ ਕਾਰਡ ਬਣਵਾਉਣ ਲਈ ਲੱਗੇ। ਇਨ੍ਹਾਂ ਕਾਊਂਟਰਾਂ ਨੂੰ ਵੀ ਵਧਾਉਣ ਦੀ ਲੋੜ ਹੈ। ਅਗਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 4700 ਕਰੋੜ ਤੋਂ ਵੱਧ ਰੁਪਏ ਦੇ ਚੰਡੀਗੜ੍ਹ ਵਿੱਚ ਨਵੇਂ ਪ੍ਰੋਜੈਕਟਾਂ ਲਈ ਉਦਘਾਟਨ ਕੀਤੇ ਹਨ। ਹੋਰ ਵਧੇਰੇ ਵਧੀਆ ਸਿਹਤ ਸੰਭਾਲ ਲਈ ਪੀ.ਜੀ.ਆਈ. ਵਿੱਚ ਅਡਵਾਂਸਿਡ ਮਦਰ ਐਂਡ ਚਾਈਲਡ ਸੈਂਟਰ ਅਤੇ ਅਡਵਾਂਸਿਡ ਨਿਊਰੋਸਾਇੰਸਜ਼ ਸੈਂਟਰ ਦਾ ਉਦਘਾਟਨ ਕੀਤਾ। ਉਨ੍ਹਾਂ ਨੇ 150 ਬੈਡ ਸਟੇਟ ਆਫ ਦਾ ਆਰਟ ਕਰਿਟੀਕਲ ਕੇਅਰ ਬਲਾਕ ਦਾ ਨੀਂਹ ਪੱਥਰ ਵੀ ਰੱਖਿਆ ਇਸ ਨਾਲ ਉੱਤਰੀ ਖਿੱਤੇ ਦੇ ਮਰੀਜ਼ਾਂ ਨੂੰ ਰਾਹਤ ਮਿਲੇਗੀ। ਹੋਰ ਸਹੂਲਤਾਂ ਵੀ ਸਮੇਂ ਦੀ ਲੋੜ ਅਨੁਸਾਰ ਦੇਣੀਆਂ ਬਣਦੀਆਂ ਹਨ ਜਿਵੇਂ ਪਾਰਕਿੰਗ ਦੀ ਘਾਟ ਕਾਰਨ ਮਰੀਜ਼ਾਂ ਨਾਲ ਆਏ ਲੋਕਾਂ ਨੂੰ ਬਾਹਰ ਸੜਕ ਕਿਨਾਰੇ ਆਪਣੇ ਰਿਸਕ ਤੇ ਹੀ ਗੱਡੀ ਖੜ੍ਹਾਉਣੀ ਪੈਂਦੀ ਹੈ। ਬਾਹਰਲੀ ਮੇਨ ਸੜਕ ਦੇ ਦੋਹੀਂ ਪਾਸੇ ਵਾਹਨਾਂ ਖੜ੍ਹੇ ਹੁੰਦੇ ਹਨ, ਕਈ ਵਾਹਨ ਅੱਧੇ ਸੜਕ ਅਤੇ ਅੱਧੇ ਫੁੱਟ ਪੱਥ ਤੇ ਖੜ੍ਹੇ ਹੁੰਦੇ ਹਨ। ਇਸ ਨਾਲ ਫੁੱਟ ਪੱਥ ਦੀਆਂ ਟਾਈਲਾਂ ਵੀ ਟੁੱਟੀਆਂ ਜਾਂ ਉੱਖੜੀਆਂ ਹੋਈਆਂ ਹਨ। ਜੇ ਇਸੇ ਤਰ੍ਹਾਂ ਪ੍ਰਸਾਸ਼ਨ ਅਗਿਆ ਦਿੰਦਾ ਹੈ ਤਾਂ ਇਸ ਥਾਂ ਨਿਸਚਿਤ ਪਾਰਕਿੰਗ ਹੀ ਕਿਉਂ ਨਹੀਂ ਬਣਾ ਦਿੱਤੀ ਜਾਂਦੀ, ਜਿਸ ਨਾਲ ਸੁਰੱਖਿਅਤ ਪੱਖੋਂ ਅਤੇ ਬੇਤਰਤੀਬੇ ਖੜ੍ਹੇ ਵਾਹਨਾਂ ਤਰਤੀਬ 'ਚ ਖੜ੍ਹਨ ਦਾ ਵੀ ਪ੍ਰਬੰਧ ਹੋ ਜਾਵੇਗਾ।

ਐਮਰਜੈਂਸੀ ਸਾਹਮਣੇ ਬਣੀ ਪਾਰਕਿੰਗ ਵਿੱਚ ਗੱਡੀ ਖੜ੍ਹਾ ਦੇਣ ਬਾਦ ਉਥੋਂ ਕੱਢਣੀ ਮੁਸਕਲ ਹੋ ਜਾਂਦੀ ਹੈ। ਪਾਰਕਿੰਗ ਸਟਾਫ ਦਾ ਕੋਈ ਤਰਤੀਬ ਵਿੱਚ ਗੱਡੀਆਂ ਨੂੰ ਖੜ੍ਹਵਾਉਣ ਲਈ ਸਟਾਫ ਮੈਂਬਰ ਗਾਈਡ ਨਹੀਂ ਕਰਦਾ, ਕਈ ਵਾਰੀ ਤਾਂ ਜਗ੍ਹਾ ਨਾ ਮਿਲਣ ਤੇ ਵਾਪਸ ਬਾਹਰ ਆਉਣਾ ਪੈਂਦਾ ਹੈ। ਜੇਕਰ ਮਰੀਜ਼ ਆਪ ਗੱਡੀ ਲਿਜਾਂਦਾ ਹੈ ਤਾਂ ਉਸ ਨੂੰ ਗੱਡੀ ਖੜ੍ਹਾਉਣ 'ਚ ਵੱਧ ਸਮਾਂ ਲੱਗਣ ਤੇ ਡਾਕਟਰ ਨੂੰ ਮਿਲਣ ਦੀ ਵਾਰੀ ਲੇਟ ਹੋ ਜਾਂਦੀ ਹੈ। ਇਹ ਸਾਰੀ ਜਗ੍ਹਾਂ ਕੱਚੀ ਹੈ, ਇਥੇ ਖਾਣ ਪੀਣ ਦੀਆਂ ਚੀਜ਼ਾਂ ਦੇ ਸੁੱਟਣ ਲਈ ਕੋਈ ਪ੍ਰਬੰਧ ਨਹੀਂ ਸਾਰੀ ਪਾਰਕਿੰਗ ਗੰਦੇ ਫੋਕਟ ਸਮਾਨ ਨਾਲ ਭਰੀ ਹੋਈ ਹੈ, ਮੀਂਹ ਪੈਣ ਤੇ ਅੰਦਰ ਜਾਣਾ ਅਤੇ ਬਾਹਰ ਆਉਣਾ ਬੜ੍ਹਾ ਮੁਸਕਲ ਹੁੰਦਾ ਹੈ ਅਤੇ ਦਰਗੰਧ ਵੀ ਨੱਕ ਨੂੰ ਮਿਲਦੀ ਹੈ। ਪਾਰਕਿੰਗ ਦੀ ਸਫਾਈ ਵੱਲ ਕੋਈ ਧਿਆਨ ਨਹੀਂ। ਕਈ ਕਈ ਦਿਨ ਦੀਆਂ ਖੜ੍ਹੀਆਂ ਗੱਡੀਆਂ ਉੱਪਰ ਮਿੱਟੀ ਜੰਮ ਜਾਂਦੀ ਹੈ ਇਸ ਲਈ ਇਹ ਪਾਰਕਿੰਗ ਲਈ ਸੈਂਡ ਦਾ ਪ੍ਰਬੰਧ ਅਤੇ ਕੱਚੀ ਜਗ੍ਹਾ ਨੂੰ ਪੱਕੀ ਕਰਕੇ ਤਰਤੀਬ ਨਾਲ ਗੱਡੀਆਂ ਖੜ੍ਹਾਉਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਨਵੀਂ ਓ.ਪੀ.ਡੀ. ਨੇੜਲੀ ਬਹੁ-ਮੰਜਲੀ ਪਾਰਕਿੰਗ ਅਜੇ ਅਧੂਰੀ ਹੈ, ਉਸ ਦੀਆਂ ਮੰਜ਼ਲਾਂ ਹੋਰ ਵਧਾਈਆਂ ਜਾ ਸਕਦੀਆਂ ਹਨ। ਇਥੇ ਪਾਰਕਿੰਗਾਂ ਦੀ ਫੀਸ ਜਰੂਰ 10 ਰੁਪਏ ਹੈ ਜੇ ਡਬਲ ਵੀ ਹੋਵੇ ਤਾਂ ਕੋਈ ਜ਼ਿਆਦਾ ਨਹੀਂ ਜਿਸ ਨਾਲ ਬੇਹਤਰ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ। ਗਿਆਰਾਂ ਸੈਕਟਰ ਦੀ ਮਾਰਕੀਟ ਵਿੱਚ ਵੀ ਦਵਾਈਆਂ ਦੀਆਂ ਦੁਕਾਨਾਂ ਮੂਹਰੇ ਵਾਹਨਾਂ ਦੀ ਭਰਮਾਰ ਹੁੰਦੀ ਹੈ। ਬਹੁਤ ਸਾਰੇ ਲੋਕ ਇਥੇ ਹੀ ਖਾਲੀ ਜਗ੍ਹਾ ਦੇਖ ਆਪਣਾ ਵਾਹਨ ਖੜ੍ਹਾ ਕਰ ਜਾਂਦੇ ਹਨ। ਸਾਰਾ ਦਿਨ ਵਾਹਨ ਇਥੇ ਹੀ ਖੜ੍ਹਾ ਰਹਿੰਦਾ ਹੈ। ਅੰਦਰ ਜਗ੍ਹਾ ਨਾ ਹੋਣ ਕਾਰਨ ਦਵਾਈਆਂ ਲੈਣ ਵਾਲਿਆਂ ਨੂੰ ਸੜਕ ਤੇ ਹੀ ਵਾਹਨ ਖੜ੍ਹਾ ਕੇ ਆਉਣਾ ਪੈਂਦਾ ਹੈ, ਇਸ ਤਰ੍ਹਾਂ ਦਵਾਈਆਂ ਲੈਣ ਦੀ ਵੀ ਸਮੱਸਿਆ ਆਉਂਦੀ ਹੈ। ਇਹ ਪਾਰਕਿੰਗ ਦੀ ਘਾਟ ਸਦਕਾ ਹੀ ਹੈ।

ਆਮ ਦਿਨਾਂ ਵਿੱਚ ਇਥੇ ਫਰੂਟ ਵਾਲੇ, ਚਾਹ ਵਾਲੇ, ਹੋਰ ਵਸਤਾਂ ਵੇਚਣ ਵਾਲੇ ਆਮ ਫੁੱਟ ਪੱਥਾਂ ਉੱਪਰ ਖੜ੍ਹੇ ਨਜ਼ਰ ਆਉਂਦੇ, ਖਾਣ ਵਾਲੀਆਂ ਵਸਤਾਂ ਨੰਗੀਆਂ ਰੱਖੀਆਂ ਹੁੰਦੀਆਂ ਹਨ ਜੋ ਲੋਕ ਆਪਣੇ ਮਰੀਜ਼ਾਂ ਲਈ ਖਰੀਦ ਕੇ ਲੈ ਜਾਂਦੇ ਹਨ। ਪੀ.ਜੀ.ਆਈ. ਅੰਦਰ ਫਰੂਟ ਅਤੇ ਹੋਰ ਖਾਣ ਪੀਣ ਦੀਆਂ ਦੁਕਾਨਾਂ ਵੀ ਨਿਸਚਿਤ ਯੋਗ ਜਗ੍ਹਾ ਤੇ ਹੋਣੀਆਂ ਚਾਹੀਦੀਆਂ ਹਨ। ਫੁੱਟ-ਪੱਥਾਂ ਦੀਆਂ ਟਾਈਲਾਂ ਵੀ ਉੱਖੜੀਆਂ ਹੋਈਆਂ ਹਨ, ਗਰਿੱਲਾਂ ਟੱਟੀਆਂ ਹੋਈਆਂ ਹਨ, ਰੰਗ ਰੋਗਣ ਦੀ ਘਾਟ ਹੈ। ਮਰੀਜ਼ਾਂ ਵਾਂਗ ਪੀ.ਜੀ.ਆਈ. ਦਾ ਆਲਾ ਦੁਆਲਾ ਵੀ ਮੁਰਝਾਇਆ ਪਿਆ ਹੈ, ਫੁੱਲਾਂ ਵਾਲੇ ਪੌਦੇ ਬਾਹਰਲੀ ਦਿੱਖ ਨੂੰ ਨਿਖਾਰ ਸਕਦੇ ਹਨ। ਸਿਹਤ ਸਹੂਲਤਾਂ ਦੇ ਨਾਲ ਪੀ.ਜੀ.ਆਈ. ਦਾ ਆਲਾ ਦੁਆਲਾ ਸਾਫ ਸੁੱਥਰਾ ਵੀ ਹੋਣਾ ਚਾਹੀਦਾ ਹੈ। ਸੋ ਚੰਡੀਗੜ੍ਹ ਦੇ ਮੁੱਖ ਪ੍ਰਸਾਸਕ ਨੂੰ ਇਨ੍ਹਾਂ ਸਮੱਸਿਆਵਾਂ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਜੋ ਪ੍ਰਧਾਨ ਮੰਤਰੀ ਇੱਕ ਦਿਨ ਦੀ ਫੇਰੀ ਕਾਰਨ ਬਦਲਾਅ ਹੋਇਆ ਉਹ ਹਮੇਸ਼ਾ ਬਰਕਰਾਰ ਹੋਣਾ ਚਾਹੀਦਾ ਹੈ।

# ਮਾਸਿਕ ਮੀਟਿੰਗ ਵਿੱਚ ਦੋ ਕਵਿਤਾਵਾਂ ਦੀਆਂ ਕਿਤਾਬਾਂ ਕੀਤੀਆਂ ਗਈਆਂ ਰਿਲੀਜ਼

ਲੁਧਿਆਣਾ (ਤੇਜਿੰਦਰ ਮਨਚੰਦਾ)-ਪ੍ਰੀਤ ਸਾਹਿਤ ਸਦਨ ਦੀ ਮਾਸਿਕ ਮੀਟਿੰਗ ਵਿੱਚ ਜਲੰਧਰ ਤੋਂ ਰਿਤੂ ਕਲਸੀ ਦੀ ਕਾਵਿ ਪੁਸਤਕ, "ਯੁੱਧ ਜਿਹਾਦ ਮੁਹੱਬਤ" ਅਤੇ ਖੰਨਾ ਤੋਂ ਕੇਵਲ ਸਾਹਨੀ



ਦੀ ਪਹਿਲੀ ਕਾਵਿ ਸੰਗ੍ਰਹਿ, "ਧੁੰਦ ਮੇਂ ਉਮੀਦ" ਰਿਲੀਜ਼ ਕੀਤੀ ਗਈ। ਕਿਤਾਬਾਂ ਬਾਰੇ ਪੜ੍ਹਦੇ ਹੋਏ, ਮਮਤਾ ਜੈਨ ਅਤੇ ਡਾ. ਰਮਨ ਸ਼ਰਮਾ ਨੇ ਨੋਟ ਕੀਤਾ ਕਿ ਦੋਵੇਂ ਸੰਗ੍ਰਹਿ ਰੋਜ਼ਾਨਾ ਜੀਵਨ ਵਿੱਚ ਜੜ੍ਹਾਂ ਰੱਖਦੇ ਹਨ, ਜੋ ਟਕਰਾਅ, ਗੁੱਸੇ ਅਤੇ ਮੁਕਾਬਲੇ ਦੇ ਨਾਲ-ਨਾਲ ਸਬਰ, ਸੰਜਮ, ਇਕਾਂਤ ਅਤੇ ਚੁੱਪ ਨੂੰ ਦਰਸਾਉਂਦੇ ਹਨ। ਸੀਨੀਅਰ ਸਾਹਿਤਕਾਰ ਡਾ. ਰਾਜੇਂਦਰ ਟੋਕੀ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ, ਜਿਸ ਵਿੱਚ ਡਾ. ਅਨਿਲ ਪਾਂਡੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਦੂਜੇ ਸੈਸ਼ਨ ਵਿੱਚ ਇੱਕ ਕਵਿਤਾ ਸੰਮੇਲਨ ਸ਼ਾਮਲ ਸੀ, ਜਿਸ ਵਿੱਚ ਲਗਭਗ 20 ਕਵੀਆਂ ਨੇ ਹਿੰਦੀ, ਪੰਜਾਬੀ, ਉਰਦੂ ਅਤੇ ਫਾਰਸੀ ਵਿੱਚ ਰਚਨਾਵਾਂ ਪੇਸ਼ ਕੀਤੀਆਂ। ਭਾਗੀਦਾਰਾਂ ਵਿੱਚ ਦਰਸ਼ਨ ਬੋਪਾਰਾਏ, ਪੰਮੀ ਹਬੀਬ, ਕੇਵਲ ਦੀਵਾਨਾ, ਪ੍ਰੋਫੈਸਰ ਦੀਪਕ, ਜਗਜੀਤ ਸਿੰਘ, ਗੁਰਮ, ਪਰਮਜੀਤ, ਕਮਲ ਪੁਰੀ, ਰਾਜੀਵ ਵਿਦਰੋਹੀ, ਸੀਮਾ ਭਾਟੀਆ, ਕਾਜਲ ਮਹਿਰਾ, ਗੀਤਾ ਵਰਮਾ, ਸਤਵੰਤ ਕਾਲਕਟ, ਤਰੁਣ ਜੀਤ ਗੁਲਾਟੀ, ਭਵਾਨੀ, ਰਾਜ ਤਿਵਾੜੀ, ਪਰਮਜੀਤ ਅਤੇ ਪ੍ਰਾਰਥਨਾ ਸ਼ਾਮਲ ਸਨ। ਜਲੰਧਰ ਤੋਂ ਆਏ ਡਾ. ਬਲਵਿੰਦਰ ਸਿੰਘ ਨੇ ਸਾਹਿਤ ਨਾਲ ਜੁੜਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

# ਅੰਬੀਆਂ ਦੇ ਦੇਸ ਦੀ ਸਿਆਸੀ ਮਿਠਾਸ-ਦਲਜੀਤ ਸਿੰਘ ਸਹੋਤਾ

**ਅਮਰੀਕਾ ਤੋਂ ਐਸ ਅਸ਼ੋਕ ਭੌਰਾ**

ਮਾਹਿਲਪੁਰ ਅੰਬਾਂ ਦੀ ਧਰਤੀ ਹੈ ਤੇ ਇਸੇ ਕਰਕੇ ਇਸ ਨੂੰ ਅੰਬੀਆਂ ਦਾ ਦੇਸ਼ ਵੀ ਕਿਹਾ ਜਾਂਦਾ ਹੈ, ਇਹ ਫੁੱਟਬਾਲਰਾਂ ਦਾ ਗੜ੍ਹ ਵੀ ਹੈ, ਅਰਜਨ ਅਵਾਰਡੀ ਜਰਨੈਲ ਸਿੰਘ ਮਾਹਿਲਪੁਰ ਨੇ ਹੀ ਦਿੱਤਾ ਹੈ, ਉੱਤਰੀ ਭਾਰਤ ਦਾ ਸਭ ਤੋਂ ਵੱਡਾ ਹਰਭਜਨ ਮੈਮੋਰੀਅਲ ਫੁੱਟਬਾਲ ਕੁੰਭ ਇਥੇ ਹੀ ਲੱਗਦਾ ਹੈ, ਕਦੇ ਸ਼ੌਂਕੀ ਮੇਲੇ ਕਰਕੇ ਵੀ ਇਹ ਸ਼ਹਿਰ ਚਰਚਾ ਵਿਚ ਰਿਹੈ ਤੇ ਇਥੋਂ ਚਾਰ ਕੁ ਕੋਹ ਦੂਰ ਦਲਜੀਤ ਸਿੰਘ ਸਹੋਤੇ ਦਾ ਪਿੰਡ ਹੈ-ਬਾੜੀਆਂ ਖੁਰਦ ਤੇ ਦਲਜੀਤ ਨੂੰ ਪੰਜਾਬ ਹੀ ਨਹੀਂ ਅਮਰੀਕਾ ਕੈਨੇਡਾ ਤੇ ਯੂਰਪ ਤੱਕ ਬੜੇ ਲੋਕ ਜਾਣਦੇ ਨੇ। ਕਿਉਂ ਜਾਣਦੇ ਨੇ ? ਕਿਵੇਂ ਜਾਣਦੇ ਨੇ ? ਇਹੀ ਰਹੱਸ ਸਾਂਝਾ ਕਰਨ ਲੱਗਾ ਹਾਂ। ਦਲਜੀਤ ਜਦੋਂ ਹੱਸ ਕੇ ਮਿਲਦਾ ਹੈ ਤਾਂ ਹਰ ਇੱਕ ਨੂੰ ਆਪਣਾ ਲੱਗਣ ਲੱਗਦਾ ਹੈ ਤੇ ਉਸ ਨੂੰ ਮਿਲ ਕੇ ਤੁਹਾਡਾ ਇਹ ਵਿਚਾਰ ਵੀ ਪੱਕਾ ਹੋ ਜਾਵੇਗਾ ਕਿ ਕਈ ਪਹਾੜ ਸੱਚੀਂ ਨੇੜਿਓਂ ਵੀ ਚੰਗੇ ਹੁੰਦੇ ਹਨ। ਭਾਵੇਂ ਦਲਜੀਤ ਸਹੋਤੇ ਨੇ ਕੋਈ ਚੋਣ ਨਹੀਂ ਲੜੀ ਪਰ ਰਾਜਨੀਤਿਕ ਗਲਿਆਰਿਆਂ ਵਿਚ ਉਹਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਤੁਸੀਂ ਹੈਰਾਨ ਹੋਵੋਗੇ ਕਿ ਉਹ ਕਾਂਗਰਸ ਨਾਲ ਜੁੜਿਆ ਹੋਇਆ ਹੈ ਪਰ ਉਹਦੇ ਅਕਾਲੀ ਵੀ ਗੂੜ੍ਹੇ ਮਿੱਤਰ ਨੇ, ਆਪ ਵਾਲੇ ਵੀ ਕਾਮਰੇਡ ਵੀ, ਬਸਪਾ ਵਾਲੇ ਵੀ, ਉਹ ਜਵਾਨਾਂ ਬਜ਼ੁਰਗਾਂ ਸਭ ਦਾ ਮਿੱਤਰ ਹੈ ਤੇ ਆਪਣੀ ਉਮਰ ਵਾਲਿਆਂ ਦਾ ਉਹ ਗੂੜ੍ਹਾ ਮਿੱਤਰ। ਰੰਗ ਗੋਰਾ, ਹੁਣ ਚਿੱਟੀ ਦਾੜੀ ਨਾਲ ਹੋਰ ਵੀ ਨਿਖਰ ਗਿਆ। ਸੱਚੀਂ ਉਹ ਅੰਬੀਆਂ ਦੇ ਦੇਸ਼ ਦੀ ਇੱਕ ਨਵੇਕਲੀ ਮਿਠਾਸ ਹੈ ਤੇ ਉਹਨੂੰ ਜਦੋਂ ਵੀ ਮਿਲੋਗੇ ਤਾਂ ਕਈ ਪੱਖਾਂ ਤੋਂ ਤੁਹਾਡਾ ਸਿਧਾਂਤ ਵੀ ਬਦਲ ਜਾਏਗਾ। ਆਮ ਤੌਰ ਤੇ ਭਾਵੇਂ ਕਿਹਾ ਜਾਂਦਾ ਹੈ ਕਿ ਚੰਗੇ ਲੋਕਾਂ ਦੀ ਦਿਲਚਸਪੀ ਪੁਸਤਕਾਂ, ਵਿਚਾਰਾਂ ਤੇ ਸਿਧਾਂਤਾਂ ਨਾਲ ਹੁੰਦੀ ਹੈ ਪਰ ਜਦੋਂ ਦਲਜੀਤ ਟੱਕਰੋਗੇ ਤਾਂ ਲੱਗੇਗਾ ਕਿ ਸਿਧਾਂਤ ਹੁੰਦੇ ਈ ਚੰਗੇ ਬੰਦਿਆਂ ਕੋਲ ਨੇ। ਜਿਵੇਂ ਮੁਹੰਮਦ ਸਦੀਕ ਨੂੰ ਉਮਰ ਨਹੀਂ ਘੇਰ ਰਹੀ ਉਵੇਂ ਦਲਜੀਤ ਸਹੋਤਾ ਵੀ ਬਚਿਆ ਹੋਇਆ ਹੈ। ਉਹ 30 ਕੁ ਸਾਲ ਪਹਿਲਾਂ ਵੀ ਉਦਾਂ ਦਾ ਹੀ ਸੀ ਜਿੱਦਾਂ ਦਾ ਅੱਜ ਐ। ਅਜਿਹੀ ਸਰੀਰਕ ਦਿੱਖ ਵਾਲੇ ਲੋਕਾਂ ਦੇ ਅੰਦਰ ਗੁਣਾਂ ਦੇ ਖਜ਼ਾਨੇ ਹੁੰਦੇ ਹੀ ਨੇ। ਉਹਦੀ ਇੱਕ ਖਾਸੀਅਤ ਹੈ ਉਹ ਸਾਹਿਤਕ ਮਹਿਫਲਾਂ ਵਿਚ ਵੀ ਮਿਲ ਪੈਂਦਾ ਹੈ, ਸੰਗੀਤਕ ਮੇਲਿਆਂ ਵਿਚ ਵੀ, ਖੇਡ ਮੈਦਾਨ ਵਿਚ ਵੀ ਤੇ ਸਿਆਸੀ ਮੰਚਾਂ 'ਤੇ ਵੀ। ਉਹ



ਰਾਹੁਲ ਗਾਂਧੀ ਨਾਲ ਵੀ ਗੱਲ ਵਕੜੀ ਹੋ ਰਿਹਾ ਹੁੰਦਾ ਹੈ, ਕੈਪਟਨ ਅਮਰਿੰਦਰ ਸਿੰਘ ਨਾਲ ਵੀ ਤੇ ਪ੍ਰਤਾਪ ਬਾਜਵੇ ਨਾਲ ਵੀ, ਆਥਣੇ ਰਾਜਕੁਮਾਰ ਚੱਬੇਵਾਲ ਦੀ ਜੱਫੀ 'ਚ ਹੁੰਦਾ ਹੈ ਤੇ ਸ਼ਾਮ ਨੂੰ ਕਿਸੇ ਅਕਾਲੀ ਨੇਤਾ ਦੇ ਪੁੱਤਰ ਦੇ ਵਿਆਹ ਦੀ ਪਾਰਟੀ ਵਿਚ।



ਜੁਲਾਈ 1957 ਵਿਚ ਜਨਮੇ ਦਲਜੀਤ ਸਿੰਘ ਸਹੋਤਾ ਦਾ ਪਿਛੋਕੜ ਸਧਾਰਨ ਕਿਰਸਾਨੀ ਪਰਿਵਾਰ ਵਾਲਾ ਹੈ। ਉਸ ਦੇ ਪਿਤਾ ਸੂਬੇਦਾਰ ਮਹਿੰਦਰ ਸਿੰਘ ਸਹੋਤਾ ਫੌਜ ਚ ਸੇਵਾ ਕਰਦੇ ਰਹੇ ਨੇ ਮਾਤਾ ਸੁਰਜੀਤ ਕੌਰ ਦੇ ਤਿੰਨ ਪੁੱਤਰਾਂ ਹਰਜੀਤ ਸਿੰਘ ਸਹੋਤਾ ਹਰਜਿੰਦਰ ਸਿੰਘ ਸਹੋਤਾ ਤੇ ਦਲਜੀਤ ਸਿੰਘ ਸਹੋਤਾ ਚੋਂ ਉਹ ਏਸ ਕਰਕੇ ਵੱਧ ਲਾਡਲਾ ਸੀ ਕਿ ਸਮਾਜਿਕ ਗਤੀਵਿਧੀਆਂ ਵਿੱਚ ਉਹ ਬਾਕੀ ਭਰਾਵਾਂ ਨਾਲੋਂ ਅੱਗੇ ਚਲਦਾ ਰਿਹਾ। ਖਾਲਸਾ ਕਾਲਜ ਮਾਹਿਲਪੁਰ ਵਿਚ ਪੜ੍ਹਦਿਆਂ ਉਸ ਨੂੰ ਰਾਜਨੀਤੀ ਦੀ ਚੇਟਕ ਲੱਗੀ। ਵਿਦਿਆਰਥੀ ਜਥੇਬੰਦੀ ਲਈ 1975 'ਚ ਪਹਿਲੀ ਚੋਣ ਲੜੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਜ਼ਦੀਕੀ ਸਾਥੀ ਰਹੇ ਨਰਿੰਦਰ ਪਾਲ ਸਿੰਘ ਹੁੰਦਲ ਦੇ ਯਤਨਾਂ ਨਾਲ ਉਹ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਹੁਸ਼ਿਆਰਪੁਰੋਂ ਜਿਲ੍ਹਾ ਪ੍ਰਧਾਨ ਬਣਿਆ, ਰਾਮੂਵਾਲੀਆ ਦੀ ਪ੍ਰੇਰਨਾ ਨਾਲੋਂ ਸਿਆਸਤ ਵਿਚ ਹੋਰ ਉੱਤਰਿਆ ਤੇ ਫਿਰ ਵਿਆਹ ਦੇ ਬੰਧਨਾਂ ਵਿਚ ਬੱਝ ਕੇ ਉਹ ਪਤਨੀ ਰਾਜ ਕੌਰ ਨਾਲ ਇੰਗਲੈਂਡ ਸਥਾਈ ਤੌਰ 'ਤੇ ਚਲਾ ਗਿਆ। ਜਿਹੜੇ ਲੋਕ ਲੈਸਟਰ ਜਾਂ ਇਸ ਏਰੀਏ 'ਚ ਵਸਦੇ ਨੇ ਉਹਨਾਂ ਨੂੰ ਪਤਾ ਹੈ ਕਿ ਦਲਜੀਤ ਕੋਲ ਮੁਹੱਬਤ ਦਾ ਕਿੱਡਾ ਵੱਡਾ ਕਲਾਵਾ ਹੈ, ਉਹਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਹੈ। ਵਿਦੇਸ਼ ਮੰਤਰੀ ਮਰਹੂਮ ਸਵਰਨ ਸਵਰਨ ਸਿੰਘ ਦੇ ਪੁੱਤਰ ਸਵ ? ਬਲਵੀਰ ਸਿੰਘ ਦੀ ਪ੍ਰੇਰਨਾ ਨਾਲ ਉਹ ਵੱਡੇ ਸਿਆਸਤ ਅਖਾੜੇ ਵਿਚ ਪ੍ਰਵੇਸ਼ ਹੋਇਆ ਪਰ ਕਦੀ ਇਹ ਇੱਛਾ ਨਹੀਂ ਜਾਗੀ ਕਿ ਕਾਂਗਰਸ ਪਾਰਟੀ ਤੋਂ ਟਿਕਟ ਮੰਗੀ ਜਾਵੇ ਪਰ ਉਹਦਾ ਇੱਕ ਸ਼ੌਕ ਸੀ ਕਿ ਸਿਆਸੀ ਲੋਕਾਂ ਨਾਲ ਨੇੜੇ ਹੋ ਕੇ ਵਿਚਰਨਾ, ਸਿਆਸੀ ਗੱਲਾਂ ਕਰਨੀਆਂ ਤੇ ਕੁਝ ਵਿਥ ਤੇ ਰਹਿ ਕੇ ਸਿਆਸਤ ਦੇ ਨਗਾਰਿਆਂ ਲਈ ਕਦੇ ਕਦੇ ਡਗਾ ਲਗਾਉਣਾ। ਉਹ ਪਹਿਲਾਂ ਇੰਡੀਅਨ ਓਵਰਸੀਜ਼ ਕਾਂਗਰਸ ਦਾ ਇੰਗਲੈਂਡ ਵਿਚ ਪ੍ਰਧਾਨ ਬਣਿਆ ਤੇ ਫਿਰ ਪੂਰੇ ਯੂਰਪ ਦਾ। ਕੇਵਲ ਢਿੱਲੋ ਵੀ ਉਹਦੇ ਗੂੜ੍ਹੇ ਮਿੱਤਰਾ ਵਿਚੋਂ ਇੱਕ ਸੀ। ਉਹ ਕਈ ਵਾਰੀ ਆਖਦਾ ਕਿ ਮੈਂ ਰਾਜਨੀਤਿਕ ਸ਼ਾਸਤਰ ਦੀ ਐਮਏ ਇਸ ਕਰਕੇ ਹੀ ਕੀਤੀ ਸੀ ਕਿ ਰਾਜਨੀਤੀ ਦੇ ਰੰਗ ਮਾਣਾਂਗਾ। 1990 ਤੋਂ 2017 ਤੱਕ ਉਹ ਇੰਡੀਅਨ ਓਵਰਸੀਜ਼ ਕਾਂਗਰਸ ਦਾ ਪ੍ਰਧਾਨ, ਬੇਅੰਤ ਸਿੰਘ ਤੋਂ ਲੈ ਕੇ ਕੈਪਟਨ ਅਮਰਿੰਦਰ ਸਿੰਘ ਤੱਕ ਉਹ ਸਿਆਸੀ ਤੌਰ ਤੇ ਮੁੱਖ ਮੰਤਰੀਆਂ ਦੇ ਬਹੁਤ ਨਜ਼ਦੀਕੀ ਰਿਹਾ। 2019-22 ਤੱਕ ਉਹ ਐਨਆਰਆਈ ਕਮਿਸ਼ਨ ਦਾ ਮੈਂਬਰ ਬਣਿਆ ਤੇ ਪ੍ਰਵਾਸੀ ਭਰਾਵਾਂ ਦੇ ਮਸਲਿਆਂ ਨੂੰ ਨੇੜੇ ਤੋਂ ਜਾਣਦਾ ਹੋਣ ਕਰਕੇ ਇਹਨਾਂ ਨੂੰ ਹੱਲ ਕਰਵਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਦਲਜੀਤ ਸਹੋਤਾ ਜਦੋਂ ਬੁੱਲ੍ਹਾਂ ਵਿਚ ਹੱਸਦਾ ਹੋਵੇ, ਅੱਖਾਂ ਘੁੱਟ ਲਵੇ ਤਾਂ ਉਹਨੂੰ ਜਾਨਣ ਵਾਲੇ ਸਮਝ ਜਾਂਦੇ ਨੇ ਕਿ ਗੱਲ ਕੋਈ ਖਾਸ ਹੀ। ਉਹ ਅੰਦਰਲੀਆਂ ਫਰੋਲਣ ਲੱਗ ਪੈਂਦਾ ਕਿ ਸਮੁੰਦਰ ਦੇ ਕੰਢੇ 'ਤੇ ਸੈਰ ਕਰੋਗੇ ਤਾਂ ਵਧੇਰੇ ਆਨੰਦ ਆਏਗਾ ਤੇ ਜੇ ਸਮੁੰਦਰ ਵਿਚ ਵੜੋਗੇ ਤਾਂ...! ਮੈਂ ਰਾਜਨੀਤਿਕ ਲੋਕਾਂ ਦੇ ਨੇੜੇ ਰਿਹਾ ਹਾਂ ਪਰ ਮੈਂ ਕਿਸੇ ਵੀ ਅਹੁਦੇ ਦਾ ਕਿਸੇ ਵੀ ਐਮਐਲਏ ਬਣਨ ਦਾ ਲਾਲਚ ਕਰਦਾ ਹੀ ਨਹੀਂ ਸੀ ਕਿਉਂਕਿ ਮੇਰੀਆਂ ਇੱਛਾਵਾਂ ਹੀ ਸੀਮਤ ਸਨ। ਜਿਨ੍ਹਾਂ ਨੂੰ ਮੈਂ ਹਾਸਿਲ ਕਰਨ ਦਾ ਯਤਨ ਕੀਤਾ ਤੇ ਇਹਦੇ ਵਿੱਚ ਕਾਮਯਾਬ ਵੀ ਰਿਹਾ। ਉਹ ਇਹਦੀ ਇੱਕ ਉਦਾਹਰਣ ਹੈ ਕਿ ਕਿ ਪਿਛਲੇ ਸਾਲ ਬਰਲੀਨ(ਜਰਮਨ)'ਚ ਰਾਹੁਲ ਗਾਂਧੀ ਪੁੱਜੇ ਤਾਂ ਸਹੋਤਾ ਦੀਆਂ ਵਿਸ਼ੇਸ਼ ਸੇਵਾਵਾਂ ਹਾਸਿਲ ਕੀਤੀਆਂ ਗਈਆਂ। ਬਲਬੀਰ ਸਿੰਘ, ਸੋਨੀਆਂ ਗਾਂਧੀ, ਪ੍ਰਣਾਬ ਮੁਖਰਜੀ, ਪ੍ਰਤਾਪ ਸਿੰਘ ਬਾਜਵਾ ਨਾਲ ਉਹਦੇ ਬਹੁਤ ਨੇੜਲੇ ਤੇ ਭਰੋਸੇਯੋਗ ਸਬੰਧ ਬਣੇ ਰਹੇ। ਉਹ ਕਹੇਗਾ ਕਿ ਊਣਤਾਂਈਆਂ ਕਿਸ ਪਾਰਟੀ ਵਿਚ ਨਹੀਂ ? ਕੁਤਾਹੀਆਂ ਕਿਸ ਨੇ ਨੀ ਕੀਤੀਆਂ ਪਰ ਫਿਰ ਵੀ ਦੇਸ਼ ਨੂੰ ਚੰਗਾ ਮਾਣ ਸਤਿਕਾਰ ਦਵਾਉਣ ਵਿਚ ਇਸ ਪਾਰਟੀ ਦਾ ਵੱਡਾ ਯੋਗਦਾਨ ਹੈ।



ਬਰਲੀਨ (ਜਰਮਨ) ਵਿਚ ਰਾਹੁਲ ਗਾਂਧੀ ਨਾਲ।

ਇੰਗਲੈਂਡ ਆ ਕੇ ਦਲਜੀਤ ਸਹੋਤਾ ਨੇ ਪਹਿਲਾਂ ਫਾਊਂਡਰੀ ਵਿਚ ਕੰਮ ਕੀਤਾ, ਫਿਰ ਕੱਪੜੇ ਦੇ ਕਾਰੋਬਾਰੀ ਸ਼ਹਿਰ ਲੈਸਟਰ ਵਿਚ ਹੌਜਰੀ ਉਦਯੋਗ ਵਿਚ ਗਹਿ-ਗੱਚ ਹੋ ਕੇ ਤੇ ਟੈਕਸਟਾਈਲ ਵਿੱਚ ਇੱਕ ਟਰੇਡ ਬਣਿਆਂ ਤੇ ਪ੍ਰਿੰਟਿੰਗ ਐਂਬਰੌਡਰੀ ਵਿਚ ਦਲਜੀਤ ਸਿੰਘ ਸਹੋਤਾ ਦੀਆਂ ਜਿਕਰਯੋਗ ਪ੍ਰਾਪਤੀਆਂ ਨੇ। ਹੌਲੀ ਹੌਲੀ ਉਸਨੇ ਇਸ ਕੰਮ ਤੋਂ ਕਿਨਾਰਾ ਕਰ ਲਿਆ। ਹੁਣ ਇੰਗਲੈਂਡ ਵਿਚ ਆਪਣੇ ਜੀਵਨ ਨਿਰਵਾਹ ਲਈ ਹੀ ਕਾਰੋਬਾਰ ਹੈ ਤੇ ਉਸਦੀ ਇੱਕ ਧੀ ਆ ਹਰਦੀਸ਼ ਕੌਰ ਤੇ ਪੁੱਤਰ ਕੁਲਜੀਤ ਸਹੋਤਾ ਤੇ ਬਹੂ ਸੁਮਨਦੀਪ ਕੌਰ ਸਲਿਸਟਰ ਨੇ।

ਕਿਸੇ ਵੀ ਰਾਜਨੀਤਿਕ ਤਾਕਤ ਤੋਂ ਬਿਨਾਂ ਮਾਹਿਲਪੁਰ ਦੇ ਵਿਕਾਸ ਕਾਰਜਾਂ ਵਿਚ ਦਲਜੀਤ ਸਹੋਤਾ ਦਾ ਇੱਕ ਨਾਂ ਆ ਤੇ ਇਹ ਕੰਮ ਚਾਹੇ ਉਸਨੇ ਰਾਜਕੁਮਾਰ ਤੋਂ ਕਰਵਾਏ ਹੋਣ ਚਾਹੇ ਸੋਹਣ ਸਿੰਘ ਠੰਡਲ ਤੋਂ ਤੇ ਚਾਹੇ ਵਿਧਾਇਕ ਇਸ਼ਾਕ ਕੁਮਾਰ ਤੋਂ ਪਰ ਕਿਸੇ ਵੀ ਰਾਜਸੀ ਪਾਰਟੀ ਦੇ ਨੇਤਾ ਲਈ ਦਲਜੀਤ ਇੱਕ ਸਤਿਕਾਰ ਵਾਲਾ ਨਾਂ ਹੈ। ਹੈਰਾਨ ਹੋਵੋਗੇ ਕਿ ਉਹਦੇ ਮਿੱਤਰਾਂ ਦਾ ਘੇਰਾ ਬੜਾ ਵਿਸ਼ਾਲ ਹੈ। ਰਾਜਨੀਤੀ ਸਿ ਬਲਵੰਤ ਸਿੰਘ ਰਾਮੂਵਾਲੀਆ ਦੇ ਬਹੁਤ ਨੇੜੇ ਰਿਹਾ, ਸੁਖਦੇਵ ਸਿੰਘ ਢੀਡਸਾ ਦੇ ਵੀ, ਦੇਸ਼ ਪ੍ਰਦੇਸ਼ ਦੇ ਮਾਲਕ ਰਹੇ ਤਰਸੇਮ ਸਿੰਘ ਪੁਰੇਵਾਲ ਦੇ ਵੀ, ਗੁਰਬਖਸ਼ ਸਿੰਘ ਵਿਰਕ ਨਾਲ ਵੀ ਉਸ ਦੇ ਚੰਗੇ ਤਲੁਕਾਤ ਸਨ, ਕਨੇਡਾ ਤੋਂ ਛਪਦੇ 'ਇੰਡੋ-ਕਨੇਡੀਅਨ ਟਾਇਮਜ' ਦੇ ਤਾਰਾ ਸਿੰਘ ਹੇਅਰ ਨਾਲ ਵੀ ਦਲਜੀਤ ਦੀ ਗੂੜੀ ਦੋਸਤੀ ਸੀ ਤੇ ਉਹ ਕਹੇਗਾ ਕਿ ਮੈਨੂੰ ਡਾ ਬਰਜਿੰਦਰ ਸਿੰਘ ਹਮਦਰਦ ਹੋਰਾਂ ਨੇ ਹਮੇਸ਼ਾ ਛੋਟੇ ਭਰਾਵਾਂ ਵਾਂਗ ਥਾਪੜਾ ਦੇ ਕੇ ਜ਼ਿੰਦਗੀ ਵਿਚ ਸਮਰੱਥ ਤੇ ਯੋਗ ਹੋਣ ਲਈ ਅਗਵਾਈ ਦਿੱਤੀ ਹੈ।

ਜਿਵੇਂ ਸਿਆਣੇ ਕਹਿੰਦੇ ਨੇ ਕਿ ਵਿਆਹ ਤਾਂ ਧੀਆਂ ਦਾ ਹੀ ਕਰਨੇ ਹੁੰਦੇ ਨੇ ਮੁੰਡਿਆਂ ਦੇ ਤਾਂ ਹੋ ਹੀ ਜਾਂਦੇ ਨੇ, ਇਵੇਂ ਕਹਿੰਦੇ ਕਿ ਰੋਟੀ ਤਾਂ ਸਾਰਿਆਂ ਨੂੰ ਮਿਲਦੀ ਹੀ ਰਹੇਗੀ ਪਰ ਚੰਗਾ ਬਣ ਕੇ ਗੁਜਰਨਾ, ਅਸੂਲਾਂ ਤੇ ਆਦਰਸ਼ਾਂ ਨੂੰ ਕਾਇਮ ਰੱਖਣਾ, ਸਿਧਾਂਤਾਂ 'ਤੇ ਪਹਿਰਾ ਦੇਣਾ, ਚਿਹਰੇ ਤੇ ਮੁਸਕਰਾਹਟ ਰੱਖਣੀ, ਈਰਖਾ ਤੋਂ ਪਰੇ ਰਹਿਣਾ, ਮੁਹੱਬਤ ਦੇ ਦਾਇਰੇ ਵੱਡੇ ਕਰਨੇ, ਚਿੱਟੇ ਚਾਦਰੇ ਨਾ ਵੀ ਹੋਣ ਪਰ ਕੋਈ ਦਾਗ ਨਾ ਲੱਗਣ ਦੇਣਾ, ਇਹ ਸਾਰਾ ਕੁਝ ਦਲਜੀਤ ਸਹੋਤਾ ਤੇ ਇਰਦ ਗਿਰਦ ਘੁੰਮਦਾ ਰਿਹਾ ਹੈ। ਉਹ ਪਿਛਲੇ 35 ਸਾਲਾਂ ਤੋਂ ਉਹ ਸਾਡਾ ਗੂੜਾ ਮਿੱਤਰ ਹੈ, ਬੜੀਆਂ ਮੁਲਾਕਾਤਾਂ ਇੰਗਲੈਂਡ, ਅਮਰੀਕਾ ਤੇ ਮਾਹਿਲਪੁਰ ਹੁੰਦੀਆਂ ਰਹੀਆਂ ਨੇ, ਉਹ ਚੰਗਾ ਬੁਲਾਰਾ ਹੈ, ਚੰਗਾ ਗੀਤ ਸੰਗੀਤ ਸੁਣਨ ਦਾ ਸ਼ੌਕੀਨ ਹੈ ਤੇ ਸਭ ਤੋਂ ਵੱਡੀ ਗੱਲ ਹੈ ਕਿ ਉਹ ਇਨਸਾਨ ਹੈ ਤੇ ਇਨਸਾਨ ਹੋਣਾ ਹੀ ਆਪਣੇ ਆਪ ਵਿਚ ਇੱਕ ਖਾਸ ਗੱਲ ਹੁੰਦੀ ਆ। ਜਿਹੜੇ ਹੁਣ ਤੱਕ ਦਲਜੀਤ ਸਹੋਤਾ ਨੂੰ ਨਹੀਂ ਮਿਲੇ ਉਹ ਇੰਗਲੈਂਡ ਗਏ ਤਾਂ ਉਹ ਲੈਸਟਰ ਮਿਲ ਜਾਏਗਾ ਤੇ ਸਾਲ ਦਾ ਅੱਧਾ ਕੁ ਸਮਾਂ ਉਹ ਪੰਜਾਬ ਹੁੰਦਾ ਫਿਰ ਮਾਹਿਲਪੁਰ ਜਾ ਆਇਓ, ਨਾਲੇ ਤੁਹਾਨੂੰ ਅੰਬ ਦਾ ਸੁਆਦ ਦਿਖਾਏਗਾ ਨਾਲੇ ਹਰ ਤਰਾਂ ਦੀ ਰੱਜ ਕੇ ਸੇਵਾ ਤੇ ਲੱਗੇਗਾ 'ਕਈ ਕੁਝ'ਨਾਲ ਪੱਲਾ ਭਰ ਲਿਆਏ ਹਾਂ। ਇਹ ਦਲਜੀਤ ਸਹੋਤਾ ਦੀ ਖਾਸੀਅਤ ਹੈ ਕਿ ਲੰਬੇ ਹੋਣ ਦਾ ਯਤਨ ਨਾ ਕਰੋ , ਉੱਚੇ ਹੋਣ ਦੀ ਲਈ ਸੰਘਰਸ਼ ਕਰੋ ਤੇ ਉਹਦੇ ਭੇਦ ਤੇ ਗੱਲ ਵੀ ਇਹੋ ਖਾਸ ਹੈ।

# ਡਾ ਰਤਨ ਸਿੰਘ ਜੱਗੀ ਯਾਦਗਾਰੀ 'ਗੁਰਮਤਿ ਰਤਨ' ਅਵਾਰਡ ਸ਼ਲਾਘਯੋਗ ਉਪਰਾਲਾ

ਉਜਾਗਰ ਸਿੰਘ



ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ ਦਾ 'ਪਦਮ ਸ਼੍ਰੀ ਰਤਨ ਸਿੰਘ ਯਾਦਗਾਰੀ ਗੁਰਮਤਿ ਰਤਨ' ਅਵਾਰਡ ਸ਼ੁਰੂ ਕਰਨ ਦਾ ਉਪਰਾਲਾ ਸ਼ਲਾਘਾਯੋਗ ਹੈ। ਇਸ ਅਵਾਰਡ ਦੇ ਸ਼ੁਰੂ ਕਰਨ ਨਾਲ ਗੁਰਮਤਿ ਦੇ ਸਿਰਮੌਰ ਵਿਦਵਾਨਾ ਲਈ ਮਾਣ ਦੀ ਗੱਲ ਹੋਵੇਗੀ, ਕਿਉਂਕਿ ਭਵਿਖ ਵਿੱਚ ਹੋਰ ਸਾਹਿਤਕਾਰਾਂ ਨੂੰ ਵੀ ਇਹ ਅਵਾਰਡ ਦਿੱਤਾ ਜਾਵੇਗਾ। ਪੰਜਾਬ ਕਲਾ ਪਰੀਸ਼ਦ ਚੰਡੀਗੜ੍ਹ ਦੇ ਇਸ ਫੈਸਲੇ ਨਾਲ ਗੁਰਮਤਿ ਦੇ ਵਿਦਵਾਨਾ ਵਿੱਚ ਉਤਸ਼ਾਹ ਪੈਦਾ ਹੋਵੇਗਾ। ਪੰਜਾਬ ਕਲਾ ਪਰੀਸ਼ਦ ਚੰਡੀਗੜ੍ਹ ਵਲੋਂ ਇਹ ਪਹਿਲਾ ਅਵਾਰਡ ਪੰਜਾਬੀ, ਹਿੰਦੀ, ਸੰਸਕ੍ਰਿਤ, ਫਾਰਸੀ ਅਤੇ ਅੰਗਰੇਜ਼ੀ ਦੇ ਸੰਸਾਰ ਪ੍ਰਸਿੱਧ ਖੋਜੀ ਵਿਦਵਾਨ ਮਰਹੂਮ ਰਤਨ ਸਿੰਘ ਜੱਗੀ ਦੇ ਧਾਰਮਿਕ/ਗੁਰਮਤਿ ਖੇਤਰ ਵਿੱਚ ਪਾਏ ਵਿਲੱਖਣ ਯੋਗਦਾਨ ਨੂੰ ਯਾਦ ਕਰਨ ਅਤੇ ਉਸਨੂੰ ਅਕੀਦਤ ਦੇ ਫੁੱਲ ਭੇਂਟ ਕਰਨ ਲਈ ਸਥਾਪਤ ਕੀਤਾ ਗਿਆ ਹੈ। ਪਦਮ ਸ਼੍ਰੀ ਡਾ ਰਤਨ ਸਿੰਘ ਜੱਗੀ ਮਈ 2025 ਵਿੱਚ ਸਵਰਗਵਾਸ ਹੋ ਗਏ ਸਨ, ਜਿਨ੍ਹਾਂ ਨੇ ਗੁਰਮਤਿ ਨਾਲ ਸੰਬੰਧਤ ਲਗਪਗ 100 ਪੁਸਤਕਾਂ ਪ੍ਰਕਾਸ਼ਤ ਕਰਕੇ ਗੁਰਮਤਿ ਤੇ ਸਾਹਿਤਕ ਖੇਤਰ ਵਿੱਚ ਨਾਮ ਕਮਾਇਆ ਸੀ। ਇਹ ਅਵਾਰਡ 'ਪਦਮ ਸ਼੍ਰੀ ਡਾ ਰਤਨ ਸਿੰਘ ਜੱਗੀ ਯਾਦਗਾਰੀ ਚੈਰੀਟੇਬਲ ਫ਼ਾਊਂਡੇਸ਼ਨ' ਦੇ ਸਹਿਯੋਗ ਨਾਲ ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ ਨੇ ਸ਼ੁਰੂ ਕੀਤਾ ਹੈ। ਇਹ ਪਹਿਲਾ ਸਨਮਾਨ ਸ੍ਰ ਤਰਲੋਚਨ ਸਿੰਘ ਸਾਬਕਾ ਰਾਜ ਸਭਾ ਮੈਂਬਰ ਅਤੇ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਨੂੰ ਗੁਰਮਤਿ ਦੇ ਪ੍ਰਚਾਰ, ਪ੍ਰਸਾਰ ਤੇ ਸਿੱਖ ਦਰਸ਼ਨ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਅਤੇ ਸਮਾਜ ਸੇਵਾ ਵਿੱਚ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ ਦਿੱਤਾ ਜਾ ਰਿਹਾ ਹੈ। ਚੋਣ ਕਰਨ ਵਾਲੀ ਜਿਊਰੀ ਲਈ ਪਦਮ ਸ਼੍ਰੀ ਰਤਨ ਸਿੰਘ ਜੱਗੀ ਵਰਗੇ ਨਾਮਵਰ ਤੇ ਕਦਾਵਰ ਗੁਰਮਤਿ ਦੇ ਖੋਜੀ ਵਿਦਵਾਨ ਦਾ ਅਵਾਰਡ ਦੇਣ ਲਈ ਉਨ੍ਹਾਂ ਦੇ ਵਿਲੱਖਣ ਯੋਗਦਾਨ ਦੇ ਪੱਧਰ ਦਾ ਵਿਅਕਤੀ ਚੁਣਨਾ ਜੋਖ਼ਮ ਭਰਿਆ ਕਾਰਜ ਸੀ, ਪ੍ਰੰਤੂ ਚੋਣ ਜਿਊਰੀ ਨੇ ਤਰਲੋਚਨ ਸਿੰਘ ਦੀ ਚੋਣ ਕਰਕੇ ਪਦਮ ਸ਼੍ਰੀ ਰਤਨ ਸਿੰਘ ਜੱਗੀ ਦੀ ਸੋਚ ਦਾ ਪ੍ਰਗਟਾਵਾ ਕੀਤਾ ਹੈ।





ਵੈਸੇ ਤਾਂ ਗੁਰਮਤਿ ਦੇ ਖੇਤਰ ਵਿੱਚ ਹੋਰ ਬਹੁਤ ਸਾਰੇ ਅਜਿਹੇ ਵਿਦਵਾਨ ਹਨ, ਜਿਨ੍ਹਾਂ ਦੇ ਯੋਗਦਾਨ ਦਾ ਵੱਖਰਾ ਅਤੇ ਵਿਸ਼ੇਸ਼ ਮਹੱਤਵ ਹੈ, ਜਿਸਨੂੰ ਭੁਲਾਇਆ ਨਹੀਂ ਜਾ ਸਕਦਾ, ਪ੍ਰੰਤੂ ਤਰਲੋਚਨ ਸਿੰਘ ਦੀ ਦੇਣ ਆਪਣੀ ਕਿਸਮ ਦੀ ਵਿਲੱਖਣ ਹੈ। ਉਹ ਪਹਿਲਾ ਸੰਸਦ ਮੈਂਬਰ ਹੈ, ਜਿਸਨੇ ਰਾਜ ਸਭਾ ਦਾ ਮੈਂਬਰ ਹੁੰਦਿਆਂ, ਭਾਰਤ ਦੀ ਸੰਸਦ ਵਿੱਚ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤੇ ਗਏ ਸਿੱਖ ਧਰਮ ਦੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ, ਗ਼ਰੀਬ ਦੀ ਰੱਖਿਆ ਅਤੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ 'ਤੇ ਰੌਸ਼ਨੀ ਪਾਉਂਦਿਆਂ, ਸਿੱਖ/ਪੰਜਾਬੀਆਂ ਦੇ ਆਜ਼ਾਦੀ ਦੇ ਸੰਗਰਾਮ ਤੋਂ ਲੈ ਕੇ ਦੇਸ਼ ਦੀਆਂ ਸਰਹੱਦਾਂ 'ਤੇ ਦਿੱਤੀਆਂ ਕੁਰਬਾਨੀਆਂ ਬਾਰੇ ਦਲੇਰੀ ਨਾਲ ਤਕਰੀਰ ਕਰਕੇ ਸੰਸਦ ਮੈਂਬਰਾਂ ਦੇ ਕੰਨ੍ਹ ਖੋਲ੍ਹ ਦਿੱਤੇ ਸਨ।

ਉਨ੍ਹਾਂ ਅੱਗੋਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਉਪਰ ਹਮਲਾ ਅਤੇ ਦਿੱਲੀ ਅਤੇ ਹੋਰ ਕੁਝ ਸ਼ਹਿਰਾਂ ਵਿੱਚ ਨਸਲਕੁਸ਼ੀ ਨੇ ਸਿੱਖਾਂ ਦੇ ਹਿਰਦਿਆਂ ਨੂੰ ਝੰਜੋੜਕੇ ਰੱਖ ਦਿੱਤਾ ਸੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਸਿੱਖਾਂ/ ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਕਿਸੇ ਵੀ ਸਰਕਾਰ ਨੇ ਮੁੱਲ ਨਹੀਂ ਪਾਇਆ ਜਦੋਂ ਕਿ ਸਿੱਖ ਧਰਮ ਮਾਨਵਤਾ ਦੇ ਹੱਕਾਂ ਦਾ ਰਖਵਾਲਾ ਬਣਕੇ ਵਿਚਰਦਾ ਆ ਰਿਹਾ ਹੈ। ਇਹ ਭਾਸ਼ਣ ਰਹਿੰਦੀ ਦੁਨੀਆਂ ਤੱਕ ਇਤਿਹਾਸ ਤੇ ਸਿੱਖ/ਪੰਜਾਬੀ ਵਿਰਾਸਤ ਦਾ ਹਿੱਸਾ ਬਣਿਆਂ ਰਹੇਗਾ। ਇਸ ਤੋਂ ਪਹਿਲਾਂ ਕਿਸੇ ਵੀ ਸਿੱਖ/ਪੰਜਾਬੀ ਸੰਸਦ ਮੈਂਬਰ ਨੇ ਇਤਨੀ ਦਲੇਰੀ ਨਾਲ ਭਾਰਤ ਸਰਕਾਰ ਨੂੰ ਵੰਗਾਰਿਆ ਨਹੀਂ ਸੀ। ਤਰਲੋਚਨ ਸਿੰਘ ਹਮੇਸ਼ਾ ਸਿੱਖ/ਪੰਜਾਬੀ ਹਿੱਤਾਂ ਦੀ ਪਹਿਰੇਦਾਰੀ ਕਰਦਾ ਰਹਿੰਦਾ ਹੈ।

ਸੰਸਾਰ ਦੇ ਕਿਸੇ ਹਿੱਸੇ ਵਿੱਚ ਵੀ ਸਿੱਖਾਂ/ਪੰਜਾਬੀਆਂ ਨਾਲ ਕੋਈ ਵਿਤਕਰਾ ਹੁੰਦਾ ਹੈ ਤਾਂ ਤਰਲੋਚਨ ਸਿੰਘ ਉਸ ਵਿਰੁੱਧ ਆਵਾਜ ਬੁਲੰਦ ਕਰਨ ਵਾਲਾ ਪਹਿਲਾ ਵਿਅਕਤੀ ਹੁੰਦਾ ਹੈ। ਉਹ ਸਿੱਖ ਧਰਮ ਦੀ ਇਨਸਾਨੀਅਤ ਦੇ ਹੱਕਾਂ ਲਈ ਉਠਾਈ ਆਵਾਜ਼ ਨੂੰ ਵੀ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕਰਦਾ ਰਹਿੰਦਾ ਹੈ। ਤਰਲੋਚਨ ਸਿੰਘ ਸਿੱਖ ਧਰਮ ਦੀ ਪਰੰਪਰਾਵਾਂ ਦੀ ਪਹਿਰੇਦਾਰੀ ਵੀ ਕਰਦਾ ਹੋਇਆ, ਸਿੱਖ ਸੰਗਤ ਨੂੰ ਸੁਚੇਤ ਕਰਦਾ ਰਹਿੰਦਾ ਹੈ। ਇੱਕ ਕਿਸਮ ਨਾਲ ਸਿੱਖ ਵਿਰਾਸਤ ਦਾ ਉਹ ਇਨਸਾਈਕਲੋਪੀਡੀਆ ਹੈ। ਇਸਦੇ ਨਾਲ ਹੀ ਸਿੱਖ ਧਰਮ ਵਿੱਚ ਆਈਆਂ ਤਰੁੱਟੀਆਂ ਬਾਰੇ ਵੀ ਆਗਾਹ ਕਰਦਾ ਰਹਿੰਦਾ ਹੈ। ਲੋਕ ਸੰਪਰਕ ਵਿਭਾਗ ਪੰਜਾਬ ਨੂੰ ਵੀ ਮਾਣ ਜਾਂਦਾ ਹੈ ਕਿ ਉਨ੍ਹਾਂ ਦੇ ਵਿਭਾਗ ਦੇ ਸਾਬਕਾ ਅਧਿਕਾਰੀ ਨੂੰ ਇਹ ਸਨਮਾਨ ਦੇ ਕੇ ਨਿਵਾਜਿਆ ਜਾ ਰਿਹਾ ਹੈ। 'ਪਦਮ ਸ਼੍ਰੀ ਰਤਨ ਸੰਘ ਜੱਗੀ ਯਾਦਗਾਰੀ ਗੁਰਮਤਿ ਰਤਨ' ਅਵਾਰਡ 27 ਜੁਲਾਈ ਦਿਨ ਸੋਮਵਾਰ 2026 ਨੂੰ ਸ਼ਾਮ ਸਾਢੇ ਪੰਜ ਵਜੇ ਪੰਜਾਬ ਕਲਾ ਪਰਿਸ਼ਦ ਦੇ ਦਫ਼ਤਰ ਰੋਜ਼ ਗਾਰਡਨ ਸੈਕਟਰ 16 ਬੀ ਚੰਡੀਗੜ੍ਹ ਵਿਖੇ ਆਯੋਜਤ ਇੱਕ ਸਮਗਮ ਵਿੱਚ ਦਿੱਤਾ ਜਾਵੇਗਾ। ਇਸ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਹੋਣਗੇ। ਇਸ ਤੋਂ ਇਲਾਵਾ ਪਦਮ ਸ਼੍ਰੀ ਰਤਨ ਸਿੰਘ ਜੱਗੀ ਓਪਨ ਏਅਰ ਥੇਟਰ ਦਾ ਉਤਘਾਟਨ ਵੀ ਕੀਤਾ ਜਾਵੇਗਾ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

## ਅਮਰੀਕਾ-ਇਰਾਨ ਤਣਾਅ ਵਿਚਕਾਰ ਤੇਲ ਦੀਆਂ ਕੀਮਤਾਂ 'ਚ ਗਿਰਾਵਟ, ਹੋਰਮੁਜ਼ ਜਲਡੰਡੀ 'ਤੇ ਵਧੀ ਚਿੰਤਾ

ਵਾਸ਼ਿੰਗਟਨ: ਅਮਰੀਕਾ ਅਤੇ ਇਰਾਨ ਵਿਚਕਾਰ ਤਣਾਅ ਦੇ ਬਾਵਜੂਦ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦੌਰਾਨ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਤੇਲ ਮਾਰਗਾਂ ਵਿੱਚੋਂ ਇੱਕ ਸਟ੍ਰੇਟ ਆਫ ਹੋਰਮੁਜ਼ (Strait of Hormuz) ਨੂੰ ਲੈ ਕੇ ਚਿੰਤਾਵਾਂ ਵਧ ਰਹੀਆਂ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਇਰਾਨ ਨਾਲ ਗੱਲਬਾਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੂਟਨੀਤਿਕ ਕੋਸ਼ਿਸ਼ਾਂ ਸਫਲ ਨਾ ਹੋਈਆਂ ਤਾਂ ਅਮਰੀਕਾ ਸਖ਼ਤ ਕਦਮ ਚੁੱਕਣ ਲਈ ਤਿਆਰ ਹੈ। ਟਰੰਪ ਨੇ ਇਹ ਵੀ ਸੰਕੇਤ ਦਿੱਤਾ ਕਿ ਗੱਲਬਾਤ ਲਈ ਜ਼ਿਆਦਾ ਸਮਾਂ ਨਹੀਂ ਦਿੱਤਾ ਜਾਵੇਗਾ। ਇਸੇ ਦੌਰਾਨ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਬ੍ਰੈਂਟ ਕਰੂਡ ਆਇਲ ਦੀਆਂ ਕੀਮਤਾਂ ਵਿੱਚ ਲਗਭਗ 6.5 ਫ਼ੀਸਦੀ ਦੀ ਕਮੀ ਆਈ ਹੈ। ਰਿਪੋਰਟਾਂ ਮੁਤਾਬਕ ਪਿਛਲੇ ਹਫ਼ਤੇ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਪਹੁੰਚਿਆ ਬ੍ਰੈਂਟ ਕਰੂਡ ਸੋਮਵਾਰ ਨੂੰ ਘਟ ਕੇ ਕਰੀਬ 90 ਡਾਲਰ ਪ੍ਰਤੀ ਬੈਰਲ ਦੇ ਨੇੜੇ ਆ ਗਿਆ। ਅਮਰੀਕੀ ਅਧਿਕਾਰੀਆਂ ਮੁਤਾਬਕ ਹਵਾਈ ਕਾਰਵਾਈ ਰੋਕਣ ਦੇ ਪਿੱਛੇ ਫ਼ੌਜੀ ਸਲਾਹ ਵੀ ਇੱਕ ਕਾਰਨ ਰਹੀ, ਕਿਉਂਕਿ ਕਮਾਂਡਰਾਂ ਨੇ ਦੱਸਿਆ ਕਿ ਮੌਜੂਦਾ ਹਾਲਾਤਾਂ ਵਿੱਚ ਨਿਸ਼ਾਨਿਆਂ ਅਤੇ ਹਥਿਆਰਾਂ ਨਾਲ ਜੁੜੀਆਂ ਸੀਮਾਵਾਂ ਸਾਹਮਣੇ ਆ ਰਹੀਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਰਾਨ ਅਤੇ ਅਮਰੀਕਾ ਵਿਚਕਾਰ ਤਣਾਅ ਵਧਦਾ ਹੈ ਤਾਂ ਹੋਰਮੁਜ਼ ਜਲਡੰਡੀ ਰਾਹੀਂ ਹੋਣ ਵਾਲੀ ਤੇਲ ਸਪਲਾਈ ਪ੍ਰਭਾਵਿਤ ਹੋ ਸਕਦੀ ਹੈ, ਜਿਸ ਦਾ ਅਸਰ ਵਿਸ਼ਵ ਬਾਜ਼ਾਰ ਅਤੇ ਊਰਜਾ ਕੀਮਤਾਂ ਤੇ ਪੈ ਸਕਦਾ ਹੈ।

## ਸਕਾਟਿਸ਼ ਸਰਕਾਰ ਨੇ ਕੌਂਸਲਾਂ ਨੂੰ ਫੰਡ ਅਤੇ ਅਧਿਕਾਰਾਂ ਤੋਂ ਵਾਂਝਾ ਰੱਖਿਆ - ਡਗਲਸ ਐਲੇਕਜੈਂਡਰ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਯੂਕੇ ਸਰਕਾਰ ਦੇ ਸਕਾਟਲੈਂਡ ਲਈ ਸਕੱਤਰ ਡਗਲਸ ਅਲੈਕਜ਼ੈਂਡਰ ਨੇ ਸਕਾਟਿਸ਼ ਨੈਸ਼ਨਲ ਪਾਰਟੀ ਦੀ ਸਰਕਾਰ ਤੇ ਦੋਸ਼ ਲਗਾਇਆ ਹੈ ਕਿ ਉਸ ਨੇ ਸਾਲਾਂ ਤੋਂ ਸਥਾਨਕ ਕੌਂਸਲਾਂ ਨੂੰ ਨਾ ਤਾਂ ਲੋੜੀਂਦੀ ਵਿੱਤੀ ਸਹਾਇਤਾ ਦਿੱਤੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਲੋਕਾਂ ਲਈ ਬਿਹਤਰ ਸੇਵਾਵਾਂ ਮੁਹੱਈਆ ਕਰਵਾਉਣ ਲਈ ਕਾਫ਼ੀ ਅਧਿਕਾਰ ਦਿੱਤੇ ਹਨ। ਅਲੈਕਜ਼ੈਂਡਰ ਨੇ ਕਿਹਾ ਕਿ ਸਕਾਟਲੈਂਡ ਦੀਆਂ ਸਥਾਨਕ ਕੌਂਸਲਾਂ ਨਕਦੀ ਅਤੇ ਅਧਿਕਾਰਾਂ ਦੀ ਘਾਟ ਕਾਰਨ ਬਹੁਤ ਦਬਾਅ ਹੇਠ ਹਨ। ਉਨ੍ਹਾਂ ਦੇ ਅਨੁਸਾਰ ਕੌਂਸਲਾਂ ਨੂੰ ਸਥਾਨਕ ਲੋੜਾਂ ਅਨੁਸਾਰ ਫ਼ੈਸਲੇ ਕਰਨ ਲਈ ਵੱਧ ਖ਼ੁਦਮੁਖਤਿਆਰੀ ਅਤੇ ਸਥਿਰ ਫੰਡਿੰਗ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇ ਕੌਂਸਲਾਂ ਨੂੰ ਵਧੇਰੇ ਅਧਿਕਾਰ ਅਤੇ ਵਿੱਤੀ ਸਰੋਤ ਮਿਲਣ ਤਾਂ ਉਹ ਸਿੱਖਿਆ, ਸਮਾਜਿਕ ਦੇਖਭਾਲ, ਸੜਕਾਂ ਦੀ ਸੰਭਾਲ, ਕਚਰਾ ਪ੍ਰਬੰਧਨ ਅਤੇ ਹੋਰ ਜਨਤਕ ਸੇਵਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਚਲਾ ਸਕਣਗੀਆਂ। ਦੂਜੇ ਪਾਸੇ ਸਕਾਟਿਸ਼ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਹ ਮੁਸ਼ਕਲ ਆਰਥਿਕ ਹਾਲਾਤਾਂ ਦੇ ਬਾਵਜੂਦ ਸਥਾਨਕ ਸਰਕਾਰਾਂ ਲਈ ਰਿਕਾਰਡ ਪੱਧਰ ਦੀ ਫੰਡਿੰਗ ਮੁਹੱਈਆ ਕਰਵਾ ਰਹੀ ਹੈ। ਸਰਕਾਰ ਦਾ ਕਹਿਣਾ ਹੈ ਕਿ ਵਿੱਤੀ ਦਬਾਅ ਸਿਰਫ਼ ਸਕਾਟਲੈਂਡ ਤੱਕ ਸੀਮਿਤ ਨਹੀਂ, ਸਗੋਂ ਪੂਰੇ ਯੂਕੇ ਵਿੱਚ ਮਹਿੰਗਾਈ ਅਤੇ ਵਧ ਰਹੀਆਂ ਲਾਗਤਾਂ ਦਾ ਅਸਰ ਪਿਆ ਹੈ। ਇਸ ਮੁੱਦੇ ਤੇ ਯੂਕੇ ਦੀ ਲੇਬਰ ਪਾਰਟੀ ਦੀ ਸਰਕਾਰ ਅਤੇ ਸਕਾਟਲੈਂਡ ਦੀ ਸਕਾਟਿਸ਼ ਨੈਸ਼ਨਲ ਪਾਰਟੀ ਦੀ ਸਰਕਾਰ ਵਿਚਾਲੇ ਇੱਕ ਵਾਰ ਫਿਰ ਸਿਆਸੀ ਟਕਰਾਅ ਤੇਜ਼ ਹੋ ਗਿਆ ਹੈ। ਲੇਬਰ ਦਾ ਦਾਅਵਾ ਹੈ ਕਿ ਸਥਾਨਕ ਸਰਕਾਰਾਂ ਨੂੰ ਮਜ਼ਬੂਤ ਬਣਾਉਣਾ ਲੋਕਾਂ ਨੂੰ ਬਿਹਤਰ ਸੇਵਾਵਾਂ ਦੇਣ ਲਈ ਜ਼ਰੂਰੀ ਹੈ, ਜਦਕਿ ਐਸਐਨਪੀ ਦਾ ਕਹਿਣਾ ਹੈ ਕਿ ਉਹ ਪਹਿਲਾਂ ਹੀ ਕੌਂਸਲਾਂ ਦੀ ਸਹਾਇਤਾ ਲਈ ਮਹੱਤਵਪੂਰਨ ਨਿਵੇਸ਼ ਕਰ ਰਹੀ ਹੈ।




**ਰਣਵੀਰ ਸਿੰਘ ਰਾਣਾ**



ਸਾਡੇ ਘਰਾਂ ਵਿੱਚ ਰੋਜ਼ ਹਜ਼ਾਰਾ ਬੱਚੇ ਜੰਮਦੇ, ਹਜ਼ਾਰਾਂ ਬਜ਼ੁਰਗ ਰੋਜ਼ ਸੰਸਾਰ ਛੱਡ ਕੇ ਚਲੇ ਜਾਂਦੇ। ਥੋੜੇ ਸਮੇਂ ਬਾਅਦ ਬਾਹਰਲੇ ਤਾਂ ਕੀ ਘਰ ਦੇ ਵੀ ਭੁੱਲ ਜਾਂਦੇ ਨੇ, ਕੌਣ ਸੀ ਫਲਾਣੇ, ਪਰ ਕੁਝ ਵਿਰਲੇ ਵਿਰਲੇ ਇਹੋ ਜਿਹੇ ਵੀ ਹੁੰਦੇ ਨੇ, ਜਿਨ੍ਹਾਂ ਨੂੰ ਰਹਿੰਦੀ ਦੁਨੀਆਂ ਤੱਕ ਲੋਕ ਯਾਦ ਕਰਦੇ ਨੇ। ਜਦੋ ਅਸੀਂ ਇਤਿਹਾਸ ਦੇ ਪੰਨਿਆਂ 'ਤੇ ਨਿਗ੍ਹਾ ਮਾਰਦੇ ਹਾਂ, ਤਦ ਸੂਰਮਿਆਂ ਦੀ ਕਤਾਰ ਵਿੱਚ ਇੱਕ ਨਾਮ ਨਾਇਕ ਬਣ ਕੇ ਸਾਡੇ ਸਾਹਮਣੇ ਆਉਂਦਾ। "ਉਹ ਹੈ ਊਧਮ ਸਿੰਘ।''

ਬਚਪਨ ਦਾ ਨਾਂ ਸ਼ੇਰ ਸਿੰਘ ਸੀ, ਛੱਬੀ ਦਸੰਬਰ 1899 ਨੂੰ ਪਟਿਆਲੇ ਦੇ ਸੁਨਾਮ ਪਿੰਡ ਵਿੱਚ ਕੰਬੋਜ ਪਰਵਾਰ ਜਨਮ ਹੋਇਆ। ਅਜੇ ਚਾਰ ਕੁ ਸਾਲ ਦਾ ਸੀ ਜਦੋਂ ਮਾਂ 1903 ਵਿੱਚ ਸੰਸਾਰ ਛੱਡ ਗਈ। 1907 ਵਿੱਚ ਬਾਪ ਵਿਛੋੜਾ ਦੇ ਗਿਆ। ਨਿਆਣੀ ਉਮਰੇ ਦੋਵੇਂ ਭਰਾ ਅਨਾਥ ਹੋ ਗਏ। ਦੋਵੇਂ ਭਰਾ ਕੇਂਦਰੀ ਖ਼ਾਲਸਾ ਅਨਾਥ ਆਸ਼ਰਮ ਵਿੱਚ ਦਾਖ਼ਲ ਹੋ ਗਏ। ਦੋਵੇਂ ਭਰਾ ਸਖ਼ਤ ਨਿਯਮਾਂ ਦੀ ਪਾਲਣਾ ਕਰਦੇ, ਨਾਲੇ ਹੱਥੀਂ ਕਿਰਤ ਵਜੋਂ ਕਢਾਈ ਦਾ ਕੰਮ ਕਰਦੇ, 1917 ਵਿੱਚ ਭਰਾ ਵੀ ਵਿਛੜ ਗਿਆ। ਇਸੇ ਆਸ਼ਰਮ ਵਿੱਚ ਬ੍ਰਿਟਿਸ ਰਾਜ ਦਾ ਦਬਾਅ, ਜਬਰ, ਜ਼ੁਲਮ, ਵਾਰੇ ਊਧਮ ਸਿੰਘ ਜਾਣੂੰ ਹੋਇਆ। ਹਾਲੇ ਊਧਮ ਸਿੰਘ ਦੀ ਚੜ੍ਹਦੀ ਉਮਰ ਸੀ, ਸਾਲ 1919 ਵਿੱਚ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਨੇ ਕੋਮਲ ਮਨ 'ਤੇ ਬਹੁਤ ਅਸਰ ਪਾਇਆ। ਹਜ਼ਾਰਾਂ ਨਿਰਦੋਸ਼ ਜਾਨਵਰ ਵਾਂਗ ਭੁੰਨੇ ਗਏ, ਕਈਆਂ ਨੇ ਜਾਨਾਂ ਬਚਾਉਣ ਲਈ ਖੂਹ ਵਿੱਚ ਛਾਲਾਂ ਮਾਰੀਆਂ, ਸੈਂਕੜੇ ਲੋਕ ਜ਼ਖਮੀ ਹੋ ਗਏ, ਕਿਸੇ ਨੇ ਉਨ੍ਹਾਂ ਦੀ ਸੰਭਾਲ ਨਾ ਕੀਤੀ। ਜਰਨਲ ਡਾਇਰ ਇਹ ਕਾਰਾ ਕਰਕੇ ਤੁਰਦਾ ਬਣਿਆ। ਊਧਮ ਸਿੰਘ ਦੀ ਵੀ ਉੱਥੇ ਵਾਲੰਟੀਅਰ ਵਜੋਂ ਪਾਣੀ ਪਿਲਾਉਣ ਦੀ ਡਿਊਟੀ ਲੱਗੀ ਹੋਈ ਸੀ। ਬੱਚੇ ਬੁੱਢੇ ਜੁਆਨ ਤੜਫਦਿਆਂ ਦਾ ਖੂਨ ਅੱਖਾਂ ਮੂਹਰੇ ਘੁੰਮਣ ਲੱਗਾ। ਮਿਟੀ ਦੀ ਮੁੱਠ ਚੁੱਕ ਕੇ, ਮੱਥੇ ਨੂੰ ਲਾ ਕੇ ਸ਼ਹੀਦਾ ਦੀ ਸਹੁੰ ਖਾ ਕੇ, ਦਿਲ ਵਿੱਚ ਇੰਨਾ ਕੁ ਆਖਿਆ, 'ਇੰਨੀ ਕੁ ਉਮਰ ਦੇਵੀ, ਮੈਂ ਬਦਲਾ ਲੈ ਸਕਾਂ ? 'ਬੱਸ ਉਦੋਂ ਤੱਕ ਜਿਉਂਦਾ ਰਹਾ। ਭਾਵੇਂ ਇਹ ਕਾਰਾ ਜਰਨਲ ਡਾਇਰ ਨੇ ਕੀਤਾ ਸੀ, ਪਰ ਊਧਮ ਸਿੰਘ ਮਾਈਕਲ ਉਡਵਾਇਰ ਨੂੰ ਜਿੰਮੇਵਾਰ ਸਮਝਦਾ ਸੀ। ਮਾਈਕਲ ਉਡਵਾਇਰ ਉਸ ਵੇਲੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ। ਉਹਨੇ ਹੀ ਡਾਇਰ ਨੂੰ ਹੱਲਸੇਰੀ ਦਿੱਤੀ ਸੀ, ਨਾਲੇ ਆਖਿਆ ਸੀ, ਜਿੱਥੇ ਤੈਨੂੰ ਮੁਜ਼ਾਹਰੇ ਕਰਦੇ ਦਿਸਦੇ ਨੇ ਕੁੱਤੇ ਬਿੱਲਿਆਂ ਵਾਂਗ ਭੁੰਨ ਦੇਵੀ। ਇਸ ਸਾਕੇ 'ਤੋਂ ਬਾਅਦ ਊਧਮ ਸਿੰਘ ਗਦਰ ਮੂਵਮੈਂਟ ਵਿੱਚ ਸ਼ਾਮਲ ਹੋ ਗਿਆ। ਜਿਹੜੀ ਉੱਤਰੀ ਅਮਰੀਕਾ ਵਿੱਚ ਭਾਰਤੀ ਨਿਵਾਸੀਆਂ ਵਲੋਂ ਬਣਾਈ ਗਈ ਸੀ। ਉਹਦਾ ਇਕੋ ਇਕ ਟੀਚਾ ਸੀ, ਭਾਰਤ ਨੂੰ ਬ੍ਰਿਟਿਸ ਹਾਕਮਾਂ 'ਤੋਂ ਆਜ਼ਾਦ ਕਰਵਾਉਣਾ। ਊਧਮ ਸਿੰਘ ਕਈ ਥਾਈਂ ਘੁੰਮਿਆ ਉੱਥੇ ਵਸੇ ਭਾਰਤੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਫੰਡ ਇਕੱਠਾਂ ਕਰਨ ਲਈ ਹਲਾਸ਼ੇਰੀ ਦਿੰਦਾ। ਊਧਮ ਸਿੰਘ ਨੂੰ ਉਹ ਅੱਖੀਂ ਵੇਖਿਆ ਸਾਕਾ ਚੈਨ ਨਾ ਲੈਣ ਦਿੰਦਾ, ਹਰ ਵੇਲੇ ਅੰਦਰੋਂ ਆਵਾਜ਼ ਨਿਕਲਦੀ, 'ਕਿਤੇ ਮੇਰਾ ਦੁਸ਼ਮਣ ਨਾਲ ਟਾਕਰਾ ਹੋ ਜਾਵੇ, ਮੈਂ ਸਿਰ ਚੜ੍ਹੀ ਭਾਜੀ ਮੋੜ ਦੇਵਾ ? 'ਊਧਮ ਸਿੰਘ ਦੇ ਮਨ ਦੀ ਚਿੰਗਾੜੀ ਉਦੋਂ ਹੋਰ ਭੜਕ ਗਈ, ਜਦੋਂ ਮਾਈਕਲ ਉਡਵਾਇਰ ਦੀ ਕਿਤਾਬ 'ਐਜ ਆਈ ਕਿਊਡ ਇਟ (1925 ) ਵਿੱਚ ਛਾਪੀ ਗਈ। ਜਿਹਦੇ ਵਿੱਚ ਜਿੱਦਾ ਅੱਜ ਕੱਲ੍ਹ ਸਰਕਾਰਾਂ ਕਰਦੀਆਂ ਆਪਣੇ ਗ਼ਲਤ ਕੰਮਾਂ ਨੂੰ ਜਾਇਜ਼ ਠਹਿਰਾਉਂਦੀਆਂ, ਉਸ ਕਿਤਾਬ ਵਿੱਚ ਜਲਿਆਂਵਾਲਾ ਬਾਗ਼ ਨੂੰ ਬਿਲਕੁਲ ਜਾਇਜ਼ ਠਹਿਰਾਇਆ ਗਿਆ ਸੀ। ਊਧਮ ਸਿੰਘ ਵਿਦੇਸ਼ 'ਤੋਂ ਪਰਤ ਆਇਆ, ਭਾਰਤ ਸਰਕਾਰ ਦੀ ਨਜ਼ਰ ਵਿੱਚ ਆਉਣ ਕਰਕੇ ਗ੍ਰਿਫਤਾਰ ਕਰ ਲਿਆ ਗਿਆ। ਸਾਲ 1931 ਵਿੱਚ ਜੇਲ੍ਹ ਹੋ ਗਈ, ਥੋੜੇ ਚਿਰ ਬਾਅਦ ਜੇਲ੍ਹ 'ਤੋਂ ਰਿਹਾਈ ਹੋ ਗਈ। ਪਰ ਸਰਕਾਰ ਹਰ ਵੇਲੇ ਨਜ਼ਰ ਰੱਖਦੀ, ਊਧਮ ਸਿੰਘ ਨੇ ਆਪਣਾ ਨਾਂ ਬਦਲ ਕੇ ਰਾਮ ਮਹੁਮੰਦ ਸਿੰਘ ਅਜ਼ਾਦ ਰੱਖ ਲਿਆ 'ਤੇ ਸਾਲ 1934 ਵਿੱਚ ਲੰਡਨ ਆ ਪਹੁੰਚਿਆ। ਲੋਕ ਸਵੇਰੇ ਸਵੇਰੇ ਆਪਣੇ ਕੰਮਾਂ 'ਤੇ ਨਿਕਲਦੇ, ਉੱਥੇ ਊਧਮ ਸਿੰਘ ਵੀ ਆਪਣਾ ਸ਼ਿਕਾਰ ਲੱਭਣ ਲਈ ਸਵੇਰੇ ਸਵੇਰੇ ਘਰੋਂ ਨਿਕਲਦਾ। ਟਾਊਨ ਟਾਊਨ ਫਿਰਦਾ ਇੱਕ ਦਿਨ ਇੰਗਲੈਂਡ ਦੇ ਸ਼ਹਿਰ ਕਾਵੈਂਟਰੀ ਸ਼ਹਿਰ ਆ ਪਹੁੰਚਿਆ। ਉਦੋਂ ਸਿਰਫ ਇਸ ਸ਼ਹਿਰ ਵਿੱਚ ਸਿਰਫ ਆਪਣੇ ਪੰਜ ਬੰਦੇ ਰਹਿੰਦੇ ਸੀ। ਉਹਨਾਂ ਦੇ ਘਰ ਵਿੱਚ ਕਾਫ਼ੀ ਸਮਾਂ ਰੁਕਿਆ, ਉਹ ਤਾਂ ਬੰਦੇ ਕੰਮਾਂ 'ਤੇ ਚਲੇ ਜਾਂਦੇ, ਊਧਮ ਸਿੰਘ ਉਹਨਾਂ ਦੀਆਂ ਦਾਲਾਂ 'ਤੇ ਰੋਟੀਆਂ ਖਾ ਜਾਂਦਾ, ਇੱਦਾਂ ਕਈ ਦਿਨ ਚੱਲਦਾ ਰਹਿਆ, ਉਹ ਅੱਕ ਕੇ ਕਹਿਣ ਲੱਗੇ, 'ਕੰਮ ਤਾਂ ਤੂੰ ਕੋਈ ਕਰਦਾ ਨਹੀਂ, ਸਗੋਂ ਸਾਡਾ ਬਣਾਇਆ ਖਾਣਾ ਖਾ ਜਾਂਦਾ ?'ਊਧਮ ਸਿੰਘ ਹੱਸ ਕੇ ਬੋਲਿਆ, 'ਇੱਕ ਦਿਨ ਇਹੋ ਜਿਹਾ ਕੰਮ ਕਰਾਂਗਾ, ਤੁਸੀਂ ਵੇਖਦੇ ਰਹਿ ਜਾਓਗੇ ? 'ਉਹ ਬੰਦੇ ਵੀ ਅੱਗੇ 'ਤੋਂ ਹੱਸ ਕੇ ਕਹਿਣ ਲੱਗੇ, 'ਬਹੁਤੀਆਂ ਗੱਪਾਂ ਨਾ ਮਾਰਿਆ ਕਰ, ਅਸੀਂ ਜਾਣਦੇ ਹਾਂ ਵੱਡੇ ਸੂਰਮੇ ਨੂੰ ? 'ਬਾਕੀ ਸ਼ਹਿਰਾਂ ਵਿੱਚ ਭਾਵੇਂ ਕਬੱਡੀ ਸ਼ਹੀਦਾਂ ਦੇ ਨਾਂ 'ਤੇ ਹੁੰਦੀ ਆ, ਪਰ ਇਕ ਕਾਵੈਂਟਰੀ ਦਾ ਟੂਰਨਾਮੈਂਟ ਹੈ, ਜਦੋਂ ਦੀ ਕਬੱਡੀ ਇੰਗਲੈਂਡ ਵਿੱਚ ਸ਼ੁਰੂ ਹੋਈ ਆ, ਇਹ ਟੂਰਨਾਮੈਂਟ ਊਧਮ ਸਿੰਘ ਦੇ ਨਾਂ 'ਤੇ ਉਦੋਂ 'ਤੋਂ ਲੈ ਕੇ ਹੁਣ ਤੱਕ ਹੁੰਦਾ ਹੈ। ਹਰ ਸਾਲ ਸ਼ਹੀਦ ਊਧਮ ਸਿੰਘ ਨੂੰ ਟੂਰਨਾਮੈਂਟ 'ਤੇ ਯਾਦ ਕੀਤਾ ਜਾਂਦਾ। ਊਧਮ ਸਿੰਘ ਲੱਭਦਾ ਲੱਭਦਾ ਇੱਕ ਦਿਨ ਆਪਣੇ ਸ਼ਿਕਾਰ ਦੇ ਲਾਗੇ ਪਹੁੰਚ ਗਿਆ, ਕੱਲਾ ਪਹੁੰਚ ਹੀ ਨਹੀਂ ਗਿਆ 'ਸਗੋਂ ਸ਼ਿਕਾਰ ਨਾਲ ਆਮਣੇ ਸਾਹਮਣੇ ਟਾਕਰਾ ਹੋ ਗਿਆ। ਊਧਮ ਸਿੰਘ ਨੇ ਸੋਚਿਆ ਮੌਕਾ ਚੰਗਾ ਸ਼ਿਕਾਰ ਰੋੜ ਦੇਵੇ, ਪਰ ਫੇਰ ਉਹਨਾਂ ਹਜਾਰਾਂ ਪਰਦੇਸੀਆਂ ਵਾਰੇ ਸੋਚਣ ਲੱਗ ਪਿਆ, ਜਿਹੜੇ ਵਿਚਾਰੇ ਪ੍ਰਦੇਸ਼ਾ ਵਿੱਚ ਰੋਜ਼ੀ ਰੋਟੀ ਲਈ ਆਏ ਸੀ। ਉਹਨਾਂ 'ਤੇ ਕੀ ਅਸਰ ਪਵੇਗਾ, ਨਾਲੇ ਖਬਰ ਵੀ ਤਾਂ ਇਹੋ ਬਣੇਗੀ, ਇੱਕ ਕਾਲੇ ਨੇ ਗੋਰਾ ਅਫਸਰ ਮਾਰ ਦਿੱਤਾ ? ਮੈਂ ਇਹਨੂੰ ਉੱਥੇ ਮਾਰਗਾਂ, ਜਿੱਥੇ ਇਸ ਕਤਲ ਦੀ ਚਰਚਾ ਦੁਨੀਆ ਵਿੱਚ ਹੋਵੇ। ਆਖ਼ਰਕਾਰ ਉਹ ਦਿਨ 13 ਮਾਰਚ 1940 ਵੀ ਆ ਗਿਆ, ਜਦੋਂ ਊਧਮ ਸਿੰਘ ਦੀ ਇੱਕੀ ਸਾਲ ਦੀ ਤਪੱਸਿਆ ਪੂਰੀ ਹੋਈ, ਲੰਡਨ ਦੇ ਕੇਕਸਟਨ ਹਾਲ ਵਿੱਚ ਜਿੱਥੇ ਪੂਰਬੀ ਭਾਰਤ ਐਸੋਸੀਏਸ਼ਨ ਦੀ ਮੀਟਿੰਗ ਸੀ, ਉੱਥੇ ਉਡਵਾਇਰ ਨੇ ਬੋਲਣਾ ਸੀ। ਊਧਮ ਸਿੰਘ ਨੂੰ ਪਤਾ ਸੀ, ਕਿ ਉਡਵਾਇਰ ਨੇ ਭਾਰਤੀਆਂ 'ਤੇ ਕੀਤੇ ਜ਼ੁਲਮ ਦੀਆਂ ਸ਼ੇਖ਼ੀਆਂ ਮਾਰਨੀਆਂ ਸੀ। ਆਪਣੀ ਪੂਰੀ ਤਿਆਰੀ ਕਰਕੇ ਵੱਡੀ ਕਿਤਾਬ ਵਿੱਚ ਪਿਸਤੌਲ ਲੁਕੋ ਕੇ ਅੰਦਰ ਚਲਾ ਗਿਆ, ਕਿਸੇ ਨੂੰ ਸ਼ੱਕ ਵੀ ਨਹੀਂ ਹੋਣ ਦਿੱਤਾ। ਲੋਕ ਕੁਰਸੀਆਂ 'ਤੇ ਬੈਠ ਰਹੇ ਸੀ, ਊਧਮ ਸਿੰਘ ਇੱਕ ਪਾਸੇ ਖੜ ਗਿਆ, ਨਾਲੇ ਮਨ ਵਿੱਚ ਸੋਚਦਾ ਸੀ। 'ਚੱਲ ਪੁੱਤ ਭੱਜ, ਜਿੱਧਰ ਅੱਜ ਭੱਜਣਾ, ਕਾਲ ਤੇਰੇ ਮੂਹਰੇ ਖੜਾ ? 'ਜਿਉ ਹੀ ਉਡਵਾਇਰ ਨੇ ਬੋਲਣਾ ਸ਼ੁਰੂ ਕੀਤਾ, ਨਾਲੇ ਊਧਮ ਸਿੰਘ ਨੇ ਗੋਲੀਆਂ ਦੀ ਵਾਛੜ ਸੁਰੂ ਕਰ ਦਿੱਤੀ, ਅੱਜ ਊਧਮ ਸਿੰਘ ਦਾ ਪ੍ਰਣ ਪੂਰਾ ਹੋਇਆ। ਊਧਮ ਸਿੰਘ ਭੱਜਿਆ ਨਹੀਂ, ਸਗੋਂ ਇਨਕਲਾਬ ਜਿੰਦਾਬਾਦ ਦੇ ਨਾਹਰੇ ਲਾਏ, ਨਾਲੇ ਆਖਿਆ ਮੈਂ ਤੁਹਾਡੇ ਰਾਜ ਵਿੱਚ ਆਪਣੇ ਲੋਕਾਂ ਨੂੰ ਭੁੱਖੇ ਮਰਦੇ ਵੇਖਿਆ, ਮੇਰਾ ਕਾਰਜ ਪੂਰਾ ਹੋ ਗਿਆ ਹੈ,ਮੈਨੂੰ ਆਪਣੀ ਜਾਨ ਦੀ ਪ੍ਰਵਾਹ ਨਹੀਂ, ਉਸ ਹਾਲ ਵਿੱਚ ਬਹੁਤ ਸਾਰੇ ਪੱਤਰਕਾਰ ਆਏ ਹੋਏ ਸੀ, ਊਧਮ ਸਿੰਘ ਦੀ ਗ੍ਰਿਫਤਾਰੀ 'ਤੋਂ ਬਾਅਦ ਸਾਰੇ ਨੈਸ਼ਨਲ ਪੇਪਰਾ ਵਿੱਚ ਫੋਟੋ ਛਾਪੀ, ਉਹ ਫੋਟੋ ਅੱਜ ਵੀ ਦੇਖੀ ਜਾ ਸਕਦੀ ਆ, ਕੋਈ ਚਿਹਰੇ 'ਤੇ ਸ਼ਿਕਨ ਨਹੀਂ, ਸਗੋਂ ਮੁਸਕਰਾਹਟ ਭਰਿਆ ਚਿਹਰਾ, ਹੋਰ ਵੀ ਫੋਟਿਆ ਊਧਮ ਸਿੰਘ ਦੀਆਂ ਮਿਲਦੀਆਂ, ਇੱਕ ਫੋਟੋ ਲੰਡਨ ਦੇ ਗੁਰੂ ਘਰ ਵਿੱਚ ਸੇਵਾ ਕਰਦੇ ਦੀ ਹੈ, ਸਭ ਫੋਟਿਆ ਵਿੱਚ ਚਿਹਰੇ 'ਤੇ ਮੁਸਕਾਨ ਹੈ। ਜਦੋਂ ਇਹ ਖ਼ਬਰਾਂ ਭਾਰਤ ਪਹੁੰਚੀਆਂ ਬਹੁਤ ਸਾਰੇ ਆਜ਼ਾਦੀ ਲਈ ਲੜ ਰਹੇ ਯੋਧਿਆ ਨੇ, 'ਤੇ ਸੁਭਾਸ਼ ਚੰਦਰ ਬੋਸ ਨੇ ਵਰਗਿਆਂ ਨੇ ਇਸ ਕਾਰਵਾਈ ਨੂੰ ਸਹੀ ਠਹਿਰਾਇਆ। ਉਧਰ ਗਾਂਧੀ 'ਤੇ ਨਹਿਰੂ ਜੁੰਡਲੀ ਨੇ ਆਪਣੀ ਪ੍ਰੱਤਰਿਕਾ ''ਹਰਿਜਨ'' ਵਿੱਚ ਇੱਦਾਂ ਲਿਖਿਆ , 'ਸਾਨੂੰ ਉਡਵਾਇਰ ਦੀ ਮੌਤ, 'ਤੇ ਲਾਰਡ ਜੈਟਲੈਂਡ, ਲਾਰਡ ਲੈਮਿੰਟਨ, ਸਰ ਲੂਈ ਡੇਨ ਦੇ ਜ਼ਖ਼ਮੀ ਹੋਣ 'ਤੇ ਡੂੰਘਾ ਦਰਦ ਆ ? ਇਸ ਕਿਰਿਆ ਨੂੰ ''ਪਾਗਲਪਣ'' ਕਰਾਰ ਦਿੱਤਾ। ਊਧਮ ਸਿੰਘ ਦਾ ਮਕੁਦਮਾ ਲੰਡਨ ਦੀ ਉਲਡਬੇਲੀ ਅਦਾਲਤ ਵਿੱਚ ਚੱਲਿਆ, ਬਹੁਤ ਸਾਰੇ ਬ੍ਰਿਟਿਸ ਸੰਸਦ ਮੈਂਬਰਾਂ ਵੱਲੋਂ ਰਹਿਮ ਦੀ ਅਪੀਲ ਕਰਨ ਦੇ ਬਾਵਜੂਦ ਵੀ 31 ਜੁਲਾਈ 1940 ਨੂੰ ਲੰਡਨ ਦੀ ਪੈਂਟਨਵਿਲ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ। ਫਾਂਸੀ ਉਸਦੀ ਆਵਾਜ਼ ਖ਼ਾਮੋਸ਼ ਨਾ ਕਰ ਸਕੀ। ਸਾਲ 1974 ਵਿੱਚ ਊਧਮ ਸਿੰਘ ਦੀਆਂ ਅਸਥੀਆਂ ਦੀ ਖੋਜ ਕਰਕੇ ਭਾਰਤ ਵਾਪਸ ਭੇਜੀਆਂ ਗਈਆਂ, ਆਖੀਰ ਸਤਲੁਜ ਦਰਿਆ ਵਿੱਚ ਰੋੜ ਦਿੱਤੀਆਂ ਗਈਆਂ। ਊਧਮ ਸਿੰਘ ਦੀ ਜ਼ਿੰਦਗੀ "ਦੁੱਖਾਂ ਦਾ ਮਜਬਾ "'ਤੇ ਅਣਖ ਦੀ ਜਿਊਂਦੀ ਜਾਗਦੀ ਮਿਸਾਲ ਹੈ। ਬੇਸ਼ੱਕ ਹਜ਼ਾਰਾਂ ਸੂਰਮਿਆਂ ਨੇ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ, ਪਰ ਅੱਜ ਵੀ ਉਨ੍ਹਾਂ ਸੂਰਮਿਆਂ ਦੇ ਸੁਪਨੇ ਅਧੂਰੇ ਹਨ, ਪਤਾ ਨਹੀਂ ਕਦੋਂ ਉਹਨਾਂ ਦੇ ਸੁਪਨੇ ਪੂਰੇ ਹੋਣਗੇ। ਅੱਜ ਵੀ ਊਧਮ ਸਿੰਘ ਦੇ ਵਾਰਸਾਂ ਨੂੰ ਦੇਸ਼ ਦੇ ਹਾਕਮ ਕੀੜੇ ਮਕੌੜੇ ਸਮਝਦੇ ਹਨ ਹੱਕ ਮੰਗਦਿਆਂ ਨੂੰ ਚੰਗੀ ਤਰ੍ਹਾਂ ਡਾਂਗ ਫੇਰੀ ਜਾਂਦੀ ਆ। ਸ਼ਹੀਦ ਅੱਜ ਵੀ ਸਮਝਦੇ ਨੇ ਆਜ਼ਾਦੀ ਅਧੂਰੀ ਹੈ। ਪਤਾ ਨੀ ਕਦੋਂ ਸੁਪਨੇ ਪੂਰੇ ਹੋਣਗੇ। ਅੱਜ ਸ਼ਹੀਦ ਸਿਰਫ ਫੁੱਲਾਂ ਦੇ ਹਾਰਾਂ ਜੋਗੇ ਰਹਿ ਗਏ। ਪਤਾ ਨੀ ਕਦੋਂ ਇਹਨਾਂ ਦੇ ਸੁਪਨੇ ਵੱਲ ਵੀ ਦੇਸ਼ ਹਾਕਮ ਧਿਆਨ ਦੇਣਗੇ, ਨਾ ਕਿ ਉਹਨਾਂ ਨੂੰ ਸਿਰਫ ਸਾਲ ਬਾਅਦ ਯਾਦ ਕਰ ਲਿਆ ਜਾਵੇ। ਆਖ਼ਰ ਵਿੱਚ ਇਹੋ ਕਹਿ ਸਕਦਾ ਆ, ਘਰ ਘਰ ਪੁੱਤ ਜੰਮਦੇ ਰਹਿਣਗੇ, ਪਰ ਵਿਰਲੇ ਊਧਮ ਸਿੰਘ ਬਣਨੇ ਹਨ। ਪ੍ਰਣਾਮ ਉਹਨਾਂ ਸ਼ਹੀਦਾਂ ਨੂੰ ਜਿਹਨਾਂ ਦੀ ਕੁਰਬਾਨੀ ਸਦਕੇ ਅਸੀਂ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।

* * * * * * *

# ਰੋਮ ਹਵਾਈ ਅੱਡੇ ਦੀਆਂ ਰੌਣਕਾਂ







ਰੋਮ ਫਿਊਮੀਚੀਨੋ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਲਿਓਨਾਰਡੋ ਦੇ ਵਿੰਚੀ ਇੰਟਰਨੈਸ਼ਨਲ ਹਵਾਈ ਅੱਡੇ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ। ਇਹ ਇਟਲੀ ਦਾ ਸੱਭ ਤੋਂ ਵੱਡਾ ਵਿਅਸਤ ਹਵਾਈ ਅੱਡਾ ਹੈ। ਇਹ ਰੋਮ ਸ਼ਹਿਰ ਤੋਂ ਲਗਭਗ 30 ਕਿਲੋਮੀਟਰ ਦੂਰ ਸਥਿਤ ਹੈ ਅਤੇ ਹਰ ਸਾਲ ਕਰੋੜਾਂ ਯਾਤਰੀਆਂ ਦੀ ਆਵਾਜਾਈ ਦਾ ਕੇਂਦਰ ਬਣਦਾ ਹੈ। ਇਹ ਹਵਾਈ ਅੱਡਾ ਯੂਰਪ, ਏਸ਼ੀਆ, ਉੱਤਰੀ - ਦਖਣੀ ਅਮਰੀਕਾ, ਅਫਰੀਕਾ ਅਤੇ ਮੱਧ ਪੂਰਬ ਸਮੇਤ ਦੁਨੀਆ ਦੇ ਅਨੇਕਾਂ ਦੇਸ਼ਾਂ ਨਾਲ ਸਿੱਧਾ ਹਵਾਈ ਸੰਪਰਕ ਪ੍ਰਦਾਨ ਕਰਦਾ ਹੈ।

ਰੋਮ ਐਫਸੀਓ ਸਿਰਫ ਇੱਕ ਆਮ ਹਵਾਈ ਅੱਡਾ ਨਹੀਂ ਹੈ, ਸਗੋਂ ਇਹ ਇਟਲੀ ਦੀ ਕਲਾ, ਸੱਭਿਆਚਾਰ, ਆਧੁਨਿਕਤਾ ਅਤੇ ਮਹਿਮਾਨਨਵਾਜ਼ੀ ਦਾ ਪ੍ਰਤੀਕ ਹੈ। ਇੱਥੇ ਯਾਤਰੀਆਂ ਨੂੰ ਵਿਸ਼ਵ ਪੱਧਰੀ ਸੁਰੱਖਿਆ, ਸ਼ਾਨਦਾਰ ਖਰੀਦਦਾਰੀ, ਟੇਸਟੀ ਭੋਜਨ ਅਤੇ ਆਰਾਮਦਾਇਕ ਮਾਹੌਲ ਵੀ ਮਹਿਸੂਸ ਹੁੰਦਾ ਹੈ।

ਰੋਮ ਫਿਊਮੀਚੀਨੋ ਹਵਾਈ ਅੱਡੇ ਦੀ ਸ਼ੁਰੂਆਤ 1961 'ਚ ਕੀਤੀ ਗਈ ਸੀ। ਇਸ ਦਾ ਨਾਮ ਮਹਾਨ ਇਟਾਲੀਅਨ ਵਿਗਿਆਨੀ, ਚਿੱਤਰਕਾਰ ਅਤੇ ਖੋਜਕਾਰ ਲਿਓਨਾਰਡੋ ਦਾ ਵਿੰਚੀ ਦੇ ਸਨਮਾਨ 'ਚ ਰੱਖਿਆ ਗਿਆ। ਸਮੇਂ ਦੇ ਨਾਲ ਇਸ ਹਵਾਈ ਅੱਡੇ ਦਾ ਲਗਾਤਾਰ ਵਿਸਥਾਰ ਕੀਤਾ ਗਿਆ ਅਤੇ ਅੱਜ ਇਹ ਯੂਰਪ ਦੇ ਸੱਭ ਤੋਂ ਉੱਚ ਦਰਜੇ ਦੇ ਹਵਾਈ ਅੱਡਿਆਂ ਵਿੱਚੋਂ ਇੱਕ ਹੈ।

ਹਵਾਈ ਅੱਡੇ ਵਿਚ ਕਈ ਆਧੁਨਿਕ ਟਰਮੀਨਲ ਹਨ ਜੋ ਘਰੇਲੂ ਅਤੇ ਇੰਟਰਨੈਸ਼ਨਲ ਉਡਾਨਾਂ ਲਈ ਵਰਤੇ ਜਾਂਦੇ ਹਨ। ਵਿਸ਼ਾਲ ਚੈੱਕ-ਇਨ ਹਾਲ, ਡਿਜ਼ੀਟਲ ਜਾਣਕਾਰੀ ਸਕਰੀਨਾਂ, ਆਟੋਮੈਟਿਕ ਬੈਗੇਜ ਸਿਸਟਮ ਅਤੇ ਸਵੈ-ਚੈੱਕ-ਇਨ ਕਿਓਸਕ ਯਾਤਰੀਆਂ ਦੀ ਯਾਤਰਾ ਨੂੰ ਤੇਜ਼ ਅਤੇ ਸੁਵਿਧਾਜਨਕ ਬਣਾਉਂਦੇ ਹਨ।

ਰੋਮ ਐਫਸੀਓ ਹਵਾਈ ਅੱਡਾ ਖਰੀਦਦਾਰੀ ਲਈ ਵੀ ਮਸ਼ਹੂਰ ਹੈ। ਇੱਥੇ ਦੁਨੀਆ ਦੇ ਮਸ਼ਹੂਰ ਫੈਸ਼ਨ ਬ੍ਰਾਂਡ, ਇੱਤਰ, ਕਾਸਮੈਟਿਕਸ, ਘੜੀਆਂ, ਹੈਂਡਬੈਗ, ਗਹਿਣੇ, ਸਨਗਲਾਸ, ਚਾਕਲੇਟ, ਕੌਫੀ, ਇਟਾਲੀਅਨ ਵਾਈਨ, ਜੈਤੂਨ ਦਾ ਤੇਲ, ਓਤੇ ਹੋਰ ਯਾਦਗਾਰੀ ਚੀਜ਼ਾਂ ਮਿਲ ਜਾਂਦੀਆਂ ਹਨ। ਡਿਊਟੀ-ਫ੍ਰੀ ਖਰੀਦਦਾਰੀ ਕਈ ਪ੍ਰੋਡਕਟ ਟੈਕਸ-ਮੁਕਤ ਕੀਮਤਾਂ 'ਤੇ ਮਿਲਦੇ ਹਨ। ਜਿਸ ਨਾਲ ਯਾਤਰੀਆਂ ਨੂੰ ਵੱਧੀਆ ਕੀਮਤ 'ਚ ਚੰਗੀ ਕੁਆਲਿਟੀ ਮਿਲ ਜਾਂਦੀ ਹੈ।

ਇਸ ਹਵਾਈ ਅੱਡੇ 'ਤੇ ਵੱਖ-ਵੱਖ ਕਿਸਮ ਦਾ ਭੋਜਨ ਮਿਲ ਜਾਂਦਾ ਹੈ। ਇੱਥੇ ਅਸਲੀ ਇਟਾਲੀਅਨਪੀਜ਼ਾ, ਪਾਸਤਾ, ਰਿਸਟੋ, ਜੈਲਾਟੋ, ਪਨੀਨੀ, ਸਲਾਦ, ਸਮੁੰਦਰੀ ਭੋਜਨ, ਮਿੱਠੀਆਂ ਚੀਜ਼ਾਂ, ਅਤੇ ਹਾਈ ਕੁਅਲਿਟੀ ਕੌਫੀ, ਦਾ ਆਨੰਦ ਲਿਆ ਜਾ ਸਕਦਾ ਹੈ। ਸ਼ਾਕਾਹਾਰੀ, ਵੀਗਨ ਅਤੇ ਗਲੂਟਨ-ਫ੍ਰੀ ਭੋਜਨ ਵੀ ਮਿਲ ਜਾਂਦਾ ਹੈ।

ਰੋਮ ਐਫਸੀਓ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਇਸ ਦੀਆਂ ਕਲਾ ਪ੍ਰਦਰਸ਼ਨੀਆਂ ਹਨ। ਟਰਮੀਨਲਾਂ ਵਿਚ ਇਤਿਹਾਸਕ ਚਿੱਤਰਕਲਾਵਾਂ, ਮੂਰਤੀਆਂ ਅਤੇ ਪ੍ਰਾਚੀਨਰੋਮ ਨਾਲ ਸੰਬੰਧਿਤ ਪ੍ਰਦਰਸ਼ਨ ਲਗਾਏ ਜਾਂਦੇ ਹਨ, ਜੋ ਯਾਤਰੀਆਂ ਨੂੰ ਇਟਲੀ ਦੀ ਸੰਸਕ੍ਰਿਤਿਕ ਵਿਰਾਸਤ ਨਾਲ ਜਾਣੂ ਕਰਾਉਂਦੇ ਹਨ। ਹਵਾਈ ਅੱਡੇ 'ਚ ਕਈ ਪ੍ਰੀਮੀਅਮ ਲਾਉਂਜ ਹਨ ਜਿੱਥੇ ਆਰਾਮਦਾਇਕ ਬੈਠਣ ਦਾ ਪ੍ਰਬੰਧ, ਮੁਫਤ ਭੋਜਨ, ਸਨੈਕਸ, ਸਾਫਟ ਡ੍ਰਿੰਕਸ, ਤੇਜ਼ ਵਾਈ-ਫਾਈ, ਸ਼ਾਵਰ ਸਹੂਲਤ, ਕੰਮ ਕਰਨ ਲਈ ਸ਼ਾਂਤ ਮਾਹੌਲ, ਅਤੇ ਮੋਬਾਈਲ ਚਾਰਜਿੰਗ ਦੀ ਸਹੂਲਤ ਵੀ ਹੈ।

ਬੱਚਿਆਂ ਲਈਖੇਡ ਏਰੀਆ, ਬੇਬੀ ਕੇਅਰ ਰੂਮ, ਸਟ੍ਰੋਲਰ ਸਹੂਲਤ, ਪਰਿਵਾਰਕ ਆਰਾਮ ਏਰੀਆ, ਉਪਲੱਬਧ ਹਨ। ਇਹ ਸਹੂਲਤਾਂ ਛੋਟੇ ਬੱਚਿਆਂ ਨਾਲ ਯਾਤਰਾ ਕਰਨ ਵਾਲੇ ਪਰਿਵਾਰਾਂ ਲਈ ਫਾਇਦੇਮੰਦ ਹੈ। ਬਜ਼ੁਰਗਾਂ, ਦਿਵਿਆਂਗ ਯਾਤਰੀਆਂ ਅਤੇ ਵਿਸ਼ੇਸ਼ ਜ਼ਰੂਰਤਾਂ ਵਾਲਿਆਂ ਲਈ ਵੀਲਚੇਅਰ, ਸਮਰਪਿਤ ਹੈਲਪ ਕਰਮਚਾਰੀ, ਲਿਫਟਾਂ 'ਤੇ ਰੈਂਪ ਉਪਲਬਧ ਹਨ। ਰੋਮ ਸ਼ਹਿਰ ਤੱਕ ਪਹੁੰਚਣ ਲਈ ਲਿਓਨਾਰਡੋ ਐਕਸਪ੍ਰੈਸ ਟ੍ਰੇਨ ਸੱਭ ਤੋਂ ਤੇਜ਼ ਸਾਧਨ ਹੈ। ਇਸ ਤੋਂ ਇਲਾਵਾ ਟੈਕਸੀ, ਬੱਸ, ਕਾਰ ਕਿਰਾਏ 'ਤੇ ਲੈਣ ਦੀ ਸਹੂਲਤ ਅਤੇ ਨਿਜੀ ਟ੍ਰਾਂਸਫਰ ਵੀ ਉਪਲਬਧ ਹਨ। ਮੁਫਤ ਵਾਈ-ਫਾਈ, ਮੋਬਾਇਲ ਚਾਰਜਿੰਗ ਸਟੇਸ਼ਨ, ਡਿਜੀਟਲ ਫਲਾਈਟ ਜਾਣਕਾਰੀ, ਸਵੈ-ਚੈ-ਇਨ ਮਸ਼ੀਨਾਂ ਅਤੇ ਔਨਲਾਈਨ ਸੇਵਾਵਾਂ ਯਾਤਰਾ ਨੂੰ ਹੋਰ ਵੀ ਆਸਾਨ ਬਣਾਉਂਦੀਆਂ ਹਨ।

ਰੋਮ ਐਫਸੀਓ ਆਪਣੀ ਉੱਚ ਪੱਧਰੀ ਸੁਰੱਖਿਆ ਸਿਸਟਮ ਅਤੇ ਸਫਾਈ ਲਈ ਜਾਣਿਆ ਜਾਂਦਾ ਹੈ। ਆਧੁਨਿਕ ਸਕੈਨਿੰਗ ਤਕਨੀਕਾਂ, ਟ੍ਰੇਨਡ ਸੁਰੱਖਿਆ ਕਰਮਚਾਰੀ ਅਤੇ ਸਾਫ-ਸੁਥਰੇ ਟਰਮੀਨਲ ਯਾਤਰੀਆਂ ਨੂੰ ਸੇਫਟੀ ਅਤੇ ਆਰਾਮਦਾਇਕਅਨੁਭਵ ਦਿੰਦੇ ਹਨ। ਕਾਰੋਬਾਰੀ ਯਾਤਰੀਆਂ ਲਈ ਮੀਟਿੰਗ ਖੇਤਰ, ਬਿਜ਼ਨਸ ਲਾਉਂਜ, ਉੱਚ-ਗਤੀ ਇੰਟਰਨੈੱਟ ਅਤੇ ਸ਼ਾਂਤ ਕਾਰਜ ਸਥਾਨ ਉਪਲਬਧ ਹਨ, ਜਿਸ ਨਾਲ ਉਹ ਆਪਣਾ ਕੰਮ ਆਸਾਨੀ ਨਾਲ ਜਾਰੀ ਰੱਖ ਸਕਦੇ ਹਨ। ਹਵਾਈ ਅੱਡਾ ਊਰਜਾ ਦੀ ਬਚਤ, ਕਚਰਾ ਪ੍ਰਬੰਧਨ, ਪਾਣੀ ਦੀ ਸੰਭਾਲ ਅਤੇ ਕਾਰਬਨ ਨਿਕਾਸ ਘਟਾਉਣ ਲਈ ਕਈ ਟਿਕਾਊ ਪਹਿਲਕਦਮੀਆਂ 'ਤੇ ਕੰਮ ਕਰ ਰਿਹਾ ਹੈ।

ਖਿਆਲ ਰੱਖੋ:

- ➢ ਉਡਾਣ ਤੋਂ ਘੱਟੋ-ਘੱਟ 3 ਘੰਟੇ ਪਹਿਲਾਂ ਹਵਾਈ ਅੱਡੇ 'ਤੇ ਪਹੁੰਚਣ ਦੀ ਲੋੜ ਹੁੰਦੀ ਹੈ।
- ➢ ਆਪਣਾ ਪਾਸਪੋਰਟ ਅਤੇ ਟ੍ਰੈਵਲ ਦਸਤਵੇਜ਼ ਪਹਿਲਾਂ ਹੀ ਤਿਆਰ ਰੱਖੋ।
- ➢ ਲੰਬਾ ਲੇਓਵਰ ਦੀ ਹਾਲਤ ਵਿਚ ਲਾਉਂਜ ਦੀ ਸਹੂਲਤ ਦਾ ਲਾਭ ਲਿਆ ਜਾ ਸਕਦਾ ਹੈ।
- ➢ ਮੋਬਾਈਲ ਚਾਰਜਰ ਅਤੇ ਪਾਵਰ ਬੈਂਕ ਆਪਣੇ ਨਾਲ ਰੱਖੋ।
- ➢ ਰੇਲ ਅਤੇ ਟੈਕਸੀ ਦੀ ਸਹੀ ਜਾਣਕਾਰੀ ਰੱਖੋ।
- ➢ ਡਿਊਟੀ-ਫ੍ਰੀ 'ਤੇ ਖਰੀਦਦਾਰੀ ਪ੍ਰਾਪਰ ਸਮਾਂ ਰੱਖੋ। ਅਗਲੀ ਬਾਰ ਕਿਸੇ ਹੋਰ ਵਿਸ਼ੇ 'ਤੇ ਇਟਲੀ ਬਾਰੇ ਚਰਚਾ ਕਰਾਂਗੇ।



# ਸਪੇਨ ਨੇ ਜਿੱਤਿਆ ਆਲਮੀ ਕੱਪ, ਮੈਸੀ ਦੀਆਂ ਨਿਕਲੀਆਂ ਧਾਹਾਂ



**ਪ੍ਰਿੰ. ਸਰਵਣ ਸਿੰਘ**



ਵਿਦਵਾਨ ਲੇਖਕ ਬਰਨਾਰਡ ਸ਼ਾਅ ਨੇ ਪਤਾ ਨਹੀਂ ਕਿਹੜੇ ਰਉਂ ’ਚ ਕਿਹਾ ਸੀ ਕਿ 22 ਜਣੇ ਮੂਰਖ ਹਨ ਜਿਹੜੇ ਇੱਕ ਬਾਲ ਪਿੱਛੇ ਸਿਰਤੋੜ ਦੌੜੇ ਫਿਰਦੇ ਹਨ। 11 ਜਣੇ ਇੱਕ ਪਾਸੇ ਨੂੰ ਠੁੱਡੇ ਮਾਰੀ ਜਾਂਦੇ ਹਨ ਤੇ 11 ਜਣੇ ਦੂਜੇ ਪਾਸੇ ਨੂੰ। ਕਮਲੇ ਨਾ ਹੋਣ ਕਿਤੋਂ ਦੇ!

ਉਹ 22 ਜਣੇ ਤਾਂ ਪਤਾ ਨਹੀਂ ਕਿੰਨੇ ਕੁ ਕਮਲੇ ਹੋਣਗੇ ਪਰ ਸੱਚਾਈ ਇਹੋ ਹੈ ਕਿ ਉਨ੍ਹਾਂ ਨੇ ਸਿਆਣੀ ਬਿਆਣੀ ਅੱਧੋਂ ਵੱਧ ਦੁਨੀਆ ਕਮਲ਼ੀ ਕੀਤੀ ਪਈ ਹੈ! ਕੋਈ ਮੰਨੇ ਨਾ ਮੰਨੇ ਫੁਟਬਾਲ ਦੀ ਖੇਡ ਵਿੱਚ ਕਮਾਲ ਦੀ ਕਸ਼ਿਸ਼ ਹੈ। ਉਹ ਬਾਬੇ ਬਰਨਾਰਡ ਸ਼ਾਅ ਨੂੰ ਤਾਂ ਭਾਵੇਂ ਆਪਣੇ ਵੱਲ ਨਹੀਂ ਖਿੱਚ ਸਕੀ ਪਰ ਪੂਰੇ ਸੰਸਾਰ ਨੂੰ ਆਪਣੇ ਪੰਜਿਆਂ ’ਚ ਜਕੜੀ ਬੈਠੀ ਹੈ। ਆਲਮੀ ਕੱਪ ਦੇ ਮੈਚਾਂ ’ਚ ਇੱਕ ਇੱਕ ਕਿੱਕ ਨੇ ਲੱਖਾਂ ਨਿਗਾਹਾਂ ਬੰਨ੍ਹੀਂ ਰੱਖੀਆਂ। ਫੁਟਬਾਲ ਸੱਚਮੁੱਚ ਹੀ ਦੁਨੀਆਂ ਦੀ ਸਭ ਤੋਂ ਵੱਧ ਦਰਸ਼ਨੀ ਖੇਡ ਸਾਬਤ ਹੋਈ ਹੈ। ਤਦੇ ਇਹ ਦੁਨੀਆਂ ਦੇ ਸਾਰੇ ਹੀ ਮੁਲਕਾਂ ਵਿੱਚ ਖੇਡੀ ਜਾਂਦੀ ਹੈ। ਫੁਟਬਾਲ ਦੀ ਕੌਮਾਂਤਰੀ ਫੈਡਰੇਸ਼ਨ ‘ਫੀਫਾ ਦੇ 211 ਦੇਸ਼ ਤੇ ਖੇਤਰ ਮੈਂਬਰ ਹਨ।

2022 ਦਾ 22ਵਾਂ ਆਲਮੀ ਕੱਪ 5 ਅਰਬ ਲੋਕਾਂ ਨੇ ਵੇਖਿਆ ਸੀ ਤੇ 23ਵਾਂ ਕੱਪ 6 ਅਰਬ ਲੋਕਾਂ ਨੇ। ਅਰਬਾਂ ਖਰਬਾਂ ਰੁਪਏ, ਸਮਾਂ ਤੇ ਸਾਧਨ ਲੱਗ ਜਾਂਦੇ ਨੇ ਇਨ੍ਹਾਂ ਆਲਮੀ ਕੱਪਾਂ ਉਤੇ। ਜੂਨ-ਜੁਲਾਈ ਫੁਟਬਾਲ ਦੀ ਚਰਚਾ ਦੇ ਮਹੀਨੇ ਬਣੇ ਰਹੇ। ਤਿੰਨ ਮੁਲਕਾਂ, ਕੈਨੇਡਾ, ਅਮਰੀਕਾ ਤੇ ਮੈਕਸੀਕੋ ਵਿਚਲੇ 16 ਸ਼ਹਿਰਾਂ ਦੇ ਵਿਸ਼ਾਲ ਸਟੇਡੀਅਮ, ਪ੍ਰਬੰਧਕਾਂ, ਖਿਡਾਰੀਆਂ ਤੇ ਮੀਡੀਆਕਾਰਾਂ ਨਾਲ ਭਰਪੂਰ ਰਹੇ। ਕਰੋੜਾਂ ਅਰਬਾਂ ਡਾਲਰਾਂ ਦੀਆਂ ਸ਼ਰਤਾਂ ਲੱਗੀਆਂ ਤੇ ਸੱਟਾ ਖੇਡਿਆ ਗਿਆ। ਜਿੱਤਾਂ ਦੀਆਂ ਖ਼ੁਸ਼ੀਆਂ ਮਨਾਈਆਂ ਗਈਆਂ, ਹਾਰਾਂ ਦੇ ਹੰਝੂ ਵਹਾਏ ਗਏ।

ਕੱਪ ਜਿੱਤਣ ਪਿੱਛੋਂ ਜੋ ਜਲੌਅ ਸਪੇਨੀਆਂ ਨੇ ਵਿਖਾਇਆ ਉਹਦੀਆਂ ਕਿਆ ਰੀਸਾਂ। ਕਿਆ ਕਮਾਲ ਦੇ ਨਜ਼ਾਰੇ ਬੱਝੇ ਉਨ੍ਹਾਂ ਦੀ ਰਾਜਧਾਨੀ ਮੈਡਰਿਡ ਵਿੱਚ! ਫੀਫਾ ਕੱਪ ਜਿੱਤਣ ਦੀ ਖ਼ਬਰ ਤੋਂ ਵੱਡੀ ਖ਼ਬਰ ਕੇਵਲ ਤੀਜੀ ਆਲਮੀ ਜੰਗ ਹੀ ਹੋ ਸਕਦੀ ਸੀ। ਡੇਢ ਮਹੀਨਾ ਰੇਡੀਓ, ਟੀ.ਵੀ, ਅਖ਼ਬਾਰ ਤੇ ਇੰਟਰਨੈਟ ਆਲਮੀ ਕੱਪ ਦੀਆਂ ਖ਼ਬਰਾਂ ਨਾਲ ਭਰੇ ਰਹੇ। 22 ਬੰਦਿਆਂ ਦੇ ਪੈਰਾਂ ਤੇ ਸਿਰਾਂ ਦੀ ਖੇਡ ਨੇ ਕਰੋੜਾਂ ਲੋਕਾਂ ਦੇ ਸਿਰ ਘੁੰਮਾਈ ਰੱਖੇ ਤੇ ਫੁਟਬਾਲ ਦੇ ਦੀਵਾਨਿਆਂ ਨੂੰ ਪਹਿਲੇ ਤੋੜ ਦਾ ਨਸ਼ਾ ਚਾੜ੍ਹੀ ਰੱਖਿਆ! ਉਨ੍ਹਾਂ ਦੀ ਹਾਤ-ਹੂਤ ਦੀਆਂ ਕਿਲਕਾਰੀਆਂ ਪੂਰੇ ਜੱਗ ਜਹਾਨ ਦੀ ਹਵਾ ’ਚ ਗੂੰਜਦੀਆਂ ਰਹੀਆਂ।

ਫੁਟਬਾਲ ਦੇ ਸੈ ਮੁਲਖਈਏ ਨੇ ਤਾਂ ਸ਼ਰਤਾਂ ਲਾਉਣੀਆਂ ਹੀ ਸਨ, ਅਰਜਨਟੀਨਾ ਤੇ ਸਪੇਨ ਦੇ ਹਮਾਇਤੀਆਂ ਨੇ ਵੀ ਜਿੱਤ ਹਾਰ ਦਾ ਜੂਆ ਖੇਡਣਾ ਸੀ, ਹੈਰਾਨੀ ਇਸ ਗੱਲ ਦੀ ਸੀ ਕਿ ਬਠਿੰਡੇ ਦੇ ਬਾਣੀਏਂ ਜਿਨ੍ਹਾਂ ਦਾ ਫੁਟਬਾਲ ਨਾਲ ਕੋਈ ਲੈਣ ਦੇਣ ਨਹੀਂ ਸੀ ਉਨ੍ਹਾਂ ਨੇ ਵੀ ਅਰਜਨਟੀਨਾ ਜਾਂ ਸਪੇਨ ਦੀ ਹਾਰ ਜਿੱਤ ਉਤੇ ਲੱਖਾਂ ਦਾ ਸੱਟਾ ਖੇਡਿਆ।

90 ਮਿੰਟਾਂ ਦੇ ਮੈਚ ਪਿੱਛੋਂ ਵਾਧੂ ਸਮੇਂ ਵਿੱਚ ਆਖ਼ਰ ਸਪੇਨ ਨੇ 1-0 ਗੋਲ ਨਾਲ 2026 ਦਾ ਆਲਮੀ ਕੱਪ ਜਿੱਤ ਲਿਆ ਜੋ ਉਸ ਦਾ ਦੂਜਾ ਵਿਸ਼ਵ ਕੱਪ ਹੈ। ਗੋਲਡਨ ਟਰਾਫੀ ਦੇ ਨਾਲ ਗੋਲਡਨ ਬਾਲ ਤੇ ਗੋਲਡਨ ਗਲੱਬਜ਼ ਦੇ ਵੱਕਾਰੀ ਅਵਾਰਡ ਵੀ ਸਪੇਨੀ ਖਿਡਾਰੀਆਂ ਨੇ ਹੀ ਜਿੱਤੇ। ਫਰਾਂਸ ਦਾ ਕਿਲੀਅਨ ਅਮਬਾਪੇ ਇਸ ਆਲਮੀ ਕੱਪ ’ਚ 10 ਗੋਲ ਕਰ ਕੇ ਗੋਲਡਨ ਬੂਟ ਦਾ ਅਵਾਰਡ ਜਿੱਤਿਆ। ਲਿਓਨਲ ਮੈਸੀ, ਜੀਹਦੀ ਵਰ੍ਹਿਆਂ ਤੋਂ ਫੁੱਟਬਾਲ ਦੀ ਖੇਡ ’ਚ ਸਰਦਾਰੀ ਸੀ 8 ਗੋਲਾਂ ਨਾਲ ਉਸ ਤੋਂ ਪਿੱਛੇ ਰਹਿ ਗਿਆ। ਕੁਲ ਆਲਮੀ ਕੱਪਾਂ ’ਚ ਵੀ 21 ਗੋਲ ਕਰਨ ਦੇ ਬਾਵਜੂਦ ਉਹ ਕਿਲੀਅਨ ਅਮਬਾਪੇ ਦੇ 22 ਗੋਲ ਹੋ ਜਾਣ ਨਾਲ ਦੂਜੀ ਥਾਂ ਜਾ ਪਿਆ। ਮੈਸੀ ਦੀ ਜਿੰਨੀ ਚੜ੍ਹਾਈ ਸੀ, ਮਹਿਮਾ ਸੀ, ਪਈ ਮੈਸੀ ਮੈਸੀ ਹੁੰਦੀ ਸੀ, ਫਾਈਨਲ ਮੈਚ ’ਚ ਹੋਈ ਹਾਰ ਨਾਲ ਉਹਦੀਆਂ ਧਾਹਾਂ ਨਾ ਨਿਕਲਦੀਆਂ ਤਾਂ ਹੋਰ ਕੀ ਨਿਕਲਦਾ!

ਰਿਸ਼ਤਾ ਅਰਜਨਟੀਨਾ ਤੇ ਸਪੇਨ ਦੇ ਸ਼ਰੀਕ ਹੋਣ ਦਾ ਵੀ ਸੀ। ਕਿਹਾ ਜਾਂਦੈ ਕਿ ਸ਼ਰੀਕ ਮੋਹ ਵੀ ਸਭ ਤੋਂ ਵੱਧ ਕਰਦੈ ਤੇ ਖੋਰ ਵੀ ਸਭ ਤੋਂ ਵੱਧ ਰੱਖਦੈ। ਫਾਈਨਲ ਮੈਚ ਦੇ ਖੇਡ ਮੈਦਾਨ ਦੀ ਭਾਸ਼ਾ ਅਰਜਨਟੀਨਾ ਤੇ ਸਪੇਨ ਦੇ ਖਿਡਾਰੀਆਂ ਦੀ ਇੱਕੋ ਸੀ: ਸਪੈਨਿਸ਼। ਐਨ ਉਵੇਂ ਜਿਵੇਂ ਹਾਕੀ ਦੇ ਓਲੰਪਿਕ ਤੇ ਹੋਰ ਮੈਚਾਂ ਵਿੱਚ ਭਾਰਤੀ ਤੇ ਪਾਕਿਸਤਾਨੀ ਖਿਡਾਰੀਆਂ ਦੀ ਖੇਡ ਭਾਸ਼ਾ ‘ਲਈਂ ਨੂਰਿਆ, ਦੇਈਂ ਬੀਰਿਆ ਬੋਲਦਿਆਂ ਪੰਜਾਬੀ ਹੁੰਦੀ ਹੈ। ਜਿਵੇਂ ਭਾਰਤੀ ਤੇ ਪਾਕਿਸਤਾਨੀ ਸ਼ਰੀਕ ਹੋਣ ਦੇ ਨਾਤੇ ਕਦੇ ਮੋਹ ਪਾਲ ਲੈਂਦੇ ਤੇ ਕਦੇ ਭਿੜ ਪੈਂਦੇ ਹਨ ਉਵੇਂ ਅਰਜਨਟੀਨੀਏ ਤੇ ਸਪੇਨੀਏ ਵੀ ਮੈਚ ਪਿੱਛੋਂ ਆਪਸ ਵਿੱਚ ਭਿੜੇ।

ਫੀਫਾ ਦਾ ਫੁਟਬਾਲ ਕੱਪ ਦੁਨੀਆ ਦਾ ਸਭ ਤੋਂ ਵੱਡਾ ਖੇਡ ਮੇਲਾ ਹੈ। ਇਹ ਓਲੰਪਿਕ ਖੇਡਾਂ ਦੇ ਅੱਧਵਿਚਾਲੇ ਹਰ ਚਹੁੰ ਸਾਲੀਂ ਹੁੰਦਾ ਹੈ। ਆਧੁਨਿਕ ਓਲੰਪਿਕ ਖੇਡਾਂ 1896 ਤੋਂ ਸ਼ੁਰੂ ਹੋਈਆਂ ਸਨ ਤੇ ਫੀਫਾ ਆਲਮੀ ਕੱਪ 1930 ਤੋਂ ਸ਼ੁਰੂ ਹੋਇਆ। 2018 ਦਾ 21ਵਾਂ ਆਲਮੀ ਕੱਪ 3.57 ਬਿਲੀਅਨ ਭਾਵ 357 ਕਰੋੜ ਦਰਸ਼ਕਾਂ ਨੇ ਵੇਖਿਆ ਸੀ। 2022 ਦਾ ਕੱਪ 500 ਕਰੋੜ ਯਾਨੀ ਦੁਨੀਆ ਦੀ ਅੱਧੋਂ ਵੱਧ ਆਬਾਦੀ ਨੇ ਵੇਖਿਆ। 11 ਜੂਨ 2026 ਤੋਂ ਸ਼ੁਰੂ ਹੋਏ ਤੇ 19 ਜੁਲਾਈ ਨੂੰ ਸਮਾਪਤ ਹੋਏ ਅਜੋਕੇ 23ਵੇਂ ਆਲਮੀ ਕੱਪ ਦੇ ਦਰਸ਼ਕਾਂ ਦੀ ਗਿਣਤੀ ਦਾ ਹਿਸਾਬ ਲਗਾਇਆ ਜਾ ਰਿਹੈ ਜੋ ਹੋ ਸਕਦੈ 600 ਕਰੋੜ ਤੋਂ ਵੀ ਟੱਪ ਜਾਵੇ! 2022 ਦੇ ਕੱਪ ਦਾ ਫਾਈਨਲ ਮੈਚ ਦੁਨੀਆ ਦੇ ਲਗਭਗ 150 ਕਰੋੜ ਲੋਕਾਂ ਨੇ ਵੇਖਿਆ ਸੀ।

ਅਜੋਕੇ ਆਲਮੀ ਕੱਪ ਵਿੱਚ ਪਹਿਲੇ ਸਾਰੇ ਵਿਸ਼ਵ ਕੱਪਾਂ ਨਾਲੋਂ ਵਧੇਰੇ ਕੁਲ 104 ਮੈਚ ਖੇਡੇ ਗਏ ਹਨ ਜਿਨ੍ਹਾਂ ’ਚ ਫੀਫਾ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਗੋਲ ਹੋਏ ਹਨ। 211 ਦੇਸ਼ਾਂ/ਟੈਰੇਟਰੀਆਂ ’ਚੋਂ 48 ਦੇਸ਼ਾਂ ਦੀਆਂ ਕੌਮੀ ਟੀਮਾਂ ਆਲਮੀ ਕੱਪ ਲਈ ਕੁਆਲੀਫਾਈ ਕੀਤੀਆਂ ਸਨ। ਚਾਰ ਸਾਲਾਂ ਬਾਅਦ ਹੁੰਦੇ ਆ ਰਹੇ 23 ਆਲਮੀ ਕੱਪਾਂ ’ਚ ਹੁਣ ਤੱਕ 80 ਮੁਲਕਾਂ ਦੀਆਂ ਨੈਸ਼ਨਲ ਟੀਮਾਂ ਭਾਗ ਲੈ ਚੁੱਕੀਆਂ ਹਨ। ਉਨ੍ਹਾਂ ’ਚ 5 ਲੱਖ ਦੀ ਆਬਾਦੀ ਵਾਲਾ ਅਫਰੀਕਨ ਦੇਸ਼ ਕੇਪ ਵਾਰਡੇ ਵੀ ਹੈ ਜਿਸ ਨੂੰ ਅਰਜਨਟੀਨਾ ਦੀ ਵਿਸ਼ਵ ਚੈਂਪੀਅਨ ਟੀਮ ਮੈਚ ਦੇ ਪੂਰੇ ਸਮੇਂ ’ਚ ਨਹੀਂ ਸੀ ਹਰਾ ਸਕੀ। ਵਾਧੂ ਸਮੇਂ ’ਚ ਵੀ ਮਸੀਂ 1 ਗੋਲ ਨਾਲ ਹਰਾ ਸਕੀ। ਕੇਪ ਵਾਰਡੇ ਦੇ ਉਲਟ ਜਨਸੰਖਿਆ ’ਚ ਦੁਨੀਆ ਦੇ ਸਭ ਤੋਂ ਵੱਡੇ ਦੇਸ਼ ਭਾਰਤ ਦੀ ਕੌਮੀ ਟੀਮ, ਫੀਫਾ ਕੱਪ ਦੇ 96 ਸਾਲਾ ਇਤਿਹਾਸ ਵਿੱਚ ਇੱਕ ਵਾਰ ਵੀ ਇਹ ਕੱਪ ਖੇਡਣ ਦੇ ਯੋਗ ਨਹੀਂ ਹੋ ਸਕੀ। ਐਵੇਂ ਹਵਾ ’ਚ ਹੀ ਵਿਸ਼ਵ ਗੁਰੂ ਬਣ ਜਾਣ ਦੀਆਂ ਸ਼ੇਖ਼ੀਆਂ ਮਾਰੀ ਜਾਣ ਦੀ ਗੱਲ ਹੋਰ ਹੈ। ਇੰਡੀਆ ਅਥਵਾ ਭਾਰਤ ਨੇ ਫੁਟਬਾਲ ਦਾ ਆਲਮੀ ਕੱਪ ਤਾਂ ਕੀ ਕਰਾਉਣਾ ਸੀ ਓਲੰਪਿਕ ਖੇਡਾਂ ਦੇ 130 ਸਾਲਾਂ ਇਤਿਹਾਸ ਵਿੱਚ ਇੱਕ ਵਾਰ ਵੀ ਓਲੰਪਿਕ ਖੇਡਾਂ ਨਹੀਂ ਕਰਵਾ ਸਕਿਆ। ਜੇਕਰ 2036 ਜਾਂ 2040 ਦੀਆਂ ਓਲੰਪਿਕ ਖੇਡਾਂ ਵੀ ‘ਭਾਰਤ ਮਹਾਨ ਆਪਣੀ ਭੋਇੰ ਉੱਤੇ ਕਰਾ ਜਾਵੇ ਤਾਂ ਵਾਹ ਭਲ਼ੀ।

ਇਸ ਖੋਜ ਬਾਰੇ ਹਾਲਾਂ ਵੀ ਮੱਤਭੇਦ ਹਨ ਕਿ ਫੁਟਬਾਲ ਦੀ ਖੇਡ ਦਾ ਜਨਮ ਚੀਨ ’ਚ ਹੋਇਆ, ਇਟਲੀ ਜਾਂ ਅਫਰੀਕਾ ਵਿੱਚ ਹੋਇਆ? ਪਰ ਇਸ ਤੱਥ ਨਾਲ ਸਭ ਸਹਿਮਤ ਹਨ ਕਿ ਬਰਤਾਨੀਆਂ ਨੇ ਇਸ ਖੇਡ ਨੂੰ ਅਪਨਾਇਆ ਅਤੇ ਸੰਵਾਰਿਆ। ਫਿਰ ਫੀਫਾ ਬਣੀ ਜਿਸ ਦਾ ਮੁੱਖ ਮੰਤਵ ਫੁਟਬਾਲ ਦੀ ਖੇਡ ਨੂੰ ਕੁਲ ਦੁਨੀਆਂ ’ਚ ਮਕਬੂਲ ਕਰਨਾ ਸੀ। 1920 ਵਿੱਚ ਫਰਾਂਸ ਦਾ ਇੱਕ ਵਕੀਲ ਜੂਲਸ ਰੀਮੇ ਫੀਫਾ ਦਾ ਪਰਧਾਨ ਬਣਿਆ। ਉਹ 1954 ਤਕ ਇਸ ਅਹੁਦੇ ਉਤੇ ਰਿਹਾ। ਉਹਦੇ ਮਨ ’ਚ ਵਿਚਾਰ ਆਇਆ ਕਿ ਫੁਟਬਾਲ ਦੀ ਖੇਡ ਦਾ ਹਰ ਚਾਰ ਸਾਲ ਬਾਅਦ ਵਰਲਡ ਕੱਪ ਟੂਰਨਾਮੈਂਟ ਕਰਵਾਇਆ ਜਾਵੇ ਤਾਂ ਜੋ ਇਹ ਖੇਡ ਹੋਰ ਵਿਕਾਸ ਕਰੇ ਤੇ ਹੋਰ ਹਰਮਨ ਪਿਆਰੀ ਹੋਵੇ। ਫੁਟਬਾਲ ਦੀ ਆਲਮੀ ਸਰਦਾਰੀ ਦਾ ਚਿੰਨ੍ਹ 9 ਪੌਂਡ ਸ਼ੁੱਧ ਸੋਨੇ ਦਾ ਕੱਪ ਬਣਾਇਆ ਗਿਆ ਜਿਸ ਦਾ ਨਾਂ ਜੂਲਸ ਰੀਮੇ ਟਰਾਫੀ ਰੱਖਿਆ। ਇਹ ਕੱਪ ਚਲੰਤ ਸੀ ਪਰ ਨਾਲ ਇਹ ਵੀ ਕਿਹਾ ਗਿਆ ਕਿ ਜਿਹੜਾ ਮੁਲਕ ਇਸ ਨੂੰ ਤਿੰਨ ਵਾਰ ਜਿੱਤ ਲਵੇਗਾ ਹਮੇਸ਼ਾ ਲਈ ਉਹਦਾ ਹੋ ਜਾਵੇਗਾ।

## ਫੀਫਾ ਆਲਮੀ ਕੱਪਾਂ ਦੇ ਨਤੀਜੇ

1930 ਉਰੂਗੁਏ, ਅਰਜਨਟੀਨਾ, ਅਮਰੀਕਾ
1934 ਇਟਲੀ, ਚੈਕੋਸਲੋਵਾਕੀਆ, ਜਰਮਨੀ
1938 ਇਟਲੀ, ਹੰਗਰੀ, ਬ੍ਰਾਜ਼ੀਲ
1950 ਉਰੂਗੁਏ, ਬ੍ਰਾਜ਼ੀਲ, ਸਵੀਡਨ
1954 ਪੱਛਮੀ ਜਰਮਨੀ, ਹੰਗਰੀ, ਆਸਟ੍ਰੇਲੀਆ
1958 ਬ੍ਰਾਜ਼ੀਲ, ਸਵੀਡਨ, ਫਰਾਂਸ
1962 ਬ੍ਰਾਜ਼ੀਲ, ਚੈਕੋਸਲੋਵਾਕੀਆ, ਚਿੱਲੀ
1966 ਇੰਗਲੈਂਡ, ਵੈਸਟ ਜਰਮਨੀ, ਪੁਰਤਗਾਲ
1970 ਬ੍ਰਾਜ਼ੀਲ, ਇਟਲੀ, ਵੈਸਟ ਜਰਮਨੀ
1974 ਬ੍ਰਾਜ਼ੀਲ, ਨੀਦਰਲੈਂਡ, ਪੋਲੈਂਡ
1978 ਅਰਜਨਟੀਨਾ, ਨੀਦਰਲੈਂਡ, ਬ੍ਰਾਜ਼ੀਲ
1982 ਇਟਲੀ, ਵੈਸਟ ਜਰਮਨੀ, ਪੋਲੈਂਡ
1986 ਅਰਜਨਟੀਨਾ, ਵੈਸਟ ਜਰਮਨੀ, ਫਰਾਂਸ
1990 ਵੈਸਟ ਜਰਮਨੀ, ਅਰਜਨਟੀਨਾ, ਇਟਲੀ
1994 ਬ੍ਰਾਜ਼ੀਲ, ਇਟਲੀ, ਸਵੀਡਨ
1998 ਫਰਾਂਸ, ਬ੍ਰਾਜ਼ੀਲ, ਕ੍ਰੋਸ਼ੀਆ
2002 ਬ੍ਰਾਜ਼ੀਲ, ਜਰਮਨੀ, ਟਰਕੀ
2006 ਇਟਲੀ, ਫਰਾਂਸ, ਜਰਮਨੀ
2010 ਸਪੇਨ, ਨੀਦਰਲੈਂਡ, ਜਰਮਨੀ
2014 ਜਰਮਨੀ, ਅਰਜਨਟੀਨਾ, ਨੀਦਰਲੈਂਡ
2018 ਫਰਾਂਸ, ਕ੍ਰੋਸ਼ੀਆ, ਬੈਲਜੀਅਮ
2022 ਅਰਜਨਟੀਨਾ, ਫਰਾਂਸ, ਕ੍ਰੋਸ਼ੀਆ
2026 ਸਪੇਨ, ਅਰਜਨਟੀਨਾ, ਇੰਗਲੈਂਡ

ਬਾਕੀ ਹਿਸਾ ਸਫ਼ਾ 55 ਤੇ ਪੜ੍ਹੋ

54 ਸਫ਼ੇ ਦੀ ਬਾਕੀ

ਪਹਿਲਾ ਵਰਲਡ ਕੱਪ ਕਰਾਉਣ ਲਈ ਉਰੂਗੁਏ, ਇਟਲੀ, ਹਾਲੈਂਡ, ਸਪੇਨ ਤੇ ਸਵੀਡਨ ਨੇ ਪੇਸ਼ਕਸ਼ ਕੀਤੀ ਸੀ। ਜਦੋਂ ਫੀਫਾ ਵੱਲੋਂ ਉਰੂਗੁਏ ਨੂੰ ਇਹ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਤਾਂ ਬਾਕੀ ਚਾਰੇ ਮੁਲਕ ਰੁੱਸ ਗਏ। ਉਨ੍ਹਾਂ ਨੇ ਪਹਿਲੇ ਆਲਮੀ ਕੱਪ 'ਚ ਆਪਣੀਆਂ ਟੀਮਾਂ ਨਾ ਭੇਜੀਆਂ। ਪਹਿਲੇ ਆਲਮੀ ਕੱਪ ਦਾ ਪਹਿਲਾ ਮੈਚ 13 ਜੁਲਾਈ 1930 ਨੂੰ ਫਰਾਂਸ ਤੇ ਮੈਕਸੀਕੋ ਦੀਆਂ ਟੀਮਾਂ ਵਿਚਾਲੇ ਉਰੂਗੁਏ ਦੇ ਸ਼ਤਾਬਦੀ ਸਟੇਡੀਅਮ ਵਿੱਚ ਖੇਡਿਆ ਗਿਆ ਜੋ ਫਰਾਂਸ ਨੇ ਜਿਤਿਆ। ਪਹਿਲਾ ਗੋਲ ਕਰਨ ਦਾ ਸਿਹਰਾ ਫਰਾਂਸੀਸੀ ਖਿਡਾਰੀ ਲੂਈ ਲਾਰੋਂ ਦੇ ਸਿਰ ਬੱਝਾ। ਉਦੋਂ 13 ਮੁਲਕਾਂ ਦੀਆਂ ਟੀਮਾਂ ਨੇ ਹੀ ਵਿਸ਼ਵ ਕੱਪ 'ਚ ਭਾਗ ਲਿਆ। ਫਾਈਨਲ ਮੈਚ ਉਰੂਗੁਏ ਤੇ ਅਰਜਨਟੀਨਾ ਦੀਆਂ ਟੀਮਾਂ ਵਿਚਕਾਰ ਹੋਇਆ ਜਿਸ ਨੂੰ ਉਰੂਗੁਏ ਨੇ 4-2 ਗੋਲਾਂ ਨਾਲ ਜਿੱਤ ਕੇ ਪ੍ਰਸਿਧ ਮੂਰਤੀਕਾਰ ਅਬੇਲ ਲਾਪਲੂ ਦੀ ਡਿਜ਼ਾਈਨ ਕੀਤੀ ਅਤਿ ਮਹਿੰਗੀ ਜੂਲਸ ਰੀਮੇ ਟਰਾਫੀ ਚਾਰ ਸਾਲ ਲਈ ਆਪਣੇ ਕਬਜ਼ੇ 'ਚ ਕਰ ਲਈ।

1934 ਦਾ ਦੂਜਾ ਆਲਮੀ ਕੱਪ ਇਟਲੀ 'ਚ ਖੇਡਿਆ ਗਿਆ। ਉਥੇ ਉਰੂਗੁਏ ਗ਼ੈਰਹਾਜ਼ਰ ਰਿਹਾ। 17 ਟੀਮਾਂ ਦੇ ਭੇੜ 'ਚੋਂ ਇਟਲੀ ਤੇ ਚੈਕੋਸਲੋਵਾਕੀਆ ਦੀਆਂ ਟੀਮਾਂ ਫਾਈਨਲ 'ਚ ਪੁੱਜੀਆਂ। 55 ਹਜ਼ਾਰ ਦਰਸ਼ਕਾਂ ਦੀ ਹਾਜ਼ਰੀ ਵਿੱਚ ਇਟਲੀ ਨੇ ਚੈਕੋਸਲੋਵਾਕੀਆ ਨੂੰ 2-1 ਗੋਲਾਂ 'ਤੇ ਹਰਾ ਕੇ ਜੂਲਸ ਰੀਮੇ ਟਰਾਫੀ ਹਾਸਲ ਕਰ ਲਈ। 1938 ਦੇ ਤੀਜੇ ਆਲਮੀ ਕੱਪ ਦਾ ਮੇਜ਼ਬਾਨ ਫਰਾਂਸ ਸੀ। ਉਥੇ ਉਰੂਗੁਏ ਤੇ ਅਰਜਨਟੀਨਾ ਦੀਆਂ ਟੀਮਾਂ ਨਾ ਪੁੱਜੀਆਂ। ਆਸਟ੍ਰੇਲੀਆ ਤੇ ਸਪੇਨ ਵੀ ਵੱਖੋ ਵੱਖਰੇ ਕਾਰਨਾਂ ਕਰਕੇ ਟੂਰਨਾਮੈਂਟ ਤੋਂ ਲਾਂਭੇ ਰਹੇ। ਤੀਜੇ ਆਲਮੀ ਕੱਪ ਦਾ ਸਭ ਤੋਂ ਵਧੀਆ ਮੈਚ ਬ੍ਰਾਜ਼ੀਲ ਤੇ ਪੋਲੈਂਡ ਵਿਚਕਾਰ ਖੇਡਿਆ ਗਿਆ ਜੋ ਬ੍ਰਾਜ਼ੀਲ ਨੇ 6-5 ਗੋਲਾਂ ਨਾਲ ਜਿੱਤਿਆ। ਬ੍ਰਾਜ਼ੀਲ ਦੇ ਲਿਓਨੀਦਾਸ ਨੇ ਨੰਗੇ ਪੈਰੀਂ ਖੇਡਦਿਆਂ 4 ਗੋਲ ਕੀਤੇ। ਅੰਤਮ ਮੈਚ ਇਟਲੀ ਤੇ ਹੰਗਰੀ ਵਿਚਾਲੇ ਹੋਇਆ। ਇਟਲੀ ਨੇ 4-2 ਗੋਲਾਂ ਨਾਲ ਦੂਜੀ ਵਾਰ ਜੂਲਸ ਰੀਮੇ ਟਰਾਫੀ ਜਿੱਤੀ। ਦੂਜੇ ਵਿਸ਼ਵ ਯੁਧ ਕਾਰਨ 1942 ਤੇ 46 ਦੇ ਵਿਸ਼ਵ ਕੱਪ ਖੇਡੇ ਹੀ ਨਾ ਜਾ ਸਕੇ।

1950 ਦਾ ਚੌਥਾ ਆਲਮੀ ਕੱਪ ਬ੍ਰਾਜ਼ੀਲ 'ਚ ਖੇਡਿਆ ਗਿਆ। ਉਰੂਗੁਏ ਦੀ ਟੀਮ 20 ਸਾਲਾਂ ਪਿੱਛੋਂ ਆਲਮੀ ਕੱਪ 'ਚ ਪਰਤੀ ਜਿਸ ਨੇ ਫਾਈਨਲ ਮੈਚ 'ਚ ਬ੍ਰਾਜ਼ੀਲ ਨੂੰ ਹਰਾ ਦਿੱਤਾ। ਜਿੱਤ ਦੇ ਜਸ਼ਨ ਤਾਂ ਮਨਾਏ ਈ ਜਾਂਦੇ ਹਨ ਬ੍ਰਾਜ਼ੀਲ ਨੇ ਹਾਰ ਦਾ ਮਾਤਮ ਵੀ ਕੌਮੀ ਪੱਧਰ 'ਤੇ ਮਨਾਇਆ। ਬ੍ਰਾਜ਼ੀਲ ਨੂੰ ਹਾਰਦਿਆਂ ਵੇਖ 60 ਦਰਸ਼ਕ ਮਾਰਕੋਨਾ ਸਟੇਡੀਅਮ ਵਿੱਚ ਹੀ ਬੇਹੋਸ਼ ਹੋ ਗਏ ਸਨ ਤੇ ਕੁਝ ਇੱਕ ਘਰੀਂ ਬੈਠੇ ਕੁਮੈਂਟਰੀ ਸੁਣਦਿਆਂ ਚੱਲ ਵਸੇ ਸਨ। 1954 ਦਾ 5ਵਾਂ ਵਿਸ਼ਵ ਕੱਪ ਸਵਿਟਜ਼ਰਲੈਂਡ 'ਚ ਖੇਡਿਆ ਗਿਆ। ਹੰਗਰੀ ਦੀ ਟੀਮ ਚਾਰ ਸਾਲਾਂ ਤੋਂ 28 ਕੌਮਾਂਤਰੀ ਮੈਚਾਂ 'ਚ ਕਿਤੇ ਵੀ ਨਹੀਂ ਸੀ ਹਾਰੀ। ਪਰ ਫਾਈਨਲ ਮੈਚ ਵਿੱਚ ਪੱਛਮੀ ਜਰਮਨੀ ਨੇ ਹੰਗਰੀ ਨੂੰ 3-2 ਗੋਲਾਂ ਨਾਲ ਹਰਾ ਕੇ ਸਨਸਨੀ ਫੈਲਾਅ ਦਿੱਤੀ। ਉਹ ਵੀ ਉਸ ਹਾਲਤ ਵਿੱਚ ਜਦੋਂ ਹੰਗਰੀ ਪਹਿਲਾਂ ਹੀ 2 ਗੋਲ ਕਰ ਚੁੱਕਾ ਸੀ। ਉਦੋਂ ਦਾ ਖੁੰਝਿਆ ਹੰਗਰੀ ਅੱਜ ਤਕ ਵਿਸ਼ਵ ਕੱਪ ਨੂੰ ਤਰਸ ਰਿਹੈ।

ਸਵੀਡਨ 'ਚ ਖੇਡੇ 1958 ਦੇ ਆਲਮੀ ਕੱਪ ਵਿੱਚ ਬ੍ਰਾਜ਼ੀਲ ਦੇ ਪੇਲੇ ਦੀ ਪਹਿਲੀ ਚੜ੍ਹਤ ਹੋਈ। 18ਵੇਂ ਸਾਲ ਦੀ ਉਮਰੇ ਉਸ ਨੇ ਫਰਾਂਸ ਵਿਰੁਧ ਹੈਟ੍ਰਿਕ ਮਾਰਿਆ ਜਿਸ ਨੇ ਫੁਟਬਾਲ ਦੀ ਦੁਨੀਆਂ 'ਚ ਥਲਕਾ ਮਚਾ ਦਿੱਤਾ। ਫਾਈਨਲ ਮੈਚ ਬ੍ਰਾਜ਼ੀਲ ਤੇ ਸਵੀਡਨ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜੋ ਬ੍ਰਾਜ਼ੀਲ ਦੀ ਟੀਮ ਨੇ 5-2 ਗੋਲਾਂ ਦੇ ਵੱਡੇ ਫਰਕ ਨਾਲ ਜਿੱਤ ਲਿਆ। ਸਵੀਡਨ ਦੀਆਂ ਨੀਲੀਆਂ ਅੱਖਾਂ ਵਾਲੀਆਂ ਗੋਰੀਆਂ ਕੁੜੀਆਂ ਕਾਲੇ ਪੇਲੇ ਦੇ ਆਟੋਗਰਾਫ ਲੈਣ ਪਿਛੋਂ ਆਪਣੀਆਂ ਰੰਗੀਨ ਨਹੁੰ ਪਾਲਸ਼ਾਂ ਵਾਲੀਆਂ ਉਂਗਲਾਂ ਉਹਦੇ ਪਿੰਡੇ 'ਤੇ ਘਸਾ ਕੇ ਵੇਖਣ ਲੱਗੀਆਂ, ਇਹ ਕਿਤੇ ਪਾਲਸ਼ ਤਾਂ ਨਹੀਂ? ਪੇਲੇ ਦੇ ਸਾਥੀਆਂ ਨੇ ਮਸ਼ਕਰੀ ਕੀਤੀ, "ਇਹ ਰੰਗ ਅਸਲੀ ਆ, ਨਾ ਧੁੱਪ 'ਚ ਉਡਦਾ ਤੇ ਨਾ ਮੀਂਹ 'ਚ ਖੁਰਦਾ। ਤੁਸੀਂ ਬੇਸ਼ਕ ਇਹਨੂੰ ਜੱਫੀਆਂ ਪਾਓ ਇਹਦਾ ਰੰਗ ਤੁਹਾਨੂੰ ਨਹੀਂ ਲੱਗੇਗਾ!"

1962 ਦਾ 7ਵਾਂ ਆਲਮੀ ਕੱਪ ਚਿੱਲੀ 'ਚ ਖੇਡਿਆ ਗਿਆ ਜਿਸ ਦਾ ਅੰਤਮ ਮੈਚ ਬ੍ਰਾਜ਼ੀਲ ਤੇ ਚੈਕੋਸਲੋਵਾਕੀਆ ਵਿਚਕਾਰ ਹੋਇਆ। ਪੇਲੇ ਦੇ ਜ਼ਖ਼ਮੀ ਹੋਣ ਦੇ ਬਾਵਜੂਦ ਬ੍ਰਾਜ਼ੀਲ ਨੇ ਜੂਲਸ ਰੀਮੇ ਟਰਾਫੀ ਆਪਣੇ ਕਬਜ਼ੇ 'ਚ ਰੱਖੀ। 1966 ਦਾ ਵਿਸ਼ਵ ਕੱਪ ਬਰਤਾਨੀਆਂ 'ਚ ਹੋਇਆ ਜਿਥੇ ਪੇਲੇ ਫੱਟੜ ਹੋ ਗਿਆ ਤੇ ਬ੍ਰਾਜ਼ੀਲ ਦੀ ਟੀਮ ਮੁਢਲੇ ਮੈਚਾਂ 'ਚ ਹੀ ਹਾਰ ਗਈ। ਫਾਈਨਲ ਮੈਚ ਇੰਗਲੈਂਡ ਤੇ ਜਰਮਨੀ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ ਜੋ ਇੰਗਲੈਂਡ ਨੇ ਜਿੱਤ ਲਿਆ। ਬਹੁਤੀ ਹੈਰਾਨੀ ਏਸ਼ੀਆ ਦੇ ਦੇਸ਼ ਉੱਤਰੀ ਕੋਰੀਆ ਨੇ ਪੈਦਾ ਕੀਤੀ ਜਦੋਂ ਇੱਕ ਮੈਚ 'ਚ ਉਸ ਨੇ ਦੋ ਵਾਰ ਵਿਸ਼ਵ ਕੱਪ ਜੇਤੂ ਇਟਲੀ ਨੂੰ ਹਰਾ ਕੇ ਕੁਆਟਰ ਫਾਈਨਲ ਦੀ ਪੌੜੀ ਨੂੰ ਜਾ ਹੱਥ ਪਾਏ।

ਨੌਂਵਾਂ ਵਿਸ਼ਵ ਕੱਪ ਮੈਕਸੀਕੋ 'ਚ ਹੋਇਆ ਜਿਥੇ ਬ੍ਰਾਜ਼ੀਲ ਤੇ ਇਟਲੀ ਦੀਆਂ ਟੀਮਾਂ ਫਾਈਨਲ 'ਚ ਭਿੜੀਆਂ। ਪੇਲੇ ਚੌਥੀ ਵਾਰ ਵਿਸ਼ਵ ਕੱਪ ਖੇਡਦਾ ਪੂਰੇ ਜਲੌਅ 'ਚ ਸੀ। ਇਕ ਲੱਖ ਦਰਸ਼ਕ ਮੈਕਸੀਕੋ ਦੇ ਸਟੇਡੀਅਮ 'ਚ ਪੱਬਾਂ ਭਾਰ ਸਨ। ਪੇਲੇ ਦੀ ਟੀਮ ਨੇ ਇਟਲੀ ਸਿਰ 4 ਗੋਲ ਕਰ ਕੇ ਬੰਬ ਬੁਲਾ ਦਿੱਤੀ। ਮੈਚ ਮੁੱਕਣ ਦੀ ਵਿਸਲ ਵੱਜਣ ਸਾਰ ਅਣਗਿਣਤ ਪੇਲੇ-ਪ੍ਰੇਮੀ ਉਹਦੇ ਵੱਲ ਵਧੇ ਤਾਂ ਮੌਕੇ ਦੀ ਨਜ਼ਾਕਤ ਵੇਖਦਿਆਂ ਉਹਨੇ ਆਪਣੀ ਜਰਸੀ ਉਹਨਾਂ ਵੱਲ ਵਗਾਹ ਮਾਰੀ ਜੋ ਨਿਸ਼ਾਨੀ ਵਜੋਂ ਉਹਨਾਂ ਦੇ ਹੱਥ ਲੀਰ ਲੀਰ ਆਈ। ਪੇਲੇ ਭੱਜ ਕੇ ਕਮਰੇ 'ਚ ਜਾ ਲੁਕਿਆ। ਉਸ ਨੇ ਸ਼ੁਕਰ ਕੀਤਾ ਕਿ ਮੈਕਸੀਕੋ ਦੇ ਦਰਸ਼ਕਾਂ ਕੋਲੋਂ ਉਹਦਾ ਕੱਛਾ ਬਚ ਗਿਆ ਸੀ!

ਪੇਲੇ ਦੇ ਜਨਮ ਸਮੇਂ ਉਹਦੇ ਫੁਟਬਾਲਰ ਪਿਉ ਨੇ ਪੁੱਤਰ ਦੇ ਪੱਟ ਤੇ ਪੈਰ ਟੋਂਹਦਿਆਂ ਕਿਹਾ ਸੀ, "ਲੱਗਦੈ ਫੁਟਬਾਲ ਚੰਗੀ ਖੇਡ ਲਏਗਾ।" ਮਾਂ ਨੇ ਟੋਕਿਆ ਸੀ, "ਇਹਨੂੰ ਫੁਟਬਾਲਰ ਬਣਨ ਦਾ ਸਰਾਪ ਨਾ ਦੇਹ। ਅੱਗੇ ਫੁਟਬਾਲ ਖੇਡ ਕੇ ਤੂੰ ਕੀ ਲੱਲ੍ਹਰ ਲਾਇਐ?"

ਬ੍ਰਾਜ਼ੀਲ ਦੇ ਤੀਜੀ ਵਾਰ ਵਿਸ਼ਵ ਕੱਪ ਜਿੱਤਣ ਨਾਲ ਜੂਲਸ ਰੀਮੇ ਟਰਾਫੀ ਪੱਕੇ ਤੌਰ 'ਤੇ ਬ੍ਰਾਜ਼ੀਲ ਦੀ ਬਣ ਗਈ ਸੀ। 1973 'ਚ ਖ਼ਾਲਸ ਸੋਨੇ ਦੀ ਉਸ ਟਰਾਫੀ ਨੂੰ ਚੋਰਾਂ ਨੇ ਚੁਰਾ ਲਿਆ ਤੇ ਮਗਰੋਂ ਭੰਨ ਗਾਲ ਸੁਟਿਆ। ਚੋਰ ਬੇਸ਼ੱਕ ਫੜੇ ਗਏ ਪਰ ਟਰਾਫੀ ਨਾ ਲੱਭੀ। 1974 ਦੇ ਵਿਸ਼ਵ ਕੱਪ ਲਈ ਨਵੀਂ ਫੀਫਾ ਤਿਆਰ ਕਰਵਾਈ ਗਈ ਜੋ ਫਾਈਨਲ ਮੈਚ 'ਚ ਜਰਮਨੀ ਨੇ ਹਾਲੈਂਡ ਨੂੰ ਹਰਾ ਕੇ ਜਿੱਤੀ। ਨਵੀਂ ਟਰਾਫੀ ਖਾਲਸ ਸੋਨੇ ਦੀ ਹੈ ਜਿਸ ਦਾ ਬੇਸ ਹਰੇ ਕੀਮਤੀ ਪੱਥਰ ਦਾ ਹੈ। ਉਚਾਈ 36.5 ਸੈਂਟੀਮੀਟਰ, ਚੌੜਾਈ 12.5 ਸੈਂਟੀਮੀਟਰ ਤੇ ਭਾਰ 6.175 ਕਿਲੋਗ੍ਰਾਮ ਹੈ। ਸਿਰਫ ਸੋਨੇ ਤੇ ਸਮੱਗਰੀ ਦੀ ਕੀਮਤ ਹੀ 250000 ਅਮਰੀਕਨ ਡਾਲਰ ਬਣਦੀ ਹੈ। ਮਾਹਿਰਾਂ ਨੇ ਇਸ ਦੀ ਇਤਿਹਾਸਕ ਤੇ ਪ੍ਰਤੀਕਆਤਮਕ ਕੀਮਤ 20 ਮਿਲੀਅਨ ਅਮਰੀਕਨ ਡਾਲਰ ਯਾਨੀ 2 ਕੁ ਕਰੋੜ ਰੁਪਏ ਅੰਕੀ ਹੈ। ਇਹ ਦੁਨੀਆ ਦੀ ਸਭ ਤੋਂ ਮਹਿੰਗੀ ਖੇਡ ਟਰਾਫੀ ਹੈ ਜੋ ਦੁਨੀਆ ਭਰ 'ਚ ਫੁਟਬਾਲ ਦੀ ਏਕਤਾ ਤੇ ਮਹੱਤਤਾ ਦੀ ਪ੍ਰਤੀਕ ਹੈ।

1978 ਵਿਚ ਅਰਜਨਟੀਨਾ ਨੇ ਫਤਿਹ ਹਾਸਲ ਕੀਤੀ ਤੇ 1982 'ਚ ਇਟਲੀ ਨੇ। ਇਟਲੀ ਦੇ ਖਿਡਾਰੀ ਪਾਵਲੋ ਰੌਸੀ ਨੂੰ ਜਕੋਤਕੀ 'ਚ ਖਿਡਾਇਆ ਗਿਆ ਸੀ ਪਰ ਉਸ ਨੇ ਫਾਈਨਲ ਮੈਚ 'ਚ ਜਰਮਨੀ ਸਿਰ 3 ਗੋਲ ਕਰ ਕੇ ਧੰਨ ਧੰਨ ਕਰਾ ਦਿੱਤੀ। 1986 ਦਾ ਵਿਸ਼ਵ ਕੱਪ ਅਰਜਨਟੀਨਾ ਨੇ ਜਿੱਤਿਆ ਜਿਸ ਵਿਚ ਮਾਰਾਡੋਨਾ ਦੇ ਰੱਬੀ ਹੱਥ ਨਾਲ ਹੋਏ ਗੋਲ ਦੀ ਕਰਾਮਾਤ ਵਾਪਰੀ। 1990 'ਚ ਇਟਲੀ, 1994 ਜਰਮਨੀ ਤੇ 1998 ਵਿੱਚ ਫਰਾਂਸ ਵਿਸ਼ਵ ਵਿਜੇਤਾ ਬਣੇ।

21ਵੀਂ ਸਦੀ ਦਾ ਪਹਿਲਾ ਉਂਜ 17ਵਾਂ ਵਿਸ਼ਵ ਕੱਪ ਪਹਿਲੀ ਵਾਰ ਏਸ਼ੀਆ ਦੀ ਧਰਤੀ 'ਤੇ ਖੇਡਿਆ ਗਿਆ। ਕੋਰੀਆ ਤੇ ਜਾਪਾਨ ਦੇ ਸ਼ਹਿਰ ਇਹਦੇ ਮੇਜ਼ਬਾਨ ਸਨ। ਸੰਸਾਰ ਦੇ ਲਗਭਗ 200 ਮੁਲਕਾਂ ਦੀਆਂ ਟੀਮਾਂ 'ਚੋਂ ਆਪਸ ਵਿਚੀਂ ਮੈਚ ਖਿਡਾ ਕੇ 32 ਟੀਮਾਂ ਨਿਤਾਰੀਆਂ ਗਈਆਂ ਜਿਨ੍ਹਾਂ ਨੂੰ ਅੱਗੇ 8 ਗਰੁੱਪਾਂ ਵਿੱਚ ਵੰਡਿਆ ਗਿਆ। 31 ਮਈ 2002 ਨੂੰ ਨਵੀਂ ਸਦੀ ਦੇ ਵਿਸ਼ਵ ਕੱਪ ਦਾ ਸ਼ਾਨਾਂਮੱਤਾ ਉਦਘਾਟਨ ਹੋਇਆ ਅਤੇ ਪਹਿਲਾ ਮੈਚ ਆਲਮੀ ਚੈਂਪੀਅਨ ਫਰਾਂਸ ਤੇ ਅਫ਼ਰੀਕੀ ਮੁਲਕ ਸੈਨੇਗਲ ਦੀ ਪਹਿਲੀ ਵਾਰ ਭਾਗ ਲੈ ਰਹੀ ਨਵੀਂ ਟੀਮ ਵਿਚਾਲੇ ਖੇਡਿਆ ਗਿਆ। ਇਹ ਗੱਲ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਸੀ ਕਿ ਸੈਨੇਗਲ ਛੁਪਿਆ ਰੁਸਤਮ ਨਿਕਲੇਗਾ ਜੋ ਵਿਸ਼ਵ ਕੱਪ ਦੇ ਤਕੜੇ ਦਾਅਵੇਦਾਰ ਫਰਾਂਸ ਦੀਆਂ ਗੋਡਣੀਆਂ ਲੁਆ ਦੇਵੇਗਾ।

ਕੁਆਟਰ ਫਾਈਨਲ 'ਚ ਕੋਰੀਆ ਨੇ ਸਪੇਨ ਨੂੰ, ਜਰਮਨੀ ਨੇ ਅਮਰੀਕਾ ਨੂੰ, ਤੁਰਕੀ ਨੇ ਸੈਨੇਗਲ ਨੂੰ ਤੇ ਬ੍ਰਾਜ਼ੀਲ ਨੇ ਜਾਪਾਨ ਨੂੰ ਜਿੱਤ ਕੇ ਸੈਮੀ ਫਾਈਨਲ ਵਿੱਚ ਪ੍ਰਵੇਸ਼ ਪਾਇਆ। ਬ੍ਰਾਜ਼ੀਲ ਤੇ ਜਰਮਨੀ 7-7 ਵਾਰ ਵਿਸ਼ਵ ਕੱਪ ਦੇ ਫਾਈਨਲ 'ਚ ਪੁੱਜ ਚੁੱਕੇ ਸਨ ਪਰ ਆਪਸ ਵਿੱਚ ਕਦੇ ਨਹੀਂ ਸਨ ਟੱਕਰੇ। ਬ੍ਰਾਜ਼ੀਲ 4 ਵਾਰ ਵਿਸ਼ਵ ਕੱਪ ਜਿੱਤਿਆ ਸੀ ਤੇ ਜਰਮਨੀ 3 ਵਾਰ। ਦੁਨੀਆਂ ਦੇ ਸਭ ਤੋਂ ਮਹਿੰਗੇ ਖਿਡਾਰੀ ਰੋਨਾਲਡੋ ਨੇ 2 ਗੋਲ ਦਾਗ ਕੇ 8 ਗੋਲਾਂ ਨਾਲ ਗੋਲਡਨ ਬੂਟ ਵੀ ਹਾਸਲ ਕੀਤਾ ਤੇ ਬ੍ਰਾਜ਼ੀਲ ਨੂੰ ਪੰਜਵੀਂ ਵਾਰ ਫੁਟਬਾਲ ਦਾ ਸ਼ਹਿਨਸ਼ਾਹ ਬਣਾਇਆ। 2006 ਦਾ ਕੱਪ ਇਟਲੀ ਨੇ ਫਰਾਂਸ ਨੂੰ, 2010 ਦਾ ਕੱਪ ਸਪੇਨ ਨੇ ਨੀਦਰਲੈਂਡ ਨੂੰ, 2014 ਦਾ ਕੱਪ ਜਰਮਨੀ ਨੇ ਅਰਜਨਟੀਨਾ ਨੂੰ, 2018 ਦਾ ਕੱਪ ਫਰਾਂਸ ਨੇ ਕ੍ਰੋਸ਼ੀਆ ਨੂੰ, 2022 ਦਾ ਕੱਪ ਅਰਜਨਟੀਨਾ ਨੇ ਫਰਾਂਸ ਨੂੰ ਤੇ 2026 ਦਾ ਕੱਪ ਸਪੇਨ ਨੇ ਅਰਜਨਟੀਨਾ ਨੂੰ ਫਾਈਨਲ ਮੈਚਾਂ ਵਿੱਚ ਹਰਾ ਕੇ ਜਿੱਤੇ।

ਆਲਮੀ ਕੱਪ ਖੇਡਣ ਦੇ ਦਿਨ ਤਾਂ ਬੇਸ਼ੱਕ ਗਿਣਤੀ ਦੇ ਹੁੰਦੇ ਹਨ ਤੇ ਮੈਚ ਵੀ ਗਿਣਤੀ ਦੇ ਪਰ ਉਹਨਾਂ ਦੀਆਂ ਗੱਲਾਂ ਸਾਲਾਂ-ਬੱਧੀ ਚਲਦੀਆਂ ਰਹਿੰਦੀਆਂ ਹਨ। ਆਲਮੀ ਕੱਪਾਂ 'ਚ ਕਈ ਘਟਨਾਵਾਂ ਐਸੀਆਂ ਵਾਪਰਦੀਆਂ ਹਨ ਜੋ ਦੇਰ ਤਕ ਨਹੀਂ ਭੁਲਦੀਆਂ। ਜੇਤੂਆਂ ਦੀਆਂ ਖ਼ੁਸ਼ੀ 'ਚ ਖਿੜੀਆਂ ਵਰਾਛਾਂ ਤੇ ਹਾਰੂਆਂ ਦੇ ਗ਼ਮਗੀਨ ਚਿਹਰੇ! ਹਾਰਨ ਵਾਲਿਆਂ ਤੋਂ ਉਠਿਆ ਨਹੀਂ ਜਾਂਦਾ ਤੇ ਜਿੱਤਣ ਵਾਲਿਆਂ ਤੋਂ ਬੈਠਿਆ ਨਹੀਂ ਜਾਂਦਾ। ਟੀਮਾਂ ਦੇ ਕੋਚਾਂ ਦੀ ਪਰੇਸ਼ਾਨੀ ਤੇ ਖ਼ੁਸ਼ੀ ਦਾ ਵੀ ਕੋਈ ਅੰਤ ਨਹੀਂ ਰਹਿੰਦਾ। ਦਰਸ਼ਕਾਂ ਦੀ ਹਾਤ-ਹੂਤ ਦਾ ਤਾਂ ਕਾਹਦਾ ਹਿਸਾਬ ਕਿਤਾਬ ਹੋਣਾ ਸੀ? ਜਦ ਨੂੰ 23ਵੇਂ ਆਲਮੀ ਕੱਪ ਦੀਆਂ ਗੱਲਾਂ ਮੁੱਕਣਗੀਆਂ ਉਦੋਂ ਨੂੰ 24ਵੇਂ ਫੀਫਾ ਕੱਪ ਦੀਆਂ ਗੱਲਾਂ ਸ਼ੁਰੂ ਹੋ ਜਾਣਗੀਆਂ। ਏਹੋ ਜੀਵਨ ਦਾ ਗੇੜ ਹੈ ਤੇ ਏਹੋ ਖੇਡਾਂ ਦਾ ਫਲਸਫਾ। ਇਕ ਖੇਡ ਮੇਲੇ ਦੀ ਧੂੜ ਬਹਿੰਦੀ ਹੈ ਤੇ ਦੂਜੇ ਦੀ ਚੜ੍ਹਨੀ ਸ਼ੁਰੂ ਹੋ ਜਾਂਦੀ ਹੈ। ਵੇਖਾਂਗੇ 2030 ਵਾਲਾ ਫੀਫਾ ਦਾ ਸ਼ਤਾਬਦੀ ਫੁਟਬਾਲ ਮੇਲਾ ਕਿਹੋ ਜਿਹਾ ਲੱਗਦਾ?

*principalsarwansingh@gmail.com*

# ਬੀ.ਸੀ. ਦੀਆਂ ਨਰਸਾਂ ਦੀ ਹੜਤਾਲ ਖ਼ਤਮ ਕਰਨ ਦਾ ਫੈਸਲਾ

ਵੈਨਕੂਵਰ, 24 ਜੁਲਾਈ (ਮਲਕੀਤ ਸਿੰਘ) – ਬ੍ਰਿਟਿਸ਼ ਕੋਲੰਬੀਆ ਦੀਆਂ ਲਗਭਗ 55,000 ਨਰਸਾਂ ਦੀ ਨੁਮਾਇੰਦਗੀ ਕਰਨ ਵਾਲੀ ਬੀ.ਸੀ. ਨਰਸਜ਼ ਯੂਨੀਅਨ ਨੇ ਐਲਾਨ ਕੀਤਾ ਹੈ ਕਿ ਵਿਚੋਲਿਆਂ ਦੀਆਂ ਸਿਫ਼ਾਰਸ਼ਾਂ ਨੂੰ ਸਵੀਕਾਰ ਕਰਨ ਤੋਂ ਬਾਅਦ ਸੂਬੇ ਭਰ ਵਿੱਚ ਚੱਲ ਰਹੀ ਨੌਕਰੀ ਸੰਬੰਧੀ ਕਾਰਵਾਈ ਸ਼ੁੱਕਰਵਾਰ ਅੱਧੀ ਰਾਤ ਤੋਂ ਸਮਾਪਤ ਕਰ ਦਿੱਤੀ ਜਾਵੇਗੀ।ਯੂਨੀਅਨ ਨੇ ਦੱਸਿਆ ਕਿ ਮੈਂਬਰ ਹੁਣ ਵਿਚੋਲਿਆਂ ਵੱਲੋਂ ਪੇਸ਼ ਕੀਤੇ ਸਮਝੌਤੇ ਦੀ ਸਮੀਖਿਆ ਕਰਨਗੇ। ਇਸ ਦੌਰਾਨ ਸੂਬੇ ਭਰ ਵਿੱਚ ਚੱਲ ਰਹੀਆਂ ਸਾਰੀਆਂ ਹੜਤਾਲੀ ਅਤੇ ਵਿਰੋਧੀ ਕਾਰਵਾਈਆਂ ਬੰਦ ਕਰ ਦਿੱਤੀਆਂ ਜਾਣਗੀਆਂ ਅਤੇ ਨਰਸਾਂ ਆਪਣੀਆਂ ਆਮ ਡਿਊਟੀਆਂ 'ਤੇ ਵਾਪਸ ਪਰਤਣਗੀਆਂ।

ਇਹ ਫ਼ੈਸਲਾ ਕਈ ਹਫ਼ਤਿਆਂ ਤੋਂ ਚੱਲ ਰਹੇ ਮਜ਼ਦੂਰੀ ਵਿਵਾਦ ਨੂੰ ਸੁਲਝਾਉਣ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਇਸ ਨਾਲ ਹਸਪਤਾਲਾਂ ਅਤੇ ਹੋਰ ਸਿਹਤ ਸੇਵਾਵਾਂ 'ਤੇ ਪਿਆ ਦਬਾਅ ਘਟੇਗਾ ਅਤੇ ਮਰੀਜ਼ਾਂ ਨੂੰ ਸੇਵਾਵਾਂ ਪਹਿਲਾਂ ਵਾਂਗ ਮਿਲਣੀਆਂ ਸ਼ੁਰੂ ਹੋ ਜਾਣਗੀਆਂ।ਯੂਨੀਅਨ ਨੇ ਕਿਹਾ ਹੈ ਕਿ ਸਮਝੌਤੇ ਬਾਰੇ ਅੰਤਿਮ ਫ਼ੈਸਲਾ ਮੈਂਬਰਾਂ ਦੀ ਮਨਜ਼ੂਰੀ ਤੋਂ ਬਾਅਦ ਹੀ ਹੋਵੇਗਾ।

# Morality and Moral Courage: The Foundation of a Strong Nation

**Dr. Iqbal Singh Lalpura**





The strength of a nation is measured not merely by its economic growth, military power, or technological advancement. The true foundation of a civilized society rests upon two timeless virtues—morality and moral courage. Morality enables us to distinguish right from wrong, while moral courage gives us the strength to uphold what is right even when it comes at a personal cost. Nations rise on the strength of character and decline when institutions lose their ethical foundation.

India today stands at a defining moment in its history. As we move towards Amrit Kaal and the centenary of Independence in 2047, the greatest challenge before us is not the lack of talent, resources or opportunity. It is the gradual erosion of morality in public life. Unless ethical conduct once again becomes the guiding principle of our institutions, no amount of economic progress can make India a truly developed nation.

Recently, during proceedings in the Supreme Court on 15 May 2026, the Honourable Chief Justice of India reportedly referred to persons possessing fake law degrees as "cockroaches." While the frustration behind such an observation may be understandable, referring to any human being in such terms is unfortunate and does not reflect the dignity expected from judicial discourse. Yet the larger question remains. What should society call those who knowingly enter a profession through fraud—a profession entrusted with defending justice, protecting the innocent and assisting the courts? The issue is not the choice of words but the alarming decline of honesty in professions that demand the highest ethical standards.

The recurring leakage of NEET examination papers is another disturbing example of this decline. Such incidents destroy the dreams of deserving students, undermine public confidence and weaken faith in the education system. Every leaked examination paper represents not merely an administrative failure but a moral failure. Merit becomes the first casualty when dishonesty enters the system.

History provides us with inspiring examples of genuine moral courage. I have had the privilege of seeing the Class VIII report card of Shaheed-e-Azam Sardar Bhagat Singh. The British examiner awarded him 48 marks out of 50. Despite ruling India, the examiner recognised merit without prejudice. Bhagat Singh himself became a living example of intellectual honesty and moral conviction. His prison diary reveals not merely the thoughts of a revolutionary but the vision of a nation builder. He willingly embraced death because he believed that truth, justice and freedom were greater than life itself. His sacrifice was the highest expression of morality combined with courage.

The issue of morality in governance is not new. The Lumsden Committee Report of 1925–26 recorded that many government employees had begun treating illegal gratification as a matter of right for rendering public service. The report described in detail the methods through which corruption had become institutionalised. More important than the findings was the courage of the committee members, who honestly documented uncomfortable truths despite the embarrassment such disclosures could cause.

Many Indians have often remarked that the British administrative system appeared more disciplined and efficient. Such observations should not be misunderstood as praise for colonial rule. The real question is why so many Indians lacked the moral courage to refuse unjust orders against their own countrymen. During the freedom struggle, it was often Indian policemen, soldiers and officials who carried out orders to suppress fellow Indians. The tragedy was not merely political; it reflected a failure of moral courage.

An interesting observation is attributed to a departing British administrator before Independence. When asked what would happen to India after the British left, he reportedly replied that British influence would continue for about seventeen years because senior bureaucrats had been trained under British administrative traditions. After another seventeen years, governance would gradually reflect Indian values—with all their strengths and weaknesses.

Having lived through those decades, first as a student and later as a police officer, I can say on oath that there was virtually no culture of paid tuition during my student days. In government service, the overwhelming majority of officers—not every individual, but certainly the majority—were honest, disciplined and professionally committed. The same could largely be said of political workers and elected representatives. Integrity was respected and professionalism was rewarded.

My own experience changed in 1982 when I encountered the first District Police Chief whose reputation for corruption became widely known. That marked the beginning of a gradual transformation. Slowly but steadily, honesty became a liability rather than an asset. Professional competence lost value while unquestioning loyalty to those in power became the preferred qualification for advancement. The "Yes, Boss" culture replaced independent professional advice.

This unhealthy relationship between sections of the political executive and bureaucracy has damaged governance. Many public servants now compromise legal principles to please political superiors, while some politicians expect unquestioning compliance instead of objective professional advice. Bureaucracy exists to uphold the Constitution and the rule of law, not to become an extension of political convenience. When both institutions compromise, governance inevitably suffers.

The consequences are visible everywhere. Recruitment systems repeatedly come under suspicion. Chairpersons and members of Public Service Commissions and Subordinate Services Selection Boards have faced arrests and criminal investigations. Yet structural reforms remain slow and incomplete. Unless recruitment becomes completely transparent, technology-driven and independently audited, public confidence cannot be restored.

I vividly remember that in 1998, a member of a State Subordinate Services Selection Board admitted that a majority of selections were influenced either by monetary consideration or political recommendations. Unfortunately, similar allegations continue to surface even today. Such practices destroy merit, discourage honest candidates and weaken every institution that depends upon competent public servants.

The decline is not confined to the executive alone. Increasingly, questions are being raised about judicial outcomes as well. I find it difficult to understand how, in one case, a constable could eventually supersede an Inspector and rise to become an Inspector General of Police without undergoing the prescribed stages of training and professional development. When the matter reached the highest court, the petition was reportedly dismissed with a brief order. I do not question the authority of the judiciary, whose independence is the cornerstone of democracy, but one is entitled to ask whether justice should not also appear to have been done through reasoned decisions, especially in matters affecting public institutions. When unusual outcomes remain unexplained, public confidence suffers. Morality requires transparency; moral courage demands that difficult questions be answered.

Where, then, is morality?

Public protests against examination paper leaks are entirely legitimate when they seek accountability. However, accountability cannot become selective or politically convenient. During the seventy-nine years since Independence, examination papers have reportedly leaked well over one hundred times under governments led by different political parties. Those who demand resignations today must also ask whether they accepted similar moral responsibility when such incidents occurred during their own tenure.

*... Continue on page 57* ➞

*... Continue from page 56*

Even today, reports of examination irregularities continue to emerge. Allegations regarding leaked Pharmacy examination papers in Faridkot deserve a fair, impartial and time-bound investigation. Likewise, questions raised regarding recruitment examinations must be answered transparently. Every deserving candidate has the right to know that the person selected is indeed the person who honestly appeared for the examination. Nothing short of complete transparency can restore public faith.

The larger problem lies within our educational philosophy. Our education system still produces graduates who often aspire primarily to secure government employment rather than become innovators, entrepreneurs, researchers or creators of wealth. Even highly qualified engineers and doctors frequently prepare for the Civil Services because administrative authority is perceived as more prestigious, influential and financially secure. This reflects not merely career preference but a deeper imbalance in our national priorities.

Equally disturbing is the widening gap between religious practice and ethical conduct. India is perhaps one of the most religious societies in the world. We build magnificent places of worship, participate in rituals with devotion and publicly proclaim our faith. Yet morality cannot survive on rituals alone. Every religion teaches honesty, compassion, humility, justice and service. When these values do not guide our daily conduct, religion becomes ceremony rather than character.

Guru Nanak Dev Ji repeatedly emphasised that truth is not merely to be spoken but to be lived. Honest earning (Kirat Karni), truthful conduct and selfless service form the foundation of spiritual life. Similar teachings exist in every great faith. India's challenge, therefore, is not religious diversity but ethical consistency.

Independent India has witnessed inspiring examples of leaders accepting moral responsibility even when they were not personally guilty. Lal Bahadur Shastri resigned as Railway Minister following a major railway accident, accepting constitutional responsibility. In 1992, Shri Madhavrao Scindia resigned as Civil Aviation Minister following the crash of an Indian Airlines aircraft, although no personal wrongdoing was attributed to him. More recently, Shri Dharmendra Pradhan accepted moral responsibility and stepped down in the wake of the NEET controversy despite there being no finding of personal misconduct. Such actions strengthen democratic accountability rather than weaken it. Likewise, the personal interest shown by the Honourable Prime Minister Shri Narendra Modi in addressing concerns relating to examination reforms deserves appreciation because restoring public confidence requires leadership from the highest level.

India's future will not be secured merely through ambitious programmes, modern infrastructure or economic statistics. It will be secured when every institution is guided by integrity, professionalism and accountability. Honest recruitment, transparent examinations, independent institutions, fearless bureaucracy, responsible political leadership and an impartial judiciary together form the pillars of a strong democracy.


As India approaches 2047, our aspiration should be to build a nation where morality is not considered weakness and honesty is not treated as a liability. We need leaders who practise what they preach, public servants who place the Constitution above personal gain, professionals who value competence over shortcuts and citizens who reject corruption in everyday life.

The journey towards Viksit Bharat cannot succeed without moral renewal. Economic development may build highways, industries and smart cities, but only morality and moral courage can build trust, justice and national character. India does not merely need ambitious individuals; it needs upright men and women whose integrity becomes the guiding light for future generations. It is not opportunists who shout the loudest in public who will take India to Amrit Kaal; it is those who quietly practise honesty, uphold the law without fear or favour and possess the moral courage to stand alone when necessary.

Only such a nation will truly fulfil the dream of Amrit Kaal and leave behind a legacy worthy of the sacrifices made by countless patriots who gave everything for India's freedom.

*Former Chairman*
*National Commission for Minorities*
*Government of India*

# ਲਿਵ-ਇਨ ਰਿਲੇਸ਼ਨਸ਼ਿਪ: 'ਆਜ਼ਾਦੀ' ਦੇ ਨਾਂ 'ਤੇ ਕੁਰਾਹੇ ਪਈ ਸੋਚ !



**ਨਿਸ਼ਾ ਮਣੀ**
+919417402228
+917009914936

ਬੇਸ਼ੱਕ 'ਲਿਵ-ਇਨ ਰਿਲੇਸ਼ਨ' ਨੂੰ ਆਧੁਨਿਕ ਆਜ਼ਾਦੀ ਦਾ ਪ੍ਰਤੀਕ ਕਿਹਾ ਜਾਂਦਾ ਹੈ, ਪਰ ਅਸਲ ਵਿੱਚ ਇਹ ਬਰਬਾਦੀ ਅਤੇ ਵਿੱਭਚਾਰ ਦਾ ਪ੍ਰਤੀਕ ਹੈ। ਪੰਜਾਬ ਜਿਊਂਦਾ ਗੁਰਾਂ ਦੇ ਨਾਮ 'ਤੇ' ਜਿਸਦੇ ਸਰਲ ਸਪੱਸ਼ਟ ਅਰਥ ਪੰਜਾਬੀ ਸੱਭਿਆਚਾਰ ਦੀ ਤੋਰ ਚਾਲ ਅਤੇ ਰਵਾਨੀ ਜਿਊਣ ਦੀ ਤਰਜੀਹ ਅਣਖ ਗੈਰਤ ਅਤੇ ਵਡਮੁੱਲੀਆਂ ਸੱਭਿਆਚਾਰਕ ਕੀਮਤਾਂ ਹਨ। ਪੁਰਾਤਨ ਸਮਾਜ ਵਿੱਚ ਇੱਕੋ ਗੋਤਰ ਵਿੱਚ ਵਿਆਹ ਨਾ ਕਰਨ ਦੀ ਪਰੰਪਰਾ ਅੰਧਵਿਸ਼ਵਾਸ ਨਹੀਂ ਸਗੋਂ ਅਗਲੀ ਪੀੜ੍ਹੀ ਨੂੰ ਜੈਨੇਟਿਕ ਬਿਮਾਰੀਆਂ ਤੋਂ ਬਚਾਉਣ ਦੀ ਵਿਗਿਆਨਕ ਸੋਚ ਸੀ/ਹੈ।

ਵਿਆਹ ਸਿਰਫ਼ ਦੋ ਸਰੀਰਾਂ ਦਾ ਨਹੀਂ, ਦੋ ਪਰਿਵਾਰਾਂ, ਦੋ ਸੋਚਾਂ - ਦੋ ਖਾਨਦਾਨਾਂ ਦਾ ਮਿਲਾਪ ਹੁੰਦਾ ਹੈ। ਕਿਉਂਕਿ ਸਰੀਰਕ ਨੇੜਤਾ ਲਈ ਆਤਮਕ ਅਤੇ ਨੈਤਿਕ ਬੰਧਨ ਲਾਜ਼ਮੀ ਹੁੰਦੇ ਹਨ। ਜਿੱਥੇ ਇਹ ਬੰਧਨ ਨਹੀਂ ਉੱਥੇ ਪਿਆਰ ਨਹੀਂ ਅਤੇ ਜਿੱਥੇ ਪਿਆਰ ਨਹੀਂ ਉੱਥੇ ਇੱਜਤਾਂ ਦਾ ਖਿਲਵਾੜ ਤਹਿ ਹੀ ਹੁੰਦਾ ਹੈ। ਲਿਵ-ਇਨ ਰਿਲੇਸ਼ਨ ਸ਼ਬਦ ਸਾਡੀ ਜ਼ੁਬਾਨ ਵੀ ਨਹੀਂ ਅਤੇ ਸਾਡੀ ਬੋਲੀ ਦੇ ਸ਼ਬਦਾਂ ਦੀ ਵਿਆਖਿਆ ਵੀ ਨਹੀਂ। ਅੱਜ ਵਿਆਹ ਤੋਂ ਬਚਣ ਅਤੇ ਲਿਵ-ਇਨ ਨੂੰ ਤਰਜੀਹ ਦੇਣ ਦਾ ਇੱਕ ਵੱਡਾ ਕਾਰਨ ਨੌਜਵਾਨਾਂ ਵਿੱਚ ਜ਼ਿੰਮੇਵਾਰੀ ਤੋਂ ਦੌੜਦਿਆਂ, ਵਿੱਭਚਾਰ ਦੀ ਉਜਾੜੂ ਸੋਚ ਹੈ। ਕੁੜੀਆਂ ਤੇ ਮੁੰਡੇ ਪੱਕੀ ਉਮਰ ਤੱਕ ਰਿਸ਼ਤਿਆਂ ਲਈ ਤਿਆਰ ਨਹੀਂ ਹੁੰਦੇ। ਜਿਸਦਾ ਨਤੀਜਾ ਭਵਿੱਖ ਵਿੱਚ ਹੋਵੇਗਾ ਮਨੁੱਖੀ ਅਬਾਦੀ ਦਾ ਘਟਣਾ ਜਾਂ ਪੰਜਾਬ ਦੀ ਅਬਾਦੀ ਦਾ ਘਟਣਾ। ਬਨਾਮ ਕੌਮੀ ਉਜਾੜੇ ਦਾ ਰਾਹ !

ਇਸ ਅਖੌਤੀ ਆਜ਼ਾਦੀ ਦੀ ਕੀਮਤ ਮਾਤਾ-ਪਿਤਾ ਦੀ ਅਣਕਹੀ ਚਿੰਤਾ,ਉਡੀਕ ਅਤੇ ਅਸੁਰੱਖਿਆ ਦੇ ਰੂਪ ਵਿੱਚ ਬਰਬਾਦੀ ਦੀ ਕੀਮਤ ਚੁਕਾਉਂਦੇ ਹਨ। ਇਸ ਰਾਹੇ ਪਿਆਂ ਵਲੋਂ ਦਲੀਲ ਦਿੱਤੀ ਜਾਂਦੀ ਹੈ ਕਿ ਇਸ ਨਾਲ ਇਕ-ਦੂਜੇ ਨੂੰ ਸਮਝਣ ਦਾ ਮੌਕਾ ਮਿਲਦਾ ਹੈ ਬੰਧਨ ਘੱਟ ਹੁੰਦੇ ਹਨ ਅਤੇ ਜੇ ਗੱਲ ਨਾ ਬਣੇ ਤਾਂ ਵੱਖ ਹੋਣਾ ਆਸਾਨ ਹੁੰਦਾ ਹੈ। ਪਰ ਇੱਥੇ ਹੀ ਸਭ ਤੋਂ ਵੱਡਾ ਸਵਾਲ ਖੜਾ ਹੁੰਦਾ ਹੈ। ਕੀ ਰਿਸ਼ਤੇ ਸਿਰਫ਼ ਸੁਵਿਧਾ ਸਹੂਲਤਾਂ ਲਈ ਬਣਾਏ ਜਾਂਦੇ ਹਨ ? ਸਮਝਣ ਲਈ ਸਰੀਰਕ ਸੰਬੰਧਾਂ ਦਾ ਹੋਣਾ ਕੀ ਜਰੂਰੀ ਹੈ ? ਇਹ ਸੋਚ ਹੀ ਨਖਿੱਧ ਏ। ਔਰਤ ਦੇ ਨਜ਼ਰੀਏ ਤੋਂ ਲਿਵ-ਇਨ ਇੱਕ ਹੋਰ ਵੀ ਸੰਵੇਦਨਸ਼ੀਲ ਮੁੱਦਾ ਹੈ। ਲਿਵ-ਇਨ ਔਰਤ ਨੂੰ ਚੋਣ ਦਾ ਹੱਕ ਤਾਂ ਦਿੰਦਾ ਹੈ ਪਰ ਸੁਰੱਖਿਅਤ ਭਵਿੱਖ ਦੀ ਗਾਰੰਟੀ ਕੋਈ ਨਹੀਂ। ਇਹ ਰਿਸ਼ਤਾ ਬਰਾਬਰੀ ਦਾ ਦਾਅਵਾ ਕਰਦਾ ਹੈ, ਪਰ ਹਕੀਕਤ ਵਿੱਚ ਜ਼ਿੰਮੇਵਾਰੀ ਦੀ ਤੱਕੜੀ ਅਕਸਰ ਔਰਤ ਦੇ ਮੋਢਿਆਂ 'ਤੇ ਹੀ ਟਿਕੀ ਰਹਿੰਦੀ ਹੈ।

ਦੂਸਰਾ ਸਪੱਸ਼ਟ ਲਿਵ ਇਨ ਰਿਲੇਸ਼ਨ ਦਾ ਅਰਥ ਏ ਕਿ ਵਿਆਹ ਤੋਂ ਬਗੈਰ ਹੀ ਸਰੀਰਕ ਸਬੰਧ ! ਜਦਕਿ ਸਾਡੇ ਵਿਰਸੇ ਵਿੱਚ ਇਹ ਤਾਂ ਇਲਜਾਮ ਹੁੰਦਾ ਸੀ ! ਜਿਸਨੂੰ ਕਿਹਾ ਜਾਂਦਾ ਸੀ ਨਜਾਇਜ਼ ਸਬੰਧ। ਵਿਆਹ ਬਗੈਰ ਕੋਈ ਰਿਸ਼ਤਾ ਨਹੀਂ ਹੁੰਦਾ। ਸਾਰੇ ਰਿਸ਼ਤੇ ਇੱਥੋਂ ਹੀ ਉਪਜਦੇ ਜਨਮਦੇ ਹਨ। ਜੇ ਵਿਆਹ ਨਹੀਂ ਕਰਨੇ ਤਾਂ ਪੰਜਾਬੀ ਸੱਭਿਆਚਾਰ ਦਾ ਨਾਮੋ ਨਿਸ਼ਾਨ ਖਤਮ ਹੋਣ ਵੱਲ ਉਲਾਰ ਸਮਝੋ।

ਲਿਵ-ਇਨ ਰਿਸ਼ਤੇ ਵਿੱਚ ਔਰਤ ਤੋਂ ਪਿਆਰ, ਸਮਰਪਣ ਅਤੇ ਸਹਿਣਸ਼ੀਲਤਾ ਦੀ ਉਮੀਦ ਪੂਰੀ ਕੀਤੀ ਜਾਂਦੀ ਹੈ,ਪਰ ਬਦਲੇ ਵਿੱਚ ਔਰਤ ਨੂੰ ਨਾ ਤਾਂ ਕੋਈ ਕਾਨੂੰਨੀ ਸੁਰੱਖਿਆ ਦਿੱਤੀ ਜਾਂਦੀ ਹੈ ਅਤੇ ਨਾ ਹੀ ਸਮਾਜਿਕ ਮਾਨਤਾ। ਜਦ ਇਹ ਗੈਰ ਵਾਜਬ ਰਿਸ਼ਤਾ ਟੁੱਟਦਾ ਹੈ ਤਾਂ ਔਰਤ ਸਿਰਫ਼ ਇੱਕ ਟੁੱਟੇ ਦਿਲ ਨਾਲ ਨਹੀਂ, ਸਗੋਂ ਸਵਾਲਾਂ, ਸ਼ੱਕ ਅਤੇ ਬਦਨਾਮੀ, ਬੇਇੱਜਤੀ ਨਾਲ ਵੀ ਲੜਦੀ ਹੈ। ਜਦਕਿ ਵਚਨਬੱਧਤਾ ਤੋਂ ਪੁਰਸ਼ ਅਕਸਰ ਪਿੱਛੇ ਹਟ ਜਾਂਦਾ ਹੈ।

ਅਸਲ ਆਜ਼ਾਦੀ ਰਿਸ਼ਤਿਆਂ ਤੋਂ ਭੱਜਣ ਵਿੱਚ ਨਹੀਂ, ਉਨ੍ਹਾਂ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ ਵਿੱਚ ਹੁੰਦੀ ਹੈ। ਜਿਹੜਾ ਰਿਸ਼ਤਾ 'ਜਦੋਂ ਵੀ ਤੁਹਾਡਾ ਮਨ ਕਰੇ ਛੱਡ ਦਿਓ' ਵਾਲੀ ਸੋਚ 'ਤੇ ਖੜਾ ਹੋਵੇ,ਉਹ ਪਿਆਰ ਨਹੀਂ ਉਪਭੋਗੀ ਯਾਨੀ ਵਿੱਭਚਾਰੀ ਸੋਚ ਦਾ ਨਤੀਜਾ ਹੀ ਬਣ ਜਾਂਦਾ ਹੈ। ਕੀ ਆਜ਼ਾਦੀ ਬਿਨਾਂ ਜ਼ਿੰਮੇਵਾਰੀ ਪੂਰੀ ਨਹੀਂ ਹੋ ਸਕਦੀ? ਕੀ ਜਿੰਮੇਵਾਰੀ ਨਿਭਾਉਣੀ ਗੁਲਾਮੀ ਹੁੰਦੀ ਏ? ਨਹੀਂ ਜੀ! ਲੋੜ ਹੈ ਅਜ਼ਾਦੀ ਸ਼ਬਦ ਦੀ ਸਹੀ ਵਿਆਖਿਆ ਕੀਤੀ ਜਾਵੇ।

ਯਾਦ ਰਹੇ ਕਿ ਪਿਆਰ ਦੀ ਪਰਖ ਕਦੇ ਵੀ ਸਰੀਰਕ ਨੇੜਤਾ ਨਾਲ ਨਹੀਂ, ਸਗੋਂ ਜਿੰਮੇਵਾਰੀ ਨਿਭਾਉਣ ਨਾਲ ਹੁੰਦੀ ਹੈ। ਜਦ ਕਾਮਨਾ ਬਿਨਾਂ ਨੈਤਿਕ ਰੋਕਾਂ ਨੂੰ ਖੁੱਲ੍ਹਾ ਛੱਡਿਆ ਜਾਵੇ ਤਾਂ ਰਿਸ਼ਤੇ ਟਿਕਾਊ ਨਹੀਂ ਰਹਿੰਦੇ ਭਾਵ ਰਿਸ਼ਤਾ ਕਦੇ ਰਿਸ਼ਤਾ ਹੀ ਨਹੀਂ ਹੁੰਦਾ। ਜੇ ਲਿਵ-ਇਨ ਰਿਸ਼ਤਾ ਸਹੂਲਤ ਅਤੇ ਲਾਭ 'ਤੇ ਟਿਕਿਆ ਹੈ, ਤਾਂ ਉਹ ਪਿਆਰ ਨਹੀਂ, ਸਰੀਰਕ ਸ਼ੋਸ਼ਣ ਹੈ। ਲਿਵ-ਇਨ ਤਦ ਹੀ ਨਿਆਂਯੋਗ ਹੈ ਜਦ ਦੋਵੇਂ ਪੱਖ ਬਰਾਬਰ ਦੀ ਆਰਥਿਕ ਨੈਤਿਕ ਅਤੇ ਸਮਾਜਿਕ ਤਾਕਤ ਰੱਖਣ। ਰਿਸ਼ਤੇ 'ਟਰਾਇਲ' ਨਾਲ਼ ਨਹੀਂ ਬਲਕਿ ਭਰੋਸੇ ਅਤੇ ਵਿਸ਼ਵਾਸ ਨਾਲ ਸਥਾਪਤ ਹੁੰਦੇ ਹਨ। ਰਿਸ਼ਤੇ ਕਾਨੂੰਨ ਨਾਲ ਨਹੀਂ ਸਗੋਂ ਸਮਝਦਾਰੀ, ਇਮਾਨਦਾਰੀ ਸਪਰਪਣ ਅਤੇ ਜ਼ਿੰਮੇਵਾਰੀ ਨਾਲ ਜੀਏ ਨਿਭਾਏ ਹਨ। ਲੋੜ ਹੈ ਆਤਮ ਭਰੋਸੇ ਦੀ। ਲਿਵ-ਇਨ ਰਿਸ਼ਤੇ ਕਿਸੇ ਵੀ ਤਰ੍ਹਾਂ ਪਰਿਵਾਰਾਂ ਅਤੇ ਸਾਡੇ ਸੱਭਿਆਚਾਰ ਲਈ ਅਨੁਕੂਲ ਨਹੀਂ ਹਨ। ਇਹ ਇੱਕ ਐਸੀ ਬੁਰਾਈ ਹੈ ਜੋ ਸਿਰਫ ਦੁਖਦਾਈ ਨਤੀਜਿਆਂ ਵੱਲ ਲੈਕੇ ਜਾਂਦੀ ਹੈ। ਇਸ ਲਈ ਅਜਿਹੇ ਸੰਬੰਧ ਬਣਾਉਣ ਤੋਂ ਬਚਣਾ ਹੀ ਸਮਝਦਾਰੀ ਹੈ ਅਤੇ ਸਮੁੱਚੇ ਪਰਿਵਾਰ ਤੇ ਸਮਾਜ ਲਈ ਵੀ ਬੇਹਤਰ ਹੈ।

# • ਪੰਜਾਬੀ ਫ਼ਿਲਮ ਦਰਪਣ •

## ਅਸ਼ੋਕ ਪੁਰੀ ਤੇ ਸੁਖਵਿੰਦਰ ਮੋਮਨ ਦੀ ਜੈ ਮਾਂ ਸ਼ਬਰੀ



ਅਸ਼ੋਕ ਪੁਰੀ ਪੰਜਾਬੀ ਫ਼ਿਲਮ ਇੰਡਸਟਰੀ ਦੇ ਦਿੱਗਜ ਹਨ ਤੇ ਜਿਵੇਂ ਕਦੇ ਉੱਪਰ ਥੱਲੇ ਅਮਿਤਾਬ ਬੱਚਨ, ਵਿਨੋਦ ਖੰਨਾ ਦੀਆਂ ਫਿਲਮਾਂ ਆਉਂਦੀਆਂ ਸਨ ਉਂਜ ਹੀ ਅਦਿੱਖ ਅਭਿਨੈ ਮਾਸਟਰ ਅਸ਼ੋਕ ਪੁਰੀ ਦੀ ਨਿੱਤ ਨਵੀਂ ਸਰਗਰਮੀ ਹੁੰਦੀ ਹੈ। ਸੁਖਵਿੰਦਰ ਮੋਮਨ ਧਰਮ ਕਰਮ ਵਿਚਾਰਧਾਰਾ ਵਾਲੇ ਨੇ ਤੇ ਓਹਨਾਂ ਖੋਜ ਕਰ ਸ਼ਬਰੀ ਮਾਤਾ ਤੇ ਹਿੰਦੀ ਪੰਜਾਬੀ ਫ਼ਿਲਮ ਧਾਰਮਿਕ ਬਣਾਈ ਹੈ ਜਿਸ ਦੀ ਕਹਾਣੀ ਤੇ ਨਿਰਮਾਣ ਸੁਖਵਿੰਦਰ ਮੋਮਨ ਦਾ ਹੈ। ਅਸ਼ੋਕ ਪੁਰੀ ਦਾ ਇਸ ਫਿਲਮ ਚ ਇੱਕ ਸ਼ਾਨਦਾਰ ਰੋਲ ਹੈ ਤੇ ਇਸ ਫਿਲਮ ਨੂੰ ਸੋਨੂੰ ਬੈਂਸ ਨੇ ਡਾਇਰੈਕਟ ਕੀਤਾ ਹੈ। ਇਸ ਫਿਲਮ ਵਿੱਚ ਚੋਟੀ ਦੇ ਕਲਾਕਾਰ ਵੀ ਹਨ ਤੇ ਓਹਨਾਂ ਚ ਵਿੱਕੀ ਵਾਲੀਆ ਵੀ ਸ਼ਾਮਿਲ ਹਨ ਅਸ਼ੋਕ ਪੁਰੀ ਨੇ ਕਿਹਾ ਕਿ ਵੈਸੇ ਤੇ ਓਹਨਾਂ ਜ਼ਿੰਦਗੀ ਵਿੱਚ ਵੱਖ ਵੱਖ ਕਿਰਦਾਰ ਅਦਾ ਕੀਤੇ ਹਨ ਪਰ ਇਸ ਫਿਲਮ ਦਾ ਵਿਸ਼ਾ ਵੱਖਰਾ ਕਿ ਛਬਰੀ ਮਾਂ ਇਤਿਹਾਸਕ ਕਿਰਦਾਰ ਤੇ ਇਸ ਤੇ ਕਦੇ ਫਿਲਮ ਨਹੀਂ ਬਣੀ ਇਸ ਲਈ ਓਹ ਸੁਖਵਿੰਦਰ ਮੋਮਨ ਦੇ ਸ਼ੁਕਰਗੁਜ਼ਾਰ ਹਨ ਤੇ ਸੋਨੂੰ ਬੈਂਸ ਨੇ ਸ਼ਾਨਦਾਰ ਫ਼ੋਟੋਗਰਾਫ਼ੀ ਤੇ ਨਿਰਦੇਸ਼ਨ ਦਿੱਤਾ ਹੈ। ਇਹ ਫਿਲਮ ਯੁਟਿਊਬ ਤੇ ਮਜੂਦ ਹੈ ਤੇ ਕਿਸੇ ਓ ਟੀ ਟੀ ਪਲੇਟਫਾਰਮ ਤੇ ਆ ਸਕਦੀ ਹੈ।

## ਬੱਬੂ ਮਾਨ ਦੇ ਵੀਡੀਓ ਕਰਨੇ ਚੰਗੇ ਲੱਗਣ ਗੋਪੀ ਢਿੱਲੋਂ



ਗੋਪੀ ਢਿੱਲੋਂ ਨੇ ਅੱਜ ਜੇਕਰ ਬੱਬੂ ਮਾਨ ਦੇ ਵੀਡੀਓ ਡਾਇਰੈਕਟ ਕੀਤੇ ਨੇ ਤਾਂ ਇਸ ਦਾ ਕਾਰਨ ਓਸ ਦੀ ਗੁਣਵਤਾ ਹੈ। ਗੋਪੀ ਢਿੱਲੋਂ ਅੱਜ ਸਟਾਰ ਵੀਡੀਓ ਨਿਰਦੇਸ਼ਕ ਨੇ ਤੇ ਓਹਨਾਂ ਨੇ ਸੰਘਰਸ਼ ਬਹੁਤ ਕੀਤਾ ਤੇ ਐਕਟਿੰਗ ਤੋਂ ਫਿਲਮ ਤੇ ਵੀਡੀਓ ਨਿਰਦੇਸ਼ਕ ਬਣੇ। ਲੁਧਿਆਣਾ ਦੇ ਗੋਪੀ ਢਿੱਲੋਂ ਨੇ ਟੈਲੀ ਫ਼ਿਲਮਾਂ ਤੇ ਫਿਰ ਵੀਡੀਓ ਸ਼ੁਰੂ ਕੀਤੇ ਨਿਰਦੇਸ਼ਤ ਕਰਨੇ ਨਵੇਂ ਕਲਾਕਾਰ ਲੋਕਾਂ ਦੇ ਅੱਜ ਬੱਬੂ ਮਾਨ ਤੱਕ ਦੇ ਵੀਡੀਓ ਓਹ ਕਰ ਚੁੱਕੇ ਹਨ। ਪੰਜ ਸੌ ਦੇ ਕਰੀਬ ਵੀਡੀਓ ਓਸ ਨੇ ਡਾਇਰੈਕਟ ਕੀਤੇ ਨੇ ਤੇ ਗੋਪੀ ਢਿੱਲੋਂ ਦਾ ਹਰ ਵੀਡੀਓ ਵੱਖਰਾ ਤੇ ਫਿਲਮ ਅੰਦਾਜ਼ ਦਾ ਹੁੰਦਾ ਹੈ। ਗੋਪੀ ਢਿੱਲੋਂ ਨਾਲ਼ ਮਾਡਲ ਟਵਿੰਕਲ ਦੀ ਜੋੜੀ ਜਚੀ ਤੇ ਗੋਪੀ ਦੇ ਵੀਡੀਓ ਓਸ ਨੂੰ ਸਾਊਥ ਤੱਕ ਲੈ ਗਏ। ਹੁਣ ਗੋਪੀ ਢਿੱਲੋਂ ਸਟਾਰ ਵੀਡੀਓ ਨਿਰਦੇਸ਼ਕ ਹਨ ਤੇ ਉਮੀਦ ਹੈ ਕਿ ਗੋਪੀ ਢਿੱਲੋਂ ਜਲਦੀ ਪੰਜਾਬੀ ਫ਼ਿਲਮ ਨਗਰੀ ਚ ਨਿਰਦੇਸ਼ਨ ਦਾ ਸਫ਼ਰ ਸ਼ੁਰੂ ਕਰਨਗੇ। ਓਹਨਾਂ ਦੀ ਮਾਡਲ ਟਵਿੰਕਲ ਸਾਊਥ ਦੀਆਂ ਫਿਲਮਾਂ ਕਰਦੀ ਹੈ।

## ਫ਼ਿਲਮਾਂ ਲਈ ਗੀਤ ਲਿਖਣ ਦੀ ਤਮੰਨਾ ਹੈ ਸੁਰਿੰਦਰ ਸ਼ੇਰਗਿੱਲ



ਯੂ ਐਸ ਏ ਵਾਸੀ ਪੰਜਾਬੀ ਕਲਚਰ ਖੇਤਰ ਨਾਲ ਜੁੜੇ ਹੋਏ ਹਨ ਤੇ ਅਮਰੀਕਾ ਰਹਿੰਦੇ ਪੰਜਾਬੀ ਪੁੱਤ ਸੁਰਿੰਦਰ ਸਿੰਘ ਸ਼ੇਰਗਿੱਲ ਨੇ ਲਫਜ਼ ਓਹ ਲਿਖੇ ਨੇ ਲਿਖਦੇ ਨੇ ਜਿਹੜੇ ਸੌਖੇ ਤੇ ਲਫਜ਼ ਦੇ ਬਣੇ ਗੀਤ ਜਿਵੇਂ ਆਪਸੀ ਖ਼ਿਆਲਾਤ ਸਾਂਝੇ ਹੋ ਰਹੇ ਹੋਣ। ਸੁਰਿੰਦਰ ਸ਼ੇਰਗਿੱਲ ਦਾ ਲਿਖਿਆ ਅੱਜ ਕਲ ਗੀਤ "ਡਾਲਰ" ਗਾਇਕ ਗੁਰਬਖਸ਼ ਸ਼ੌਂਕੀ ਦੀ ਆਵਾਜ਼ ਵਿੱਚ ਵਧੀਆ ਜਾ ਰਿਹਾ ਹੈ। ਪ੍ਰਸਿੱਧ ਜਗਤ ਲਿਖਾਰੀ ਗੀਤ ਰਚੇਤਾ ਮੱਖਣ ਲੋਹਾਰ ਨੇ ਪੰਜਾਬ ਫੇਰੀ ਦੌਰਾਨ ਕਿਹਾ ਸੀ ਭਾਜੀ ਸੁਰਿੰਦਰ ਸ਼ੇਰਗਿੱਲ ਦੇ ਗੀਤ ਵੀ ਸੁਣਿਓ ਵੱਖਰੇ ਅਨੰਦ ਵਾਲੀ ਗੱਲ। ਜਸਵਿੰਦਰ ਸਿੰਘ ਵਾਲੀਆ ਦੀ ਗੁਣ ਗਾਵਾਂ ਪੀ ਐਸ ਫੀ ਚੋ ਸੁਰਿੰਦਰ ਸ਼ੇਰਗਿੱਲ ਦੀ ਪੇਸ਼ਕਸ਼ ਤੇ ਲਿਖਤ ਕਈ ਗੀਤ ਆਏ। ਸੁਰਿੰਦਰ ਸ਼ੇਰਗਿੱਲ ਦੀ ਪਤਨੀ ਨੂੰ ਹੁਣ ਲੋਕ ਮੁਬਾਰਕਾਂ ਦਿੰਦੇ ਨੇ ਕਿ ਜਿਸ ਗੀਤਕਾਰ ਸ਼ੇਰਗਿੱਲ ਦਾ ਨਾਮ ਅਮਰੀਕਾ ਤੋ ਬਾਅਦ ਇੰਡੀਆ ਕਨੇਡਾ ਵੀ ਜਾਣਿਆ ਪਹਿਚਾਣ ਵਾਲਾ ਬਣ ਰਿਹੈ ਓਸ ਸ਼ੇਰਗਿੱਲ ਦੇ ਜੀਵਨ ਦੀ ਡੋਰ ਨੂੰ ਮੁਬਾਰਕਾਂ। ਜਿਸ ਹਿਸਾਬ ਨਾਲ ਸੁਰਿੰਦਰ ਸ਼ੇਰਗਿੱਲ ਸਰਗਰਮ ਨੇ ਲੱਗਦਾ ਘਰ ਘਰ ਦੇ ਲੋਕ ਪ੍ਰਿਯ ਗੀਤਕਾਰ ਓਹ ਇੱਕ ਦੋ ਸਾਲ ਵਿੱਚ ਹੋਣਗੇ। ਇਸ ਪ੍ਰਵਾਸੀ ਗੀਤਕਾਰ ਦੀ ਚਾਹਤ ਹੁਣ ਫ਼ਿਲਮਜ਼ ਲਈ ਗੀਤ ਲਿਖਣ ਦੀ ਹੈ ਵੈਸੇ ਮਲਕੀਤ ਮੀਤ ਵੀ ਯੂ ਐਸ ਏ ਰਹਿੰਦੇ ਫਿਲਮ ਮੇਕਰ ਹਨ ਸੁਰਿੰਦਰ ਸ਼ੇਰਗਿੱਲ ਸਾਬ।

## ਰੋਮਾਂਸ ਫ਼ਿਲਮਾਂ ਦਾ ਹਿੱਸਾ ਰਜੇਸ਼ ਖੰਨਾ ਬਣਨਾ ਪੈਂਦਾ ਗੁਰਦੀਪ ਸੰਧੂ

ਟੀਵੀ ਸਟਾਰ ਤੇ ਰਾਇਟਰ ਡਾਇਰੈਕਟਰ ਗੁਰਦੀਪ ਸੰਧੂ ਆਪਣੇ ਬੇਬਾਕ ਤੇ ਇਮਾਨਦਾਰ ਵਿਚਾਰ ਦੇ ਕਿ ਕਲਾਕਾਰ ਦਾ ਦਿਮਾਗ ਓਪਨ ਕਰ ਦਿੰਦੇ ਹਨ। ਪਿਛਲੇ ਦਿਨੀਂ ਇੱਕ ਵੀਡੀਓ ਸੈਟ ਤੇ ਮੋਹਾਲੀ ਓਹ ਮਿਲੇ ਤਾਂ ਗੱਲ ਪ੍ਰੇਮ ਪਰ



ਕਾਮੁਕਤਾ ਨਾਲ ਲਬਰੇਜ਼ ਦ੍ਰਿਸ਼ਾਂ ਦੀ ਚਲੀ ਤੇ ਸੰਧੂ ਦਾ ਜਵਾਬ ਸੀ ਕਿ ਓਹ ਇਨਸਾਨ ਕਾਹਦਾ ਜਿਸ ਅੰਦਰ ਪਿਆਰ ਨਹੀਂ, ਇਹ ਤੇ ਫਿਰ ਖੁਸ਼ਕ ਸੁੱਕਾ ਹੋਊ ਤੇ ਓਸ ਅੰਦਰ ਕਦੇ ਵੀ ਰੋਮਾਂਟਿਕ ਦ੍ਰਿਸ਼ ਦੇਣ ਦੀ ਭਾਵਨਾ ਨਹੀਂ। ਅਸੂਲ ਏ ਲਵ ਸ਼ਵ ਫਨ ਇਨਸਾਨ ਦੀ ਲੋੜ ਤੇ ਇਹ ਹੈ ਤਾਂ ਹੀ ਗੁਰਦੀਪ ਸੰਧੂ ਦੇ ਵੀਡੀਓ, ਫ਼ਿਲਮਜ਼ ਸਭ ਥਾਂ ਪ੍ਰੇਮ ਦ੍ਰਿੜ੍ਹ ਦ੍ਰਿਸ਼ ਤੇ ਓਹਨਾਂ ਵਿੱਚ ਜਾਨ ਭਰ ਦਿੰਦੇ ਹਨ। ਸਾਗਰ ਦੀ ਫ਼ਿਲਮ ਜਿਸ ਦਿਨ ਸ਼ੈਲ ਨਾਲ ਗੁਰਦੀਪ ਸੰਧੂ ਦੀ ਆਈ ਸਮਝਿਓ ਓਸ ਦਿਨ ਰਜੇਸ਼ ਖੰਨਾ ਸੰਧੂ ਚ ਯਾਦ ਆਉਣਗੇ। ਓਹਨਾਂ ਕਿਹਾ ਕਿ ਹਾਂ ਰੋਮਾਂਟਿਕ ਦ੍ਰਿਸ਼ ਲਈ ਨਾਇਕਾ ਦਾ ਸਾਥ ਜ਼ਰੂਰੀ ਹੈ। ਸੰਧੂ ਦੀ ਨਵੀਂ ਫ਼ਿਲਮ "ਇਸ਼ਕ ਦੇ ਪੁਆੜੇ" ਜਲਦੀ ਆ ਰਹੀ ਹੈ ਤੇ ਓਹ ਰੁਪਾਲੀ, ਸ਼ਵੇਤਾ, ਮਾਨਸੀ ਮਨਪਸੰਦ ਹੀਰੋ ਹਨ।

## ਕਲਾਕਾਰ ਦੀ ਚਾਹਤ ਵਧਦੀ ਜਾਂਦੀ ਹੈ ਸੁਸ਼ਮਾ ਪ੍ਰਸ਼ਾਂਤ

ਸੁਸ਼ਮਾ ਪ੍ਰਸ਼ਾਂਤ ਦੂਰਦਰਸ਼ਨ ਜਲੰਧਰ ਤੋਂ ਮੁੰਬਈ ਰਾਸ਼ਟਰੀ ਟੀਵੀ ਤੱਕ ਇੱਕ ਮਸ਼ਹੂਰ ਭਾਰਤੀ ਟੈਲੀਵਿਜ਼ਨ ਅਦਾਕਾਰਾ ਬਣ ਚੁੱਕੀ ਹੈ ਅਤੇ ਥੀਏਟਰ ਕਲਾਕਾਰ ਬਣ ਓਸ ਕੋਲ ਬਹੁਤ ਐਵਾਰਡ ਹਨ। ਸੁਸ਼ਮਾ ਪ੍ਰਸ਼ਾਂਤ ਨੇ ਕਈ ਹਿੰਦੀ, ਮਰਾਠੀ ਅਤੇ ਹੋਰ ਭਾਸ਼ਾਵਾਂ ਦੇ ਸੀਰੀਅਲਾਂ ਵਿੱਚ ਬਹੁਤ ਸਾਰੇ ਸਕਾਰਾਤਮਕ, ਨਕਾਰਾਤਮਕ ਅਤੇ ਕਾਮੇਡੀ ਕਿਰਦਾਰ ਨਿਭਾਏ ਹਨ। ਸਭ ਤੋਂ ਮਸ਼ਹੂਰ ਅਤੇ ਪ੍ਰਸਿੱਧ ਸੀਰੀਅਲ "ਸੀ ਆਈ ਡੀ" ਹੈ ਤੇ ਇਸ ਚ ਸ਼੍ਰੀਮਤੀ ਮਨੀਸ਼ ਮਹਿਤਾ ਦਾ ਰੋਲ ਤੇ ਫਿਰ, "ਆਹਟ" "ਜਮਾਈ ਰਾਜਾ" "ਮੇਰੇ ਸਾਈਂ" ਤੇ "ਮਨ ਅਤਿਸੁੰਦਰ" ਦੇ ਨਾਲ ਕਦੇ "ਵਿਲਾਇਤੀ ਭਾਬੀ "ਸੁਜਾਤਾ" "ਹੀਨਾ" ਅਤੇ "ਵਾਰਿਸ"



ਖਾਸ ਹਨ ਉਹ ਜਲੰਧਰ (ਪੰਜਾਬ) ਦੇ ਏਪੀਜੇ ਕਾਲਜ ਆਫ਼ ਫਾਈਨ ਆਰਟਸ ਦੀ ਵਿਦਿਆਰਥਣ ਰਹੇ ਤੇ ਪੰਜਾਬੀ ਫ਼ਿਲਮ ਨਗਰੀ ਚ ਵੀ ਸੁਸ਼ਮਾ ਪ੍ਰਸ਼ਾਂਤ ਨੇ ਕੰਮ ਕੀਤਾ ਹੈ। ਓਹਨਾਂ ਕਿਹਾ ਕਿ ਹੁਣ ਬਹੁਤ ਹੋ ਗਿਆ ਕਦੇ ਵੀ ਆਰਟਿਸਟ ਨਹੀਂ ਆਖਦਾ ਬਲ ਕਿ ਕਹੇਗਾ ਫਲਾਂ ਰੋਲ ਜਾਂ ਫਲਾਂ ਐਕਟਰ ਡਾਇਰੈਕਟਰ ਨਾਲ ਕੰਮ ਕਰਨ ਦੀ ਚਾਹ ਬਾਕੀ ਹੈ।

## "ਡਿਸਪੈਂਸਰੀ" ਦਾ ਨਵਾਂ ਗੀਤ ਚਲਿਆ ਟਾਈਟਲ ਜਨਮ ਦਿਨ

ਮਲਕੀਤ ਮੀਤ ਦਾ ਯੂਟਿਊਬ ਚੈਨਲ ਚਲ ਗਿਆ ਹੈ ਤੇ ਅਮਰੀਕਨ ਅਜ਼ਾਦੀ ਦਿਵਸ ਨੂੰ ਸਮਰਪਿਤ ਓਸ ਦੀ ਸ਼ੋਰਟ ਫ਼ਿਲਮ "ਡਿਸਪੈਂਸਰੀ" ਆਪਣੀ ਕਹਾਣੀ ਤੇ ਚਰਨਜੀਤ ਕੌਰ ਦੇ ਨਿਰਦੇਸ਼ਨ ਸਦਕਾ ਅੱਛੀ ਜਾ ਰਹੀ ਹੈ। ਇਸ ਫਿਲਮ ਦਾ ਨਿਊ ਸੌਂਗ ਜਨਮ ਤੋਂ ਆਇਆ ਹੈ ਤੇ ਬਕਾਇਦਾ ਇਸ



ਫਿਲਮ ਦੇ ਨਿਰਮਾਤਾ ਮਲਕੀਤ ਮੀਤ ਨੇ ਇਸ ਨੂੰ ਸੋਸ਼ਲ ਮੀਡੀਆ ਤੇ ਸਾਂਝਾ ਪੋਸਟਰ ਨਾਲ ਕਰਦੇ ਫਿਲਮ ਦੇਖ ਦਿਓ ਰਾਏ ਦੀ ਬੇਨਤੀ ਕੀਤੀ ਹੈ। ਇਹ ਗੀਤ "ਜਨਮ ਦਿਨ" ਰਾਵ ਬਿੰਦ ਨੇ ਗਾਇਆ ਹੈ ਤੇ ਇਸ ਗੀਤ ਨਾਲ ਫਿਲਮ ਨੂੰ ਹੋਰ ਹਾਈਪ ਮਿਲੇਗੀ। ਇਸ ਫਿਲਮ ਦੇ ਨਿਰਮਾਤਾ ਮਲਕੀਤ ਮੀਤ ਯੂ ਐਸ ਏ ਨੇ ਤੇ ਓਹਨਾਂ ਫਿਲਮ ਦੀ ਕਹਾਣੀ ਵੀ ਲਿਖੀ ਹੈ। ਖੁਸ਼ਬੂ ਸ਼ਰਮਾ ਡਾਇਰੈਕਟਰ ਚਰਨਜੀਤ ਕੌਰ ਦੇ ਨਾਲ ਲਿਖਿਆ ਹੈ ਤੇ ਲੱਗਦਾ ਇਹ ਫਿਲਮ ਓਸ ਨੇ ਹੀ ਡਾਇਰੈਕਟ ਕੀਤੀ ਹੈ।

-ਅੰਮ੍ਰਿਤ ਪਵਾਰ